ਐਤਵਾਰ, 3 ਸਤੰਬਰ, 2023
18 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 93

# ਨਵਾਂ ਜ਼ਮਾਨਾ

DAILY NAWAN ZAMANA • SUNDAY, 3 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਪਟਵਾਰੀਆਂ ਦੀਆਂ 2037 ਅਸਾਮੀਆਂ ਭਰਨ ਦਾ ਐਲਾਨ

## ਹੜਤਾਲੀ ਪਟਵਾਰੀਆਂ ਦੀ ਮਨਮਰਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਭਗਵੰਤ ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਮਾਲੀਆ ਅਫਸਰਾਂ ਦੀ ਜ਼ਿੱਦ ਕਾਰਨ ਆਮ ਆਦਮੀ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਣੀ ਯਕੀਨੀ ਬਣਾਉਣ ਲਈ ਆਪਣੀ ਯੋਜਨਾ ਦਾ ਖ਼ੁਲਾਸਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਟਵਾਰੀਆਂ ਦੀਆਂ ਸਾਰੀਆਂ ਖਾਲੀ ਆਸਾਮੀਆਂ ਭਰਨ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਪਟਵਾਰੀਆਂ ਦੀ ਹਾਜ਼ਰੀ ਬਾਇਓ ਮੀਟਰਿਕ ਰਾਹੀਂ ਲੱਗਣੀ ਯਕੀਨੀ ਬਣਾਈ ਜਾਵੇਗੀ। ਸ਼ਨੀਵਾਰ ਜਾਰੀ ਇਕ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ, 'ਇਹ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰੀ ਅਧਿਕਾਰੀਆਂ ਦੀ ਕਿਸੇ ਹੜਤਾਲ ਕਾਰਨ ਆਮ ਆਦਮੀ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਪਟਵਾਰੀਆਂ ਦੀਆਂ ਕੁੱਲ 3660 ਆਸਾਮੀਆਂ ਹਨ, ਜਿਨ੍ਹਾਂ 'ਚੋਂ 1623 ਆਸਾਮੀਆਂ ਭਰੀਆਂ ਹੋਈਆਂ ਹਨ। ਉਨ੍ਹਾ ਕਿਹਾ ਕਿ ਵਡੇਰੇ ਜਨਤਕ ਹਿੱਤ ਨੂੰ ਧਿਆਨ 'ਚ ਰੱਖਦਿਆਂ ਸੂਬਾ ਸਰਕਾਰ ਨੇ ਹੁਣ 2037 ਅਸਾਮੀਆਂ ਭਰਨ ਦਾ ਫੈਸਲਾ ਕੀਤਾ ਹੈ ਅਤੇ ਪਟਵਾਰੀਆਂ ਦੀਆਂ ਹੋਰ ਆਸਾਮੀਆਂ ਵੀ ਸਮਾਂਬੱਧ



ਤਰੀਕੇ ਨਾਲ ਭਰੀਆਂ ਜਾਣਗੀਆਂ। ਉਹਨਾ ਕਿਹਾ ਕਿ ਇਨ੍ਹਾਂ 2037 ਆਸਾਮੀਆਂ ਵਿੱਚੋਂ 741 ਪਟਵਾਰੀਆਂ ਨੇ ਪਹਿਲਾਂ ਹੀ ਲਾਜ਼ਮੀ 18 ਮਹੀਨਿਆਂ ਦੀ ਸਿਖਲਾਈ 'ਚੋਂ 15 ਮਹੀਨਿਆਂ ਦੀ ਸਿਖਲਾਈ ਪੂਰੀ ਕਰ ਲਈ ਹੈ। ਇਨ੍ਹਾਂ ਨੂੰ ਫੀਲਡ ਵਿੱਚ ਰੈਗੂਲਰ ਪਟਵਾਰੀ ਵਜੋਂ ਡਿਊਟੀ ਉਤੇ ਲਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਪ੍ਰਕਿਰਿਆ ਰਾਹੀਂ 710 ਪਟਵਾਰੀਆਂ ਦੀ ਪਹਿਲਾਂ ਹੀ ਚੋਣ ਕਰ ਲਈ ਗਈ ਹੈ, ਪਰ ਕਈ ਰਸਮੀ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਹਾਲੇ ਤੱਕ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ। ਇਨ੍ਹਾਂ ਲਾਜ਼ਮੀ ਸ਼ਰਤਾਂ ਨੂੰ ਜਲਦੀ ਮੁਕੰਮਲ ਕੀਤਾ ਜਾਵੇਗਾ ਅਤੇ ਆਉਣ ਵਾਲੇ ਦਿਨਾਂ 'ਚ ਨਵ-ਨਿਯੁਕਤ ਪਟਵਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ ਜਾਣਗੇ। ਮਾਨ ਨੇ ਕਿਹਾ ਕਿ ਪਟਵਾਰੀਆਂ ਦੀਆਂ 586 ਅਸਾਮੀਆਂ ਦੀ ਭਰਤੀ ਲਈ ਜਲਦੀ ਇਸ਼ਤਿਹਾਰ ਦੇ ਕੇ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਦੀ ਸੇਵਾ ਦਾ ਮੌਕਾ ਦਿੱਤਾ ਜਾਵੇਗਾ। ਆਪਣਾ ਕੰਮ ਕਰਵਾਉਣ ਲਈ ਪਟਵਾਰੀਆਂ ਵੱਲੋਂ ਅਗਾਂਹ ਕੁਝ ਬੰਦੇ ਰੱਖਣ ਦੇ ਰੁਝਾਨ ਦਾ ਸਖਤ ਨੋਟਿਸ ਲੈਂਦਿਆਂ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪਟਵਾਰੀਆਂ ਦੀ ਬਾਇਓ ਮੀਟਰਕ ਹਾਜ਼ਰੀ ਲਾਜ਼ਮੀ ਕੀਤੀ ਜਾਵੇਗੀ। ਇਸ ਨਾਲ ਦਫਤਰੀ ਘੰਟਿਆਂ ਦੌਰਾਨ ਪਟਵਾਰੀ ਲੋਕਾਂ ਦੇ ਕੰਮਾਂ 'ਚ ਕੋਈ ਅੜਿੱਕਾ ਡਾਹੁਣ ਦੀ ਥਾਂ ਪੂਰੀ ਤਨਦੇਹੀ ਨਾਲ ਆਪਣਾ ਫਰਜ ਨਿਭਾਉਣਗੇ। ਉਹਨਾ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਸਾਫ-ਸੁਥਰਾ, ਕਾਰਜਕੁਸ਼ਲ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ ਅਤੇ ਇਸ ਮਹਾਨ ਕਾਰਜ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਆਦਿਤਿਆ ਐੱਲ-1 ਲਾਂਚ

16 ਦਿਨ ਲਾਏਗਾ ਧਰਤੀ ਦਾ ਚੱਕਰ, 110 ਦਿਨਾਂ 'ਚ 15 ਲੱਖ ਕਿਲੋਮੀਟਰ ਦੂਰੀ ਕਰੇਗਾ ਤੈਅ



## ਲੈਰੇਂਜ ਪੁਆਇੰਟ

ਲੈਰੇਂਜ ਪੁਆਇੰਟ ਮਤਲਬ (ਐੱਲ) ਇਹ ਨਾਂਅ ਗਣਿਤ ਜੋਸੇਫੀ ਲੂਈ ਲੈਰੇਂਜ ਦੇ ਨਾਂਅ 'ਤੇ ਦਿੱਤਾ ਗਿਆ। ਉਨ੍ਹਾ ਹੀ ਲੈਰੇਂਜ ਪੁਆਇੰਟ ਨੂੰ ਖੋਜਿਆ ਸੀ। ਜਦ ਕਿਸੇ ਦੋ ਘੁੰਮਦੀਆਂ ਹੋਈਆਂ ਪੁਲਾੜ ਵਸਤੂਆਂ ਵਿਚਾਲੇ ਗ੍ਰੈਵਿਟੀ ਦਾ ਇੱਕ ਇਸ ਤਰ੍ਹਾਂ ਦਾ ਪੁਆਇੰਟ ਆਉਂਦਾ ਹੈ, ਜਿੱਥੇ ਕੋਈ ਵੀ ਵਸਤੂ ਜਾਂ ਸੈਟੇਲਾਈਟ ਦੋਵੇਂ ਗ੍ਰਹਿ ਜਾਂ ਤਾਰਿਆਂ ਦੀ ਗਰੂਤਾ ਆਕਰਸ਼ਣ ਤੋਂ ਬਚਿਆ ਰਹਿੰਦਾ ਹੈ। ਆਦਿਤਿਆ ਐੱਲ-1 ਦੇ ਮਾਮਲੇ 'ਚ ਇਹ ਧਰਤੀ ਅਤੇ ਸੂਰਜ ਦੋਵੇਂ ਦੀ ਗਰੂਤਾ ਆਕਰਸ਼ਨ ਸ਼ਕਤੀ ਤੋਂ ਬਚਿਆ ਰਹੇਗਾ। ਲਾਂਚ ਤੋਂ ਬਾਅਦ ਆਦਿਤਿਆ 16 ਦਿਨਾਂ ਤੱਕ ਧਰਤੀ ਦੇ ਚਾਰੇ ਪਾਸੇ ਚੱਕਰ ਲਗਾਏਗਾ। ਸੂਰਜ ਦੀ ਆਪਣੀ ਗ੍ਰੈਵਿਟੀ ਹੈ। ਧਰਤੀ ਦੀ ਆਪਣੀ ਗ੍ਰੈਵਿਟੀ ਹੈ। ਪੁਲਾੜ 'ਚ ਜਿੱਥੇ ਦੋਵਾਂ ਦੀ ਗ੍ਰੈਵਿਟੀ ਟਕਰਾਉਂਦੀ ਹੈ ਜਾਂ ਇਸ ਤਰ੍ਹਾਂ ਜਿੱਥੇ ਧਰਤੀ ਦੀ ਗ੍ਰੈਵਿਟੀ ਦਾ ਅਸਰ ਖ਼ਤਮ ● ਬਾਕੀ ਸਫ਼ਾ 2 'ਤੇ

**ਬੈਂਗਲੁਰੂ** : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਸ਼ਨੀਵਾਰ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਪੁਲਾੜ ਕੇਂਦਰ ਤੋਂ ਦੇਸ਼ ਦੇ ਪਹਿਲੇ ਸੂਰਜ ਮਿਸ਼ਨ ਤਹਿਤ 'ਆਦਿਤਿਆ ਐੱਲ-1' ਪੁਲਾੜ ਵਾਹਨ ਨੂੰ ਲਾਂਚ ਕਰ ਦਿੱਤਾ। ਇਸ ਦੌਰਾਨ ਆਦਿਤਿਆ ਐੱਲ-1 ਵਾਹਨ ਪੀ ਐੱਸ ਐੱਲ ਵੀ ਰਾਕੇਟ ਤੋਂ ਸਫਲਤਾਪੂਰਵਕ ਵੱਖ ਹੋ ਗਿਆ। ਆਦਿਤਿਆ ਐੱਲ-1 ਭਾਰਤ ਦਾ ਪਹਿਲਾ, ਜਦਕਿ ਦੁਨੀਆ ਦਾ 23ਵਾਂ ਸੌਰ ਮਿਸ਼ਨ ਹੈ। ਹਾਲਾਂਕਿ ਇਹ ਬਾਕੀ ਵਿਸ਼ਵ ਮਿਸ਼ਨਾਂ ਤੋਂ ਕਾਫ਼ੀ ਵੱਖਰਾ ਹੈ। 'ਆਦਿਤਿਆ ਐੱਲ-1' ਸੂਰਜੀ ਪ੍ਰਣਾਲੀ ਦੇ ਰਿਮੋਟ ਨਿਰੀਖਣਾਂ ਲਈ ਅਤੇ ਧਰਤੀ ਤੋਂ 15 ਲੱਖ ਕਿਲੋਮੀਟਰ ਦੀ ਦੂਰੀ 'ਤੇ 'ਐੱਲ-1' (ਸੂਰਜ-ਧਰਤੀ ਲੈਗਰੇਂਜੀਅਨ ਪੁਆਇੰਟ) 'ਤੇ ਸੂਰਜੀ ਹਵਾ ਦੇ ਅਸਲ ਨਿਰੀਖਣ ਕਰਨ ਲਈ ਤਿਆਰ ਕੀਤਾ ਗਿਆ ਹੈ। 'ਆਦਿਤਿਆ ਐੱਲ-1' ਸੂਰਜ ਦਾ ਅਧਿਐਨ ਕਰਨ ਵਾਲਾ ਪਹਿਲਾ ਪੁਲਾੜ ਵਾਹਨ ਹੋਵੇਗਾ, ਇਸ ਨੂੰ ਇਸਰੋ ਦੇ ਭਰੋਸੇਮੰਦ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ ਐੱਸ ਐੱਲ ਵੀ) ਰਾਹੀਂ ਸ਼ਨੀਵਾਰ ਸਵੇਰੇ 11.50 ਵਜੇ ਸ੍ਰੀਹਰੀਕੋਟਾ ਸਪੇਸ ਸੈਂਟਰ ਦੇ ਦੂਜੇ ਲਾਂਚ ਪੈਡ ਤੋਂ ਲਾਂਚ ਕੀਤਾ ਗਿਆ। ਆਦਿਤਿਆ ਐੱਲ-1 ਹਰ ਦਿਨ ਉਥੋਂ ਸੂਰਜ ਦੀਆ 1440 ਤਸਵੀਰਾਂ ਭੇਜੇਗਾ।

ਇਸਰੋ ਆਪਣੇ ਸੂਰਜ ਮਿਸ਼ਨ ਰਾਹੀਂ ਸੂਰਜ ਦੀ ਗਤੀਸ਼ੀਲਤਾ ਦਾ ਅਧਿਐਨ ਕਰੇਗਾ। ਆਦਿਤਿਆ ਐੱਲ-1 ਸੂਰਜ ਦੀ ਕਣ ਗਤੀਸ਼ੀਲਤਾ ਦਾ ਅਧਿਐਨ ਕਰਨ ਲਈ ਡੇਟਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ ਉਹ ਇਨ-ਸੀਟੂ ਕਣ ਅਤੇ ਪਲਾਜ਼ਮਾ ਵਾਤਾਵਰਣ ਦਾ ਅਧਿਐਨ ਕਰੇਗਾ। ਇਹ ਸੂਰਜ ਦੇ ਵਾਯੂਮੰਡਲ ਦੇ ਸਭ ਤੋਂ ਬਾਹਰੀ ਹਿੱਸੇ ਦੀ ਰਚਨਾ, ਤਾਪਮਾਨ ਪ੍ਰਕਿਰਿਆਵਾਂ, ਸੂਰਜੀ ਤੂਫਾਨਾਂ ਦੀ ਉਤਪਤੀ, ਕੋਰੋਨਲ ਲੂਪ ਪਲਾਜ਼ਮਾ ਦੀ ਰਚਨਾ ਆਦਿ ਦੀ ਜਾਂਚ ਕਰੇਗਾ।

### 4 ਮਹੀਨਿਆਂ 'ਚ 15 ਲੱਖ ਕਿਲੋਮੀਟਰ

ਆਦਿੱਤਿਆ ਐੱਲ-1 ਭਾਰਤ ਦਾ ਪਹਿਲਾ ਸੂਰਜੀ ਮਿਸ਼ਨ ਹੈ। ਇਸ ਨੂੰ ਲਾਂਚ ਕਰਕੇ ਭਾਰਤ ਸੂਰਜੀ ਵਾਯੂ ਮੰਡਲ ਕ੍ਰੋਮੋਸਫੇਅਰ ਅਤੇ ਕੋਰੋਨਾ ਦੀ ਗਤੀਸ਼ੀਲਤਾ ਦਾ ਅਧਿਐਨ ਕਰੇਗਾ। ਇਸਰੋ ਪ੍ਰਮੁੱਖ ਐੱਸ ਸੋਮਨਾਥ ਦਾ ਕਹਿਣਾ ਹੈ ਕਿ ਆਦਿੱਤਿਆ ਐੱਲ-1 ਭਾਰਤ ਦੇ ਹੈਵੀ ਡਿਊਟੀ ਲਾਂਚ ਵਾਹਨ ਪੀ ਐੱਸ ਐੱਲ ਵੀ ਰਾਹੀਂ 15 ਲੱਖ ਕਿਲੋਮੀਟਰ ਦੀ ਯਾਤਰਾ ਕਰੇਗਾ। ਲਾਂਚ ਤੋਂ ਬਾਅਦ ਇਸ ਨੂੰ ਧਰਤੀ ਦੇ ਲੈਂਗ੍ਰੇਂਜ ਬਿੰਦੂ 1 (ਐੱਲ-1) ਤੱਕ ਪਹੁੰਚਣ ਲਈ 125 ਦਿਨ ਲੱਗਣਗੇ।

ਆਦਿੱਤਿਆ ਐੱਲ-1 ਕੋਲ ਸੂਰਜ ਦਾ ਅਧਿਐਨ ਕਰਨ ਲਈ ਸੱਤ ਪੇਲੋਡਸ ਹਨ। ਸੱਤੇ ਪੇਲੋਡਸ ਮਿਲ ਕੇ ਸੂਰਜ ਦਾ ਅਧਿਐਨ ਕਰਨਗੇ।

### ਦੁਨੀਆ ਦੇ ਸੌਰ ਮਿਸ਼ਨ

**ਅਮਰੀਕਾ** : ਨਾਸਾ ਨੇ ਅਗਸਤ 2018 'ਚ ਪਾਰਕਰ ਸੋਲਰ ਪਰੌਬ ਲਾਂਚ ਕੀਤਾ। ਦਸੰਬਰ 2021 'ਚ ਪਾਰਕਰ ਨੇ ਸੂਰਜ ਦੇ ਉਪਰੀ ਵਾਯੂ ਮੰਡਲ, ਕੋਰੋਨਾ 'ਤੇ ਉਡਾਨ ਭਰੀ ਅਤੇ ਉਥੇ ਦੇ ਕਣਾਂ ਅਤੇ ਚੁੰਬਕੀ ਖੇਤਰਾਂ ਦਾ ਨਮੂਨਾ ਲਿਆ।
**ਜਪਾਨ** : ਜਾਪਾਨ ਦੀ ਏਅਰਸਪੇਸ ਐਕਸਪਲੋਰੇਸ਼ਨ ਏਜੰਸੀ ਨੇ 1981 'ਚ ਆਪਣਾ ਪਹਿਲਾ ਸੌਰ ਉਪਗ੍ਰਹਿ ਹਿਨੋਟੋਰੀ ਲਾਂਚ ਕੀਤਾ ਸੀ। ਇਸ ਦਾ ਉਦੇਸ਼ ਸਖ਼ਤ ਐਕਸਰੇ ਦਾ ਉਪਯੋਗ ਕਰਕੇ ਸੌਰ ਜਲਵਾਯੂ ਦਾ ਅਧਿਐਨ ਕਰਨਾ ਸੀ।
**ਯੂਰਪ** : ਅਕਤੂਬਰ 1990 'ਚ ਈ ਐੱਸ ਏ ਨੇ ਸੂਰਜ ਦੇ ਧਰੁਵ ਉਪਰ ਅਤੇ ਥੱਲੇ ਪੁਲਾੜ ਵਾਤਾਵਰਣ ਦਾ ਅਧਿਐਨ ਕਰਨ ਲਈ ਯੂਲੀਸਿਸ ਲਾਂਚ ਕੀਤਾ ਸੀ।
**ਚੀਨ** : ਉਨਤ ਪੁਲਾੜ ਅਧਾਰਤ ਸੌਰ ਵੇਧਸ਼ਾਲਾ (ਏ ਐੱਸ ਓ ਐੱਸ) ਨੂੰ ਅੱਠ ਅਕਤੂਬਰ 2022 ਨੂੰ ਰਾਸ਼ਟਰੀ ਪੁਲਾੜ ਵਿਗਿਆਨ ਕੇਂਦਰ ਚੀਨੀ ਵਿਗਿਆਨ ਅਕਾਦਮੀ (ਸੀ ਏ ਐੱਸ) ਵੱਲੋਂ ਲਾਂਚ ਕੀਤਾ ਗਿਆ ਸੀ।

# ਮੋਦੀ ਦੋ-ਤਿੰਨ ਅਰਬਪਤੀਆਂ ਲਈ ਕੰਮ ਕਰ ਰਹੇ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਨੀਵਾਰ ਛੱਤੀਸਗੜ੍ਹ 'ਚ ਰੈਲੀ ਨੂੰ ਸੰਬੋਧਨ ਕੀਤਾ। ਰਾਹੁਲ ਨਵਾਂ ਰਾਏਪੁਰ 'ਚ ਰਾਜੀਵ ਯੁਵਾ ਮਿਤਾਨ ਕਲੱਬ ਦੇ ਇੱਕ ਪ੍ਰੋਗਰਾਮ 'ਚ ਹਿੱਸਾ ਲੈਣ ਪਹੁੰਚੇ। ਇਸ ਸੰਮੇਲਨ 'ਚ ਮੁੱਖ ਮੰਤਰੀ ਭੁਪੇਸ਼ ਬਘੇਲ ਵੀ ਮੌਜੂਦ ਸਨ। ਇਸ ਦੌਰਾਨ ਰਾਹੁਲ ਨੇ ਕਿਹਾ ਕਿ ਭਾਜਪਾ ਨਫ਼ਰਤ ਫੈਲਾਉਂਦੀ ਹੈ, ਜਦਕਿ ਕਾਂਗਰਸ ਦਾ ਕੰਮ ਮੁਹੱਬਤ ਦੀ ਦੁਕਾਨ ਖੋਲ੍ਹਣਾ ਹੈ। ਰਾਏਪੁਰ 'ਚ ਰਾਹੁਲ ਨੇ ਕਿਹਾ ਕਿ ਭਾਜਪਾ ਆਦਿਵਾਸੀਆਂ ਨੂੰ ਵਣਵਾਸੀ ਕਹਿੰਦੀ ਹੈ, ਕਿਉਂਕਿ ਉਹ ਨਹੀਂ ਚਾਹੁੰਦੀ ਕਿ ਉਹ ਜੰਗਲ ਤੋਂ ਬਾਹਰ ਆਉਣ ਅਤੇ ਵੱਖ-ਵੱਖ ਖੇਤਰਾਂ 'ਚ ਆਪਣੇ ਸੁਪਨਿਆਂ ਨੂੰ ਪੂਰਾ ਕਰਨ। ਉਨ੍ਹਾ ਕਿਹਾ ਕਿ ਨਫ਼ਰਤ ਅਤੇ ਹਿੰਸਾ ਨਾਲ ਦੇਸ਼ ਤਰੱਕੀ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਆਰਥਕ ਰੂਪ ਨਾਲ ਮਜ਼ਬੂਤ ਹੋ ਸਕਦਾ ਹੈ। ਕਾਂਗਰਸ ਨੇਤਾ ਨੇ ਕਿਹਾ ਕਿ ਅਡਾਨੀ ਖਿਲਾਫ਼ ਜਾਂਚ ਨਹੀਂ ਕਰ ਸਕਦੇ, ਕਿਉਂਕਿ ਇਸ ਕਦਮ ਨਾਲ ਉਦਯੋਗਪਤੀਆਂ ਨੂੰ ਨਹੀਂ, ਬਲਕਿ ਕਿਸੇ ਹੋਰ ਨੂੰ ਨੁਕਸਾਨ ਹੋਵੇਗਾ। ਉਹਨਾ ਕਿਹਾ ਕੁਝ ਦਿਨ ਪਹਿਲਾ ਆਰਥਕ ਮਾਮਲਿਆਂ ਬਾਰੇ ਦੁਨੀਆ ਦੇ ਸਭ ਤੋਂ ਵੱਡੇ ਅਖ਼ਬਾਰ ਨੇ ਲਿਖਿਆ ਸੀ ਕਿ ਨਰੇਂਦਰ ਮੋਦੀ ਦੇ ਕਰੀਬੀ ਅਡਾਨੀ ਨੇ ਹਿੰਦੁਸਤਾਨ ਤੋਂ ਹਜ਼ਾਰਾਂ ਕਰੋੜ ਰੁਪਏ ਬਾਹਰ ਭੇਜੇ ਅਤੇ ਉਸ ਪੈਸੇ ਨਾਲ ਸਟਾਕ ਮਾਰਕੀਟ 'ਚ ਆਪਣੇ ਸ਼ੇਅਰਾਂ ਦੀਆਂ ਕੀਮਤਾਂ ਵਧਾਈਆਂ। ਉਨ੍ਹਾ ਕਿਹਾ ਕਿ ਪ੍ਰਧਾਨ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਦੇਸ਼ ਨੂੰ ਅਤੇ ਛੱਤੀਸਗੜ੍ਹ ਦੇ ਨੌਜਵਾਨਾਂ ਨੂੰ ਦੱਸਣਾ ਚਾਹੀਦਾ ਕਿ ਉਹ ਅਡਾਨੀ ਦੀ ਜਾਂਚ ਕਿਉਂ ਨਹੀਂ ਕਰਾ ਰਹੇ। ਇਸ ਕਹਿੜੀ ਗੱਲ ਹੈ ਕਿ ਪ੍ਰਧਾਨ ਮੰਤਰੀ ਜਾਂਚ ਨਹੀਂ ਕਰਵਾ ਰਹੇ। ਉਨ੍ਹਾ ਕਿਹਾ ਕਿ ਹਿੰਦੁਸਤਾਨ ਤੋਂ ਹਜ਼ਾਰਾਂ ਕਰੋੜ ਬਾਹਰ ਗਏ, ਉਹ ● ਬਾਕੀ ਸਫ਼ਾ 2 'ਤੇ

# ਆਟਾ ਚੱਕੀ ਤੋਂ ਕਰੰਟ ਲੱਗਣ ਨਾਲ ਚਾਰ ਜੀਆਂ ਦੀ ਮੌਤ

**ਜੈਪੁਰ** : ਰਾਜਸਥਾਨ ਦੇ ਬਾੜਮੇਰ ਜ਼ਿਲ੍ਹੇ ਦੇ ਸ਼ਿਵ ਥਾਣਾ ਖੇਤਰ 'ਚ ਇੱਕ ਘਰ ਦੀ ਆਟਾ ਚੱਕੀ 'ਚ ਕਰੰਟ ਆਉਣ ਕਾਰਨ ਪਰਵਾਰ ਦੇ ਦੋ ਬੱਚਿਆਂ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ। ਰਾਮਸਰ ਸਰਕਲ ਅਧਿਕਾਰੀ ਅਨਿਲ ਸਾਰਨ ਨੇ ਦੱਸਿਆ ਕਿ ਆਰੰਗ ਪਿੰਡ ਨਿਵਾਸੀ ਅਰਜੁਨ ਸਿੰਘ ਦੇ ਘਰ 'ਚ ਆਟਾ ਚੱਕੀ 'ਚ ਕਰੰਟ ਆਉਣ ਕਾਰਨ ਉਸ ਦੀ ਪਤਨੀ ਛੇਲੂ ਕੰਵਰ (23), ਉਸ ਦੇ ਦੋ ਬੱਚਿਆਂ ਢਾਈ ਸਾਲ ਦਾ ਜੱਸੂ ਅਤੇ ਇੱਕ ਸਾਲ ਦੀ ਪ੍ਰਤਾਪ ਅਤੇ ਸਹੁਰਾ ਹੇਠ ਸਿੰਘ (55) ਦੀ ਮੌਤ ਹੋ ਗਈ। ਸਾਰਨ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਚੱਲਿਆ ਕਿ ਮਾਂ ਨੂੰ ਕਰੰਟ ਲੱਗਣ ਬਾਅਦ ਬੱਚੇ ਨੇੜੇ ਪਹੁੰਚੇ ਤਾਂ ਉਹ ਵੀ ਕਰੰਟ ਦੀ ਲਪੇਟ 'ਚ ਆ ਗਏ ਅਤੇ ਉਨ੍ਹਾਂ ਨੂੰ ਬਚਾਉਣ ਦੇ ਚੱਕਰ 'ਚ ਹੇਠ ਸਿੰਘ ਵੀ ਕਰੰਟ ਦੀ ਲਪੇਟ 'ਚ ਆ ਗਿਆ। ਹਾਦਸੇ ਸਮੇਂ ਅਰਜੁਨ ਸਿੰਘ ਘਰ ਤੋਂ ਬਾਹਰ ਗਿਆ ਹੋਇਆ ਸੀ।

### ਜਹਾਜ਼ 'ਚ ਸਿਗਰਟ ਪੀਣ ਵਾਲਾ ਗ੍ਰਿਫ਼ਤਾਰ

**ਨਵੀਂ ਦਿੱਲੀ** : ਦੁਬਈ ਤੋਂ ਕੋਲਕਾਤਾ ਆ ਰਹੀ ਇੰਡੀਗੋ ਦੀ ਉਡਾਨ ਦੇ ਵਾਸ਼ਰੂਮ 'ਚ ਸਿਗਰਟ ਪੀਣ ਦੇ ਦੋਸ਼ 'ਚ ਸ਼ਨੀਵਾਰ ਸਵੇਰੇ ਕੋਲਕਾਤਾ ਦੇ ਨੇਤਾ ਜੀ ਸੁਭਾਸ਼ ਚੰਦਰ ਬੋਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਵਾਈ ਅੱਡੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਸੁਵਮ ਸ਼ੁਕਲਾ ਵਾਸ਼ਰੂਮ 'ਚ ਦਾਖਲ ਹੋਇਆ ਅਤੇ ਉਥੇ ਸਿਗਰਟ ਪੀਣ ਲੱਗ ਪਿਆ। ਅਮਲੇ ਦੇ ਮੈਂਬਰ ਅਤੇ ਸਹਿ ਯਾਤਰੀ ਨੇ ਵੀ ਉਸ ਨੂੰ ਦੇਖਿਆ ਅਤੇ ਜਹਾਜ਼ ਦੇ ਪਾਇਲਟ ਨੂੰ ਤੁਰੰਤ ਸੂਚਿਤ ਕੀਤਾ। ਫਲਾਈਟ ਅਧਿਕਾਰੀ ਨੇ ਤੁਰੰਤ ਹਵਾਈ ਅੱਡੇ ਦੇ ਸੁਰੱਖਿਆ ਕਰਮਚਾਰੀਆਂ ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੇ ਕਰਮਚਾਰੀਆਂ ਨਾਲ ਸੰਪਰਕ ਕੀਤਾ ਤੇ ਜਹਾਜ਼ ਉਤਰਦਿਆਂ ਹੀ ਯਾਤਰੀ ਨੂੰ ਗ੍ਰਿਫ਼ਤਾਰ ਕਰ ਲਿਆ।

### ਕਰਨਾਟਕ 'ਚ ਆਟੋ ਚਲਾਕਾਂ ਤੇ ਟੈਕਸੀ ਮਾਲਕਾਂ ਵੱਲੋਂ ਹੜਤਾਲ ਦਾ ਐਲਾਨ

**ਬੈਂਗਲੁਰੂ** : ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵਕੁਮਾਰ ਨੇ ਸ਼ਨੀਵਾਰ ਕਿਹਾ ਕਿ ਉਹ ਮੁੱਖ ਮੰਤਰੀ ਸਿਧਾਰਮਈਆ ਅਤੇ ਟਰਾਂਸਪੋਰਟ ਮੰਤਰੀ ਰਾਮਲਿੰਗਾ ਰੈਡੀ ਨਾਲ ਔਰਤਾਂ ਲਈ ਮੁਫਤ ਯਾਤਰਾ ਯੋਜਨਾ ਦੇ ਮਾਮਲੇ 'ਤੇ ਚਰਚਾ ਕਰਨਗੇ। ਉਨ੍ਹਾਂ ਦਾ ਇਹ ਭਰੋਸਾ 11 ਸਤੰਬਰ ਨੂੰ ਪ੍ਰਾਈਵੇਟ ਟਰਾਂਸਪੋਰਟ ਜਥੇਬੰਦੀਆਂ ਵੱਲੋਂ ਇਸ ਸਕੀਮ ਨੂੰ ਲਾਗੂ ਕਰਨ ਦੇ ਵਿਰੋਧ 'ਚ ਦਿੱਤੇ ਬੰਦ ਦੇ ਸੱਦੇ ਦੇ ਮੱਦੇਨਜ਼ਰ ਆਇਆ ਹੈ। ਪ੍ਰਾਈਵੇਟ ਟਰਾਂਸਪੋਰਟ ਮਾਲਕਾਂ ਦਾ ਦਾਅਵਾ ਹੈ ਕਿ ਸਕੀਮ ਲਾਗੂ ਹੋਣ ਤੋਂ ਬਾਅਦ ਉਨ੍ਹਾਂ ਦੇ ਕਾਰੋਬਾਰ 'ਚ ਭਾਰੀ ਗਿਰਾਵਟ ਆਈ ਹੈ। ਆਟੋ ਰਿਕਸ਼ਾ ਚਾਲਕ, ਪ੍ਰਾਈਵੇਟ ਟੈਕਸੀ ਡਰਾਈਵਰ, ਸਕੂਲ ਬੱਸ ਅਤੇ ਕੈਬ ਮਾਲਕਾਂ ਸਮੇਤ ਲਗਭਗ 32 ਸੰਗਠਨ ਇਕੱਠੇ ਹੋਏ ਹਨ। ਯੂਨੀਅਨਾਂ ਨੇ ਪਹਿਲਾਂ ਵੀ ਕਾਂਗਰਸ ਸਰਕਾਰ ਨੂੰ ਕਈ ਮੰਗਾਂ ਸੌਂਪੀਆਂ ਸਨ। ਪ੍ਰਮੁੱਖ ਮੰਗਾਂ 'ਚ ਹਰੇਕ ਡਰਾਈਵਰ ਲਈ 10,000 ਰੁਪਏ ਦੀ ਵਿੱਤੀ ਸਹਾਇਤਾ ਅਤੇ ਬਾਈਕ ਟੈਕਸੀਆਂ 'ਤੇ ਪਾਬੰਦੀ ਸ਼ਾਮਲ ਹੈ। ਸ਼ਿਵਕੁਮਾਰ ਨੇ ਕਿਹਾ ਕਿ ਕੁਝ ਜ਼ਿਲ੍ਹਿਆਂ 'ਚ ਕੋਈ ਸਰਕਾਰੀ ਬੱਸ ਨਹੀਂ ਅਤੇ ਸਿਰਫ ਪ੍ਰਾਈਵੇਟ ਬੱਸਾਂ ਹੀ ਚੱਲਦੀਆਂ ਹਨ। ਮੁੱਖ ਮੰਤਰੀ ਸਿਧਾਰਮਈਆ ਨੇ ਕਿਹਾ ਸੀ ਕਿ ਸ਼ਕਤੀ ਯੋਜਨਾ ਦੇ ਤਹਿਤ ਹੁਣ ਤੱਕ 48.5 ਕਰੋੜ ਔਰਤਾਂ ਬੱਸਾਂ 'ਚ ਮੁਫਤ ਸਫਰ ਕਰ ਚੁੱਕੀਆਂ ਹਨ।

# ਲਹਿੰਦੇ ਪੰਜਾਬ 'ਚੋਂ ਪੰਜ ਮਹਿਲਾ ਅੱਤਵਾਦੀ ਗ੍ਰਿਫ਼ਤਾਰ

**ਲਾਹੌਰ** : ਪਾਕਿਸਤਾਨ ਦੇ ਪੰਜਾਬ ਸੂਬੇ ਦੀ ਪੁਲਸ ਨੇ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਦੀਆਂ ਪੰਜ ਮਹਿਲਾ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਪਹਿਲਾ ਮੌਕਾ ਹੈ, ਜਦ ਪੁਲਸ ਨੇ ਮਹਿਲਾ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ। ਪੰਜਾਬ ਪੁਲਸ ਦੇ ਕਾਊਂਟਰ ਟੈਰੇਰਿਜ਼ਮ ਵਿਭਾਗ ਨੇ ਦੱਸਿਆ ਕਿ ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਲਾਹੌਰ ਅਤੇ ਸ਼ੇਖੂਪੁਰਾ ਤੋਂ ਇਨ੍ਹਾਂ ਪੰਜ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ। ਮਹਿਲਾ ਅੱਤਵਾਦੀਆਂ ਕੋਲੋਂ ਹਥਿਆਰ, ਨਗਦੀ ਤੇ ਹੋਰ ਸਾਮਾਨ ਬਰਾਮਦ ਹੋਇਆ ਹੈ। ਇਹ ਆਈ ਐੱਸ ਆਈ ਐੱਸ ਦੀਆਂ ਸਰਗਰਮ ਮੈਂਬਰ ਹਨ ਅਤੇ ਦੇਸ਼ 'ਚ ਅੱਤਵਾਦੀ ਗਤੀਵਿਧੀਆਂ 'ਚ ਸ਼ਾਮਲ ਰਹੀਆਂ ਹਨ। ਗ੍ਰਿਫ਼ਤਾਰ ਮਹਿਲਾ ਅੱਤਵਾਦੀਆਂ ਦੀ ਪਛਾਣ ਏਮਨ, ਜਾਵੇਰੀਆ, ਸਾਦੀਆ ਅਤੇ ਫਾਖਰਾ ਦੇ ਰੂਪ 'ਚ ਕੀਤੀ ਗਈ ਹੈ। ਇਨ੍ਹਾਂ ਖਿਲਾਫ਼ ਅੱਤਵਾਦ ਦੇ ਮਾਮਲੇ ਦਰਜ ਕੀਤੇ ਗਏ ਹਨ। ਪਿਛਲੇ ਮਹੀਨੇ ਸੀ ਟੀ ਡੀ ਨੇ 20 ਤੋਂ ਵੱਧ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜੋ ਦੇਸ਼ 'ਚ ਮਹੱਤਵਪੂਰਨ ਟਿਕਾਣਿਆਂ ਅਤੇ ਧਾਰਮਕ ਸਥਾਨਾਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ। ਉਨ੍ਹਾਂ 'ਚੋਂ ਜ਼ਿਆਦਾਤਰ ਪਾਬੰਦੀਸ਼ੁਦਾ ਤਹਿਰੀਕ ਏ ਤਾਲਿਬਾਨ ਪਾਕਿਸਤਾਨ ਅਤੇ ਆਈ ਐੱਸ ਆਈ ਐੱਸ ਨਾਲ ਸੰਬੰਧਤ ਸਨ।

# ਜਾਲਨਾ 'ਚ ਮਰਾਠਾ ਰਾਖਵਾਂਕਰਨ ਨੂੰ ਲੈ ਕੇ ਪ੍ਰਦਰਸ਼ਨ

## ਪੁਲਸ ਲਾਠੀਚਾਰਜ 'ਚ 20 ਪ੍ਰਦਰਸ਼ਨਕਾਰੀ ਜ਼ਖ਼ਮੀ

**ਮੁੰਬਈ** : ਮਹਾਰਾਸ਼ਟਰ ਦੇ ਜਾਲਨਾ ਜ਼ਿਲ੍ਹੇ 'ਚ ਮਰਾਠਾ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਲੋਕ ਹਿੰਸਕ ਹੋ ਗਏ। ਇਸ ਦੇ ਚਲਦੇ ਪੁਲਸ ਨੂੰ ਲਾਠੀਚਾਰਜ ਕਰਨਾ ਪਿਆ, ਜਿਸ 'ਚ 20 ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਲਾਠੀਚਾਰਜ ਦੇ ਵਿਰੋਧ 'ਚ ਪ੍ਰਦਰਸ਼ਨਕਾਰੀਆਂ ਨੇ ਪੁਲਸ 'ਤੇ ਪਥਰਾਅ ਕੀਤਾ, ਜਿਸ 'ਚ 18 ਪੁਲਸ ਵਾਲੇ ਜ਼ਖ਼ਮੀ ਹੋ ਗਏ। ਪ੍ਰਦਰਸ਼ਨਕਾਰੀਆਂ ਨੇ ਧੂਲੇ-ਸੋਲਾਪੁਰ ਹਾਈਵੇ ਬੰਦ ਕਰ ਦਿੱਤਾ ਅਤੇ ਕਈ ਸਰਕਾਰੀ ਬੱਸਾਂ ਨੂੰ ਅੱਗ ਲਾ ਦਿੱਤੀ। ਪੁਲਸ ਨੇ ਦੱਸਿਆ ਕਿ ਘਟਨਾ ਅੰਬਾਡ ਤਹਿਸੀਲ ਦੇ ਧੂਲੇ-ਸੋਲਾਪੁਰ ਰੋਡ 'ਤੇ ਅੰਤਰਵਰਲੀ ਸਾਰਥੀ ਪਿੰਡ ਦੀ ਹੈ। ਇਲਾਕੇ 'ਚ ਵਾਧੂ ਪੁਲਸ ਬਲ ਤਾਇਨਾਤ ਕਰ ਦਿੱਤਾ ਗਿਆ ਹੈ। ਮਰਾਠਾ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ 29 ਅਗਸਤ ਤੋਂ ਮਰਾਠਾ ਮਾਰਚ ਦੇ ਕਨੀਵਨਰ ਮਨੋਜ ਜਾਰਾਂਗੇ ਸਮੇਤ 10 ਲੋਕ ਭੁੱਖ ਹੜਤਾਲ 'ਤੇ ਬੈਠੇ ਸਨ। ਪੁਲਸ ਨੇ ਉਸ ਦੀ ਸਿਹਤ ਨੂੰ ਦੇਖਦੇ ਹੋਏ ਧਰਨਾ ਖ਼ਤਮ ਕਰਨ ਲਈ ਉਨ੍ਹਾ ਨੂੰ ਹਿਰਾਸਤ 'ਚ ਲੈਣ ਦੀ ਕੋਸ਼ਿਸ਼ ਕੀਤੀ।

ਉਨ੍ਹਾ ਇਸ ਦਾ ਵਿਰੋਧ ਕੀਤਾ। ਦੋਵੇਂ ਪਾਸੇ ਤਣਾਅ ਵਧਣ ਤੋਂ ਬਾਅਦ ਪੁਲਸ ਨੇ ਭੀੜ ਨੂੰ ਤਿਤਰ-ਬਿਤਰ ਕਰਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਇਸ 'ਤੇ ਪ੍ਰਦਰਸ਼ਨਕਾਰੀਆਂ ਨੇ ਪਥਰਾਅ ਸ਼ੁਰੂ ਕਰ ਦਿੱਤਾ। ਪਿੰਡ ਵਾਸੀਆਂ ਦਾ ਦਾਅਵਾ ਹੈ ਕਿ ਪੁਲਸ ਨੇ ਹਵਾ 'ਚ ਕੁਝ ਰੌਂਦ ਫਾਇਰਿੰਗ ਕੀਤੀ, ਪਰ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਘਟਨਾ ਤੋਂ ਬਾਅਦ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮਰਾਠਾ ਸਮਾਜ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਜੋ ਵੀ ਦੋਸ਼ੀ ਹੋਵੇਗਾ, ਉਸ 'ਤੇ ਕਾਰਵਾਈ ਕੀਤੀ ਜਾਵੇਗੀ। ਮਰਾਠਾ ਸਮਾਜ ਨੂੰ ਰਾਖਵਾਂਕਰਨ ਮਿਲੇ, ਇਹ ਸਾਰਿਆਂ ਦਾ ਉਦੇਸ਼ ਹੈ।

# ਹਿਮਾਚਲ 'ਚ 68 ਦਿਨਾਂ 'ਚ 8660.18 ਕਰੋੜ ਦਾ ਨੁਕਸਾਨ, 393 ਲੋਕਾਂ ਦੀ ਮੌਤ



**ਸ਼ਿਮਲਾ** : ਪਹਾੜੀ ਸੂਬਾ ਹਿਮਾਚਲ 'ਚ ਮਾਨਸੂਨੀ ਸੀਜ਼ਨ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਫ਼ੀ ਨੁਕਸਾਨ ਪਹੁੰਚਾਇਆ। ਭਾਰੀ ਬਾਰਿਸ਼ ਨਾਲ ਪ੍ਰਦੇਸ਼ 'ਚ ਸੜਕਾਂ, ਪਾਣੀ ਅਤੇ ਹੋਰ ਯੋਜਨਾਵਾਂ ਦੇ ਨਾਲ-ਨਾਲ ਨਿੱਜੀ ਜਾਇਦਾਦਾਂ ਨੂੰ ਵੀ ਨੁਕਸਾਨ ਹੋਇਆ। ਸੂਬੇ ਦੇ ਆਪਦਾ ਪ੍ਰਬੰਧਕ ਅਨੁਸਾਰ 24 ਜੂਨ ਤੋਂ ਲੈ ਕੇ ਅੱਜ ਤੱਕ ਹਿਮਾਚਲ ਸਰਕਾਰ ਨੂੰ 8660.18 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ 'ਚ ਸਭ ਤੋਂ ਵੱਧ ਸੜਕਾਂ ਨੁਕਸਾਨੀਆਂ ਗਈਆਂ। ਪ੍ਰਦੇਸ਼ ਲੋਕ ਨਿਰਮਾਣ ਵਿਭਾਗ ਨੂੰ 2934.85 ਕਰੋੜ ਰੁਪਏ ਦਾ ਨੁਕਸਾਨ ਹੋਇਆ। ਉਥੇ ਹੀ ਸੂਬੇ 'ਚ ਵੱਖ ਵੱਖ ਘਟਨਾਵਾਂ ਦੇ ਚਲਦੇ 393 ਲੋਕਾਂ ਦੀ ਮੌਤ ਹੋ ਚੁੱਕੀ ਹੈ। 39 ਲੋਕ ਹਾਲੇ ਵੀ ਲਾਪਤਾ ਹਨ। ਸੜਕ ਹਾਦਸੇ 'ਚ ਛੇ, ਡੁੱਬਣ ਨਾਲ ਚਾਰ, ਜ਼ਮੀਨ ਖਿਸਕਣ 'ਚ ਚਾਰ ਅਤੇ 20 ਹੜ੍ਹ ਦੀ ਲਪੇਟ 'ਚ ਆਉਣ ਕਾਰਨ ਉਹਨਾਂ ਦਾ ਪਤਾ ਨਹੀਂ ਚੱਲਿਆ। ਇਸ ਤੋਂ ਇਲਾਵਾ ਸੂਬੇ 'ਚ ਵੱਖ-ਵੱਖ ਘਟਨਾਵਾਂ 'ਚ 367 ਲੋਕ ਜਖ਼ਮੀ ਹੋ ਗਏ। ਸੂਬੇ 'ਚ ਬਾਰਿਸ਼ ਅਤੇ ਢਿੱਗਾਂ ਡਿੱਗਣ ਕਾਰਨ ਹਾਲੇ ਵੀ 205 ਸੜਕਾਂ ਬੰਦ ਹਨ। ਮੰਡੀ ਜ਼ੋਨ 'ਚ 92, ਸ਼ਿਮਲਾ ਜ਼ੋਨ 'ਚ 45, ਹਮੀਰਪੁਰ ਜ਼ੋਨ 'ਚ 39 ਅਤੇ ਕਾਂਗੜਾ ਜ਼ੋਨ 'ਚ 27 ਸੜਕਾਂ ਬੰਦ ਹਨ। ਇਸ ਤੋਂ ਇਲਾਵਾ 97 ਪੁਲਾਂ ਨੂੰ ਵੀ ਨੁਕਸਾਨ ਪਹੁੰਚਿਆ, ਜਦਕਿ 19 ਪੁਲ ਹੜ੍ਹ ਦੇ ਪ੍ਰਕੋਪ ਦਾ ਸ਼ਿਕਾਰ ਹੋ ਕੇ ਰੁੜ੍ਹ ਗਏ।

# ਭਾਰਤੀ ਮੂਲ ਦੇ ਥਰਮਨ ਸ਼ਨਮੁਗਰਤਨਮ ਸਿੰਗਾਪੁਰ ਦੇ 9ਵੇਂ ਰਾਸ਼ਟਰਪਤੀ ਬਣੇ



**ਸਿੰਗਾਪੁਰ** : ਭਾਰਤੀ ਮੂਲ ਦੇ ਅਰਥ ਸ਼ਾਸਤਰੀ ਥਰਮਨ ਸ਼ਨਮੁਗਰਤਨਮ ਨੇ ਸਿੰਗਾਪੁਰ ਦੀ ਰਾਸ਼ਟਰਪਤੀ ਚੋਣ ਜਿੱਤ ਲਈ ਹੈ। ਉਹ ਦੇਸ਼ ਦੇ 9ਵੇਂ ਰਾਸ਼ਟਰਪਤੀ ਹੋਣਗੇ। ਥਰਮਨ ਨੇ ਦੋ ਚੀਨੀ ਮੂਲ ਦੇ ਵਿਰੋਧੀਆਂ ਨੂੰ ਕਰਾਰੀ ਹਾਰ ਦਿੱਤੀ। ਉਨ੍ਹਾ 70 ਫੀਸਦੀ ਤੋਂ ਵੱਧ ਵੋਟਾਂ ਹਾਸਲ ਕਰਕੇ ਇਹ ਜਿੱਤ ਹਾਸਲ ਕੀਤੀ। ਸਿੰਗਾਪੁਰ ਦੇ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਣ ਵਾਲੇ ਉਹ ਭਾਰਤੀ ਮੂਲ ਦੇ ਦੂਜੇ ਰਾਸ਼ਟਰਪਤੀ ਹਨ। ਇਸ ਤੋਂ ਪਹਿਲਾਂ ਉਹ ਸਿਵਲ ਸਰਵਿਸ ਵਜੋਂ ਵੀ ਕੰਮ ਕਰ ਚੁੱਕੇ ਹਨ।

ਸਿੰਗਾਪੁਰ ਚੋਣ ਵਿਭਾਗ ਮੁਤਾਬਕ ਬੀਤੇ ਸ਼ੁੱਕਰਵਾਰ ਹੋਈ ਵੋਟਿੰਗ 'ਚ ਸਿੰਗਾਪੁਰ ਦੇ ਕਰੀਬ 27 ਲੱਖ ਲੋਕਾਂ 'ਚੋਂ 25.3 ਲੱਖ ਲੋਕਾਂ ਨੇ ਵੋਟਿੰਗ ਕੀਤੀ ਅਤੇ 93.4 ਫੀਸਦੀ ਵੋਟਿੰਗ ਹੋਈ। ਸ਼ਨਮੁਗਰਤਨਮ ਦੇ ਵਿਰੋਧੀਆਂ ਐਂਨ ਜੀ ਕੋਕ ਸਾਂਗ ਨੂੰ 15.72 ਫੀਸਦੀ ਅਤੇ ਟੇਨ ਕਿਨ ਲਿਯਾਨ ਨੂੰ 13.88 ਫੀਸਦੀ ਵੋਟ ਮਿਲੇ। ਥਰਮਨ ਨੂੰ ਦੋਵਾਂ ਦੇ ਵੋਟ ਦੇ ਦੁੱਗਣੇ ਵੋਟ ਮਿਲੇ।

ਥਰਮਨ 25 ਜਨਵਰੀ 1957 ਨੂੰ ਸਿੰਗਾਪੁਰ 'ਚ ਜਨਮੇ। ਉਨ੍ਹਾ ਦੇ ਦਾਦਾ ਤਾਮਿਲਨਾਡੂ ਤੋਂ ਜਾ ਕੇ ਸਿੰਗਾਪੁਰ 'ਚ ਵਸੇ ਸਨ। ਥਰਮਨ ਦੇ ਪਿਤਾ ਪ੍ਰੋ. ਕੇ ਸ਼ਨਮੁਗਰਤਨਮ ਸਨ, ਜੋ ਇੱਕ ਵਿਗਿਆਨੀ ਸਨ, ਜਿਨ੍ਹਾ ਨੂੰ ਸਿੰਗਾਪੁਰ 'ਚ ਪੈਥਾਲੋਜੀ ਦਾ ਪਿਤਾਮਾ ਮੰਨਿਆ ਜਾਂਦਾ ਹੈ।

# ਭਾਰਤ ਨੇ ਮਲੇਸ਼ੀਆ ਨੂੰ ਹਾਕੀ ਏਸ਼ੀਆ ਕੱਪ 'ਚ 10-4 ਨਾਲ ਹਰਾਇਆ

**ਸਾਲਲਾਹ (ਓਮਾਨ)** : ਭਾਰਤ ਨੇ ਸ਼ਨੀਵਾਰ ਸੈਮੀਫਾਈਨਲ 'ਚ ਮਲੇਸ਼ੀਆ ਨੂੰ 10-4 ਨਾਲ ਹਰਾ ਕੇ ਸ਼ੁਰੂਆਤੀ ਪੁਰਸ਼ ਹਾਕੀ ਫਾਈਵ ਏਸ਼ੀਆ ਕੱਪ ਦੇ ਫਾਈਨਲ 'ਚ ਪ੍ਰਵੇਸ਼ ਕਰ ਲਿਆ, ਜਿਸ 'ਚ ਉਸ ਦਾ ਸਾਹਮਣਾ ਪਾਕਿਸਤਾਨ ਨਾਲ ਹੋਵੇਗਾ। ਪਾਕਿਸਤਾਨ ਨੇ ਪਹਿਲੇ ਸੈਮੀਫਾਈਨਲ 'ਚ ਓਮਾਨ ਨੂੰ 7-3 ਨਾਲ ਹਰਾ ਕੇ ਫਾਈਨਲ 'ਚ ਜਗ੍ਹਾ ਬਣਾਈ ਸੀ। ਭਾਰਤ ਨੂੰ ਟੂਰਨਾਮੈਂਟ ਦੇ ਇਲੀਟ ਪੂਲ ਪੜਾਅ ਦੇ ਮੈਚ 'ਚ ਪਾਕਿਸਤਾਨ ਤੋਂ 4-5 ਨਾਲ ਹਾਰ ਝੱਲਣੀ ਪਈ ਸੀ। ਭਾਰਤ ਵੱਲੋਂ ਸੈਮੀਫਾਈਨਲ 'ਚ ਮੁਹੰਮਦ ਰਾਹੀਲ (ਨੌਵੇਂ, 16ਵੇਂ, 24ਵੇਂ, 28ਵੇਂ ਮਿੰਟ), ਮਨਿੰਦਰ ਸਿੰਘ (ਦੂਜੇ ਮਿੰਟ), ਪਵਨ ਰਾਜਭਰ (13ਵੇਂ ਮਿੰਟ), ਸੁਖਵਿੰਦਰ (21ਵੇਂ ਮਿੰਟ), ਦਿਪਸਨ ਟਿਰਕੀ (22ਵੇਂ ਮਿੰਟ), ਜੁਗਰਾਜ ਸਿੰਘ (23ਵੇਂ ਮਿੰਟ) ਮਿੰਟ) ਅਤੇ ਗੁਰਜੋਤ ਸਿੰਘ (29ਵੇਂ ਮਿੰਟ) ਨੇ ਗੋਲ ਕੀਤੇ। ਮਲੇਸ਼ੀਆ ਲਈ ਕਪਤਾਨ ਇਸਮਾਈਲ ਆਸੀਆ ਅਬੂ (ਚੌਥੇ ਮਿੰਟ), ਅਕਹਿਮੁੱਲਾ ਅਨਵਰ (ਸੱਤਵੇਂ, 19ਵੇਂ ਮਿੰਟ), ਮੁਹੰਮਦ ਦੀਨ (19ਵੇਂ ਮਿੰਟ) ਨੇ ਗੋਲ ਕੀਤੇ। ਇਸ ਜਿੱਤ ਨੇ 2024 ਹਾਕੀ ਫਾਈਵ ਵਿਸ਼ਵ ਕੱਪ 'ਚ ਭਾਰਤ ਦੀ ਜਗ੍ਹਾ ਵੀ ਪੱਕੀ ਕਰ ਦਿੱਤੀ ਹੈ।

## ਅੱਜ-ਨਾਮਾ

ਵਧਿਆ ਜਾਂਦਾ ਪ੍ਰਦੂਸ਼ਣ ਫਿਰ ਬੜਾ ਬੇਲੀ,
ਲੱਗਦੀ ਜਾਪ ਰਹੀ ਅਜੇ ਨਹੀਂ ਰੋਕ ਬੇਲੀ।
ਕਰੇ ਕੁਝ ਚਰਚਾ ਸਰਕਾਰ ਤਾਂ ਕਰੀ ਜਾਵੇ,
ਧਰਦੇ ਓਧਰ ਨਹੀਂ ਕੰਨ ਕੋਈ ਲੋਕ ਬੇਲੀ।
ਗੰਦਗੀ ਖੁੱਲ੍ਹੀ ਖਿਲਾਰਨ ਤੋਂ ਰਹਿਣ ਨਾਹੀਂ,
ਹਟਦੇ ਸਾੜਨ ਤੋਂ ਹਾਲੇ ਨਹੀਂ ਫੋਕ ਬੇਲੀ।
ਜਾਵੇ ਕੋਈ ਸਮਝਾਉਣ ਤਾਂ ਲੜਨ ਲੱਗਦੇ,
ਡਰਦਾ ਬੰਦਾ ਨਹੀਂ ਸਕੇ ਕੋਈ ਰੋਕ ਬੇਲੀ।
ਇਹ ਹੀ ਚੱਕਰ ਫਿਰ ਚੱਲਦਾ ਰਿਹਾ ਜੇਕਰ,
ਹੋਊ ਫਿਰ ਮਾੜਾ ਭਵਿੱਖ ਵਿੱਚ ਹਾਲ ਬੇਲੀ।
ਅਗਲੀ ਪੀੜ੍ਹੀ ਵਿੱਚ ਭੁਗਤਣਗੇ ਬਾਲ ਬੱਚੇ,
ਕਿਸੇ ਨੂੰ ਫਿਕਰ ਨਹੀਂ ਏਸ ਦੇ ਨਾਲ ਬੇਲੀ।

-ਤੀਸ ਮਾਰ ਖਾਂ

# 'ਆਪ' ਵੱਲੋਂ 'ਇੱਕ ਰਾਸ਼ਟਰ, ਇੱਕ ਚੋਣ' ਦਾ ਵਿਰੋਧ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਆਮ ਆਦਮੀ ਪਾਰਟੀ (ਆਪ) ਨੇ 'ਇੱਕ ਦੇਸ਼, ਇੱਕ ਚੋਣ' ਦੇ ਵਿਚਾਰ ਦਾ ਵਿਰੋਧ ਕੀਤਾ ਹੈ। ਭਾਜਪਾ ਵੱਲੋਂ 'ਇੱਕ ਦੇਸ਼ ਇੱਕ ਚੋਣ' ਲਈ ਕਮੇਟੀ ਦੇ ਗਠਨ 'ਤੇ 'ਆਪ' ਨੇ ਕਿਹਾ ਕਿ ਭਾਰਤ 'ਚ 'ਇੱਕ ਦੇਸ਼, ਇੱਕ ਚੋਣ' ਨੂੰ ਲਾਗੂ ਕਰਨਾ ਅਮਲੀ ਤੌਰ 'ਤੇ ਸੰਭਵ ਨਹੀਂ। ਚੰਡੀਗੜ੍ਹ ਪਾਰਟੀ ਦਫਤਰ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਰਤ ਵੱਖ-ਵੱਖ ਰਾਜਾਂ (ਜਿਸ 'ਚ ਵੱਖ-ਵੱਖ ਧਰਮਾਂ, ਜਾਤਾਂ ਅਤੇ ਭਾਸ਼ਾਵਾਂ ਦੇ ਲੋਕ ਰਹਿੰਦੇ ਹਨ) ਦਾ ਸੰਘ ਹੈ, ਪਰ ਭਾਜਪਾ ਦਾ ਇੱਕ ਰਾਸ਼ਟਰ ਇੱਕ ਚੋਣ, ਇੱਕ ਰਾਸ਼ਟਰ ਇੱਕ ਪਾਰਟੀ, ਇੱਕ ਰਾਸ਼ਟਰ ਇੱਕ ਧਰਮ ਅਤੇ ਇੱਕ ਰਾਸ਼ਟਰ ਇੱਕ ਭਾਸ਼ਾ ਦਾ ਵਿਚਾਰ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੇ ਸਾਰ ਦੇ ਵਿਰੁੱਧ ਹੈ। ਕੰਗ ਨੇ ਕਿਹਾ ਕਿ ਭਾਜਪਾ ਇੰਡੀਆ ਬਲਾਕ ਅਤੇ ਉਸ ਦੀ ਤਾਕਤ ਤੋਂ ਡਰੀ ਹੋਈ ਹੈ। ਉਨ੍ਹਾ ਕਿਹਾ ਕਿ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਵੱਖ-ਵੱਖ ਪਾਰਟੀਆਂ ਇੱਕ ਸਾਂਝੇ ਮੰਚ 'ਤੇ ਆਈਆਂ ਹਨ। ਅਸੀਂ ਭਾਰਤ ਦੇ 140 ਕਰੋੜ ਲੋਕਾਂ ਦੀ ਨੁਮਾਇੰਦਗੀ ਕਰਨੀ ਹੈ ਅਤੇ ਆਪਣੇ ਦੇਸ਼ ਅਤੇ ਲੋਕਤੰਤਰ ਨੂੰ ਬਚਾਉਣਾ ਹੈ। ਉਨ੍ਹਾ ਕਿਹਾ ਕਿ ਪੰਜ ਵੱਡੇ ਰਾਜਾਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਤੇਲੰਗਾਨਾ ਅਤੇ ਮਿਜ਼ੋਰਮ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਪਰ ਭਾਜਪਾ ਆਪਣਾ ਮੈਦਾਨ ਗੁਆ ਰਹੀ ਹੈ। ਧਰੁਵੀਕਰਨ ਅਤੇ ਨਫਰਤ ਦੀ ਰਾਜਨੀਤੀ ਵੀ ਫੇਲ੍ਹ ਹੋ ਰਹੀ ਹੈ, ਜਿਸ ਕਾਰਨ ਭਾਜਪਾ ਸਾਰੇ ਰਾਜਾਂ 'ਚ ਬੁਰੀ ਤਰ੍ਹਾਂ ਹਾਰ ਰਹੀ ਹੈ। ਇਸੇ ਕਾਰਨ ਪ੍ਰਧਾਨ ਮੰਤਰੀ ਘਬਰਾਏ ਹੋਏ ਹਨ ਅਤੇ ਚੋਣ ਪ੍ਰਕਿਰਿਆ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੰਗ ਨੇ 'ਇੱਕ ਦੇਸ਼, ਇੱਕ ਚੋਣ' ਦਾ ਸਮਰਥਨ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਵੀ ਤਿੱਖਾ ਹਮਲਾ ਕੀਤਾ। ਉਹਨਾ ਕਿਹਾ ਕਿ ਅਕਾਲੀ ਦਲ ਬਾਦਲ ਨੂੰ ਦੇਸ਼, ਇੱਥੋਂ ਦੇ ਲੋਕਾਂ, ਪੰਜਾਬ ਅਤੇ ਸਿੱਖ ਧਰਮ ਦੀ ਕੋਈ ਪ੍ਰਵਾਹ ਨਹੀਂ, ਉਹ ਸਿਰਫ ਆਪਣੇ ਸਿਆਸੀ, ਵਿੱਤੀ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹੈ। ਅਕਾਲੀ ਦਲ ਰਾਜਾਂ ਦੇ ਅਧਿਕਾਰਾਂ ਅਤੇ ਦੇਸ਼ ਦੇ ਸੰਘੀ ਢਾਂਚੇ ਦੀ ਕੀਮਤ 'ਤੇ ਇਸ ਵਿਚਾਰ ਦੀ ਹਮਾਇਤ ਕਰ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਅਕਾਲੀ ਦਲ ਬਾਦਲ ਨੂੰ ਸ੍ਰੀ ਆਨੰਦਪੁਰ ਸਾਹਿਬ ਪ੍ਰਸਤਾਵ ਦਾ ਕੋਈ ਸਤਿਕਾਰ ਨਹੀਂ।

# 'ਮੇਰਾ ਬਿੱਲ' ਐਪ 15,435 ਵਿਅਕਤੀਆਂ ਵੱਲੋਂ ਡਾਊਨਲੋਡ

### *948 ਖਪਤਕਾਰਾਂ ਵੱਲੋਂ ਆਪਣੇ ਬਿੱਲ ਅਪਲੋਡ*

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ਼ਨੀਵਾਰ ਦੱਸਿਆ ਕਿ ਸ਼ੁੱਕਰਵਾਰ ਕਰ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਤਹਿਤ ਜਾਰੀ ਕੀਤੀ ਗਈ 'ਮੇਰਾ ਬਿੱਲ' ਐਪ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸੂਬੇ ਭਰ 'ਚ 105 ਤੋਂ ਵੱਧ ਸਥਾਨਾਂ 'ਤੇ ਚਲਾਈ ਗਈ ਮੁਹਿੰਮ ਸਦਕਾ ਇਸ ਐਪ ਦੇ ਲਾਂਚ ਹੋਣ ਤੋਂ ਕੁਝ ਘੰਟਿਆਂ 'ਚ ਹੀ 15,452 ਵਿਅਕਤੀਆਂ ਵੱਲੋਂ ਇਸ ਨੂੰ ਡਾਊਨਲੋਡ ਕੀਤਾ ਗਿਆ ਅਤੇ 948 ਖਪਤਕਾਰਾਂ ਵੱਲੋਂ ਆਪਣੇ ਬਿੱਲ ਵੀ ਅਪਲੋਡ ਕੀਤੇ ਗਏ। ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਹਰ ਖਰੀਦ ਦਾ ਬਿੱਲ ਲੈਣ ਲਈ ਉਤਸ਼ਾਹਤ ਕਰਨ ਵਾਸਤੇ ਸ਼ੁਰੂ ਕੀਤੀ ਗਈ ਇਸ ਐਪ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਵੱਡੀ ਗਿਣਤੀ ਵਿੱਚ ਵਿਅਕਤੀਆਂ ਵੱਲੋਂ ਸ਼ੁਰੂਆਤੀ ਦੌਰ ਤੋਂ ਹੀ ਇਸ ਐਪ ਨੂੰ ਡਾਊਨਲੋਡ ਕੀਤਾ ਜਾ ਰਿਹਾ ਹੈ। ਐਪ ਨੂੰ ਦਿੱਤੇ ਭਰਵੇ ਹੁੰਗਾਰੇ ਲਈ ਸੂਬੇ ਦੇ ਲੋਕਾਂ ● ਬਾਕੀ ਸਫ਼ਾ 2 'ਤੇ

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਹਰਮਨ ਪਿਆਰੇ

ਕਾਮਰੇਡ ਦਵਿੰਦਰ ਸਿੰਘ ਸੰਧੂ ਵਕੀਲ
(ਸਾਬਕਾ ਪ੍ਰਧਾਨ, ਜ਼ਿਲ੍ਹਾ ਬਾਰ ਐਸੋਸ਼ੀਏਸ਼ਨ, ਮੋਗਾ)

ਮਿਤੀ 25 ਅਗਸਤ 2023 ਦਿਨ ਸ਼ੁਕਰਵਾਰ ਨੂੰ ਆਪਣਾ ਜੀਵਨ-ਸੰਘਰਸ਼ ਪੂਰਾ ਕਰਦੇ ਹੋਏ, ਉੱਚੀ-ਸੁੱਚੀ ਸੋਚ ਦੀ ਮਸ਼ਾਲ ਸਾਡੇ ਦਿਲਾਂ 'ਚ ਬਾਲ ਕੇ ਆਪਣੀ ਆਖਰੀ ਮੰਜ਼ਿਲ ਨੂੰ ਪ੍ਰਾਪਤ ਕਰ ਗਏ ਹਨ। ਉਹਨਾਂ ਦੀ ਯਾਦ ਵਿੱਚ ਰੱਖੇ

ਸ਼੍ਰੀ ਅਖੰਡ-ਪਾਠ ਸਾਹਿਬ ਦਾ ਭੋਗ ਅਤੇ ਸ਼ਰਧਾਂਜਲੀ ਸਮਾਰੋਹ

ਮਿਤੀ 03 ਸਤੰਬਰ 2023 ਦਿਨ ਐਤਵਾਰ ਨੂੰ
ਸਮਾਂ : ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ
* ਗੁਰਦੁਆਰਾ ਬੀਬੀ ਕਾਹਨ ਕੌਰ, ਮੇਨ ਬਾਜ਼ਾਰ, ਮੋਗਾ *
ਵਿਖੇ ਪਵੇਗਾ। ਸੋ ਆਪ ਜੀ ਨੇ ਭੋਗ ਅਤੇ ਸ਼ਰਧਾਂਜਲੀ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਵੱਲੋਂ :-
ਕਾਮਰੇਡ ਅੰਮ੍ਰਿਤ ਕੌਰ ਸੰਧੂ (ਜੀਵਨਸਾਥਣ)
ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁੱਲ ਹਿੰਦ ਕਿਸਾਨ ਸਭਾ
ਸਮੂਹ ਸੰਧੂ ਪਰਿਵਾਰ, ਰਿਸ਼ਤੇਦਾਰ ਅਤੇ ਮਿੱਤਰ M.: 94171-04989
ਨੋਟ : ਅਲੱਗ ਤੋਂ ਕਾਰਡ ਨਹੀਂ ਭੇਜੇ ਜਾ ਰਹੇ ਜੀ।

## ਲੈਕਚਰਾਰ ਨਰਸੀ ਰਾਮ ਦੀ ਸੇਵਾ-ਮੁਕਤੀ 'ਤੇ ਸਮਾਗਮ



**ਧੂਰੀ (ਸੁਖਦੇਵ ਧੂਰੀ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਕਾਰਜਸ਼ੀਲ ਅੰਗਰੇਜ਼ੀ ਦੇ ਲੈਕਚਰਾਰ ਨਰਸੀ ਰਾਮ ਦੀ ਸੇਵਾਮੁਕਤੀ 'ਤੇ ਸ਼ਾਨਦਾਰ ਸਨਮਾਨ ਸਮਾਗਮ ਸਕੂਲ ਕੈਂਪਸ ਵਿੱਚ ਆਯੋਜਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਨੇ ਕੀਤੀ, ਜਿਸ ਵਿੱਚ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਨਰਸੀ ਰਾਮ ਨਾਲ ਸਟੇਜ 'ਤੇ ਉਨ੍ਹਾਂ ਦੀ ਧਰਮ ਪਤਨੀ ਰਾਕੇਸ਼ ਰਾਣੀ ਸਮੇਤ ਪਰਵਾਰਕ ਮੈਂਬਰ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਮੈਡਮ ਰੁਪਿੰਦਰ ਕੌਰ ਨੇ ਧਾਰਮਿਕ ਗੀਤ ਨਾਲ ਖੂਬਸੂਰਤ ਅੰਦਾ ਵਿੱਚ ਕੀਤੀ। ਇਸ ਉਪਰੰਤ ਸਕੂਲ ਦੇ ਵਾਈਸ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੇ ਨਰਸੀ ਰਾਮ ਦੀ ਜ਼ਿੰਦਗੀ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਲੈਕਚਰਾਰ ਰਾਮ ਚੰਦ ਜੱਖਲਾਂ ਨੇ ਨਰਸੀ ਰਾਮ ਨੂੰ ਇਕ ਕਾਬਲ ਅਧਿਆਪਕ ਦੱਸਦੇ ਹੋਏ ਉਨ੍ਹਾਂ ਨਾਲ ਬਿਤਾਏ ਸਮੇਂ ਦੀ ਚਰਚਾ ਕੀਤੀ। ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਨੇ ਨਰਸੀ ਰਾਮ ਦੀ ਤੰਦਰੁਸਤੀ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਵਿਦਿਆਰਥੀਆਂ ਦੀ ਭਲਾਈ ਲਈ ਸੰਸਥਾ ਨੂੰ ਭਵਿੱਖ ਵਿੱਚ ਵੀ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਰਾਜਿੰਦਰ ਕੌਰ ਤੇ ਮੈਡਮ ਸਰਬਜੀਤ ਕੌਰ ਨੇ ਵੀ ਲੈਕਚਰਾਰ ਨਰਸੀ ਰਾਮ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ।

## ਐੱਮ ਐਂਡ ਐੱਮ ਪਬਲਿਕ ਸਕੂਲ ਨਾਗਰੀ 'ਚ ਸ਼ਤਰੰਜ ਮੁਕਾਬਲੇ ਕਰਾਏ



**ਸੰਗਰੂਰ (ਪ੍ਰਵੀਨ ਸਿੰਘ)**-ਐਮ ਐਂਡ ਐਮ ਪਬਲਿਕ ਸਕੂਲ ਨਾਗਰੀ ਵਿਖੇ ਜ਼ੋਨਲ ਮੁਕਾਬਲੇ ਕਰਾਉਣ ਤੋਂ ਬਾਅਦ 67ਵੇਂ ਜ਼ਿਲ੍ਹਾ ਪੱਧਰੀ ਸ਼ਤਰੰਜ ਮੁਕਾਬਲੇ ਕਰਾਏ ਗਏ, ਜਿਸ ਵਿੱਚ ਸੰਗਰੂਰ ਜ਼ਿਲ੍ਹੇ ਦੇ 300 ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ-14 ਮੁਕਾਬਲਿਆਂ ਵਿੱਚ ਸੰਗਰੂਰ ਜ਼ੋਨ, ਅੰਡਰ-17 'ਚ ਸੁਨਾਮ ਜ਼ੋਨ ਤੇ ਅੰਡਰ 19 'ਚ ਭਸੌੜ ਜ਼ੋਨ ਜੇਤੂ ਰਹੇ। ਇਸੇ ਤਰ੍ਹਾਂ ਲੜਕੀਆਂ ਦੇ ਅੰਡਰ-14 ਮੁਕਾਬਲਿਆਂ 'ਚ ਸੰਗਰੂਰ ਜ਼ੋਨ, ਅੰਡਰ-17 'ਚ ਵੀ ਸੰਗਰੂਰ ਜ਼ੋਨ ਤੇ ਅੰਡਰ-19 'ਚ ਭਸੌੜ ਜ਼ੋਨ ਨੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਐੱਮ ਐਂਡ ਐੱਮ ਪਬਲਿਕ ਸਕੂਲ ਦੇ ਵਿਦਿਆਰਥੀ ਅਰਮਾਨ ਗੋਇਲ ਨੂੰ ਅੰਡਰ-17 ਵਿੱਚ ਜੇਤੂ ਰਹਿਣ ਕਰਕੇ ਸਟੇਟ ਪੱਧਰ ਲਈ ਚੁਣਿਆ ਗਿਆ। ਮੇਜ਼ਬਾਨ ਸਕੂਲ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸੇਠੀ ਨੇ ਸਾਰੇ ਜੇਤੂ ਖਿਡਾਰੀਆਂ ਨੂੰ ਵਧਾਈ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਚੀਫ਼ ਆਰਬਿਟਰ ਰਾਕੇਸ਼ ਗੁਪਤਾ, ਟੈਕਨੀਕਲ ਚੀਫ਼ ਹਰਪ੍ਰੀਤ ਸਿੰਘ, ਆਰਬਿਟਰ ਹਰਿੰਦਰ ਸ਼ਰਮਾ, ਪ੍ਰੇਮ ਸ਼ਰਮਾ, ਕਨਵੀਨਰ ਦੀਪੇਂਦਰ ਸਿੰਘ, ਕਨਵੀਨਰ ਦਲਜੀਤ ਕੌਰ, ਸੁਖਵਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਜ਼ਿਲ੍ਹਾ ਸਪੋਰਟਸ ਡਿਪਟੀ ਕੋਆਰਡੀਨੇਟਰ ਮੈਡਮ ਨਰੇਸ਼ ਸੈਣੀ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦੇਣ ਲਈ ਉਚੇਚਾ ਪਹੁੰਚੇ। ਪ੍ਰਿੰਸੀਪਲ ਰਮਨਦੀਪ ਕੌਰ ਨੇ ਆਏ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਲੋੜਵੰਦ ਪਰਵਾਰਾਂ ਦੇ 30 ਵਿਦਿਆਰਥੀਆਂ ਨੂੰ ਸਕੂਲੀ ਵਰਦੀਆਂ ਦਿੱਤੀਆਂ



**ਕੋਟਕਪੂਰਾ (ਰਛਪਾਲ ਭੁੱਲਰ)**-ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਵਿਦਿਅਕ ਖੇਤਰ ਵਿੱਚ ਸਰਗਰਮ ਕਰਨ ਤੇ ਪੜ੍ਹਾਈ ਪ੍ਰਤੀ ਉਨ੍ਹਾਂ ਦੀ ਦਿਲਚਸਪੀ ਵਧਾਉਣ ਦੇ ਕਾਰਜਾਂ ਵਿੱਚ ਯਤਨਸ਼ੀਲ ਸੰਸਥਾ 'ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ' ਦੀ ਪ੍ਰੇਰਣਾ ਸਦਕਾ ਕੁਝ ਦਾਨੀ ਸੱਜਣਾਂ ਵੱਲੋਂ ਭਾਈ ਕਿਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੰਧਵਾਂ ਦੇ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ 30 ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਸੁਸਾਇਟੀ ਦੇ ਸੰਸਥਾਪਕ ਮਾ. ਐਸ ਐਸ ਸੁਨਾਮੀ ਤੇ ਪ੍ਰੋ. ਐੱਚ ਐੱਸ ਪਦਮ ਨੇ ਦੱਸਿਆ ਕਿ ਨਾਇਬ ਸਿੰਘ ਬਰਾੜ, ਹਰਬੀਰ ਸਿੰਘ ਧਾਲੀਵਾਲ, ਸੁਰਿੰਦਰ ਕੁਮਾਰ ਭੰਡਾਰੀ, ਮਦਨ ਲਾਲ ਨਰੂਲਾ, ਰਮੇਸ਼ ਕੁਮਾਰ ਅਹੂਜਾ, ਗੁਰਬਚਨ ਸਿੰਘ ਭੁੱਲਰ, ਡਾ. ਦੇਵ ਰਾਜ ਮੋਗੇ ਵਾਲੇ, ਮਦਨ ਲਾਲ ਸ਼ਰਮਾ, ਗੁਰਬਚਨ ਸਿੰਘ ਗਿੱਲ, ਮੈਡਮ ਸੰਤੋਸ਼ ਕੁਮਾਰੀ ਸ਼ਰਮਾ, ਮੈਡਮ ਵਿਜੇ ਚੋਪੜਾ ਆਦਿ ਦੇ ਸਹਿਯੋਗ ਨਾਲ ਲੋੜਵੰਦ ਬੱਚਿਆਂ ਦੀ ਕੀਤੀ ਗਈ ਮੱਦਦ ਵਾਲੇ ਉਪਰਾਲੇ ਬਦਲੇ ਸਕੂਲ ਮੁਖੀ ਪ੍ਰਿੰਸੀਪਲ ਮੈਡਮ ਅੰਜਨਾ ਕੌਸ਼ਲ ਨੇ ਧੰਨਵਾਦ ਕਰਦਿਆਂ ਆਖਿਆ ਕਿ ਇਸ ਤਰ੍ਹਾਂ ਜਿੱਥੇ ਉਕਤ ਬੱਚਿਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਵਧੇਗੀ, ਉੱਥੇ ਹੋਰਨਾਂ ਬੱਚਿਆਂ ਨੂੰ ਵੀ ਪੜ੍ਹਾਈ ਵਿੱਚ ਰੁਚੀ ਵਧਾਉਣ ਲਈ ਪ੍ਰੇਰਨਾ ਮਿਲਣੀ ਸੁਭਾਵਕ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੈਡਮ ਕਿਰਨ ਬਾਲਾ ਛਾਬੜਾ, ਮੈਡਮ ਬੇਅੰਤ ਕੌਰ, ਮੈਡਮ ਪ੍ਰਿਆ ਤੇ ਦੀਪਕ ਅਹੂਜਾ ਅਤੇ ਜਸਵਿੰਦਰ ਸਿੰਘ ਬਰਾੜ ਆਦਿ ਦਾ ਵੀ ਭਰਪੂਰ ਸਹਿਯੋਗ ਰਿਹਾ।

## ਖਿਡਾਰੀਆਂ ਨੇ ਜ਼ੋਨ ਤੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਧੂਰੀ ਸਕੂਲ ਦਾ ਨਾਂਅ ਚਮਕਾਇਆ



**ਧੂਰੀ (ਸੁਖਦੇਵ ਧੂਰੀ)**-ਪ੍ਰਿੰਸੀਪਲ ਰਮਨਦੀਪ ਕੌਰ ਦੀ ਯੋਗ ਅਗਵਾਈ ਤੇ ਸਕੂਲ ਡੀ.ਪੀ.ਈ. ਸੁਖਵੀਰ ਸਿੰਘ ਮਾਨ ਦੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਹੋਈਆਂ ਜ਼ੋਨ ਤੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸਕੂਲ ਦੇ ਹੋਣਹਾਰ ਮੁੰਡਿਆਂ ਤੇ ਕੁੜੀਆਂ ਨੇ ਇਲਾਕੇ ਦਾ ਨਾਮ ਚਮਕਾਇਆ ਹੈ। ਭਸੌੜ ਜ਼ੋਨ ਪੱਧਰੀ ਖੇਡਾਂ 'ਚ ਕਬੱਡੀ ਵਿੱਚ ਅੰਡਰ-14, 19 ਪਹਿਲਾ, ਗੱਤਕਾ 'ਚ ਅੰਡਰ-17, 19 'ਚ ਪਹਿਲਾ, ਹੈਂਡਬਾਲ 'ਚ ਅੰਡਰ-17, 19 ਵਿੱਚ ਪਹਿਲਾ, ਨੈੱਟਬਾਲ ਅੰਡਰ-14, 17, 19 ਮੁੰਡੇ-ਕੁੜੀਆਂ ਨੇ ਪਹਿਲਾ, ਬਾਕਸਿੰਗ 'ਚ ਬਾਰਵੀਂ ਦੇ ਕੇਸ਼ਵ ਨੇ ਪਹਿਲਾ ਤੇ ਖੋ-ਖੋ ਅੰਡਰ-14 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹਾ ਪੱਧਰੀ ਭਸੌੜ ਜ਼ੋਨ ਖੇਡਾਂ ਦੌਰਾਨ ਗੱਤਕਾ ਅੰਡਰ-17 'ਚ ਪਹਿਲਾ, ਹੈਂਡਬਾਲ ਅੰਡਰ-19 'ਚ ਤੀਸਰਾ, ਨੈੱਟਬਾਲ ਅੰਡਰ-17 'ਚ ਮੁੰਡੇ-ਕੁੜੀਆਂ ਨੇ ਪਹਿਲਾ, ਅੰਡਰ-14,19 'ਚ ਕੁੜੀਆਂ ਨੇ ਦੂਜਾ, ਮੁੰਡੇ ਅੰਡਰ-14 'ਚ ਤੀਜਾ, ਮੁੰਡੇ ਅੰਡਰ-19 'ਚ ਤੀਜਾ ਤੇ ਬਾਕਸਿੰਗ ਵਿੱਚ ਬਾਰਵੀਂ ਦੇ ਕੇਸ਼ਵ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਆਉਣ ਉਪਰੰਤ ਇਨ੍ਹਾਂ ਖਿਡਾਰੀਆਂ ਦਾ ਸਕੂਲ ਦੇ ਇੰਚਾਰਜ ਰਮਨਦੀਪ ਕੌਰ ਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਮੁਬਾਰਕਬਾਦ ਦਿੱਤੀ।

## ਐੱਸ ਡੀ ਕਾਲਜ ਦੇ ਬੀ ਏ ਸਮੈਸਟਰ ਦੂਜੇ ਦਾ ਨਤੀਜਾ ਸ਼ਾਨਦਾਰ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਬੀ.ਏ. ਦੀ ਪ੍ਰੀਖਿਆ ਦੇ ਦੂਸਰੇ ਸਮੈਸਟਰ ਦੇ ਨਤੀਜੇ ਵਿੱਚ ਐੱਸ.ਡੀ ਕਾਲਜ ਫਾਰ ਵਿਮਨ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਵਿਦਿਆਰਥਣਾਂ ਦੀ ਕਾਮਯਾਬੀ 'ਤੇ ਦਿਲੀ ਖੁਸ਼ੀ ਜ਼ਾਹਰ ਕਰਦੇ ਕਿਹਾ ਕਿ ਸ਼ਾਨਦਾਰ ਨਤੀਜਾ ਵਿਦਿਆਰਥਣਾਂ ਅਤੇ ਸਟਾਫ਼ ਦੀ ਸਖਤ ਮਿਹਨਤ ਦਾ ਫ਼ਲ ਹੈ। ਪ੍ਰਿੰਸੀਪਲ ਨੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ ਕਿ ਬੀ.ਏ. ਦੂਜੇ ਸਮੈਸਟਰ ਦੀਆਂ ਵਿਦਿਆਰਥਣਾਂ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਈਆਂ ਹਨ। ਬੀ.ਏ. ਦੇ ਦੂਜੇ ਸਮੈਸਟਰ ਵਿੱਚ ਮਿਸ ਨਵਪ੍ਰੀਤ ਕੌਰ ਨੇ 85.5% (372/400) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਿਸ ਗਰਿਮਾ ਨੇ 84.59% (368/435) ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਮਿਸ ਸੁਨਿਧੀ ਨੇ 84% (378/450) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

## ਸ੍ਰੀ ਹਰਿ ਰਾਇ ਜੀ ਨੇਚਰ ਹਰਬਲ ਪਾਰਕ ਦਾ ਉਦਘਾਟਨ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹਰਿ ਰਾਏ ਜੀ ਸੱਤਵੀਂ ਪਾਤਸ਼ਾਹੀ ਜੀ ਦੇ ਨਾਂਅ ਉੱਪਰ ਨੇਚਰ ਹਰਬਲ ਪਾਰਕ, ਜੋ ਪਿੰਡ ਗਲੋਟੀ ਵਿਖੇ ਪੰਚਾਇਤ ਦੀ ਚਾਰ ਏਕੜ ਜ਼ਮੀਨ ਵਿੱਚ ਸਥਾਪਤ ਕੀਤਾ ਗਿਆ, ਜਿਸ ਦਾ ਉਦਘਾਟਨ ਦਵਿੰਦਰਜੀਤ ਸਿੰਘ ਲਾਡੀ ਢੋਸ ਐਮ.ਐਲ.ਏ ਹਲਕਾ ਧਰਮਕੋਟ, ਕੁਲਵੰਤ ਸਿੰਘ ਆਈ ਏ ਐਸ ਡਿਪਟੀ ਕਮਿਸ਼ਨਰ ਮੋਗਾ ਤੇ ਸੰਤ ਬਾਬਾ ਗੁਰਮੀਤ ਸਿੰਘ ਵੱਲੋਂ ਸਾਂਝੇ ਰੂਪ ਵਿੱਚ ਦਰੱਖ਼ਤ ਲਾ ਕੇ ਕੀਤਾ ਗਿਆ। ਐਮ.ਐਲ.ਏ ਲਾਡੀ ਢੋਸ ਵੱਲੋਂ ਵਾਤਾਵਰਨ ਨੂੰ ਬਚਾਉਣ ਲਈ ਦਰੱਖਤਾਂ ਨੂੰ ਹਰ ਸਾਂਝੀ ਜਗ੍ਹਾ 'ਤੇ ਵੱਧ ਤੋਂ ਵੱਧ ਲਾਉਣ ਲਈ ਉਤਸ਼ਾਹਤ ਕੀਤਾ। ਆਈ.ਏ.ਐਸ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਵੱਲੋਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਦਰੱਖਤਾਂ ਦੀ ਅਹਿਮੀਅਤ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਸੰਤ ਬਾਬਾ ਗੁਰਮੀਤ ਸਿੰਘ ਨੇ ਦੱਸਿਆ ਕਿ ਦਰੱਖਤ ਸਾਡੀ ਜ਼ਿੰਦਗੀ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

# ਭ੍ਰਿਸ਼ਟ ਸਹਾਇਕ ਕਿਰਤ ਕਮਿਸ਼ਨਰ ਨੂੰ ਤੁਰੰਤ ਬਦਲਿਆ ਜਾਵੇ : ਆਸਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਪੰਜਾਬ ਏਟਕ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ ਨੇ ਮੰਗ ਕੀਤੀ ਕਿ ਮਜ਼ਦੂਰ ਵਿਰੋਧੀ ਸਹਾਇਕ ਕਿਰਤ ਕਮਿਸ਼ਨਰ ਮੁਹਾਲੀ ਹਰਪ੍ਰੀਤ ਸਿੰਘ ਦਾ ਫੌਰੀ ਤੌਰ 'ਤੇ ਤਬਾਦਲਾ ਕੀਤਾ ਜਾਵੇ। ਉਹਨਾ ਕਿਹਾ ਕਿ ਮੁਹਾਲੀ ਵਰਗੇ ਸਨਅਤੀ ਕੇਂਦਰ 'ਚ ਇਮਾਨਦਾਰ ਅਤੇ ਤਜਰਬੇਕਾਰ ਲੇਬਰ ਅਫਸਰ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ। ਮੁਹਾਲੀ 'ਚ ਕਿਰਤ ਵਿਭਾਗ ਪੰਜਾਬ ਦਾ ਮੁੱਖ ਦਫਤਰ ਹੈ, ਜਿੱਥੇ ਲੇਬਰ ਕਮਿਸ਼ਨਰ ਪੰਜਾਬ, ਲੇਬਰ ਸਕੱਤਰ ਅਤੇ ਲੇਬਰ ਮੰਤਰੀ ਖੁਦ ਬੈਠਦੇ ਹਨ। ਇੱਥੇ ਇਸ ਤਰ੍ਹਾਂ ਦੇ ਨਾ-ਤਜਰਬੇਕਾਰ ਤੇ ਕੁਰੱਪਟ ਅਧਿਕਾਰੀ ਦੀ ਤਾਇਨਾਤੀ ਕਿਸੇ ਵੀ ਤਰ੍ਹਾਂ ਠੀਕ ਨਹੀਂ, ਕਿਉਂਕਿ ਇਸ ਤਰ੍ਹਾਂ ਦੇ ਅਧਿਕਾਰੀ ਮਜ਼ਦੂਰਾਂ ਅਤੇ ਮਾਲਕਾਂ ਦੇ ਸੰਬੰਧਾਂ ਨੂੰ ਖਰਾਬ ਕਰਦੇ ਹਨ। ਮੌਜੂਦਾ ਲੇਬਰ ਅਫਸਰ ਸਰੇਆਮ ਮੈਨੇਜਮੈਂਟ ਨਾਲ ਮਿਲੀਭੁਗਤ ਕਰਕੇ ਚੱਲ ਰਿਹਾ ਹੈ ਅਤੇ ਲੇਬਰ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਕੋਈ ਸਾਰਥਕ ਰੋਲ ਅਦਾ ਨਹੀਂ ਕਰ ਰਿਹਾ। ਉਲਟਾ ਯੂਨੀਅਨ ਆਗੂਆਂ ਨੂੰ ਧਮਕਾ ਰਿਹਾ ਹੈ, ਇਸ ਦੀ ਤਾਜ਼ਾ ਮਿਸਾਲ ਹੈ ਕਿ ਮੈਸ. ਫਰੂਡਨਬਰਗ ਪ੍ਰਾਈਵੇਟ ਲਿਮਟਿਡ ਪਿੰਡ ਬਸਮਾ, ਜ਼ਿਲ੍ਹਾ ਮੁਹਾਲੀ ਦੇ ਕਿਰਤੀਆਂ ਵੱਲੋਂ ਆਪਣੀ ਜਥੇਬੰਦੀ ਐੱਫ ਐੱਨ ਆਈ (ਕੰਟਰੈਕਟਰ) ਮਜ਼ਦੂਰ ਏਕਤਾ ਯੂਨੀਅਨ ਰਾਹੀਂ ਆਪਣੀਆਂ ਮੰਗਾਂ ਲਈ ਮੰਗ ਪੱਤਰ ਦਿੱਤਾ ਗਿਆ, ਜਿਸ ਦੀ ਸੁਣਵਾਈ ਦੀ ਮਿਤੀ ਬੀਤੀ 7 ਅਗਸਤ ਸੀ ਅਤੇ ਸੁਣਵਾਈ ਸਮੇਂ ਗੱਲਬਾਤ ਦੇ ਤੌਰ-ਤਰੀਕੇ ਤੋਂ ਜਦੋਂ ਲੇਬਰ ਅਫਸਰ ਦਾ ਰਵੱਈਆ ਪੂਰੀ ਤਰ੍ਹਾਂ ਮੈਨੇਜਮੈਂਟ ਪੱਖੀ ਦੇਖਿਆ ਤਾਂ ਯੂਨੀਅਨ ਦੇ ਨੁਮਾਇੰਦਿਆਂ ਨੇ ਇਸ ਉੱਪਰ ਰੋਸ ਪ੍ਰਗਟ ਕੀਤਾ। ਆਪਣੀ ਗਲਤੀ ਸੁਧਾਰਨ ਦੀ ਬਜਾਏ ਲੇਬਰ ਅਫਸਰ ਨੇ ਮਜ਼ਦੂਰਾਂ ਦੇ ਨੁਮਾਇੰਦੇ ਪੰਜਾਬ ਏਟਕ ਦੇ ਮੀਤ ਪ੍ਰਧਾਨ ਵਿਨੋਦ ਚੁੱਘ ਨੂੰ ਮੀਟਿੰਗ 'ਚੋਂ ਬਾਹਰ ਜਾਣ ਲਈ ਕਹਿ ਦਿੱਤਾ ਅਤੇ ਸਿੱਧਾ ਹੀ ਯੂਨੀਅਨ ਨੂੰ ਕਥਿਤ ਧਮਕੀਆਂ ਦੇਣ ਲੱਗਾ ਕਿ ਮੇਰੇ ਹੁੰਦਿਆਂ ਫੈਸਲਾ ਨਹੀਂ ਹੋਵੇਗਾ ਅਤੇ ਯੂਨੀਅਨ ਦੀ ਗੈਰਹਾਜ਼ਰੀ 'ਚ ਮੰਗ ਪੱਤਰ ਦੀਆਂ ਤਰੀਕਾਂ ਪਾ ਕੇ ਮੰਗ ਪੱਤਰ ਖਤਮ ਕਰਨਾ ਚਾਹੁੰਦਾ ਹੈ। ਸ੍ਰੀ ਆਸਲ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲਾਂ ਲੇਬਰ ਅਫਸਰ ਹੋਵੇਗਾ, ਜੋ ਯੂਨੀਅਨ ਨੂੰ ਮੰਗ ਪੱਤਰ ਉੱਪਰ ਸੁਲਾਹ-ਸਫਾਈ ਦੀ ਕਾਰਵਾਈ ਦੌਰਾਨ ਦਫਤਰ 'ਚੋਂ ਬਾਹਰ ਜਾਣ ਲਈ ਕਹਿੰਦਾ ਹੈ ਅਤੇ ਇੱਕਤਰਫਾ ਮਜ਼ਦੂਰ ਵਿਰੋਧੀ ਕਾਰਵਾਈ ਕਰ ਰਿਹਾ ਹੈ। ਮਜ਼ਦੂਰਾਂ ਵੱਲੋਂ ਰੋਸ ਵਜੋਂ 15 ਸਤੰਬਰ ਨੂੰ ਕਿਰਤ ਕਮਿਸ਼ਨਰ ਪੰਜਾਬ ਦੇ ਦਫਤਰ ਦੇ ਬਾਹਰ ਰੋਸ ਰੈਲੀ ਕੀਤੀ ਜਾ ਰਹੀ ਹੈ। ਉਹਨਾ ਕਿਹਾ ਕਿ ਪੰਜਾਬ ਏਟਕ ਦੀ ਜਲਦੀ ਹੀ ਮੀਟਿੰਗ ਕਰਕੇ ਪੰਜਾਬ ਭਰ ਵਿੱਚ ਰੋਸ ਪ੍ਰਗਟ ਕੀਤਾ ਜਾਵੇਗਾ ਅਤੇ ਮੰਗ ਕੀਤੀ ਜਾਵੇਗੀ ਕਿ ਇਸ ਲੇਬਰ ਅਫਸਰ ਨੂੰ ਤਬਦੀਲ ਕਰਕੇ ਇਸ ਦੀ ਇਨਕੁਆਰੀ ਕੀਤੀ ਜਾਵੇ। ਉਹਨਾ ਮੰਗ ਕੀਤੀ ਕਿ ਮਜ਼ਦੂਰਾਂ ਦੇ ਮੰਗ ਪੱਤਰ ਦੀ ਸੁਣਵਾਈ ਤੋਂ ਲੇਬਰ ਅਫਸਰ ਹਰਪ੍ਰੀਤ ਸਿੰਘ ਨੂੰ ਫੌਰੀ ਤੌਰ 'ਤੇ ਰੋਕ ਦਿੱਤਾ ਜਾਵੇ ਅਤੇ ਇਸ ਮੰਗ ਪੱਤਰ ਦੀ ਸੁਣਵਾਈ ਲੇਬਰ ਵਿਭਾਗ ਦਾ ਕੋਈ ਸੀਨੀਅਰ ਉੱਚ ਅਧਿਕਾਰੀ ਕਰੇ।

## ਬੱਗੇ ਕੇ ਪਿੱਪਲ ਸਕੂਲ ਨੇ ਵਾਲੀਬਾਲ ਟੂਰਨਾਮੈਂਟ 'ਚ ਮਾਰੀ ਬਾਜ਼ੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਗੇ ਕੇ ਪਿੱਪਲ ਵਿਖੇ ਜ਼ੋਨ ਸਤੀਏਵਾਲਾ ਵਿੱਚ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਸਬੰਧੀ ਸਕੂਲ ਪ੍ਰਿੰਸੀਪਲ ਸੁਨੀਤਾ ਖੇਡ ਕਨਵੀਨਰ ਤੇ ਕੋ-ਕਨਵੀਨਰ ਦਲਬੀਰ ਸਿੰਘ ਨੇ ਦੱਸਿਆ ਕਿ ਜ਼ੋਨ ਸਤੀਏਵਾਲਾ ਦੇ ਸਕੂਲਾਂ ਨੇ ਬੜਾ ਉਤਸ਼ਾਹ ਨਾਲ ਭਾਗ ਲਿਆ। ਅੰਡਰ-14 ਗਰੁੱਪ ਵਿੱਚ ਪਹਿਲਾ ਸਥਾਨ ਤੇ ਤੀਜਾ ਸਥਾਨ ਸਰਕਾਰੀ ਹਾਈ ਸਕੂਲ ਸਤੀਏਵਾਲਾ ਨੇ ਪ੍ਰਾਪਤ ਕੀਤਾ। ਅੰਡਰ-17 ਗਰੁੱਪ ਵਿੱਚ ਬੱਗੇ ਕੇ ਪਿੱਪਲ ਨੇ ਪਹਿਲਾ ਸਥਾਨ, ਦਿਸ਼ਾ ਪਬਲਿਕ ਸਕੂਲ ਨੇ ਦੂਜਾ ਤੇ ਸਰਕਾਰੀ ਸੀਨੀ. ਸੈਕ. ਸਕੂਲ ਸਾਂਦੇ ਹਾਸ਼ਮ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ-19 ਗਰੁੱਪ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀ. ਸੈਕੰ. ਸਕੂਲ ਬੱਗੇ ਕੇ ਪਿੱਪਲ, ਦੂਜਾ ਸਥਾਨ ਸਰਕਾਰੀ ਸੀਨੀ. ਸੈਕ. ਸਕੂਲ ਸਾਂਦੇ ਹਾਸ਼ਮ ਤੇ ਤੀਜਾ ਸਥਾਨ ਸਰਕਾਰੀ ਸੀਨੀ. ਸੈਕੰ. ਸਕੂਲ ਲੁੰਬੜੀਵਾਲਾ ਨੇ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਨੀਤਾ ਤੇ ਵਾਇਸ ਪ੍ਰਿੰਸੀਪਲ ਨਵਕਿਰਨ ਕੌਰ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ। ਇਸ ਮੌਕੇ ਲੈਕਚਰਾਰ ਅਸ਼ੋਕ ਢੀਂਗਰਾ, ਲੈਕਚਰਾਰ ਸੰਜੀਵ ਵਰਮਾਨੀ, ਲੈਕਚਰਾਰ ਦਵਿੰਦਰ ਨਾਥ, ਕਿਰਨ ਸ਼ਰਮਾ, ਰਾਜੇਸ਼ ਕੁਮਾਰ, ਮੁਨੀਸ਼ ਸ਼ਰਮਾ, ਵਿਪਨ ਕੁਮਾਰ, ਰਾਜਵਿੰਦਰ ਕੌਰ, ਹਰਸਿਮਰਨ ਕੌਰ, ਸਿਲਵਿੰਦਰ ਕੌਰ, ਸੁਖਜਿੰਦਰ ਸਿੰਘ, ਹਰਨੇਕ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

# ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਵਰਕਸ਼ਾਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਨੇ ਫਰੈਂਡਜ਼ ਯੂਨੀਅਨ ਫਾਰ ਐਨਰਜਾਇਜ਼ਿੰਗ ਲਾਈਵਜ਼ ਪੂਣੇ ਦੇ ਸਹਿਯੋਗ ਨਾਲ ਤਿੰਨ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸ ਵਿੱਚ ਮੈਨੇਜਮੈਂਟ ਸਟੱਡੀਜ਼, ਕਾਮਰਸ, ਐਗਰੀਕਲਚਰ ਤੇ ਬੀ.ਐਸ.ਸੀ. ਮੈਡੀਕਲ ਦੇ ਕੁੱਲ 250 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਵਰਕਸ਼ਾਪ ਵਿੱਚ ਮਾਨਸਿਕ ਯੋਗਤਾ ਤੇ ਸੰਚਾਰ ਹੁਨਰ, ਰਿਜ਼ਿਊਮ ਬਿਲਡਿੰਗ, ਬਾਡੀ ਲੈਂਗੂਏਜ ਤੇ ਵਿਦਿਆਰਥੀਆਂ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਕਾਰਪੋਰੇਟ ਸੈਕਟਰਾਂ ਵੱਲੋਂ ਇਸ ਤਰ੍ਹਾਂ ਦੀ ਪ੍ਰੈਕਟੀਕਲ ਟ੍ਰੇਨਿੰਗ ਵਿਦਿਆਰਥੀਆਂ ਦੇ ਵਿਹਾਰਕ ਤੇ ਵਿਵਹਾਰਕ ਗਿਆਨ ਨੂੰ ਵਧਾਉਣ ਵਿੱਚ ਬਹੁਤ ਸਹਾਇਕ ਹੁੰਦੀ ਹੈ। ਵਰਕਸ਼ਾਪ ਦੌਰਾਨ ਵੱਖ-ਵੱਖ ਨਾਮਵਰ ਟ੍ਰੇਨਰਾਂ ਸਵੇਤਾ ਗਾਵੜੇ, ਨਮਰਤਾ ਸ੍ਰੀ ਤਿਵਾੜੀ ਤੇ ਸ਼ੇਖਰ ਸੁਮਨ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਜਿਵੇਂ ਸਾਫਟ ਸਕਿਲਜ਼, ਬੌਡੀ ਲੈਂਗੂਏਜ, ਸਵੈ-ਵਿਸ਼ਵਾਸ ਅਤੇ ਸ਼ਖ਼ਸੀਅਤ ਵਿਕਾਸ ਆਦਿ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਕਾਮਰਸ ਵਿਭਾਗ ਦੇ ਮੁਖੀ ਡਾ. ਬਿਕਰਮਜੀਤ ਸਿੰਘ, ਮੈਨੇਜਮੈਂਟ ਸਟੱਡੀਜ਼ ਵਿਭਾਗ ਦੀ ਮੁਖੀ ਡਾ. ਕਮਲਪ੍ਰੀਤ ਕੌਰ ਤੇ ਕਾਲਜ ਦੇ ਪਲੇਸਮੈਂਟ ਅਫ਼ਸਰ ਡਾ. ਸੌਰਵ ਸ਼ਰਮਾ ਨੇ ਵੀ ਵਿਦਿਆਰਥੀਆਂ ਨੂੰ ਆਪਣੇ ਹੁਨਰ ਨੂੰ ਨਿਖਾਰਨ ਲਈ ਅਜਿਹੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

ਡੀਨ ਪਲੇਸਮੈਂਟ ਡਾ. ਜਗਦੀਸ਼ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਤ ਕੀਤਾ। ਪਲੇਸਮੈਂਟ ਅਫ਼ਸਰ ਡਾ. ਸੌਰਵ ਸ਼ਰਮਾ ਨੇ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਨੂੰ ਨਿਖਾਰਨ ਲਈ ਅਜਿਹੇ ਸਿਖਲਾਈ ਪ੍ਰੋਗਰਾਮ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

## ਮਹੰਤ ਗੁਰਬੰਤਾ ਦਾਸ ਸਕੂਲ 'ਚ 3 ਕਮਰਿਆਂ ਦਾ ਉਦਘਾਟਨ

**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਥਾਨਕ ਮਹੰਤ ਗੁਰਬੰਤਾ ਦਾਸ ਸਕੂਲ ਫਾਰ ਸਪੈਸ਼ਲੀਏਬਲਡ ਵਿਖੇ ਹੋਸਟਲ



'ਚ ਰਹਿ ਰਹੇ ਵਿਦਿਆਰਥੀਆਂ ਲਈ 3 ਵਾਤਾਅਨੁਕੂਲ ਕਮਰਿਆਂ ਦਾ ਉਦਘਾਟਨ ਕੀਤਾ, ਜਿਸ ਵਿੱਚੋਂ ਇੱਕ ਕਮਰਾ ਕੁੜੀਆਂ ਤੇ ਇੱਕ ਕਮਰਾ ਮੁੰਡਿਆਂ ਦੇ ਹੋਸਟਲ ਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਕੂਲ ਵਿਖੇ ਸੇਸਵਾ ਸਕੀਮ ਅਧੀਨ ਚੱਲ ਰਹੇ ਸਿਲਾਈ ਕਢਾਈ ਕੇਂਦਰ 'ਚ ਸਿਖਲਾਈ ਪੂਰੀ ਕਰ ਚੁੱਕੀਆਂ ਬੱਚੀਆਂ ਨੂੰ 25 ਮੁਫ਼ਤ ਸਿਲਾਈ ਮਸ਼ੀਨਾਂ ਵੰਡੀਆਂ। ਇਹ ਮਸ਼ੀਨਾਂ ਉਮੀਦ ਵੈੱਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਡਾ. ਸੰਜਮ ਗਰਗ ਨੇ ਹੋਸਟਲ 'ਚ ਰਹਿ ਰਹੇ ਵਿਦਿਆਰਥੀਆਂ ਨੂੰ 2 ਕੁਇੰਟਲ ਚਾਵਲ ਵੀ ਭੇਟ ਕੀਤੇ। ਇਸ ਤੋਂ ਇਲਾਵਾ 2 ਏ ਸੀ ਪਹਿਲ ਵੈੱਲਫੇਅਰ ਸੁਸਾਇਟੀ ਤੇ 2 ਏ ਸੀ ਬਰਦਰਜ਼ ਹੁੱਡ ਕਲੱਬ ਦੇ ਪ੍ਰਧਾਨ ਕਮਲਜੀਤ ਮਹਿਤਾ ਨੇ ਮੁਹੱਈਆ ਕਰਵਾਏ। ਇਸ ਮੌਕੇ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ, ਮਹੰਤ ਗੁਰਬੰਤਾ ਦਾਸ ਸਕੂਲ ਦੇ ਪ੍ਰਿੰਸੀਪਲ ਮੈਡਮ ਮਨਿੰਦਰ ਕੌਰ ਭੱਲਾ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਐੱਸ ਏ ਐੱਸ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ੁਤਰਾਣਾ ਦੀ ਨਾਮਵਰ ਵਿੱਦਿਅਕ ਸੰਸਥਾ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਜੈਖਰ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਖੇਡਾਂ ਵਿੱਚ ਮੱਲਾਂ ਮਾਰ ਕੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਖੇਡਣ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਿਧਾਨ ਸਿੰਘ ਜੈਖਰ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਖੇਡਾਂ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਾਗ ਲਿਆ ਅਤੇ ਸਕੂਲ ਦੀਆਂ ਅੰਡਰ 17 ਗਰੁੱਪ ਦੀਆਂ ਵਿਦਿਆਰਥਣਾਂ ਨੇ ਕਬੱਡੀ ਦੀ ਖੇਡ ਵਿੱਚ ਪਹਿਲਾ ਸਥਾਨ, ਅੰਡਰ 19 ਗਰੁੱਪ ਦੀਆਂ ਵਿਦਿਆਰਥਣਾਂ ਨੇ ਰੱਸਾਕਸ਼ੀ ਵਿਚ ਦੂਜਾ ਦਰਜਾ ਤੇ ਅੰਡਰ 19 ਗਰੁੱਪ ਵਿੱਚ ਮੁੰਡਿਆਂ ਦੀ ਰੱਸਾਕਸ਼ੀ ਦੇ ਟੀਮ ਨੇ ਤੀਜਾ ਦਰਜਾ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 12 ਸੋਨੇ ਦੇ ਤਗਮੇ, 10 ਚਾਂਦੀ ਦੇ ਤੇ 10 ਤਾਂਬੇ ਦੇ ਤਗਮੇ ਹਾਸਲ ਕੀਤੇ ਹਨ। ਉਨ੍ਹਾਂ ਸਮੂਹ ਸਟਾਫ ਮੈਂਬਰਜ਼, ਵਿਦਿਆਰਥੀਆਂ ਅਤੇ ਸੰਬੰਧਿਤ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਸਥਾ ਦਾ ਮੁੱਖ ਟੀਚਾ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਲਗਾਤਾਰ ਉਤਸ਼ਾਹਤ ਕੀਤਾ ਜਾਂਦਾ ਹੈ, ਜਿਸ ਦੇ ਫਲਸਰੂਪ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰ ਰਹੇ ਹਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅਧਿਆਪਕ ਜਸਕਰਨ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਕੌਰ, ਕਰਮਜੀਤ ਕੌਰ, ਸਰਬਜੀਤ ਕੌਰ ਤੇ ਪ੍ਰਵੀਨ ਕੌਰ ਆਦਿ ਹਾਜ਼ਰ ਸਨ।

## ਗਰਾਮ ਪੰਚਾਇਤਾਂ ਨੂੰ ਬਹਾਲ ਕਰਨ ਦੀ ਖੁਸ਼ੀ 'ਚ ਲੱਡੂ ਵੰਡੇ



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਸਰਕਾਰ ਵੱਲੋਂ ਗਰਾਮ ਪੰਚਾਇਤਾਂ ਨੂੰ ਬਹਾਲ ਕਰਨ 'ਤੇ ਸਬ ਡਵੀਜ਼ਨ ਮੂਨਕ ਦੀਆਂ ਪੰਚਾਇਤਾਂ ਵੱਲੋਂ ਪੰਚਾਇਤ ਪ੍ਰਧਾਨ ਰਵਿੰਦਰ ਰਿੰਕੂ ਗੁਰਨੇ ਨੂੰ ਬੁਲਾ ਕੇ ਖੁਸ਼ੀ ਜ਼ਾਹਰ ਕੀਤੀ ਗਈ ਤੇ ਲੱਡੂ ਵੰਡੇ ਗਏ। ਇਸ ਮੌਕੇ ਇਲਾਕੇ ਦੇ ਸਰਪੰਚਾਂ, ਪੰਚਾਂ ਵਿੱਚ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲ ਰਹੀ ਸੀ। ਇਸ ਮੌਕੇ ਪੰਜਾਬ ਪ੍ਰਧਾਨ ਰਵਿੰਦਰ ਰਿੰਕੂ ਗੁਰਨੇ ਨੇ ਬੋਲਦਿਆਂ ਕਿਹਾ ਕਿ ਇਹ ਜਿੱਤ ਸਾਰੇ ਪੰਜਾਬ ਦੇ ਗ੍ਰਾਮ ਪੰਚਾਇਤਾਂ ਦੀ ਜਿੱਤ ਹੈ, ਸਾਨੂੰ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ। ਉਨ੍ਹਾਂ ਮਾਨਯੋਗ ਅਦਾਲਤ ਵੱਲੋਂ ਆਏ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਨੂੰ ਪੰਚਾਇਤਾਂ ਭੰਗ ਕਰਨ ਤੋਂ ਪਹਿਲਾਂ ਬਾਰੀਕੀ ਨਾਲ ਜਾਂਚ ਕਰਨੀ ਚਾਹੀਦੀ ਸੀ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਗੁਰਜੀਤ ਸਿੰਘ ਬਲਾਕ ਪ੍ਰਧਾਨ, ਨਿਰਭੈਅ ਸਿੰਘ ਢੀਂਡਸਾ, ਕਰਮਜੀਤ ਚੋਟੀਆਂ, ਗੁਰਸੇਵਕ ਸਿੰਘ ਮਨਿਆਨਾ, ਬਲਕਾਰ ਸਿੰਘ, ਬਲਜੀਤ ਸਿੰਘ, ਹਰਜੀਤ ਸਿੰਘ, ਸੁਖਚੈਨ ਕੌਰ, ਸੁਖਵਿੰਦਰ ਕੌਰ, ਸੀਮਾ ਦੇਵੀ, ਨਾਜਰ ਸਿੰਘ ਆਦਿ ਮੌਜੂਦ ਸਨ।

## ਵਜੀਦਕੇ ਖੁਰਦ 'ਚ ਤੀਆਂ ਦਾ ਤਿਉਹਾਰ ਮਨਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਵਜੀਦਕੇ ਖੁਰਦ ਵਿਖੇ ਤੀਆਂ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਇਕੱਠੀਆਂ ਹੋਈਆਂ ਮੁਟਿਆਰਾਂ ਨੇ ਬੋਲੀਆਂ ਤੇ ਗਿੱਧਾ ਪਾਇਆ। ਬਲਵੀਰ ਕੌਰ ਗਰੇਵਾਲ, ਕਿਰਨਦੀਪ ਕੌਰ, ਅਮਨਦੀਪ ਕੌਰ ਤੇ ਸੁਖਦੀਪ ਕੌਰ ਨੇ ਭਵਿੱਖ 'ਚ ਤੀਆਂ ਰਲ ਮਿਲ ਕੇ ਮਨਾਉਣ ਦੀ ਅਪੀਲ ਕੀਤੀ। ਇਸ ਮੌਕੇ ਕੁਲਦੀਪ ਸਿੰਘ ਮਨੀਲਾ, ਮੱਖਣ ਸਿੰਘ ਗਰੇਵਾਲ ਤੇ ਜਸਵੀਰ ਸਿੰਘ ਗਰੇਵਾਲ ਦੇ ਪਰਿਵਾਰ ਵੱਲੋਂ ਚਾਹ-ਪਕੌੜਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਿਮਰ ਕੌਰ, ਬਲਵੀਰ ਕੌਰ, ਭਿੰਦਰ ਕੌਰ, ਸੁਖਵਿੰਦਰ ਕੌਰ, ਜਸਪਾਲ ਕੌਰ, ਸੁਖਜੀਤ ਕੌਰ, ਚਰਨਜੀਤ ਕੌਰ, ਬਲਵੰਤ ਕੌਰ, ਕੁਲਵੰਤ ਕੌਰ, ਅਮਨਦੀਪ ਕੌਰ, ਸੁਖਦੀਪ ਕੌਰ, ਬਲਵੰਤ ਕੌਰ, ਸੁਖਵੀਰ ਕੌਰ, ਕਮਲਪ੍ਰੀਤ ਕੌਰ ਹਾਂਸ, ਸਨੀ ਗਿੱਲ, ਸਿਮਰਨਜੀਤ ਕੌਰ, ਅੰਮ੍ਰਿਤਪਾਲ ਗਰੇਵਾਲ, ਨਰਿੰਦਰ ਸਿੰਘ ਆਦਿ ਹਾਜ਼ਰ ਸਨ।

## ਰੌਂਤਾਂ ਤੋਂ ਹੜ੍ਹ ਪੀੜਤਾਂ ਲਈ ਅਚਾਰ ਦੀਆਂ ਚਾਰ ਟ੍ਰਾਲੀਆਂ ਰਵਾਨਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਕੁਦਰਤੀ ਕ੍ਰੋਪੀ ਵਿੱਚ ਪੰਜਾਬ ਭਰ 'ਚੋਂ ਦਾਨੀ ਸੱਜਣਾਂ ਨੇ ਵੱਖ-ਵੱਖ ਇਲਾਕਿਆਂ ਵਿੱਚ ਹੜ੍ਹ ਪੀੜਤ ਲੋਕਾਂ ਦਾ ਸਾਥ ਦਿੱਤਾ ਅਤੇ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਰਾਸ਼ਨ ਸਮੱਗਰੀ ਭੇਜਣ ਦੇ ਨਾਲ-ਨਾਲ ਪਸ਼ੂਆਂ ਲਈ ਹਰਾ ਚਾਰਾ, ਫੀਡ ਤੇ ਤੂੜੀ ਭੇਜੀ ਗਈ ਤਾਂ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਉਨ੍ਹਾਂ ਨੂੰ ਸਮੱਸਿਆ ਪੇਸ਼ ਨਾ ਆਏ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਾਲੂ ਮਾਨ, ਗੇਜਾ ਮਾਨ, ਸੈਮੀ ਧਾਲੀਵਾਲ, ਬਿੰਦਰ ਮਾਨ, ਬੂਟਾ ਟਿਵਾਣਾ, ਚੈਨ ਟਿਵਾਣਾ ਨਿੱਕਾ ਮਾਨ, ਥਾਣਾ ਮਾਨ ਨੇ ਪਿੰਡ ਰੌਂਤਾ ਤੋਂ ਹੜ੍ਹ ਪੀੜਤਾਂ ਲਈ ਚਾਰ ਟਰਾਲੀਆਂ ਅਚਾਰ ਦੀਆਂ ਭੇਜਣ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਵੀ ਹੜ੍ਹ ਪੀੜਤਾਂ ਦੇ ਲਈ ਲੋਕ ਦੂਰ-ਦੁਰਾਡੇ ਤੋਂ ਰਾਸ਼ਨ ਲੈ ਕੇ ਜਾ ਰਹੇ ਹਨ। ਇਸ ਤੋਂ ਇੰਝ ਲੱਗਦਾ ਹੈ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਅੱਜ ਵੀ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੇ ਨਾਲ ਖੜਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਵੱਧ ਤੋਂ ਵੱਧ ਰਾਹਤ ਪੈਕੇਜ ਐਲਾਨਣਾ ਚਾਹੀਦਾ ਹੈ ਤਾਂ ਜੋ ਪੀੜਤ ਲੋਕਾਂ ਦਾ ਹੋਇਆ ਨੁਕਸਾਨ ਪੂਰਾ ਹੋ ਸਕੇ।

## ...ਸ.ਫ਼ਾ 1 ਦੇ ਬਾਕੀ

### ਲੈਰੇਂਜ ਪੁਆਇੰਟ...

ਹੁੰਦਾ ਹੈ, ਉਥੇ ਸੂਰਜ ਦੀ ਗ੍ਰੈਵਿਟੀ ਦਾ ਅਸਰ ਸ਼ੁਰੂ ਹੁੰਦਾ ਹੈ। ਇਸੇ ਪੁਆਇੰਟ ਨੂੰ 'ਲੈਰੇਂਜ ਪੁਆਇੰਟ' ਕਹਿੰਦੇ ਹਨ। ਧਰਤੀ ਅਤੇ ਸੂਰਜ ਦੇ ਵਿਚਾਲੇ ਇਸ ਤਰ੍ਹਾਂ ਦੇ ਪੰਜ ਪੁਆਇੰਟ ਹਨ। ਭਾਰਤ ਦਾ ਸੂਰੀਆਯਾਨ ਲੈਰੇਂਜ ਪੁਆਇੰਟ 1 ਮਤਲਬ ਐੱਲ-1 'ਤੇ ਸਥਿਤ ਹੋਵੇਗਾ। ਜਿੱਥੋਂ ਤੱਕ ਐੱਲ-1 ਦੀ ਗੱਲ ਹੈ, ਇਹ ਸੂਰਜ ਅਤੇ ਧਰਤੀ ਦੀ ਸਿੱਧੀ ਰੇਖਾ ਵਿਚਾਲੇ ਸਥਿਤ ਹੈ। ਇਹ ਸੂਰਜ ਅਤੇ ਧਰਤੀ ਦੀ ਕੁੱਲ ਦੂਰੀ ਦਾ ਇੱਕ ਫੀਸਦੀ ਹਿੱਸਾ ਹੈ। ਮਤਲਬ 15 ਲੱਖ ਕਿਲੋਮੀਟਰ, ਜਦਕਿ ਸੂਰਜ ਤੋਂ ਧਰਤੀ ਦੀ ਦੂਰੀ 15 ਕਰੋੜ ਕਿਲੋਮੀਟਰ ਹੈ।

### ਮੋਦੀ ਦੋ-ਤਿੰਨ ਅਰਬਪਤੀਆਂ...

ਕਿਸ ਦਾ ਪੈਸਾ ਸੀ। ਉਹ ਅਡਾਨੀ ਦਾ ਪੈਸਾ ਨਹੀਂ ਸੀ, ਕਿਸੇ ਹੋਰ ਦਾ ਪੈਸਾ ਸੀ। ਉਨ੍ਹਾ ਕਿਹਾ, 'ਮੈਂ ਤੁਹਾਨੂੰ ਸਾਫ਼ ਕਰਾ ਦਿੰਦਾ ਹਾਂ ਕਿ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਅਡਾਨੀ ਦੀ ਕੋਈ ਜਾਂਚ ਨਹੀਂ ਕਰਵਾ ਸਕਦੇ, ਕਿਉਂਕਿ ਜਾਂਚ ਦਾ ਨਤੀਜਾ ਨਿਕਲ ਗਿਆ ਤਾਂ ਉਸ ਦਾ ਨੁਕਸਾਨ ਅਡਾਨੀ ਨੂੰ ਨਹੀਂ, ਕਿਸੇ ਹੋਰ ਨੂੰ ਹੋਵੇਗਾ।' ਭਾਜਪਾ ਅਤੇ ਨਰੇਂਦਰ ਮੋਦੀ ਹਿੰਦੁਸਤਾਨ ਦੇ ਦੋ-ਤਿੰਨ ਅਰਬਪਤੀਆਂ ਲਈ ਕੰਮ ਕਰਦੇ ਹਨ, ਨਾਂਅ ਤੁਸੀਂ ਜਾਣਦੇ ਹੀ ਹੋ। ਰਾਹੁਲ ਨੇ ਆਪਣੇ ਸੰਬੋਧਨ 'ਚ ਕਿਹਾ, 'ਕੁਝ ਮਹੀਨੇ ਪਹਿਲਾਂ ਕਰਨਾਟਕ 'ਚ ਚੋਣਾਂ ਹੋਈਆਂ, ਇੱਕ ਪਾਸੇ ਭਾਜਪਾ ਅਤੇ ਉਨ੍ਹਾ ਦੀ ਵਿਚਾਰਧਾਰਾ ਅਤੇ ਦੂਜੇ ਪਾਸੇ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਸੀ। ਉਨ੍ਹਾਂ ਦਾ ਕੰਮ ਲੋਕਾਂ ਨੂੰ ਵੰਡਣ ਦਾ, ਨਫ਼ਰਤ ਦਾ, ਹਿੰਸਾ ਫੈਲਾਉਣ ਦਾ ਹੈ। ਸਾਡਾ ਕੰਮ ਲੋਕਾਂ ਨੂੰ ਜੋੜਨ ਦਾ ਅਤੇ ਨਫ਼ਰਤ ਦੇ ਬਜ਼ਾਰ 'ਚ ਮੁਹੱਬਤ ਦੀ ਦੁਕਾਨ ਖੋਲ੍ਹਣ ਦਾ ਹੈ।'

### 'ਮੇਰਾ ਬਿੱਲ' ਐਪ ...

ਦਾ ਧੰਨਵਾਦ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ 'ਮੇਰਾ ਬਿੱਲ' ਐਪ ਉਤੇ ਖਰੀਦ ਦਾ ਬਿੱਲ ਅਪਲੋਡ ਕਰਨ ਵਾਲੇ ਖਪਤਕਾਰਾਂ ਨੂੰ ਲੱਕੀ ਡਰਾਅ ਵਿਚ ਸ਼ਾਮਲ ਕੀਤਾ ਜਾਵੇਗਾ ਅਤੇ ਇਹ ਲੱਕੀ ਡਰਾਅ ਹਰੇਕ ਮਹੀਨੇ ਦੀ 7 ਤਰੀਕ ਨੂੰ ਨਿਕਲੇਗਾ। ਉਨ੍ਹਾ ਕਿਹਾ ਕਿ ਕਿ ਸੂਬੇ ਵਿੱਚ 29 ਟੈਕਸੇਸ਼ਨ ਜ਼ਿਲ੍ਹੇ ਹਨ ਅਤੇ ਹਰੇਕ ਜ਼ਿਲ੍ਹੇ ਵਿਚ ਵੱਧ ਤੋਂ ਵੱਧ 10 ਇਨਾਮ ਦਿੱਤੇ ਜਾਣਗੇ, ਜਿਸ ਤਹਿਤ ਹਰੇਕ ਮਹੀਨੇ 290 ਇਨਾਮ ਦਿੱਤੇ ਜਾਣਗੇ। ਇਹ ਇਨਾਮ ਵਸਤ/ ਸੇਵਾ ਲਈ ਅਦਾ ਕੀਤੇ ਟੈਕਸ ਦੇ ਪੰਜ ਗੁਣਾ ਦੇ ਬਰਾਬਰ ਹੋਵੇਗਾ, ਪਰ ਇਹ ਇਨਾਮ ਵੱਧ ਤੋਂ ਵੱਧ 10 ਹਜ਼ਾਰ ਰੁਪਏ ਤੱਕ ਦੇ ਮੁੱਲ ਦਾ ਹੋਵੇਗਾ। ਲੋਕਾਂ ਨੂੰ ਟੈਕਸ ਕਾਨੂੰਨਾਂ ਦੀ ਪਾਲਣ ਕਰਨ ਸੂਬੇ ਦੇ ਵਿਕਾਸ ਵਿਚ ਅਹਿਮ ਭਾਈਵਾਲ ਬਣਨ ਦਾ ਸੱਦਾ ਦਿੰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਟੈਕਸ ਦੀ ਪਾਲਣਾ ਕਰਨ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਉਣ ਦੀ ਲੋੜ ਹੈ।

## ਅਧਿਆਪਕ ਦਿਵਸ 'ਤੇ ਹੋਟਲ ਸ਼ਾਹੀ ਹਵੇਲੀ 'ਚ ਕੀਤਾ ਜਾਵੇਗਾ ਸਨਮਾਨ : ਸੱਚਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਭਾਰਤ ਵਿੱਚ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਆਪਣੇ ਗੁਰੂਆਂ ਤੇ ਅਧਿਆਪਕਾਂ ਨੂੰ ਤੋਹਫੇ ਦੇ ਕੇ ਵਿਸ਼ੇਸ਼ ਸਨਮਾਨ ਮਹਿਸੂਸ ਕਰਦੇ ਹਨ। ਤੁਸੀਂ ਵੀ ਫੇਸਬੁੱਕ ਤੇ ਵਟਸਐਪ 'ਤੇ ਵਿਸ਼ੇਸ਼ ਸੰਦੇਸ਼ ਭੇਜ ਕੇ ਆਪਣੇ ਅਧਿਆਪਕਾਂ ਤੇ ਅਧਿਆਪਕਾ ਨੂੰ ਅਧਿਆਪਕ ਦਿਵਸ ਦੀ ਸ਼ੁਭ-ਕਾਮਨਾਵਾਂ ਦੇ ਸਕਦੇ ਹੋ। ਅਧਿਆਪਕ ਉਹ ਹੁੰਦੇ ਹਨ ਜੋ ਹਰ ਵਿਅਕਤੀ ਦੀ ਜ਼ਿੰਦਗੀ ਦੇ ਹਰ ਹਨੇਰੇ ਵਿੱਚ ਰੋਸ਼ਨੀ ਦਿਖਾਉਂਦੇ ਹਨ, ਅਧਿਆਪਕ ਉਹ ਹੁੰਦੇ ਹਨ, ਜੋ ਵਿਅਕਤੀ ਲਈ ਸਾਰੇ ਰਸਤੇ ਬੰਦ ਹੋਣ 'ਤੇ ਨਵਾਂ ਰਸਤਾ ਦਿਖਾਉਂਦੇ ਹਨ, ਤੁਸੀਂ ਸਿਰਫ ਕਿਤਾਬੀ ਗਿਆਨ ਹੀ ਨਹੀਂ ਸਿਖਾਉਂਦੇ ਹੋ, ਸਗੋਂ ਜ਼ਿੰਦਗੀ ਨੂੰ ਜਿਉਣਾ ਵੀ ਸਿਖਾਉਂਦੇ ਹੋ। ਉਨ੍ਹਾਂ ਕਿਹਾ ਕਿ ਅਧਿਆਪਕ ਹਰ ਵਿਅਕਤੀ ਦੇ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦਾ ਅਹਿਮ ਯੋਗਦਾਨ ਹੈ। ਇਸ ਤੋਂ ਪਹਿਲਾਂ ਵੀ ਸਾਹੀ ਹਵੇਲੀ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਬਹੁਤ ਕੰਮ ਕੀਤੇ ਜਾ ਚੁੱਕੇ ਹਨ।

ਇਸ ਮੌਕੇ ਹੋਟਲ ਸਾਹੀ ਹਵੇਲੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਸੱਚਰ ਨੇ ਉਨ੍ਹਾਂ ਅਧਿਆਪਕਾਂ ਨੂੰ ਅਧਿਆਪਕਾਂ ਨੂੰ ਅਧਿਆਪਕ ਦਿਵਸ 'ਤੇ ਸਾਹੀ ਹਵੇਲੀ ਵਿਖੇ ਨਵੇਂ ਤਰੀਕੇ ਨਾਲ ਸਨਮਾਨਤ ਕਰਨ ਦੀ ਯੋਜਨਾ ਬਣਾਈ ਹੈ, ਜਿਹੜੇ ਅਧਿਆਪਕ ਆਪਣੀ ਮਰਜ਼ੀ ਨਾਲ ਕਿਸੇ ਵੀ ਝੁੱਗੀ-ਝੌਂਪੜੀ ਵਾਲੇ ਖੇਤਰ ਜਾਂ ਗਰੀਬ ਬਸਤੀਆਂ ਵਿੱਚ ਲੋੜਵੰਦ ਬੱਚਿਆਂ ਨੂੰ ਆਪਣੇ ਖਾਲੀ ਸਮੇਂ ਵਿੱਚ ਟਿਊਸ਼ਨ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਨੂੰ 5 ਸਤੰਬਰ ਨੂੰ ਸ਼ਾਮ 5 ਵਜੇ ਹੋਟਲ ਸਾਹੀ ਹਵੇਲੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਸੱਚਰ ਵੱਲੋਂ ਇੱਕ ਪ੍ਰੋਗਰਾਮ ਵਿੱਚ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਨੂੰ ਇਸ ਪ੍ਰੋਗਰਾਮ ਲਈ ਹੋਟਲ ਸ਼ਾਹੀ ਹਵੇਲੀ 'ਚ ਸੱਦਾ ਦਿੱਤਾ ਹੈ।

## ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਸਕੂਲ 'ਚ ਖੇਡ ਦਿਵਸ ਮਨਾਇਆ




**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਿਸ਼ਨ ਤੰਦਰੁਸਤ ਪੰਜਾਬ ਦੇ ਤਹਿਤ ਲੋਕ ਕਵੀ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਸਰ ਪੰਜਾਬ ਵਿਖੇ ਮਿਸ਼ਨ ਤੰਦਰੁਸਤ ਪੰਜਾਬ ਅਧੀਨ ਖੇਡ ਦਿਵਸ ਮਨਾਇਆ ਗਿਆ, ਜਿਸ ਦੀ ਅਗਵਾਈ ਸਕੂਲ ਇੰਚਾਰਜ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਮਾਨ ਨੇ ਕੀਤੀ। ਇਸ ਮੁਹਿੰਮ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਤੇ ਸਮੂਹ ਸਟਾਫ ਮੈਂਬਰਾਂ ਨੇ ਭਾਗ ਲਿਆ। ਇਸ ਲੜੀ ਅਧੀਨ ਪਿੰਡ ਦੇ ਸਟੇਡੀਅਮ ਵਿੱਚ ਵਿਦਿਆਰਥੀਆਂ ਦੀਆਂ ਦੌੜਾਂ, ਰੱਸਾਕਸ਼ੀ ਆਦਿ ਦੇ ਮੁਕਾਬਲੇ ਕਰਵਾਏ ਗਏ। ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੁਹਿੰਮ ਤਹਿਤ ਕੁਲਭੂਸ਼ਨ ਮੈਨਨ ਨੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜੀਵਨ ਤੇ ਸਰੀਰਕ ਤੰਦਰੁਸਤੀ ਲਈ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਇਨ੍ਹਾਂ ਖੇਡ ਮੁਕਾਬਲਿਆਂ ਨੂੰ ਸਫਲ ਬਣਾਉਣ ਲਈ ਜਗਤਾਰ ਸਿੰਘ, ਹਰਬੰਸ ਸਿੰਘ, ਬੇਅੰਤ ਕੌਰ, ਹਰਪ੍ਰੀਤ ਕੌਰ, ਹਰਦੀਪ ਕੌਰ ਤੇ ਸਮੂਹ ਸਟਾਫ ਮੈਂਬਰਾਂ ਨੇ ਪੂਰਨ ਸਹਿਯੋਗ ਦਿੱਤਾ।

## ਮਾਸਟਰ ਹਰਜਿੰਦਰ ਸਿੰਘ ਸਹੋਤਾ ਦੇ ਵਿਛੋੜੇ 'ਤੇ ਦੇਸ਼ ਭਗਤ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਮੂਹ ਕਮੇਟੀ ਮੈਂਬਰਾਂ ਦੀ ਤਰਫੋਂ ਅਧਿਆਪਕ ਆਗੂ, ਜਮਹੂਰੀ ਇਨਕਲਾਬੀ ਲਹਿਰ ਦੇ ਨਿਧੜਕ ਕਾਮੇ, ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਵਿਚ ਯੋਗਦਾਨ ਪਾਉਣ ਵਾਲੇ ਮਾਸਟਰ ਹਰਜਿੰਦਰ ਸਿੰਘ ਸਹੋਤਾ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮਾਸਟਰ ਜੀ ਪਿਛਲੇ ਲੰਮੇ ਅਰਸੇ ਤੋਂ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ। ਸ਼ਨੀਵਾਰ ਉਹਨਾ ਦੇ ਪਰਵਾਰਕ ਮੈਂਬਰਾਂ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨੇ ਭਰੇ ਮਨ ਨਾਲ ਅੰਤਮ ਵਿਦਾਇਗੀ ਦਿੱਤੀ। ਇਲਾਜ ਅਤੇ ਸਾਂਭ-ਸੰਭਾਲ ਲਈ ਬੀਤੇ ਦੋ ਮਹੀਨਿਆਂ ਤੋਂ ਕੈਨੇਡਾ ਤੋਂ ਆਏ ਮਾਸਟਰ ਜੀ ਦੇ ਸਪੁੱਤਰ ਪ੍ਰੋ. ਜਸਕਰਨ ਨੇ ਉਹਨਾ ਦੀ ਚਿਖਾ ਨੂੰ ਅੱਗ ਦਿਖਾਈ।

ਮਾਸਟਰ ਜੀ ਦਾ ਜਨਮ 6 ਜੂਨ 1949 ਨੂੰ ਉੱਘੇ ਆਜ਼ਾਦੀ ਘੁਲਾਟੀਏ ਟਹਿਲ ਸਿੰਘ ਦੇ ਪਰਵਾਰ 'ਚ ਪਿਤਾ ਹਰਬੰਸ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਚੱਕ ਦੇਸ ਰਾਜ ਵਿਖੇ ਹੋਇਆ। ਉਹਨਾ ਆਪਣੀਆਂ ਧੀਆਂ ਅਮਰਦੀਪ, ਸਤਵੀਰ ਅਤੇ ਸਪੁੱਤਰ ਜਸਕਰਨ ਨੂੰ ਸਖਤ ਮਿਹਨਤ ਕਰਕੇ ਉੱਚ ਵਿੱਦਿਆ ਹਾਸਲ ਕਰਵਾਈ। ਅੰਤਮ ਵਿਦਾਇਗੀ ਮੌਕੇ ਲੋਕ-ਪੱਖੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਵੱਲੋਂ ਦੁੱਖ ਦੀ ਇਸ ਘੜੀ ਪਰਵਾਰ ਦੇ ਹਰ ਪਲ ਅੰਗਸੰਗ ਖੜ੍ਹਨ ਦਾ ਹਲਫ ਲਿਆ। ਮਾਸਟਰ ਹਰਜਿੰਦਰ ਸਿੰਘ ਸਹੋਤਾ ਨਮਿਤ ਸ਼ਰਧਾਂਜਲੀ ਸਮਾਗਮ 9 ਸਤੰਬਰ ਨੂੰ 12 ਤੋਂ ਇੱਕ ਵਜੇ ਤੱਕ ਪਿੰਡ ਚੱਕ ਦੇਸ ਰਾਜ ਦੇ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਏਗਾ।


**ਉੱਤਰ ਰੇਲਵੇ**

G20 — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਦੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ | ਬਿਆਨਾ ਰਾਸ਼ੀ | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਦੁਤ-T-24-2023-24 | ਤਿੰਨ ਸਾਲਾਂ ਦੇ ਲਈ ਫਿਰੋਜ਼ਪੁਰ ਡਵੀਜਨ ਵਿਚ FZR, ASR ਅਤੇ JAT ਡਿਪੋ ਵਿਚ ਟ੍ਰੇਨਾਂ ਦੇ ਏਸੀ ਕੋਚਾਂ ਵਿਚ ਫ੍ਰੇਸ਼, ਰਿਟਰਨ ਏਯਰ ਫਿਲਟਰ, ਗ੍ਰਿਲ ਅਤੇ ਕੰਡੇਨਸਰ ਅਤੇ ਇਵੇਪੋਰੇਟਰ ਕਾਇਲ ਦੀ ਸਫਾਈ ਕਰਨ ਲਈ। | (ਰੁ:) 63,93,879 | (ਰੁ:) 1,27,900/- | 36 ਮਹੀਨੇ | 01.09.2023 15:00 ਵਜੇ ਦੇ ਬਾਦ | www.ireps.gov.in |

ਨੰ: 251 ਵਿਦੁਤ: ਟੈਂਡਰ ਨੋਟਿਸ ਨੰ: 16/ਵਿਦੁਤ-2023-24 ਮਿਤੀ : 01.09.2023 2727/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**VALLABH STEELS LIMITED**

Regd. Off.: G.T. Road, Village Pawa, Sahnewal, Ludhiana-141 120 (Punjab), India. CIN: L27109PB1980PLC004327 Tel.:+91-161-2511413, Fax: +91-161-2511414, E-mail: fin.ho@vallabhgroup.com website: www.vallabhsteelsltd.in

**43ਵੀਂ ਸਾਲਾਨਾ ਆਮ ਮੀਟਿੰਗ ਅਤੇ ਈ-ਵੋਟਿੰਗ ਪ੍ਰੀਕਿਰਿਆਵਾਂ ਦਾ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਵਲਭ ਸਟੀਲਜ਼ ਲਿਮਿਟਿਡ ਦੇ ਮੈਂਬਰਾਂ ਦੀ 43ਵੀਂ ਸਾਲਾਨਾ ਆਮ ਮੀਟਿੰਗ ('ਏ ਜੀ ਐੱਮ') 02 ਸਤੰਬਰ 2023 ਦੀ ਏ ਜੀ ਐੱਮ ਦੇ ਨੋਟਿਸ 'ਚ ਦਰਸਾਏ ਗਏ ਕਾਰੋਬਾਰ ਦੇ ਨਿਪਟਾਰੇ ਲਈ ਕੰਪਨੀ ਦੇ ਰਜਿਸਟਰਡ ਦਫਤਰ ਜੀ ਟੀ ਰੋਡ, ਪਿੰਡ ਪਾਵਾ, ਸਾਹਨੇਵਾਲ, ਲੁਧਿਆਣਾ-141120 ਪੰਜਾਬ ਵਿਖੇ ਵੀਰਵਾਰ 28 ਸਤੰਬਰ, 2023 ਨੂੰ ਸਵੇਰੇ 10.00 ਵਜੇ ਹੋਵੇਗੀ। ਕੰਪਨੀ ਨੇ ਵਿੱਤੀ ਸਾਲ 2022-23 ਦੀ ਸਾਲਾਨਾ ਰਿਪੋਰਟ 43ਵੇਂ ਏ ਜੀ ਐੱਮ ਦਾ ਨੋਟਿਸ ਅਤੇ ਹਾਜ਼ਰੀ ਸਲਿੱਪ ਦੀਆਂ ਇਲੈਕਟ੍ਰਾਨਿਕ ਕਾਪੀਆਂ ਉਨ੍ਹਾਂ ਮੈਂਬਰਾਂ ਨੂੰ ਭੇਜ ਦਿੱਤੀਆਂ ਹਨ, ਜਿਨ੍ਹਾਂ ਨੇ ਆਪਣੇ ਈ-ਮੇਲ ਪਤੇ ਰਜਿਸਟਰਡ ਕਰਵਾਏ ਹਨ। ਵਿੱਤੀ ਸਾਲ 2022-23 ਦੀ ਸਾਲਾਨਾ ਰਿਪੋਰਟ ਅਤੇ 43ਵੇਂ ਏ ਜੀ ਐੱਮ ਦੇ ਨੋਟਿਸ ਦੀ ਇਲੈਕਟ੍ਰਾਨਿਕ ਕਾਪੀ ਕੰਪਨੀ ਦੀ ਵੈੱਬਸਾਈਟ www.vallabhsteelsltd.in 'ਤੇ ਵੀ ਉਪਲੱਬਧ ਹਨ। ਕੰਪਨੀ ਨੇ ਪ੍ਰਵਾਨਿਤ ਤਰੀਕੇ ਨਾਲ ਇਨ੍ਹਾਂ ਦਸਤਾਵੇਜ਼ਾਂ ਦੀਆਂ ਭੌਤਿਕ ਕਾਪੀਆਂ 'ਚ ਸਾਰੇ ਬਾਕੀ ਮੈਂਬਰਾਂ ਨੂੰ ਉਨ੍ਹਾਂ ਦੇ ਰਜਿਸਟਰਡ ਪਤੇ 'ਤੇ ਭੇਜਣ ਦਾ ਕੰਮ ਮੁਕੰਮਲ ਕਰ ਲਿਆ ਹੈ।

ਇਸ ਦਾ ਈ-ਸੰਚਾਰ/ਭੇਜਣ ਦਾ ਕੰਮ ਸ਼ਨੀਵਾਰ, 02 ਸਤੰਬਰ, 2023 ਨੂੰ ਮੁਕੰਮਲ ਕੀਤਾ ਜਾ ਚੁੱਕਾ ਹੈ। ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟਰੇਸ਼ਨ) ਰੂਲਜ਼ 2014 ਦੇ ਸੋਧੇ ਰੂਲ 20 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 108 ਅਤੇ ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 44 ਨਾਲ ਲਾਗੂ ਵਿਵਸਥਾਵਾਂ ਦੀ ਪਾਲਣਾ 'ਚ ਕੰਪਨੀ ਮੈਂਬਰਾਂ, ਜਿਨ੍ਹਾਂ ਕੋਲ ਵੀਰਵਾਰ 21 ਸਤੰਬਰ 2023 ਤੱਕ ਭੌਤਿਕ ਜਾਂ ਡੀਮਟੀਰੀਅਲਾਈਜ਼ਡ ਸੂਰਤ 'ਚ ਸ਼ੇਅਰ ਹਨ, ਨੂੰ ਏ ਜੀ ਐੱਮ 'ਚ ਤਜਵੀਜ਼ਤ ਰੈਜ਼ੋਲਿਊਸ਼ਨਜ਼ ਲਈ ਨੈਸ਼ਨਲ ਸਕਿਉਰਿਟੀਜ਼ ਡਿਪਾਜ਼ਟਰੀ ਲਿਮਟਿਡ (ਐੱਨ ਐੱਸ ਡੀ ਐੱਲ) ਵੱਲੋਂ ਮੁਹੱਈਆ ਈ-ਵੋਟਿੰਗ ਪਲੇਟਫਾਰਮ ਰਾਹੀਂ ਇਲੈਕਟ੍ਰਾਨਿਕ ਤਰੀਕੇ ਨਾਲ ਵੋਟ ਦਾ ਇਸਤੇਮਾਲ ਕਰਨ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਖੁਸ਼ੀ ਮਹਿਸੂਸ ਕਰ ਰਹੀ ਹੈ। ਮੈਂਬਰਾਂ ਨੂੰ ਈ-ਵੋਟਿੰਗ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਏ ਜੀ ਐੱਮ ਲਈ ਸੈੱਟ ਕੀਤੇ ਗਏ ਏਜੰਡੇ ਲਈ ਈ-ਵੋਟਿੰਗ ਦਾ ਸਮਾਂ ਸੋਮਵਾਰ, 25 ਸਤੰਬਰ, 2023 ਨੂੰ ਸਵੇਰੇ 9.00 ਵਜੇ (ਆਈ ਐੱਸ ਟੀ) ਨੂੰ ਸ਼ੁਰੂ ਹੋਵੇਗਾ ਅਤੇ ਬੁੱਧਵਾਰ, 27 ਸਤੰਬਰ 2023 ਨੂੰ ਸ਼ਾਮ ਦੇ 5.00 ਵਜੇ (ਆਈ ਐੱਸ ਟੀ) ਖਤਮ ਹੋਵੇਗਾ। ਮੈਂਬਰ 27.09.2023 ਨੂੰ ਸ਼ਾਮ ਦੇ 5.00 ਵਜੇ ਤੋਂ ਬਾਅਦ ਰੈਜ਼ੋਲੂਸ਼ਨਜ਼ 'ਤੇ ਵੋਟ ਨਹੀਂ ਪਾ ਸਕਣਗੇ।

ਰਿਮੋਟ ਈ-ਵੋਟਿੰਗ ਦਾ ਢੰਗ ਅਤੇ ਹਦਾਇਤਾਂ ਸਮੇਤ ਲਾਗਇਨ ਆਈ ਡੀ ਅਤੇ ਰਿਮੋਟ ਈ-ਵੋਟਿੰਗ ਲਈ ਪਾਸਵਰਡ ਵਾਸਤੇ ਕਿਰਪਾ ਕਰਕੇ ਏ ਜੀ ਐੱਮ ਦੇ ਨੋਟਿਸ 'ਚ ਨੋਟਿਸ ਸੈਕਸ਼ਨ ਦਾ ਹਵਾਲਾ ਲਿਆ ਜਾਵੇ। ਉਹ ਮੈਂਬਰ, ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ ਹੋਵੇਗੀ ਅਤੇ ਏ ਜੀ ਐੱਮ 'ਚ ਹਾਜ਼ਰ ਹੋਣਗੇ, ਨੂੰ ਬੈਲਟ ਪੇਪਰ ਰਾਹੀਂ ਵੋਟ ਪਾਉਣ ਦੀ ਸਹੂਲਤ ਦਿੱਤੀ ਜਾਵੇਗੀ। ਜਿਨ੍ਹਾਂ ਮੈਂਬਰਾਂ ਨੇ ਏ ਜੀ ਐੱਮ ਤੋਂ ਪਹਿਲਾਂ ਰਿਮੋਟ -ਈ ਵੋਟਿੰਗ ਰਾਹੀਂ ਵੋਟ ਪਾਈ ਹੋਵੇਗੀ, ਏ ਜੀ ਐੱਮ 'ਚ ਹਾਜ਼ਰ ਹੋ ਸਕਦੇ ਹਨ, ਪ੍ਰੰਤੂ ਏ ਜੀ ਐੱਮ ਮੌਕੇ ਉਹ ਦੁਬਾਰਾ ਵੋਟ ਪਾਉਣ ਦੇ ਯੋਗ ਨਹੀਂ ਹੋਣਗੇ। ਕੰਪਨੀ ਨੇ ਸ੍ਰੀ ਜਤਿਨ ਸਿੰਗਲ, ਪ੍ਰੈਕਟਿਸਿੰਗ ਕੰਪਨੀ ਸੈਕਟਰੀ (ਪ੍ਰੋ: ਮੈਸ: ਜਤਿਨ ਸਿੰਗਲ ਐਂਡ ਐਸੋਸੀਏਟਸ, ਲੁਧਿਆਣਾ) ਨੂੰ ਪਾਰਦਰਸ਼ੀ ਅਤੇ ਦਰੁੱਸਤ ਢੰਗ ਨਾਲ ਈ-ਵੋਟਿੰਗ ਲਈ ਸਕਿਉਰੇਟੀਨਾਈਜ਼ਰ ਨਿਯੁਕਤ ਕੀਤਾ ਹੈ। ਸਕਿਉਰੇਟੀਨਾਈਜ਼ਰ ਰਿਪੋਰਟ ਕੰਪਨੀ ਨੂੰ ਸੌਂਪੇਗਾ ਅਤੇ ਇਲੈਕਟ੍ਰਾਨਿਕ ਢੰਗ ਜਾਂ ਬੈਲਟ ਪੇਪਰ ਰਾਹੀਂ ਨਤੀਜਾ ਕੰਪਨੀ ਦੀ ਏ ਜੀ ਐੱਮ ਜਾਂ ਉਸ ਤੋਂ ਬਾਅਦ ਐਲਾਨਿਆ ਜਾਵੇਗਾ। ਨਤੀਜਾ ਕੰਪਨੀ ਦੀ ਵੈੱਬਸਾਈਟ www.vallabhsteelsltd.in 'ਤੇ ਵੀ ਮੁਹੱਈਆ ਕਰਵਾਇਆ ਜਾਵੇਗਾ।

ਕਿਸੇ ਤਰ੍ਹਾਂ ਦੀ ਪੁੱਛਗਿੱਛ ਜਾਂ ਮੁਸ਼ਕਲ ਲਈ ਅਕਸਰ ਪੁੱਛੇ ਜਾਂਦੇ ਸਵਾਲਾਂ (ਐੱਫ ਏ ਕਿਊ) ਅਤੇ www.evoting.nsdl.com 'ਤੇ ਉਪਲੱਬਧ ਰਿਮੋਟ ਈ-ਵੋਟਿੰਗ ਮੈਨੂਅਲ ਦਾ ਹਵਾਲਾ ਲਵੋ ਜਾਂ ਟੋਲ ਫ੍ਰੀ ਨੰ. 1800-222-990 'ਤੇ ਕਾਲ ਕੀਤੀ ਜਾਵੇ।

ਵਾਸਤੇ ਵਲਭ ਸਟੀਲਜ਼ ਲਿਮਟਿਡ
ਸਹੀ/-
(ਕਪਿਲ ਕੁਮਾਰ ਜੈਨ)
ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ

ਸਥਾਨ : ਲੁਧਿਆਣਾ
ਮਿਤੀ : 02.09.2023



**ਉਤਰ ਰੇਲਵੇ**

G20 — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.: 181 & 196-2023-24-BDGM-DRM-FZR Date: 01.09.2023 ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 26.09.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਤੀ ਦੀ ਮਿਤੀ ਅਤੇ ਸਮਾਂ |
| 01.09.2023 | 12.09.2023 | 26.09.2023 / 15:00 ਵਜੇ |

**ਲੜੀ ਨੰਬਰ: 1** — **ਨਿਵਿਦਾ ਸੰਖਿਆ:** 181-2023-24-BDGM-DRM-FZR

ਨਿਵਿਦਾ ਦਾ ਵੇਰਵਾ ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਟੀਆਰਆਰ (ਮਾਧਮਿਕ) (17.867 ਕਿਮੀ) ਬਨਿਹਾਲ-ਬਾਰਾਮੂਲਾ ਵਿਚ ਬਡਗਾਮ, ਅਨੰਤਨਾਗ, ਕਾਜ਼ੀਕੁੰਡ, ਪਟਨ ਹਮਰੇ, ਕਾਕਪੋਰ, ਪੰਜਗਾਮ, ਸਾਦੁਰਾ, ਅਵੰਤੀਪੁਰਾ, ਸ਼੍ਰੀਨਗਰ, ਸੋਪੋਰ, ਮਾਝੋਮ ਸਟੇਸ਼ਨਾਂ ਤੇ ਵਿਭਿੰਨ ਲੂਪ ਲਾਈਨਾਂ ਵਿਚ 52 ਕਿਲੋਗ੍ਰਾਮ (90 ਯੂਟੀਐਸ) ਰੇਲ ਦੇ ਨਾਲ ਕੰਮ ਕਰਨ ਲਈ

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,58,43,190.55 /— | 2,79,200 /— | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ-ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੇਂਟੇਨੇਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

**ਲੜੀ ਨੰਬਰ: 2** — **ਨਿਵਿਦਾ ਸੰਖਿਆ:** 196-2023-24-BDGM-DRM-FZR

ਨਿਵਿਦਾ ਦਾ ਵੇਰਵਾ ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਫਿਟਿੰਗ ਨਵੀਨੀਕਰਨ ਦੇ ਮਾਧਿਅਮ ਨਾਲ (136.290 ਕਿਮੀ) ਕਾਜ਼ੀਗੁੰਡ-ਬਾਰਾਮੂਲਾ ਸੈਕਸ਼ਨ ਅਤੇ ਬਨਿਹਾਲ-ਕਾਜ਼ੀਗੁੰਡ ਸੈਕਸ਼ਨ 18.40 ਕਿਮੀ (ਕਿਮੀ 150.30 ਤੋਂ 168.70 ਤਕ) ਤੇ ਵਿਭਿੰਨ ਸਥਾਨਾਂ ਤੇ ਕਿਮੀ 0.00 ਤੋਂ 117.890 ਕਿਮੀ 'ਤੇ ਮੌਜੂਦਾ 52 ਕਿਗ੍ਰਾ / 60 ਕਿਗ੍ਰਾ ਪੀਐਸਸੀ ਸਲੀਪਰ ਦਾ ਕੰਮ ਕਰਨ ਲਈ।

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,38,77,024.62 /— | 2,69,400 /— | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ-ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੇਂਟੇਨੇਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2735/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ — ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜਨਮ ਅਸ਼ਟਮੀ ਦੇ ਪੋਸਟਰ ਪਾੜਨ ਵਾਲੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਗੁਰਦਾਸਪੁਰ 'ਚ ਉਸ ਸਮੇਂ ਤਣਾਅਪੂਰਨ ਮਾਹੌਲ ਬਣ ਗਿਆ ਜਦੋਂ ਕੁਝ ਵਿਅਕਤੀਆਂ ਨੇ ਸਨਾਤਨ ਚੇਤਨਾ ਮੰਚ ਵੱਲੋਂ ਲਗਾਏ ਗਏ ਜਨਮ ਅਸ਼ਟਮੀ ਨਾਲ ਸਬੰਧਤ ਪੋਸਟਰ ਪਾੜ ਦਿੱਤੇ। ਇਸ ਘਟਨਾ ਤੋਂ ਬਾਅਦ ਹਿੰਦੂ ਸੰਗਠਨਾਂ ਨੇ ਥਾਣਾ ਸਿਟੀ ਵਿਖੇ ਪਹੁੰਚ ਕੇ ਸਬੰਧਤ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਸਖਤ ਕਾਰਵਾਈ ਦੀ ਮੰਗ ਕੀਤੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਚੇਅਰਮੈਨ ਰਮਨ ਬਹਿਲ ਅਤੇ ਜ਼ਿਲ੍ਹਾ ਪ੍ਰਧਾਨ ਜਗਰੂਪ ਸਿੰਘ ਸੇਖਵਾਂ ਵੀ ਥਾਣੇ ਪੁੱਜੇ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਦੇਰ ਰਾਤ ਪੁਲਸ ਨੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੌਕੇ 'ਤੇ ਪਹੁੰਚੇ ਚੇਅਰਮੈਨ ਰਮਨ ਬਹਿਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੱਦਾਂ ਵਾਲੀ ਮੰਡੀ 'ਚ 6 ਸਤੰਬਰ ਨੂੰ ਜਨਮ ਅਸ਼ਟਮੀ ਮਨਾਉਣ ਸਬੰਧੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਬੋਰਡ ਲਗਾਏ ਗਏ ਸਨ, ਜਿਨ੍ਹਾਂ ਨੂੰ ਕੁਝ ਲੋਕਾਂ ਨੇ ਹਟਾ ਕੇ ਨੁਕਸਾਨ ਪਹੁੰਚਾਇਆ ਜੋ ਕਿ ਅਤਿ ਨਿੰਦਣਯੋਗ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਸਬੰਧੀ ਸਨਾਤਨ ਚੇਤਨਾ ਮੰਚ ਦੀ ਅਹੁਦੇਦਾਰ ਅਨੂੰ ਗੰਡੋਤਰਾ ਨੇ ਦੱਸਿਆ ਕਿ ਸਨਾਤਨ ਚੇਤਨਾ ਮੰਚ ਵੱਲੋਂ ਹਰ ਸਾਲ 6 ਸਤੰਬਰ ਨੂੰ ਕੱਦਾਂ ਵਾਲੀ ਮੰਡੀ ਵਿੱਚ ਜਨਮ ਅਸ਼ਟਮੀ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਸਬੰਧੀ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਪੋਸਟਰ ਲਗਾਏ ਗਏ ਹਨ। ਇਨ੍ਹਾਂ ਪੋਸਟਰਾਂ ਨੂੰ ਰਾਤ ਸਮੇਂ ਫਿਸ ਪਾਰਕ ਨੇੜੇ ਕੁਝ ਵਿਅਕਤੀਆਂ ਵੱਲੋਂ ਉਤਾਰ ਕੇ ਨੁਕਸਾਨ ਪਹੁੰਚਾਇਆ ਗਿਆ, ਜਿਸ ਕਾਰਨ ਹਿੰਦੂ ਜਥੇਬੰਦੀਆਂ ਵਿੱਚ ਭਾਰੀ ਰੋਸ ਹੈ। ਦੂਜੇ ਪਾਸੇ ਇਸ ਮਾਮਲੇ ਸਬੰਧੀ ਐੱਸਐੱਸਪੀ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਥਾਣਾ ਸਿਟੀ ਦੀ ਪੁਲਸ ਨੇ ਅਨੂ ਗੰਡੋਤਰਾ ਦੇ ਬਿਆਨਾਂ 'ਤੇ ਗੌਰਵ, ਹਰੀਸ਼ ਸਮੇਤ ਦੋ ਅਣਪਛਾਤੇ ਵਿਅਕਤੀਆਂ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਧਮਕੀਆਂ ਦੇਣ ਦੀ ਦਫਾ 295, 506, 34 ਤਹਿਤ ਕੇਸ ਦਰਜ ਕਰ ਲਿਆ ਹੈ।

# ਸੁਨਿਆਰੇ ਦੀ ਦੁਕਾਨ ਤੋਂ ਲੁੱਟ-ਖੋਹ ਕਰਨ ਵਾਲੇ ਚਾਰ ਵਿਅਕਤੀ ਕਾਬੂ



ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਬੀਤੇ ਦਿਨੀਂ ਡੇਰਾ ਬਾਬਾ ਨਾਨਕ ਦੇ ਇਕ ਸੁਨਿਆਰੇ ਦੀ ਦੁਕਾਨ ਤੋਂ ਹਥਿਆਰਾਂ ਦੀ ਨੋਕ 'ਤੇ ਲੁੱਟ ਖੋ ਕਰਨ ਵਾਲੇ ਚਾਰ ਵਿਅਕਤੀਆਂ ਦੇ ਗੈਂਗ ਨੂੰ ਪੁਲਸ ਨੇ ਕਾਬੂ ਕੀਤਾ। ਇਨ੍ਹਾਂ ਵਿਅਕਤੀਆਂ ਨੇ ਹਥਿਆਰਾਂ ਦੀ ਨੋਕ 'ਤੇ ਸੋਨਾ, ਚਾਂਦੀ ਤੇ ਨਕਦੀ ਦੀ ਲੁੱਟ ਕੀਤੀ ਸੀ। ਪੁਲਸ ਨੇ ਕਾਰਵਾਈ ਕਰਦਿਆਂ ਚਾਰ ਵਿਅਕਤੀਆਂ ਨੂੰ ਦੋ ਪਿਸਤੌਲਾਂ, ਦੋ ਮੈਗਜ਼ੀਨ, 06 ਰੌਂਦਾਂ, ਸੋਨੇ ਤੇ ਚਾਂਦੀ ਦੇ ਗਹਿਣਿਆਂ ਸਮੇਤ ਗ੍ਰਿਫਤਾਰ ਕੀਤਾ।

ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਐੱਸਐੱਸਪੀ ਬਟਾਲਾ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਦੇ ਸੁਨਿਆਰੇ ਮਨਦੀਪ ਸਿੰਘ ਪੁੱਤਰ ਰਸਪਾਲ ਰਾਜ ਵਾਸੀ ਮਹੱਲਾ ਬੱਗਾ ਸਿੰਘ ਵਾਰਡ ਨੰਬਰ 09 ਡੇਰਾ ਬਾਬਾ ਨਾਨਕ ਦੀ ਜਿਊਲਰਜ਼ ਅਤੇ ਮਨੀ ਟਰਾਂਸਫਰ ਦੀ ਜੌੜਿਆਂ ਬਾਜ਼ਾਰ 'ਚ ਦੁਕਾਨ ਹੈ। ਇਥੇ ਚਾਰ ਅਣਪਛਾਤੇ ਵਿਅਕਤੀਆਂ ਨੇ ਹਥਿਆਰਾਂ ਦੀ ਨੋਕ 'ਤੇ ਲੁੱਟ ਖੋਹ ਕੀਤੀ ਸੀ ਜਿਸ 'ਤੇ ਬਟਾਲਾ ਪੁਲਸ ਨੇ ਐੱਸਪੀ ਗੁਰਪ੍ਰੀਤ ਸਿੰਘ ਦੀ ਅਗਵਾਈ ਵਿਚ ਕਾਰਵਾਈ ਕਰਦਿਆਂ ਹਰਵਿੰਦਰ ਸਿੰਘ ਉਰਫ ਬੱਕਰੀ ਪੁੱਤਰ ਸਤਨਾਮ ਸਿੰਘ, ਅੰਮ੍ਰਿਤਪਾਲ ਸਿੰਘ ਪੁੱਤਰ ਪ੍ਰਗਟ ਸਿੰਘ, ਦਮਨਪ੍ਰੀਤ ਸਿੰਘ ਪੁੱਤਰ ਸੁਖਬੀਰ ਸਿੰਘ ਘੁਕ, ਰਾਜਬੀਰ ਸਿੰਘ ਰਾਜੋ ਪੁੱਤਰ ਜਸਵੀਰ ਸਿੰਘ ਵਾਸੀਆਂ ਪੰਡੋਰੀ ਵੜੈਚ ਥਾਣਾ ਕੰਬੋਜ ਜ਼ਿਲਾ ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਹੈ। ਮਾਣਯੋਗ ਅਦਾਲਤ ਵਿੱਚ ਮੁਲਜ਼ਮਾਂ ਨੂੰ ਪੇਸ਼ ਕਰਕੇ ਰਿਮਾਂਡ ਲੈਣ ਉਪਰੰਤ ਹੋਰ ਜਾਣਕਾਰੀ ਹਾਸਲ ਕੀਤੀ ਜਾਵੇਗੀ।

## ਮਜੀਠਾ ਦੇ ਨੌਜਵਾਨ ਦੀ ਸਿਡਨੀ 'ਚ ਮੌਤ



ਮਜੀਠਾ (ਸੋਇਮ ਆਨੰਦ)-ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਖੇ ਟਰਾਲੇ ਦੇ ਡੂੰਘੀ ਖੱਡ ਵਿੱਚ ਡਿੱਗ ਕੇ ਲੱਗੀ ਭਿਆਨਕ ਅੱਗ ਕਾਰਨ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ।

ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਸੀਨੀਅਰ ਆਗੂ ਸੁਰਿੰਦਰ ਸਿੰਘ ਲਾਲੀ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਰਣਦੀਪ ਸਿੰਘ ਪੁੱਤਰ ਗੁਰਮੇਰ ਸਿੰਘ ਵਾਸੀ ਮਜੀਠਾ ਦਿਹਾਤੀ ਉਸ ਦੇ ਤਾਏ ਦਾ ਪੁੱਤਰ ਹੈ ਅਤੇ ਉਹ ਕਰੀਬ 18 ਸਾਲ ਪਹਿਲਾਂ ਆਸਟਰੇਲੀਆ ਵਿਖੇ ਰੋਟੀ ਰੋਜ਼ੀ ਦੀ ਭਾਲ ਵਿਚ ਗਿਆ ਸੀ। ਰਣਦੀਪ ਸਿੰਘ ਦੇ ਮਾਤਾ-ਪਿਤਾ ਮਜੀਠਾ ਦਿਹਾਤੀ ਵਿਖੇ ਰਹਿੰਦੇ ਹਨ ਜੋ ਅਜਕਲ ਆਸਟਰੇਲੀਆ ਗਏ ਹੋਏ ਹਨ। ਮਾਪਿਆਂ ਦੇ ਦੱਸਣ ਮੁਤਾਬਕ ਉਨ੍ਹਾਂ ਦਾ ਪੁੱਤਰ ਰਣਦੀਪ ਸਿੰਘ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ ਜਿਹੜਾ ਕਿ ਕੁਝ ਦਿਨ ਪਹਿਲਾਂ ਆਪਣਾ ਟਰਾਲਾ ਲੈ ਕੇ ਬਾਹਰ ਗਿਆ ਸੀ ਅਤੇ ਰਸਤੇ ਵਿਚ ਟਰਾਲਾ ਇੱਕ ਡੂੰਘੀ ਖੱਡ ਵਿਚ ਡਿੱਗ ਪਿਆ। ਰਣਦੀਪ ਸਿੰਘ ਨੇ ਟਰਾਲਾ ਡਿਗਦੇ ਸਾਰ ਉਸ ਵਿਚੋਂ ਛਲਾਂਗ ਮਾਰ ਦਿੱਤੀ ਜਿਸ ਕਾਰਨ ਰਣਦੀਪ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਹਸਪਤਾਲ 'ਚ ਡਕਟਾਰਾਂ ਨੇ ਰਣਦਾਪ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਗੁਰਗੱਦੀ ਦਿਵਸ 'ਤੇ ਸੀਪੀਆਈ ਸਿਆਸੀ ਕਾਨਫਰੰਸ ਤੇ ਨਾਟਕ ਮੇਲਾ ਕਰੇਗੀ : ਮਾੜੀਮੇਘਾ/ਵਲਟੋਹਾ



ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)-ਸੀ. ਪੀ. ਆਈ. ਖਡੂਰ ਸਾਹਿਬ ਇਲਾਕੇ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਜ਼ਿਲ੍ਹਾ ਆਗੂ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ 'ਤੇ ਸੀ. ਪੀ. ਆਈ. ਵੱਲੋਂ ਸਿਆਸੀ ਕਾਨਫਰੰਸ ਤੇ ਨਾਟਕ ਮੇਲਾ ਕੀਤਾ ਜਾਵੇਗਾ।

ਇਸ ਕਾਨਫਰੰਸ ਦਾ ਮੁੱਖ ਉਦੇਸ਼ ਹੈ ਗੁਰੂ ਸਾਹਿਬਾਂ ਦੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣਾ। ਗੁਰੂਆਂ ਦੇ ਵਿਚਾਰ ਇਹ ਸਨ ਕਿ ਸਮਾਜ ਵਿੱਚੋਂ ਬੇਈਮਾਨੀ ਤੇ ਹੇਰਾਫੇਰੀ ਦਾ ਖਾਤਮਾ ਹੋਣਾ ਚਾਹੀਦਾ ਹੈ। ਬਾਦਸ਼ਾਹ ਆਵਾਮ ਦਾ ਸੇਵਕ ਹੋਣਾ ਚਾਹੀਦਾ ਹੈ। ਇਸੇ ਕਰਕੇ ਹੀ ਬਾਬੇ ਨਾਨਕ ਨੇ ਬਾਬਰ ਨੂੰ ਜਾਬਰ ਕਿਹਾ। ਬਾਬੇ ਨੇ ਕਿਹਾ, 'ਪਾਪ ਦੀ ਜੰਞ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ।' ਭਾਵੇਂ ਬਾਬੇ ਨਾਨਕ ਨੂੰ ਬਾਬਰ ਦਾ ਜ਼ੁਲਮ ਝੱਲਣਾ ਪਿਆ ਪਰ ਉਨ੍ਹਾਂ ਨੇ ਸੱਚ ਦਾ ਪੱਲਾ ਨਾ ਛੱਡਿਆ। ਗੁਰੂ ਅੰਗਦ ਦੇਵ ਜੀ ਨੇ ਬਾਬੇ ਨਾਨਕ ਦਾ ਗਿਆਨ ਭਾਵ ਲਿਖਤ ਸਾਂਭ ਕੇ ਰੱਖੀ ਤੇ ਆਪ ਸੱਚ ਦਾ ਗਿਆਨ ਵੰਡਿਆ। ਮੁਗਲ ਹਾਕਮਾਂ ਨਾਲ ਟੱਕਰ ਲੈਣ ਵਾਸਤੇ ਜੁਆਨੀ ਨੂੰ ਖਾੜਿਆਂ ਵਿੱਚ ਵਰਜ਼ਿਸ਼ ਕਰਨਾ ਸਿਖਾਇਆ। ਪੰਜਾਬੀ ਲਿੱਪੀ ਨੂੰ ਹੋਰ ਸਵਾਰਿਆ। ਔਰਤ ਨੂੰ ਮਾਣ ਸਨਮਾਨ ਬਖਸ਼ਿਆ। ਇਨ੍ਹਾਂ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਕਾਨਫਰੰਸ ਹੋਵੇਗੀ।

ਕਾਨਫਰੰਸ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ ਸੀਪੀਆਈ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਤੇ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਜਗਰੂਪ। ਅੱਜ ਦੀ ਮੀਟਿੰਗ ਨੂੰ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਬਲਾਕ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਵੀ ਸੰਬੋਧਨ ਕੀਤਾ।

ਮੀਟਿੰਗ ਦੌਰਾਨ ਤਿੰਨ ਮੈਂਬਰੀ ਤਿਆਰੀ ਤੇ ਪ੍ਰਬੰਧਕ ਕਮੇਟੀ ਬਣੀ ਜਿਸ ਦੇ ਮੈਂਬਰ ਗੁਰਦਿਆਲ ਸਿੰਘ ਖਡੂਰ ਸਾਹਿਬ, ਬਲਦੇਵ ਸਿੰਘ ਧੂੰਦਾ ਤੇ ਗੁਰਚਰਨ ਸਿੰਘ ਕੰਡਾ ਹਨ। ਮੀਟਿੰਗ ਵਿੱਚ ਬਲਜੀਤ ਸਿੰਘ ਫਤਿਹਾਬਾਦ, ਸੁਖਵਿੰਦਰ ਸਿੰਘ ਮੁਗਲਾਣੀ, ਸੁਖਦੇਵ ਸਿੰਘ ਭਲਾਈਪੁਰ, ਕੁਲਵੰਤ ਸਿੰਘ, ਜਸਵੰਤ ਸਿੰਘ ਤੇ ਜਗਤਾਰ ਸਿੰਘ ਖਡੂਰ ਸਾਹਿਬ, ਮੇਜਰ ਸਿੰਘ ਦਾਰਾਪੁਰ, ਬਲਕਾਰ ਸਿੰਘ ਬਿਹਾਰੀਪੁਰ ਹਾਜ਼ਰ ਸਨ।

# ਬੀ ਐੱਸ ਐੱਫ ਨੇ ਪ੍ਰਬੰਧਨ ਤੇ ਫਸਟ ਏਡ ਸਿਖਲਾਈ ਪ੍ਰੋਗਰਾਮ ਕਰਵਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-3ਵੀਂ ਕੋਰ ਸੀਮਾ ਸੁਰੱਖਿਆ ਬਲ ਸ਼ਿਕਾਰ ਵੱਲੋਂ ਕਸਬੇ ਨਾਲ ਲੱਗਦੇ ਸ੍ਰੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਅਤੇ ਨਰਸਿੰਗ ਸਕੂਲ, ਜੌੜੀਆਂ ਕਲਾਂ ਵਿਖੇ ਸਕੂਲ ਅਤੇ ਨਰਸਿੰਗ ਕਾਲਜ ਦੇ 500 ਬੱਚਿਆਂ ਅਤੇ 45 ਅਧਿਆਪਕਾਂ ਨੂੰ ਆਫਤ ਅਤੇ ਇਸ ਦੇ ਪ੍ਰਭਾਵਾਂ ਬਾਰੇ ਮੁੱਢਲੀ ਸਹਾਇਤਾ ਦੀ ਸਿਖਲਾਈ ਦਿੱਤੀ ਗਈ। ਇਸ ਟਰੇਨਿੰਗ ਦੌਰਾਨ ਹਰੇਕ ਵਿਅਕਤੀ ਨੂੰ ਹੇਠ ਲਿਖੀਆਂ ਆਫਤਾਂ ਜਿਵੇਂ ਹੜ੍ਹ, ਭੂਚਾਲ, ਬਿਜਲੀ ਡਿੱਗਣਾ, ਸੱਪ ਦੇ ਡੰਗਣ, ਸੜਕ ਸੁਰੱਖਿਆ ਬਾਰੇ ਜਾਗਰੂਕ ਕੀਤਾ ਗਿਆ ਅਤੇ ਇਨ੍ਹਾਂ ਆਫਤਾਂ ਜਿਵੇਂ ਕਿ ਹਾਰਟ ਅਟੈਕ, ਜ਼ਿਆਦਾ ਖੂਨ ਵਹਿਣ 'ਤੇ ਕਾਬੂ ਪਾਉਣਾ, ਹੱਡੀਆਂ ਦਾ ਫ੍ਰੈਕਚਰ ਹੋਣਾ, ਸਟਰੈਚਰ ਬਣਾਉਣ ਬਾਰੇ ਸਿਖਲਾਈ ਦਿੱਤੀ ਗਈ। ਪਾਣੀ ਵਿੱਚ ਡੁੱਬਣ ਵਾਲੇ ਵਿਅਕਤੀ ਨੂੰ ਸੀ.ਪੀ.ਆਰ ਦੇ ਕੇ ਮੁੜ ਸੁਰਜੀਤ ਕੀਤਾ। ਇਹ ਸਿਖਲਾਈ 113ਵੀਂ ਬੀ. ਐਸ. ਐਫ. ਦੇ ਕਾਰਜਕਾਰੀ ਕਮਾਂਡੈਂਟ ਮਨੋਜ ਕੁਮਾਰ ਦੀ ਅਗਵਾਈ ਹੇਠ ਰਾਮ ਸੂਰਤ ਗੌਤਮ ਡਿਪਟੀ ਕਮਾਂਡੈਂਟ ਅਤੇ ਇੰਸਪੈਕਟਰ ਰਾਜਨ ਕੁਮਾਰ ਦੀ ਅਗਵਾਈ ਵਿੱਚ ਮਹਿਲਾ ਕਾਂਸਟੇਬਲਾਂ ਵੱਲੋਂ ਦਿੱਤੀ ਗਈ। ਇਸ ਮੌਕੇ ਐਕਟਿੰਗ ਕਮਾਂਡਰ ਮਨੋਜ ਕੁਮਾਰ ਨੇ ਕਿਹਾ ਕਿ ਸਾਡਾ ਸੰਦੇਸ਼ ਹੈ ਕਿ ਸਾਡੀ ਬਟਾਲੀਅਨ ਦੇ ਖੇਤਰ ਵਿੱਚ ਰਹਿਣ ਵਾਲੇ ਸਾਰੇ ਲੋਕ ਆਫਤ ਅਤੇ ਫਸਟ ਏਡ ਬਾਰੇ ਸੁਚੇਤ ਰਹਿਣ ਤਾਂ ਜੋ ਅਸੀਂ ਸਾਰੇ ਮਿਲ ਕੇ ਹਰ ਤਰ੍ਹਾਂ ਦੀਆਂ ਆਫਤਾਂ ਵਿੱਚ ਜਾਨੀ ਅਤੇ ਮਾਲੀ ਨੁਕਸਾਨ ਨੂੰ ਘੱਟ ਤੋਂ ਘੱਟ ਯਕੀਨੀ ਬਣਾ ਸਕੀਏ। ਇਸ ਮੌਕੇ ਕਾਂਸਟੇਬਲ ਅਨਾਮਿਕਾ, ਮਹਿਲਾ ਕਾਂਸਟੇਬਲ ਅਨੀਤਾ ਅਤੇ ਚੀਫ ਕਾਂਸਟੇਬਲ ਰਾਜੂ, ਸਕੂਲ ਦੇ ਪ੍ਰਿੰਸੀਪਲ ਮੈਡਮ ਪਲਵਿੰਦਰ ਕੌਰ ਬੇਦੀ, ਪ੍ਰਿੰ. ਨਰਸਿੰਗ ਕਾਲਜ ਸਲਾਕ ਤਿਲੋਤਮਾ ਦੇਵੀ, ਵਾਇਸ ਪ੍ਰਿੰ. ਭੁਪਿੰਦਰ ਸਿੰਘ, ਸੁਖਵਿੰਦਰ ਕੌਰ, ਮੈਡਮ ਰਾਜ, ਮੈਡਮ ਮੱਧੂ, ਰੀਨਾ ਸ਼ਰਮਾ, ਰਣਜੀਤ ਕੌਰ, ਤਾਨੀਆ, ਕਰਮਜੀਤ ਕੌਰ, ਰਣਜੀਤ ਕੌਰ, ਹਰਜੀਤ ਕੌਰ, ਰਾਜਵਿੰਦਰ ਕੌਰ, ਬਿਕਰਮਜੀਤ ਸਿੰਘ, ਜਗਵਿੰਦਰ ਕੌਰ, ਸੁਖਵਿੰਦਰ ਕੌਰ, ਮਨਪ੍ਰੀਤ ਕੌਰ, ਸੰਦੀਪ ਕੌਰ, ਜੋਤੀ, ਹਰਪ੍ਰੀਤ ਕੌਰ, ਜੀਵਨ, ਅਮਨਪ੍ਰੀਤ ਕੌਰ, ਜਸ਼ਨ, ਸੁਖਜੀਤ ਕੌਰ, ਸਿਮਰਨ, ਸਾਜਨ ਮਸੀਹ ਸਮੇਤ ਸਕੂਲ ਦੇ ਸਾਰੇ ਬੱਚੇ ਹਾਜ਼ਰ ਸਨ।



# ਖੇਤੀਬਾੜੀ ਵਿਭਾਗ ਨੇ ਦਵਾਈਆਂ ਤੇ ਖਾਦਾਂ ਦੇ ਸੈਂਪਲ ਭਰੇ



ਬਟਾਲਾ(ਡਾ. ਮਲਵਿੰਦਰ ਸਿੰਘ)-ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਕਿਰਪਾਲ ਸਿੰਘ ਢਿੱਲੋਂ ਦਾ ਰਹਿਨੁਮਾਈ ਹੇਠ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਡਾ. ਜਸਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ ਵਿਕੇਤਾਵਾਂ ਦੀ ਬਾਸਮਤੀ ਤੇ ਪਾਬੰਦੀਸ਼ੁਦਾ ਦਵਾਈਆਂ ਦੀ ਸੇਲ ਅਤੇ ਸਟਾਕ ਦੀ ਚੈਕਿੰਗ ਕੀਤੀ ਗਈ।

ਇਸ ਦੌਰਾਨ ਵੱਖ-ਵੱਖ ਦੁਕਾਨਾਂ ਤੇ ਦਵਾਈਆਂ ਅਤੇ ਖਾਦਾਂ ਦੇ ਸੈਂਪਲ ਭਰੇ ਗਏ ਅਤੇ ਹਦਾਇਤ ਕੀਤੀ ਗਈ ਕਿ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਬਾਸਮਤੀ ਦੀ ਫਸਲ ਲਈ ਨਾ ਕੀਤੀ ਜਾਵੇ ਤਾਂ ਜੋ ਬਾਸਮਤੀ ਦੀ ਐਕਸਪੋਰਟ ਕੁਆਲਟੀ ਪ੍ਰਭਾਵਿਤ ਨਾ ਹੋਵੇ। ਇਸ ਮੌਕੇ ਦੁਕਾਨਾਂ ਤੇ ਸਰਕਾਰ ਵੱਲੋਂ ਜਾਰੀ ਪਾਬੰਦੀਸ਼ੁਦਾ ਦਵਾਈਆਂ ਦੇ ਨੋਟੀਫਿਕੇਸ਼ਨ ਦਾ ਚਸਪਾ ਕਰਵਾਇਆ ਗਿਆ ਅਤੇ ਨਾਲ ਹੀ ਦੁਕਾਨਦਾਰਾਂ ਨੂੰ ਤਾੜਨਾ ਕੀਤੀ ਗਈ ਕਿ ਇਸਦੀ ਉਲੰਘਣਾ ਕਰਨ ਵਾਲੇ ਡੀਲਰ ਖਿਲਾਫ ਠੋਸ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏਡੀਓ ਡਾ. ਮਨਪ੍ਰੀਤ ਸਿੰਘ, ਡਾ. ਕਵਲਜੀਤ ਕੌਰ, ਏਡੀਓ ਅੰਮ੍ਰਿਤਪਾਲ ਸਿੰਘ, ਏਡੀਓ ਡਾ. ਪਰਮਬੀਰ ਕੌਰ ਹਾਜ਼ਰ ਸਨ।

# ਖਾਲੜਾ ਦੇ ਨੌਜਵਾਨ ਨੇ 'ਕੌਣ ਬਣੇਗਾ ਕਰੋੜਪਤੀ' 'ਚ ਜਿੱਤੇ 1 ਕਰੋੜ ਰੁਪਏ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਸਰਹੱਦੀ ਕਸਬਾ ਖਾਲੜਾ ਦੇ ਨੌਜਵਾਨ ਜਸਕਰਨ ਸਿੰਘ ਨੇ 'ਕੌਣ ਬਣੇਗਾ ਕਰੋੜਪਤੀ' ਦੇ 2023 ਦੇ 15ਵੇਂ ਸੀਜ਼ਨ ਵਿੱਚ ਇੱਕ ਕਰੋੜ ਰੁਪਏ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਵਰਨਣਯੋਗ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪ੍ਰਸਾਰਿਤ ਕੀਤੇ ਜਾ ਰਹੇ ਐਪੀਸੋਡ 'ਚ ਜਸਕਰਨ ਸਿੰਘ 7 ਕਰੋੜ ਰੁਪਏ ਵਾਲੇ ਸਵਾਲ ਦਾ ਜਵਾਬ ਦਿੰਦਾ ਨਜ਼ਰ ਆਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਸਕਰਨ ਸਿੰਘ ਨੇ ਦੱਸਿਆ ਕਿ ਲਗਾਤਾਰ ਚੌਥੀ ਵਾਰ ਭਾਗ ਲੈਣ ਤੋਂ ਬਾਅਦ ਮੈਨੂੰ ਇਹ ਸਫਲਤਾ ਨਸੀਬ ਹੋਈ ਹੈ। ਜਸਕਰਨ ਸਿੰਘ ਨੇ ਦੱਸਿਆ ਕਿ ਉਸਨੇ ਆਪਣੀ ਮੁੱਢਲੀ ਪੜ੍ਹਾਈ ਖਾਲੜਾ ਦੇ ਸਕੂਲ ਤੋਂ ਖਤਮ ਕਰਨ ਉਪਰੰਤ ਬਾਰ੍ਹਵੀਂ ਦੀ ਪੜ੍ਹਾਈ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਸੁਰਸਿੰਘ ਤੋਂ ਕੀਤੀ ਹੈ। ਜਸਕਰਨ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਕ੍ਰਿਕਟ ਅਕੈਡਮੀ ਵਿੱਚ ਲਗਾਉਣ ਤੋਂ ਬਾਅਦ ਹੁਣ ਉਹ ਡੀਏਵੀ ਕਾਲਜ ਅੰਮ੍ਰਿਤਸਰ 'ਚ ਬੀਐੱਸਈ ਇਕਨਾਮਿਕਸ ਦੀ ਪੜ੍ਹਾਈ ਕਰ ਰਿਹਾ ਹੈ। ਇਸ ਮੌਕੇ ਉਸ ਨੇ ਦੱਸਿਆ ਕਿ ਉਸਦੀ ਜ਼ਿੰਦਗੀ ਦਾ ਟੀਚਾ ਯੂਪੀਐੱਸਸੀ ਇਮਤਿਹਾਨ ਪਾਸ ਕਰਨਾ ਹੈ। ਇਸ ਮੌਕੇ ਜਦੋਂ ਜਸਕਰਨ ਸਿੰਘ ਨੂੰ 7 ਕਰੋੜ ਰੁਪਏ ਦੀ ਰਾਸ਼ੀ ਜਿੱਤਣ ਬਾਰੇ ਪੁੱਛਿਆ ਗਿਆ ਤਾਂ ਉਸਨੇ ਕਿਹਾ ਕਿ ਇਸ ਸਵਾਲ ਦਾ ਜਵਾਬ ਸਭ ਨੂੰ 4/5 ਸਤੰਬਰ ਨੂੰ ਪ੍ਰਸਾਰਿਤ ਹੋਣ ਜਾ ਰਹੇ ਸ਼ੋਅ 'ਚ ਮਿਲੇਗਾ।

# ਤਰਕਸ਼ੀਲ ਸੁਸਾਇਟੀ ਪੰਜਾਬ ਨੇ ਵੱਖ-ਵੱਖ ਸਕੂਲਾਂ 'ਚ ਚੇਤਨਾ ਪਰਖ ਪ੍ਰੀਖਿਆ ਕਰਵਾਈ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਮਕਸਦ ਵਜੋਂ ਸਮੁੱਚੇ ਪੰਜਾਬ ਵਿੱਚ ਦੁਨੀਆਂ ਦੇ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਜੋਂ ਅੰਮ੍ਰਿਤਸਰ ਦੇ ਵੱਖ-ਵੱਖ ਸਕੂਲਾਂ ਵਿੱਚ ਕਰਵਾਈ ਗਈ ਜਿਸ ਵਿੱਚ 428 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸੂਬਾ ਕਮੇਟੀ ਆਗੂ ਸੁਮੀਤ ਸਿੰਘ ਅਤੇ ਇਕਾਈ ਦੇ ਜੱਥੇਬੰਦਕ ਮੁਖੀ ਜਸਪਾਲ ਬਾਸਰਕੇ ਨੇ ਦੱਸਿਆ ਕਿ ਅੰਮ੍ਰਿਤਸਰ ਸ਼ਹਿਰ ਦੇ ਛੇ ਸਕੂਲਾਂ ਆਤਮ ਪਬਲਿਕ ਸਕੂਲ ਇਸਲਾਮਾਬਾਦ, ਸਕੂਲ ਆਫ ਐਮੀਨੈਂਸ ਛੇਹਰਟਾ, ਡੀ. ਆਰ. ਮਾਡਰਨ ਸੀਨੀਅਰ ਸੈਕੰਡਰੀ ਸਕੂਲ ਖੰਡਵਾਲਾ, ਐਸ. ਬੀ. ਸੀਨੀਅਰ ਸੈਕੰਡਰੀ ਸਕੂਲ ਛੇਹਰਟਾ, ਰਾਸ਼ਟਰੀ ਬਾਲ ਸਿਖਸ਼ਾ ਕੇਂਦਰ ਕਿਸ਼ਨ ਕੋਟ ਅਤੇ ਸਰਕਾਰੀ ਹਾਈ ਸਕੂਲ ਸੋਹੀਆਂ ਖੁਰਦ ਵਿਚ ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਸਨ ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਪ੍ਰੀਖਿਆ ਵਿਚ ਆਤਮ ਪਬਲਿਕ ਸਕੂਲ ਇਸਲਾਮਾਬਾਦ ਦੇ 293 ਵਿਦਿਆਰਥੀਆਂ ਨੇ ਹਿੱਸਾ ਲਿਆ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਪ੍ਰੀਖਿਆ ਨੂੰ ਪੂਰੇ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਤਰਕਸ਼ੀਲ ਆਗੂਆਂ ਮੇਲਾ ਰਾਮ ਬੀ. ਈ. ਓ. ਮਾਸਟਰ ਕੁਲਜੀਤ ਵੇਰਕਾ, ਮਾਸਟਰ ਬਲਦੇਵ ਰਾਜ ਵੇਰਕਾ, ਦਮਨਜੀਤ ਕੌਰ, ਪ੍ਰੋ. ਹੇਮੰਤ ਕੁਮਾਰ, ਸ਼ਕਤੀ, ਹਰਜਿੰਦਰ ਜਲਾਲਪੁਰ, ਪਰਮਜੀਤ ਸਿੰਘ, ਰਮੇਸ਼ ਜੈਨ, ਬਨਾਰਸੀ ਦਾਸ, ਅਨਮੋਲ ਸਿੰਘ ਦਲਜੀਤ ਸਿੰਘ, ਕੋਮਲਪ੍ਰੀਤ ਕੌਰ ਅਤੇ ਨਵਰੀਤ ਅਦਿ ਵਲੋਂ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ ਅਤੇ ਇਸ ਸਬੰਧੀ ਸੰਬੰਧਿਤ ਸਕੂਲਾਂ ਦੇ ਮੁਖੀਆਂ, ਅਧਿਆਪਕਾਂ, ਪ੍ਰਬੰਧਕਾਂ ਅਤੇ ਵਿਦਿਆਰਥੀਆਂ ਵਲੋਂ ਪੂਰਨ ਸਹਿਯੋਗ ਅਤੇ ਵੱਡਾ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਸਕੂਲ ਨਿਰਦੇਸ਼ਕ ਪ੍ਰਤੀਕ ਸਹਿਦੇਵ, ਪ੍ਰਿੰ. ਅੰਕਿਤਾ ਸਹਿਦੇਵ, ਪ੍ਰਿੰ. ਮਨਮੀਤ ਕੌਰ, ਮੈਡਮ ਪ੍ਰਿਯੰਕਾ ਕਾਲੀਆ, ਪ੍ਰਿੰ. ਦਿਨੇਸ਼ ਕਪੂਰ, ਪ੍ਰਿੰ. ਰਵਿੰਦਰ ਪਠਾਨੀਆਂ, ਪ੍ਰਿੰ. ਮੈਡਮ ਪੂਨਮ ਅਤੇ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਧਾਗੇ ਤਵੀਤਾਂ, ਜਨਮ ਟੇਵਿਆਂ, ਨਸ਼ਿਆਂ, ਫਿਰਕਾਪ੍ਰਸਤੀ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਅਗਲੇ ਮਹੀਨੇ ਕੱਢਿਆ ਜਾਵੇਗਾ ਅਤੇ ਸੂਬੇ, ਜ਼ੋਨ ਅਤੇ ਇਕਾਈ ਪੱਧਰ 'ਤੇ ਉਪਰਲੇ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਯੋਗ ਨਕਦ ਇਨਾਮ, ਯਾਦਗਾਰੀ ਚਿੰਨ੍ਹ, ਤਰਕਸ਼ੀਲ ਕਿਤਾਬਾਂ ਅਤੇ ਸਰਟੀਫਿਕੇਟ ਦਿੱਤੇ ਜਾਣਗੇ।

# ਸਕੂਲ 'ਚ ਨੈਸ਼ਨਲ ਸਪੋਰਟਸ ਡੇ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 29 ਅਗਸਤ ਮੰਗਲਵਾਰ ਨੂੰ 'ਨੈਸ਼ਨਲ ਸਪੋਰਟਸ ਡੇ' ਮਨਾਇਆ ਗਿਆ। ਪ੍ਰੋਗਰਾਮ ਦੀ ਆਰੰਭਤਾ ਸਕੂਲ ਸ਼ਬਦ ਰਾਹੀਂ ਕੀਤੀ ਗਈ। ਉਪਰੰਤ ਮੈਡਮ ਹਰਪ੍ਰੀਤ ਕੌਰ ਵੱਲੋਂ ਹਾਕੀ ਦੇ ਜਾਦੂਗਰ ਧਿਆਨ ਚੰਦ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।

ਵਿਦਿਆਰਥੀਆਂ ਨੂੰ ਹਾਕੀ, ਕੈਰਮ ਬੋਰਡ, ਲੁੱਡੋ, ਚੈੱਸ ਆਦਿ ਖੇਡਾਂ ਖਿਡਾਈਆਂ ਗਈਆਂ। ਸਕੂਲ ਦੇ ਚਾਰੇ ਹਾਊਸ ਦੇ ਵਿਦਿਆਰਥੀਆਂ ਦੀਆਂ ਟੀਮਾਂ ਵਿੱਚ ਵਾਲੀਬਾਲ ਮੈਚ ਖੇਡਿਆ ਗਿਆ ਅਤੇ ਜੇਤੂ ਟੀਮਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਬਹਿਲ, ਰਮਣੀਕ ਸਿੰਘ ਫਰੀਡਮ, ਪ੍ਰਿੰ. ਅਨੁਰੀਤ ਬਾਵਾ ਅਤੇ ਸਕੂਲ ਦੀ ਹੈੱਡ ਮਿਸਟਰੈੱਸ ਸਿਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣ ਅਤੇ ਮਿਹਨਤ ਨਾਲ ਜੀਵਨ ਦੀਆਂ ਉੱਚੀਆਂ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ।

## ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਵਾਲੇ ਪਤੀ ਤੇ ਸੱਸ ਨਾਮਜ਼ਦ

ਕਲਾਨੌਰ (ਮਨਦੀਪ ਕੁਮਾਰ)- ਥਾਣਾ ਕਲਾਨੌਰ ਦੀ ਪੁਲਸ ਨੇ ਵਿਆਹੁਤਾ ਨੂੰ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਹੇਠ ਪਤੀ ਅਤੇ ਸੱਸ ਖਿਲਾਫ ਧਾਰਾ 498 ਏ ਤਹਿਤ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏਐੱਸਆਈ ਜਗਦੀਸ਼ ਸਿੰਘ ਨੇ ਦੱਸਿਆ ਕਿ ਨਵਜੋਤ ਕੌਰ ਪੁੱਤਰੀ ਤਰਲੋਕ ਸਿੰਘ ਵਾਸੀ ਪਿੰਡ ਰੁੜਿਆਣਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਵਿਆਹ 14-2-2020 ਨੂੰ ਭੁਪਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਮੁਹੱਲਾ ਨਵਾਂ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦਾ ਪਤੀ ਅਤੇ ਸੱਸ ਵਰਿੰਦਰਜੀਤ ਕੌਰ ਉਸ ਨੂੰ ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਲੱਗੇ ਅਤੇ ਦਾਜ ਦੀ ਮੰਗ ਕਰਨ ਲੱਗੇ। ਉਪ ਪੁਲਸ ਕਪਤਾਨ ਦੀ ਜਾਂਚ ਦੇ ਆਧਾਰ 'ਤੇ ਪੁਲਸ ਨੇ ਔਰਤ ਦੇ ਪਤੀ ਅਤੇ ਸੱਸ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 'ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ



ਝਬਾਲ, (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਮਨਦੀਪ ਸਿੰਘ ਅਤੇ ਡਾ. ਸਿਮਰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫਸਰ ਝਬਾਲ ਦੀ ਰਹਿਨੁਮਾਈ ਹੇਠ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮਹਿੰਮ ਤਹਿਤ ਅੱਡਾ ਝਬਾਲ ਦੇ ਵੱਖ-ਵੱਖ ਇਲਾਕੇ ਤੇ ਝੁੱਗੀਆਂ 'ਚ ਡੇਂਗੂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਜਾਗਰੂਕਤਾ ਮੁਹਿੰਮ ਤਹਿਤ ਲੋਕਾਂ ਨੂੰ ਦੱਸਿਆ ਗਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦਾ ਟੈਸਟ ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੈਡੀਕਲ ਅਫਸਰ ਡਾ. ਸੂਰਜਪਾਲ ਨੇ ਦੱਸਿਆ ਕਿ ਬਰਸਾਤਾਂ ਦੇ ਮੌਸਮ ਦੀ ਆਮਦ ਹੁੰਦਿਆਂ ਹੀ ਡੇਂਗੂ ਵਰਗੀਆਂ ਵੈਕਟਰ ਬੋਰਨ ਬੀਮਾਰੀਆਂ 'ਚ ਵੀ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਡੇਂਗੂ ਤੋਂ ਬਚਾਅ ਲਈ ਮੱਛਰ ਪੈਦਾ ਹੋਣ ਵਾਲੇ ਹਾਲਾਤ ਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ। ਇਸੇ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਡੇਂਗੂ ਵਿਰੋਧੀ ਮੁਹਿੰਮ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਵਿੱਢੀ ਗਈ ਹੈ ਜਿਸ ਤਹਿਤ ਸਿਹਤ ਕਰਮਚਾਰੀਆਂ ਵੱਲੋਂ ਘਰ-ਘਰ ਜਾ ਕੇ ਸਾਫ ਪਾਣੀ ਖੜ੍ਹਾ ਹੋਣ ਵਾਲੇ ਸਰੋਤਾਂ ਜਿਵੇਂ ਕੂਲਰਾਂ, ਗਮਲਿਆਂ, ਪੰਛੀਆਂ ਲਈ ਰੱਖੇ ਬਰਤਨਾਂ, ਫਰਿੱਜ ਦੀਆਂ ਟਰੇਆਂ ਆਦਿ ਦੀ ਚੈਕਿੰਗ ਕੀਤਾ ਜਾਂਦੀ ਹੈ ਅਤੇ ਲਾਰਵਾ ਪਾਏ ਜਾਣ ਵਾਲੇ ਸਰੋਤਾਂ ਨੂੰ ਖਾਲੀ ਕਰਕੇ ਲਾਰਵਾ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਜਾਂਦਾ ਹੈ। ਲੋੜੀਂਦੀਆਂ ਥਾਵਾਂ 'ਤੇ ਫੌਗਿੰਗ ਅਤੇ ਸਪਰੇਅ ਵੀ ਕਰਵਾਈ ਜਾਂਦੀ ਹੈ। ਰਾਮ ਰਛਪਾਲ ਧਵਨ ਅਤੇ ਗੁਰਵਿੰਦਰ ਸਿੰਘ ਨੇ ਦੱਸਿਆ ਨੇ ਕਿਹਾ ਕਿ ਜੇਕਰ ਤੇਜ ਬੁਖਾਰ, ਚਮੜੀ ਤੇ ਲਾਲ ਨਿਸ਼ਾਨ, ਮਾਸਪੇਸ਼ੀਆਂ 'ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ ਵਰਗੇ ਲੱਛਣ ਹੋਣ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰ ਵਿਕਰਮ ਸਿੰਘ, ਅਮਨਦੀਪ ਸਿੰਘ, ਗਗਨਦੀਪ ਕੌਰ ਸੀਐੱਚਓ, ਲਖਵਿੰਦਰ ਕੌਰ ਅਤੇ ਸੀਮਾ ਸੋਹਲ ਆਸ਼ਾ ਵਰਕਰ ਆਦਿ ਹਾਜ਼ਰ ਸਨ।

## ਕੱਟੇ ਰਾਸ਼ਨ ਕਾਰਡ ਬਹਾਲ ਕਰਵਾਉਣ ਲਈ ਦਿਹਾਤੀ ਮਜ਼ਦੂਰ ਸਭਾ ਵੱਲੋਂ ਧਰਨਾ ਭਲਕੇ



ਪਠਾਨਕੋਟ (ਦਵਿੰਦਰ ਸਿੰਘ)-ਗਰੀਬ ਲੋੜਵੰਦ ਪਰਿਵਾਰਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ ਕਰਨ ਅਤੇ ਰਾਸ਼ਨ ਕਾਰਡ 'ਚੋਂ ਬਿਨਾਂ ਕਿਸੇ ਕਾਰਨ ਕੁਝ ਮੈਂਬਰਾਂ ਦੇ ਕੱਟੇ ਨਾਮ ਮੁੜ ਸ਼ਾਮਲ ਕਰਾਉਣ ਲਈ 4 ਸਤੰਬਰ ਤੋਂ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਲਗਾਤਾਰ ਦਿੱਤੇ ਜਾ ਰਹੇ ਧਰਨੇ ਸਬੰਧੀ ਪਿੰਡਾਂ ਵਿਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਵਿੱਚ ਇਹ ਗੱਲ ਵੀ ਸਾਹਮਣੇ ਆਈ ਕਿ ਪਰਚੀਆਂ ਕੱਟਣ ਦੇ ਬਾਵਜੂਦ ਕਣਕ ਨਹੀਂ ਦਿੱਤੀ ਜਾ ਰਹੀ ਅਤੇ ਕੁਝ ਡਿੱਪੂ ਹੋਲਡਰ ਕਣਕ ਦਾ ਤੋਲ ਵੀ ਪੂਰਾ ਨਹੀਂ ਦਿੰਦੇ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪ੍ਰਵੀਨ ਕੁਮਾਰ ਬਮਿਆਲ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਦੱਸਿਆ ਕਿ ਜਿਵੇਂ ਜਿਵੇਂ ਲੋਕਾਂ ਕੋਲ ਪਹੁੰਚ ਕੀਤੀ ਜਾ ਰਹੀ ਹੈ, ਗਰੀਬ ਲੋਕ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਕੋਸਦੇ ਹੋਏ ਕਹਿ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਲੀਡਰ ਤੇ ਵਰਕਰ ਘਰ ਘਰ ਆ ਕੇ ਗਰੰਟੀਆਂ ਦਿੰਦੇ ਸਨ ਕਿ ਲੋੜਵੰਦਾਂ ਦੇ ਨਵੇਂ ਰਾਸ਼ਨ ਕਾਰਡ ਵੀ ਬਣਾਏ ਜਾਣਗੇ ਤੇ ਰਾਸ਼ਨ ਘਰਾਂ ਵਿੱਚ ਪੁੱਜਦਾ ਕੀਤਾ ਜਾਵੇਗਾ ਪਰ ਹੋਇਆ ਉਲਟਾ ਕਿ ਲੋਕ ਸਰਕਾਰੀ ਦਫਤਰਾਂ ਵਿਚ ਲਗਾਤਾਰ ਖੱਜਲ-ਖੁਆਰ ਹੋ ਰਹੇ ਹਨ, ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਆਗੂਆਂ ਨੇ ਅੱਗੇ ਕਿਹਾ ਕਿ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਇਕੱਠੇ ਹੋ ਕੇ ਜ਼ਿਲ੍ਹਾ ਹੈਡਕੁਆਰਟਰ ਤੇ ਹੁੰਮ-ਹੁਮਾ ਕੇ 4 ਸਤੰਬਰ ਨੂੰ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਮਲਕਪੁਰ ਪੁੱਜੋ।

# ਪਿੰਡ ਜੰਡਏ ਵਿਖੇ 13 ਮੈਂਬਰੀ ਕਿਸਾਨ ਸੰਘਰਸ਼ ਕਮੇਟੀ ਦਾ ਗਠਨ



ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਸੰਘਰਸ਼ ਕਮੇਟੀ ਪੰਜਾਬ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਹਲਕਾ ਦੀਨਾਨਗਰ ਵਿੱਚ ਪਿੰਡ ਜੰਡਏ ਵਿੱਚ 13 ਮੈਂਬਰੀ ਕਮੇਟੀ ਬਣਾਈ ਗਈ। ਇਸ ਮੌਕੇ ਜ਼ਿਲ੍ਹਾ ਆਗੂ ਤੇ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ, ਬਾਬਾ ਕਰਨੈਲ ਸਿੰਘ ਜ਼ੋਨ ਸਕੱਤਰ ਤੇ ਜ਼ੋਨ ਦੇ ਪ੍ਰੈੱਸ ਸਕੱਤਰ ਤੇ ਕੋਰ ਕਮੇਟੀ ਦੇ ਮੈਂਬਰ ਹਰਵਿੰਦਰ ਸਿੰਘ ਮੱਲ੍ਹੀ ਦੀ ਅਗਵਾਈ ਵਿੱਚ 13 ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿੱਚ ਪ੍ਰਧਾਨ ਸੁਖਦੇਵ ਸਿੰਘ, ਸਕੱਤਰ ਜਗੀਰ ਸਿੰਘ ਤੇ ਖਜਾਨਚੀ ਸਰਵਣ ਸਿੰਘ, ਮੀਤ ਖਜ਼ਾਨਜੀ ਗੁਰਜੰਟ ਸਿੰਘ, ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ, ਗੁਰਮੇਜ ਸਿੰਘ, ਦਰਸ਼ਨ ਸਿੰਘ, ਤਰਸੇਮ ਸਿੰਘ, ਸੁਰਜੀਤ ਸਿੰਘ, ਮੀਤ ਪ੍ਰਧਾਨ ਦਲਬੀਰ ਸਿੰਘ, ਸੁਖਦੇਵ ਸਿੰਘ, ਸੁਲੱਖਣ ਸਿੰਘ, ਹਜ਼ੂਰਾ ਸਿੰਘ ਤੇ ਬਾਕੀ ਸਾਰੀ ਟੀਮ ਦਾ ਗਠਨ ਕੀਤਾ ਗਿਆ।

ਇਸ ਮੌਕੇ ਹਰਵਿੰਦਰ ਸਿੰਘ ਮੱਲ੍ਹੀ ਨੇ ਹਲਕਾ ਦੀਨਾਨਗਰ ਅਤੇ ਗੁਰਦਾਸਪੁਰ ਵਿਖੇ ਜਿਨ੍ਹਾਂ ਪਿੰਡਾਂ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀਆਂ ਟੀਮਾਂ ਨਹੀਂ ਹਨ, ਉਨ੍ਹਾਂ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਜਲਦ ਹੀ ਟੀਮਾਂ ਤਿਆਰ ਕਰਨ ਦਾ ਫ਼ੈਸਲਾ ਲਿਆ।

ਇਸ ਮੌਕੇ ਮੀਟਿੰਗ ਵਿੱਚ ਬਾਬਾ ਨਰਿੰਦਰ ਸਿੰਘ, ਕਰਨੈਲ ਸਿੰਘ ਮੱਲ੍ਹੀ, ਬਲਦੇਵ ਸਿੰਘ, ਨਿਸ਼ਾਨ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।

# ਜ਼ੋਨਲ ਪੱਧਰ 'ਤੇ ਕਲਾਸਵਾਲਾ ਖਾਲਸਾ ਸਕੂਲ ਦੀ ਕ੍ਰਿਕਟ ਟੀਮ ਅੱਵਲ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਵਿਚ ਇਮਾਨਦਾਰੀ ਅਤੇ ਖੇਡ ਭਾਵਨਾ, ਅਨੁਸ਼ਾਸਨ ਦੀ ਰੁਚੀ ਕਾਇਮ ਕਰਨ ਲਈ ਸੂਬੇ ਭਰ ਵਿਚ ਜ਼ੋਨਲ ਖੇਡ ਮੁਕਾਬਲੇ ਕਰਵਾਏ ਗਏ ਜਿਸ ਵਿਚ ਲੜੀਵਾਰ ਕ੍ਰਿਕਟ ਯੋਗਾ ਅਤੇ ਰੱਸਾ-ਕਸੀ ਦੇ ਮੁਕਾਬਲੇ ਕਰਵਾਏ ਗਏ। ਮੈਚਾਂ ਦੀ ਸ਼ੁਰੂਆਤ ਜ਼ੋਨ ਹਰਚੋਵਾਲ ਵਿਚ ਕੀਤੀ ਗਈ। ਇਨ੍ਹਾਂ ਮੁਕਾਬਲਿਆਂ ਦੌਰਾਨ ਕਲਾਸ ਵਾਲਾ ਖਾਲਸਾ ਸਕੂਲ, ਕਾਦੀਆਂ ਦੇ ਵਿਦਿਆਰਥੀਆਂ ਨੇ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੋਣ ਕੀਤੀ ਗਈ। ਇਸੇ ਤਰ੍ਹਾਂ ਵਰਗ-19 ਦੀਆਂ ਲੜਕੀਆਂ ਨੇ ਵੀ ਰੱਸਾ-ਕਸੀ ਵਿਚ ਤੀਸਰਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਬੱਚਿਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼ਾਲਿਨੀ ਦੱਤਾ ਨੇ ਸਮੂਹ ਸਟਾਫ, ਖਾਸ ਤੌਰ 'ਤੇ ਡੀ. ਪੀ. ਰਛਪਾਲ ਸਿੰਘ, ਮੈਡਮ ਰਜਿੰਦਰ ਕੌਰ ਅਤੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਖੇਡ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਅੱਗੇ ਤੋਂ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਆਮ ਆਦਮੀ ਪਾਰਟੀ ਦਾ ਕੁਨਬਾ ਹੋਇਆ ਵੱਡਾ



ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪਰਿਵਾਰ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਚੇਅਰਮੈਨ ਸੇਖਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੂੰ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਪਿੰਡ ਢੀਂਡਸਾ ਅਤੇ ਮਾਲੀਆ ਦੇ ਕਈ ਅਕਾਲੀ ਪਰਿਵਾਰ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪਿੰਡ ਢੀਂਡਸਾ ਅਤੇ ਮਾਲੀਆ ਦੇ ਕਈ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਦੇ ਹੋਏ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਨ੍ਹਾਂ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਾਥ ਸਦਕਾ ਪਾਰਟੀ ਅਗਾਮੀ ਲੋਕ ਸਭਾ ਚੋਣਾਂ ਵਿੱਚ ਹੂੰਝਾ ਫੇਰ ਜਿੱਤ ਹਾਸਲ ਕਰੇਗੀ। ਇਸ ਮੌਕੇ ਪਿੰਡ ਮਾਲੀਆ ਤੋਂ ਸਾਬਕਾ ਸਰਪੰਚ ਲਖਵਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਇਸ ਮੌਕੇ ਬਲਵਿੰਦਰ ਸਿੰਘ, ਮੋਹਨ ਸਿੰਘ ਜਾਗੋਵਾਲ, ਦਿਲਬਾਗ ਸਿੰਘ, ਡਾ. ਜਸਪਾਲ ਸਿੰਘ ਪੰਧੇਰ, ਗਗਨਦੀਪ ਸਿੰਘ, ਹਰਮਨ ਸਿੰਘ ਬਾਜਵਾ, ਸੁਖਦੇਵ ਸਿੰਘ ਗੋਲਡੀ, ਗੁਰਮੇਜ ਸਿੰਘ, ਨਰਿੰਦਰ ਸਿੰਘ ਨਿਮਾਣਾ, ਸਤਿੰਦਰਪਾਲ ਸਿੰਘ, ਸਰਪੰਚ ਆਫਤਾਪ ਸਿੰਘ ਆਦਿ ਆਗੂ ਹਾਜ਼ਰ ਸਨ।

## ਬੱਚਿਆਂ ਨੇ ਰਲ-ਮਿਲ ਮਨਾਇਆ ਰੱਖੜੀ ਦਾ ਤਿਉਹਾਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ ਤਰਨ ਤਾਰਨ (ਪ੍ਰਿਤਪਾਲ ਸਿੰਘ)-ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਬੜੀ ਹੀ ਧੂਮ-ਧਾਮ ਨਾਲ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਲੜਕੀਆਂ ਵੱਲੋਂ ਰੱਖੜੀਆਂ ਬਣਾਈਆਂ ਗਈਆਂ ਅਤੇ ਲੜਕਿਆਂ ਵੱਲੋਂ ਕਾਰਡ, ਗਿਫਟ, ਫੋਟੋ ਫਰੇਮ ਆਦਿ ਬਣਾਉਣ ਦੀ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸਭ ਨੇ ਇਸ ਪ੍ਰਤਿਯੋਗਤਾ ਦਾ ਆਨੰਦ ਮਾਣਿਆ। ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਸਭ ਨੂੰ ਰੱਖੜੀ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਸਾਰੇ ਤਿਉਹਾਰਾਂ ਨੂੰ ਧੂਮ-ਧਾਮ ਨਾਲ ਮਨਾਉਣ ਲਈ ਪ੍ਰੇਰਿਤ ਕੀਤਾ।



# ਮਿਆਰੀ ਬਾਸਮਤੀ ਲਈ ਗੈਰ-ਸਿਫਾਰਸ਼ੀ ਦਵਾਈਆਂ ਨਾ ਵਿਕਰੀ ਕੀਤੀਆਂ ਜਾਣ: ਡਾ. ਮੱਤੇਵਾਲ



**ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਵੱਖ-ਵੱਖ ਬਲਾਕਾਂ ਦੇ ਖੇਤੀ ਇਨਪੁੱਟ ਡੀਲਰਾਂ ਨਾਲ ਟ੍ਰੇਨਿੰਗ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਇਸ ਸਬੰਧੀ ਪੱਟੀ ਦੇ ਸਥਾਨਕ ਗਰੀਨਲੈਂਡ ਵਿਖੇ ਬਲਾਕ ਪੱਟੀ ਅਤੇ ਨੌਸ਼ਹਿਰਾ ਪਨੂੰਆਂ ਦੇ ਖੇਤੀ ਇਨਪੁੱਟ ਡੀਲਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾ. ਕੁਲਦੀਪ ਸਿੰਘ ਮੱਤੇਵਾਲ ਜ਼ਿਲ੍ਹਾ ਸਿਖਲਾਈ ਅਫਸਰ, ਤਰਨਤਾਰਨ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੰਤਵ ਬਾਸਮਤੀ ਵਿਚ ਗੈਰ-ਸਿਫਾਰਸ਼ੀ ਦਵਾਈਆਂ ਦੀ ਵਰਤੋਂ ਰੋਕ ਕੇ ਮਿਆਰੀ ਉਪਜ ਪੈਦਾ ਕਰਨਾ ਹੈ ਤਾਂ ਜੋ ਅੰਤਰਰਾਸ਼ਟਰੀ ਮੰਡੀ ਵਿਚ ਬਾਸਮਤੀ ਦਾ ਚੰਗਾ ਮੁੱਲ ਮਿਲ ਸਕੇ, ਨਾਲ ਦੀ ਨਾਲ ਇਸ ਤਰ੍ਹਾਂ ਦੀ ਪੈਦਾ ਹੋਈ ਮਿਆਰੀ ਬਾਸਮਤੀ ਘਰੇਲੂ ਖਪਤ ਲਈ ਵੀ ਲਾਹੇਵੰਦ ਹੋਵੇ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਬਾਸਮਤੀ ਹੇਠ ਰਕਬਾ ਵਧਣ ਨਾਲ ਪਾਣੀ ਦੇ ਘੱਟ ਰਹੇ ਪੱਧਰ ਨੂੰ ਠੱਲ ਪਵੇਗੀ। ਇਸ ਦੌਰਾਨ ਡਾ. ਗੁਰਦੀਪ ਸਿੰਘ ਏਡੀਓ (ਇਨਫੋਰਸਮੈਂਟ) ਅਤੇ ਡਾ. ਗੁਰਬਰਿੰਦਰ ਸਿੰਘ ਏਡੀਓ, ਜ਼ਿਲ੍ਹਾ ਕੰਮ ਨੇ ਕਿਸਾਨਾਂ ਨੂੰ ਖਾਦ, ਬੀਜ ਐਕਟ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਸੰਦੀਪ ਸਿੰਘ ਏਡੀਓ (ਪੀ ਪੀ ) ਨੇ ਡੀਲਰਾਂ ਨੂੰ ਸਿੱਖਿਅਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਬੈਨ ਕੀਤੀਆਂ ਜ਼ਹਿਰਾਂ ਐਸੀਫੇਟ, ਬੁਪਰੋਫੈਜਿਨ, ਕਲੋਰਪੈਰੀਫਾਸ, ਹੈਕਸਾਕੋਨਾਜੋਲ, ਪ੍ਰੋਪੀਕੋਨਾਜੋਲ, ਥਾਇਆਮਿਥੋਕਸਮ, ਪਰਫੀਨੋਫਾਸ, ਇਮਿਡਾਕਲੋਪ੍ਰਿਡ, ਕਾਰਬੈਂਡਾਜਿਮ ਅਤੇ ਟ੍ਰਾਈਸਾਇਕਲਾਜੋਲ ਦੀ ਵਰਤੋਂ ਬਾਸਮਤੀ ਦੀ ਫਸਲ ਤੇ ਬਿਲਕੁਲ ਨਾ ਕਰਵਾਈ ਜਾਵੇ। ਇਸ ਮੌਕੇ ਏਈਓ ਦਇਆਪ੍ਰੀਤ ਸਿੰਘ, ਏਈਓ ਅਮਨਦੀਪ ਸਿੰਘ, ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ, ਤਲਵਿੰਦਰ ਸਿੰਘ, ਡੀਲਰ ਐਸੋਸੀਏਸ਼ਨ ਦੇ ਅਹੁਦੇਦਾਰ ਤਜਿੰਦਰ ਸਿੰਘ, ਚਮਨ ਲਾਲ, ਮਨੀਸ਼ ਕੁਮਾਰ, ਹਰਪਾਲ ਸਿੰਘ, ਫੀਲਡ ਵਰਕਰ ਦਿਲਬਾਗ ਸਿੰਘ, ਸਲਵਿੰਦਰ ਸਿੰਘ, ਗੁਰਦੇਵ ਸਿੰਘ ਤਕਨੀਕੀ ਸਹਾਇਕ ਅਤੇ ਬਲਾਕ ਪੱਟੀ, ਨੌਸ਼ਹਿਰਾ ਪਨੂੰਆਂ ਦੇ ਡੀਲਰਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਮਾਊਂਟ ਲਿਟਰਾ ਜ਼ੀ ਸਕੂਲ ਦੇ ਬੱਚੇ ਬੈਡਮਿੰਟਨ ਅੰਡਰ-14 'ਚ ਜੇਤੂ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਾਊਂਟ ਲਿਟਰਾ ਜ਼ੀ ਸਕੂਲ ਤਰਨ ਤਾਰਨ ਦੇ ਲੜਕਿਆਂ ਨੇ ਬੈਡਮਿੰਟਨ ਕੋਚ ਜਸਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਪੰਜਾਬ ਰਾਜ ਖੇਡਾਂ 'ਚ ਜ਼ੋਨ ਪੱਧਰ ਦੇ ਅੰਡਰ -14 ਅਤੇ ਅੰਡਰ -17 ਦੇ ਬੈਡਮਿੰਟਨ ਮੈਚ ਵਿਚ ਹਿੱਸਾ ਲਿਆ। ਇਹ ਦੋਵੇਂ ਮੈਚ ਮਾਊਂਟ ਲਿਟਰਾ ਜ਼ੀ ਸਕੂਲ, ਤਰਨ ਤਾਰਨ ਵਿਖੇ ਹੋਏ।

ਅੰਡਰ-14 ਟੀਮ ਦੇ ਲੜਕਿਆਂ ਦਾ ਫਾਈਨਲ ਮੁਕਾਬਲਾ ਮਮਤਾ ਨਿਕੇਤਨ ਸਕੂਲ ਨਾਲ ਹੋਇਆ ਜਿਸ ਵਿੱਚ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ -14 ਮੁਕਾਬਲੇ ਵਿੱਚ ਅਨੁਰਾਗ, ਸਵਾਸਤਿਕ ਸੂਦ, ਮਾਨ ਸਿੰਘ ਅਤੇ ਯੁਵਰਾਜ ਸਿੰਘ ਦੁਆਰਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਅੰਡਰ-17 ਦੇ ਲੜਕਿਆਂ ਨੇ ਤੀਜਾ ਸਥਾਨ ਹਾਸਲ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਇਨ੍ਹਾਂ ਚੱਲ ਰਹੇ ਮੁਕਾਬਲਿਆਂ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਦੀਆਂ ਲੜਕੀਆਂ ਵੀ ਤਹਿਸੀਲ ਪੱਧਰ 'ਤੇ ਜੇਤੂ ਰਹੀਆਂ ਹਨ।

ਇਸ ਮੌਕੇ ਪ੍ਰਿੰ. ਗਗਨ ਸ਼ਰਮਾ, ਚੇਅਰਮੈਨ ਗੁਰਵੰਤ ਸਿੰਘ ਅਤੇ ਡਾਇਰੈਕਟਰ ਕੁਲਦੀਪ ਸਿੰਘ ਵੱਲੋਂ ਲੜਕਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਅਤੇ ਵੱਧ ਚੜ੍ਹ ਕੇ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਇੰਡੀਅਨ ਆਇਲ ਦਾ 64ਵਾਂ ਜਨਮ ਦਿਨ ਮਨਾਇਆ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਇੰਡੀਅਨ ਆਇਲ ਪੂਰੇ ਦੇਸ਼ ਵਿਚ ਆਪਣਾ 64ਵਾਂ ਜਨਮ ਦਿਹਾੜਾ ਮਨਾ ਰਿਹਾ ਹੈ। ਇਸੇ ਲੜੀ ਤਹਿਤ ਅਸਿਸਟੈਂਟ ਮੈਨੇਜਰ ਅਮਿਤ ਕੁਮਾਰ ਦੀ ਅਗਵਾਈ ਹੇਠ ਮਹਾਰਾਜਾ ਗੈਸ ਸਰਵਿਸ ਸ੍ਰੀ ਗੋਇੰਦਵਾਲ ਸਾਹਿਬ ਵੱਲੋਂ ਵੀ ਬੜੇ ਉਤਸ਼ਾਹ ਅਤੇ ਚਾਅ ਨਾਲ ਇੰਡੀਅਨ ਆਇਲ ਦਾ 64ਵਾਂ ਜਨਮ ਦਿਨ ਮਨਾਇਆ ਗਿਆ।

ਇਸ ਮੌਕੇ ਮਹਾਰਾਜ ਗੈਸ ਸਰਵਿਸ ਦੇ ਪ੍ਰੋਪਰਾਈਟਰ ਅਮਰਜੀਤ ਸਿੰਘ ਨੇ ਦੱਸਿਆ ਕਿ ਬੜੇ ਉਤਰਾਅ ਚੜ੍ਹਾਅ ਅਤੇ ਸਖ਼ਤ ਮਿਹਨਤ ਦੇ ਨਾਲ ਅੱਜ ਇੰਡੀਅਨ ਆਇਲ ਇਸ ਮੁਕਾਮ 'ਤੇ ਪਹੁੰਚਿਆ ਹੈ ਜਿਸ ਵਿੱਚ ਸਮੁੱਚੇ ਸਟਾਫ ਦਾ ਭਰਪੂਰ ਯੋਗਦਾਨ ਰਿਹਾ ਹੈ। ਇੰਡੀਅਨ ਆਇਲ ਦੇਸ਼ ਦੀ ਨੰਬਰ ਵਨ ਕੰਪਨੀ ਹੈ। ਉਨ੍ਹਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਇਸ ਵਿੱਚ ਇੰਡੀਅਨ ਆਇਲ ਦੇ ਗਾਹਕਾਂ ਦਾ ਵਿਸ਼ੇਸ਼ ਯੋਗਦਾਨ ਹੈ ਅਤੇ ਉਨ੍ਹਾਂ ਨੇ ਪੂਰੇ ਦੇਸ਼ 'ਚ ਇੰਡੀਅਨ ਆਇਲ ਦੇ ਗਾਹਕਾਂ ਨੂੰ ਮੁਬਾਰਕਬਾਦ ਦਿੱਤੀ।

## ਆਈਸੀਆਈਸੀਆਈ ਪਰੂ ਗਿਫਟ ਪ੍ਰੋ. ਲਾਂਚ

ਜਲੰਧਰ : ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਇੱਕ ਨਵੀਨਤਮਕਾਰੀ ਆਮਦਨ ਯੋਜਨਾ, ਆਈਸੀਆਈਸੀਆਈ ਪਰੂ ਗਿਫਟ ਪ੍ਰੋ. ਲਾਂਚ ਕੀਤੀ ਹੈ, ਜੋ ਗਾਹਕਾਂ ਨੂੰ ਸਾਲ-ਦਰ-ਸਾਲ ਵਧਦੀ ਆਮਦਨ ਜਾਂ ਲਗਾਤਾਰ ਨਿਯਮਤ ਆਮਦਨ ਪ੍ਰਾਪਤ ਕਰਨ ਦਾ ਵਿਕਲਪ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ, ਇਸ ਗੈਰ-ਭਾਗੀਦਾਰੀ ਬੱਚਤ ਉਤਪਾਦ ਦਾ ਜੀਵਨ ਕਵਰ ਕੰਪੋਨੈਂਟ ਇਹ ਯਕੀਨੀ ਬਣਾਉਂਦਾ ਹੈ ਕਿ ਪਰਿਵਾਰ ਨੂੰ ਵਿੱਤੀ ਸੁਰੱਖਿਆ ਮਿਲਦੀ ਹੈ। 30 ਸਾਲਾਂ ਤੱਕ ਵਧਦੀ ਆਮਦਨੀ ਜਾਂ ਸਥਿਰ ਆਮਦਨ ਪ੍ਰਦਾਨ ਕਰੇਗਾ, ਇੱਕਮੁਸ਼ਤ ਲਾਭ ਦੇ ਨਾਲ ਨਿਯਮਤ ਆਮਦਨ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਅਮਿਤ ਪਲਟਾ ਚੀਫ ਡਿਸਟ੍ਰੀਬਿਊਸ਼ਨ ਅਫਸਰ ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਕਿਹਾ ਕਿ ਅਸੀਂ ਆਈਸੀਆਈਸੀਆਈ ਪਰੂ ਗਿਫਟ ਪ੍ਰੋ. ਨੂੰ ਪੇਸ਼ ਕਰਨ ਲਈ ਉਤਸ਼ਾਹਿਤ ਹਾਂ।

## ਸ਼ਕਤੀ ਪੰਪਸ ਨੂੰ ਮਿਲਿਆ 350 ਕਰੋੜ ਦਾ ਵਰਕ ਆਰਡਰ

ਜਲੰਧਰ : ਸੋਲਰ ਪੰਪਿੰਗ ਸਲਿਊਸ਼ਨਜ਼ ਵਿੱਚ ਮੋਹਰੀ ਸ਼ਕਤੀ ਪੰਪਸ ਦੇ ਖਾਤੇ ਵਿੱਚ ਇੱਕ ਨਵੀਂ ਉਪਲਬਧੀ ਜੁੜ ਗਈ ਹੈ। ਕੰਪਨੀ ਨੂੰ ਹਰਿਆਣਾ ਵਿੱਚ ਗ੍ਰੀਨ ਐਨਰਜੀ ਡਿਵੈਲਪਮੈਂਟ ਏਜੰਸੀ (ਹਰੇਡਾ) ਤੋਂ 350 ਕਰੋੜ ਰੁਪਏ ਦਾ ਵਰਕ ਆਰਡਰ ਮਿਲਿਆ ਹੈ। ਇਹ ਵਰਕ ਆਰਡਰ ਹਰੇਡਾ ਦੁਆਰਾ ਸ਼ੁਰੂ ਕੀਤੀ ਮਹੱਤਵਪੂਰਨ ਕੁਸੁਮ ਸਕੀਮ-3 ਦੇ ਤਹਿਤ ਪ੍ਰਾਪਤ ਮਿਲਿਆ ਹੈ। ਸ਼ਕਤੀ ਪੰਪਸ ਦੇ ਚੇਅਰਮੈਨ ਦਿਨੇਸ਼ ਪਾਟੀਦਾਰ ਨੇ ਕਿਹਾ ਕਿ ਅਸੀਂ ਕਿਸਾਨਾਂ ਅਤੇ ਹਰੇਡਾ ਟੀਮ ਨੂੰ ਉਨ੍ਹਾਂ ਦੇ ਵਿਸ਼ਵਾਸ ਅਤੇ ਸਮਰਥਨ ਲਈ ਹਾਰਦਿਕ ਧੰਨਵਾਦ ਕਰਦੇ ਹਾਂ। ਇਸ ਉਪਰਾਲੇ ਦੇ ਜ਼ਰੀਏ ਕਿਸਾਨ ਸੋਲਰ ਐਨਰਜੀ ਦੀ ਵਰਤੋਂ ਕਰਕੇ ਪਾਣੀ ਅਤੇ ਬਿਜਲੀ ਬਚਾਉਣ ਦੇ ਨਾਲ-ਨਾਲ ਮਾਈਕਰੋ-ਇਰੀਗੇਸ਼ਨ ਦੀ ਮਦਦ ਨਾਲ ਖੇਤੀ ਵਿੱਚ ਹੋਰ ਵਿਕਾਸ ਕਰ ਸਕਦੇ ਹਨ।

# ਫੀਡ ਸਟੋਰ ਕਰਨ 'ਤੇ ਹੜ੍ਹ ਪ੍ਰਭਾਵਤ ਲੋਕਾਂ 'ਚ ਰੋਸ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਤੋਂ ਬਾਅਦ ਕਈ ਲੋਕ ਬੇਘਰ ਹੋ ਗਏ ਹਨ। ਕੁਝ ਲੋਕ ਪ੍ਰਸ਼ਾਸਨ ਵੱਲੋਂ ਬਣਾਏ ਗਏ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ, ਜਦਕਿ ਕੁਝ ਲੋਕ ਜਿੱਥੇ ਜਗ੍ਹਾ ਮਿਲ ਰਹੀ ਹੈ, ਉੱਥੇ ਹੀ ਰਹਿ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਸਰਹੱਦੀ ਪਿੰਡਾਂ ਦੇ ਕੁਝ ਹੜ੍ਹ ਪ੍ਰਭਾਵਤ ਲੋਕਾਂ ਨੂੰ ਕਾਂਵਾਂਵਾਲੀ ਨੇੜੇ ਬਣੇ ਬੰਨ੍ਹ 'ਤੇ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪਸ਼ੂਆਂ ਲਈ ਕਿਸੇ ਹੋਰ ਥਾਂ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਉਨ੍ਹਾਂ ਨੇ ਆਪਣੇ ਪਸ਼ੂਆਂ ਨੂੰ ਬੰਨ੍ਹ ਦੇ ਉੱਪਰ ਹੀ ਬੰਨ੍ਹ ਦਿੱਤਾ ਹੈ। ਇੱਥੇ ਨਾ ਤਾਂ ਉਨ੍ਹਾਂ ਨੂੰ ਰਾਸ਼ਨ ਦਾ ਸਾਮਾਨ ਦਿੱਤਾ ਗਿਆ ਹੈ ਤੇ ਨਾ ਹੀ ਉਨ੍ਹਾਂ ਦੇ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕੀਤਾ ਗਿਆ ਹੈ। ਇੱਕ ਪਾਸੇ ਜਿੱਥੇ ਲੋਕਾਂ ਦੇ ਪਸ਼ੂ ਚਾਰੇ ਤੋਂ ਬਿਨਾਂ ਭੁੱਖੇ ਰਹਿਣ ਲਈ ਮਜਬੂਰ ਹੋ ਰਹੇ ਹਨ, ਉੱਥੇ ਹੀ ਦੂਜੇ ਪਾਸੇ ਪਿੰਡ ਕਾਵਾਂਵਾਲੀ ਦੇ ਸਰਕਾਰੀ ਸਕੂਲ ਦੇ ਹੜ੍ਹ ਕੰਟਰੋਲ ਰੂਮ ਦੇ ਇੱਕ ਕਮਰੇ ਵਿੱਚ ਹੜ੍ਹ ਪ੍ਰਭਾਵਤ ਲੋਕਾਂ ਦੇ ਪਸ਼ੂਆਂ ਲਈ ਚਾਰੇ ਦੇ ਥੈਲੇ ਰੱਖੇ ਹੋਏ ਹਨ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਜਾਣਕਾਰੀ ਦਿੰਦਿਆਂ ਬਲਵੀਰ ਸਿੰਘ, ਸਵਰਨ ਸਿੰਘ, ਜਮਨਾ ਬਾਈ ਵਾਸੀ ਤੇਜਾ ਰੁਹੇਲਾ, ਕਾਜਲ ਰਾਣੀ ਵਾਸੀ ਝੰਗੜ ਭੈਣੀ ਤੇ ਹੋਰਨਾਂ ਨੇ ਦੱਸਿਆ ਕਿ ਹੜ੍ਹ ਦਾ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਵੜ ਜਾਣ ਕਾਰਨ ਉਨ੍ਹਾਂ ਨੂੰ ਆਪਣੇ ਪਸ਼ੂਆਂ ਸਮੇਤ ਆਪਣੇ ਪਰਵਾਰਾਂ ਨੂੰ ਬਾਹਰ ਕੱਢਣਾ ਪਿਆ। ਉਨ੍ਹਾਂ ਦੱਸਿਆ ਕਿ ਘਰੋਂ ਨਿਕਲ ਕੇ ਉਹ ਸਭ ਤੋਂ ਪਹਿਲਾਂ ਪਿੰਡ ਹਸਤਾ ਕਲਾਂ ਸਥਿਤ ਰਾਹਤ ਕੈਂਪ ਵਿੱਚ ਪੁੱਜੇ। ਉਥੇ ਪਸ਼ੂਆਂ ਦੇ ਠਹਿਰਨ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਉਹ ਆਪਣੇ ਪਸ਼ੂਆਂ ਨੂੰ ਉਥੋਂ ਲੈ ਕੇ ਪਿੰਡ ਕਾਂਵਾਂਵਾਲੀ ਦੇ ਬੰਨ੍ਹ 'ਤੇ ਚਲੇ ਗਏ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਰਵਾਰ ਤੇ ਜਾਨਵਰਾਂ ਨਾਲ ਉੱਥੇ ਡੇਰਾ ਲਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਇੱਕ ਹਫਤੇ ਵਿੱਚ ਪ੍ਰਸ਼ਾਸਨ ਵਿੱਚੋਂ ਕਿਸੇ ਨੇ ਵੀ ਉਨ੍ਹਾਂ ਦਾ ਹਾਲ-ਚਾਲ ਨਹੀਂ ਪੁੱਛਿਆ। ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਲਈ ਨਾ ਤਾਂ ਕੋਈ ਰਾਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਨਾ ਹੀ ਉਨ੍ਹਾਂ ਦੇ ਪਸ਼ੂਆਂ ਲਈ ਚਾਰੇ ਦਾ ਕੋਈ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨੇੜਲੇ ਪਿੰਡ ਕਾਂਵਾਂਵਾਲੀ ਦੇ ਸਰਕਾਰੀ ਸਕੂਲ ਵਿੱਚ ਬਣੇ ਫਲੱਡ ਕੰਟਰੋਲ ਰੂਮ ਵਿੱਚ ਫੀਡ ਦੇ ਕਈ ਥੈਲੇ ਰੱਖੇ ਹੋਏ ਹਨ। ਜਦੋਂ ਉਨ੍ਹਾਂ ਨੇ ਉੱਥੇ ਮੌਜੂਦ ਸਟਾਫ ਨੂੰ ਉਨ੍ਹਾਂ ਦੇ ਪਸ਼ੂਆਂ ਲਈ ਫੀਡ ਦੇ ਥੈਲੇ ਮੁਹੱਈਆ ਕਰਵਾਉਣ ਦੀ ਬੇਨਤੀ ਕੀਤੀ ਤਾਂ ਸਟਾਫ ਨੇ ਉਨ੍ਹਾਂ ਨੂੰ ਉੱਚ ਅਧਿਕਾਰੀਆਂ ਨਾਲ ਗੱਲ ਕਰਨ ਲਈ ਕਿਹਾ। ਇਸ ਤੋਂ ਬਾਅਦ ਜਦੋਂ ਉਨ੍ਹਾਂ ਵੱਲੋਂ ਕਈ ਸੰਬੰਧਤ ਅਧਿਕਾਰੀਆਂ ਨੂੰ ਇੱਥੋਂ ਫੀਡ ਦੇਣ ਲਈ ਬੇਨਤੀ ਕੀਤੀ ਗਈ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਜਿਸ ਕਾਰਨ ਉਨ੍ਹਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਨੂੰ ਰਾਸ਼ਨ ਸਮੱਗਰੀ ਦੇ ਨਾਲ-ਨਾਲ ਪਸ਼ੂਆਂ ਲਈ ਚਾਰਾ ਮੁਹੱਈਆ ਕਰਵਾਇਆ ਜਾਵੇ। ਜਦੋਂ ਪਿੰਡ ਕਾਂਵਾਂਵਾਲੀ ਦੇ ਸਰਕਾਰੀ ਸਕੂਲ ਵਿੱਚ ਬਣੇ ਫਲੱਡ ਕੰਟਰੋਲ ਰੂਮ ਵਿੱਚ ਜਾ ਕੇ ਦੇਖਿਆ ਤਾਂ ਉੱਥੇ 60-70 ਦੇ ਕਰੀਬ ਫੀਡ ਦੀਆਂ ਬੋਰੀਆਂ ਪਈਆਂ ਸਨ। ਇਸ ਦੌਰਾਨ ਜਦੋਂ ਉੱਥੇ ਮੌਜੂਦ ਮੁਲਾਜ਼ਮਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਦੇ ਹੁਕਮਾਂ 'ਤੇ ਹੀ ਉਨ੍ਹਾਂ ਨੂੰ ਇੱਥੇ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਸ ਫੀਡ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਇਹ ਫੀਡ ਕਿਸੇ ਹੜ੍ਹ ਪ੍ਰਭਾਵਤ ਵਿਅਕਤੀ ਨੂੰ ਵੰਡਣ ਦੇ ਆਦੇਸ਼ ਦਿੱਤੇ ਗਏ ਹਨ। ਜਦੋਂ ਇਸ ਸੰਬੰਧੀ ਉਨ੍ਹਾਂ ਆਪਣੇ ਉੱਚ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਫੀਡ ਐਮਰਜੈਂਸੀ ਲਈ ਰੱਖੀ ਗਈ ਹੈ। ਇਸ ਸੰਬੰਧੀ ਜਦੋਂ ਤਹਿਸੀਲਦਾਰ ਸੁਖਦੇਵ ਚੰਦ ਨਾਲ ਗੱਲ ਕੀਤੀ ਤਾਂ ਉਨ੍ਹਾਂ ਇਸ ਸੰਬੰਧੀ ਐੱਸ.ਡੀ.ਐੱਮ. ਨਾਲ ਗੱਲ ਕਰਨ ਦੀ ਗੱਲ ਕਹੀ।

# ਕੰਪਿਊਟਰ ਅਧਿਆਪਕਾਂ ਵੱਲੋਂ 5 ਨੂੰ ਰਾਜ ਪੱਧਰੀ ਸਮਾਰੋਹ ਮੌਕੇ ਰੋਸ ਪ੍ਰਦਰਸ਼ਨ

**ਸੌ ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਵਾਰਾਂ ਨੂੰ ਨਹੀਂ ਦਿੱਤਾ ਜਾ ਰਿਹਾ ਨਿਆਂ : ਹਰਜੀਤ ਸੰਧੂ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸਰਕਾਰ ਦੀ ਲਾਰੇ ਲੱਪੇ ਅਤੇ ਦੀ ਡੰਗ ਟਪਾਓ ਨੀਤੀ ਤੋਂ ਤੰਗ ਹੋ ਕੇ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਪੰਜਾਬ ਸਰਕਾਰ ਦੇ ਰਾਜ ਪੱਧਰੀ ਪ੍ਰੋਗਰਾਮ ਦੇ ਬਾਹਰ 18 ਸਾਲ ਸੇਵਾ ਨਿਭਾਅ ਚੁੱਕੇ 100 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਨੂੰ ਇਨਸਾਫ ਦਿਵਾਉਣ ਤੇ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਲਈ ਪੰਜਾਬ ਸਰਕਾਰ ਨੂੰ ਘੇਰਨ ਦਾ ਫੈਸਲਾ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਲਿਆ ਗਿਆ, ਕਿਉਂਕਿ ਅਨੇਕਾਂ ਵਾਰ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਤੇ ਪੰਜਾਬ ਸਰਕਾਰ ਦੀ ਸਬ-ਕਮੇਟੀ ਦੇ ਨਾਲ ਮੀਟਿੰਗਾਂ ਕਰਨ ਉਪਰੰਤ ਵੀ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਤੇ ਲੰਬਿਤ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਹੈ।ਜੁਲਾਈ 2011 ਨੂੰ ਰਾਜਪਾਲ ਪੰਜਾਬ ਦੇ ਨੋਟੀਫਿਕੇਸ਼ਨ ਅਨੁਸਾਰ ਮੌਕੇ ਦੀ ਸਰਕਾਰ ਨੇ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਸੇਵਾਵਾਂ ਤਹਿਤ ਰੈਗੂਲਰ ਕੀਤਾ ਗਿਆ, ਪਰ ਅੱਜ ਤੱਕ ਇਹ ਨੋਟੀਫਿਕੇਸ਼ਨ ਪੂਰਨ ਤੌਰ 'ਤੇ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀ ਕੀਤਾ ਗਿਆ।ਜਥੇਬੰਦੀ ਦੇ ਆਗੂਆਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ, ਏਸੀਪੀ ਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਹਨ, ਜਿਨ੍ਹਾਂ ਨੂੰ ਤੁਰੰਤ ਲਾਗੂ ਕੀਤੇ ਜਾਵੇ। ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬੇਸ਼ੱਕ ਪਿਛਲੇ ਸਾਲ ਸਤੰਬਰ 2022 ਵਿੱਚ ਅਨੇਕਾਂ ਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਖ਼ਬਾਰਾਂ, ਸੋਸ਼ਲ ਮੀਡੀਆ ਤੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਮੰਚਾਂ 'ਤੇ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਦੇ ਮੌਕੇ 'ਤੇ ਬਣਦੇ ਲਾਭ ਦੇਣ ਦਾ ਐਲਾਨ ਕੀਤਾ ਸੀ, ਜੋ ਇੱਕ ਸਾਲ ਬੀਤ ਜਾਣ ਉਪਰੰਤ ਵੀ ਪੂਰਾ ਨਹੀਂ ਕੀਤਾ ਗਿਆ, ਜਿਸ ਕਰਕੇ ਅਧਿਆਪਕ ਦਿਵਸ ਮੌਕੇ ਕੰਪਿਊਟਰ ਅਧਿਆਪਕਾਂ ਨਾਲ 18 ਸਾਲਾਂ ਤੋਂ ਕੀਤੇ ਜਾ ਰਹੇ ਸ਼ੋਸ਼ਣ ਨੂੰ ਲੋਕਾਂ ਵਿੱਚ ਪ੍ਰਚਾਰਿਆ ਜਾਵੇਗਾ।ਜ਼ਿਕਰਯੋਗ ਹੈ ਕਿ 100 ਦੇ ਕਰੀਬ ਕੰਪਿਊਟਰ ਅਧਿਆਪਕ, ਜਿਨ੍ਹਾਂ ਦੀ ਨੌਕਰੀ ਦੌਰਾਨ ਮੌਤ ਹੋ ਗਈ ਹੈ, ਪੰਜਾਬ ਸਰਕਾਰ ਨੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਰ ਵੀ ਨਹੀਂ ਲਈ, ਨਾ ਹੀ ਉਨ੍ਹਾਂ ਦੇ ਆਸ਼ਰਿਤਾਂ ਨੂੰ ਨੌਕਰੀ ਦਿੱਤੀ ਅਤੇ ਨਾ ਹੀ ਕੋਈ ਵਿੱਤੀ ਲਾਭ ਦਿੱਤਾ ਗਿਆ, ਜਿਸ ਕਾਰਨ ਪੰਜਾਬ ਸਰਕਾਰ ਦਾ ਇਹ ਪੱਖ ਰੈਲੀ ਦੌਰਾਨ ਆਮ ਲੋਕਾਂ ਸਾਹਮਣੇ ਉਜਾਗਰ ਕਰਕੇ ਕੰਪਿਊਟਰ ਅਧਿਆਪਕ ਵਿਰੋਧੀ ਪੰਜਾਬ ਸਰਕਾਰ ਦੇ ਚਿਹਰੇ ਨੂੰ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਕੰਪਿਊਟਰ ਅਧਿਆਪਕ ਇਸ ਰੈਲੀ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਰਵਿੰਦਰ ਸਿੰਘ, ਸਰਵਜੋਤ ਸਿੰਘ, ਸ਼ਮਸ਼ੇਰ ਸਿੰਘ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਜਤਿੰਦਰ ਕੁਮਾਰ, ਚੇਤਨ ਕੱਕੜ, ਰੋਹਿਤ ਸ਼ਰਮਾ, ਸਤਨਾਮ ਸਿੰਘ, ਸੰਜੀਵ ਮਮਚੰਦਾ, ਮਿਸਾਲ ਧਵਨ, ਪ੍ਰਿਤਪਾਲ ਸਿੰਘ, ਗੌਰਵ, ਮੁਕੇਸ਼ ਚੌਹਾਨ ਆਦਿ ਕੰਪਿਊਟਰ ਅਧਿਆਪਕ ਹਾਜ਼ਰ ਸਨ।

## ਕਾਤਰਾਂ

### ਤਾਲਮੇਲ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀ ਵਿਉਂਤਬੰਦੀ

**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸਥਾਨਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ ਸ਼ਰਧਾ ਪੂਰਵਕ ਮਨਾਉਣ ਹਿੱਤ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਇਸ ਸੰਬੰਧੀ ਤਾਲਮੇਲ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਇਸਤਰੀ ਸਤਿਸੰਗ ਸਭਾਵਾਂ ਦੇ ਮੈਂਬਰਾਂ ਨਾਲ ਜਸਵਿੰਦਰ ਸਿੰਘ ਪ੍ਰਿੰਸ ਮੁਖੀ ਤਾਲਮੇਲ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ। ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਨੇ ਸਵਾਗਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜ਼ਾ ਸਮਾਗਮ 8, 9 ਸਤੰਬਰ ਦੀ ਰਾਤਰੀ ਤੇ 10 ਸਤੰਬਰ ਨੂੰ ਸਵੇਰੇ ਹੋਣਗੇ। ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਆਖੰਡ ਪਾਠ ਦੇ ਭੋਗ 8 ਸਤੰਬਰ ਨੂੰ ਸਵੇਰੇ 8 ਵਜੇ ਪਾਏ ਜਾਣਗੇ ਤੇ 10 ਸਤੰਬਰ ਨੂੰ ਸਵੇਰੇ 8 ਤੋਂ 10 ਵਜੇ ਤੱਕ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਕੀਤਾ ਜਾਵੇਗਾ।

### ਲੱਖੋਵਾਲ ਕਲਾਂ 'ਚ ਦੰਗਲ ਮੇਲੇ ਦਾ ਪੋਸਟਰ ਜਾਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਲੱਖੋਵਾਲ ਕਲਾਂ ਵਿਖੇ ਗੁੱਗਾ ਮੈੜੀ 'ਤੇ ਦੰਗਲ ਮੇਲਾ 7 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਦਾ ਪ੍ਰਬੰਧਕਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 5 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 7 ਸਤੰਬਰ ਨੂੰ ਭੋਗ ਪਾਉਣ ਉਪਰੰਤ ਗੁਰਬਾਣੀ ਦਾ ਕੀਰਤਨ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਸ਼ਾਮ 4 ਵਜੇ ਕੁਸ਼ਤੀਆਂ ਸ਼ੁਰੂ ਹੋਣਗੀਆਂ ਤੇ ਝੰਡੀ ਦੀ ਕੁਸ਼ਤੀ ਆਰ-ਪਾਰ ਵਾਲੀ ਹੋਵੇਗੀ। ਦੰਗਲ ਮੇਲੇ ਵਿੱਚ ਝੰਡੀ ਦੀ ਕੁਸ਼ਤੀ ਤਾਲਬ ਪਹਿਲਵਾਨ (ਅਖਾੜਾ ਬਾਬਾ ਫਲਾਹੀ) ਤੇ ਦੀਪ ਕੱਕਰਾਂ (ਅਖਾੜਾ ਦਲਿੱਤਾ ਗੁਰੂ ਬੁੱਧ ਸਿੰਘ) ਵਿਚਕਾਰ ਹੋਵੇਗੀ। ਇਸ ਤੋਂ ਇਲਾਵਾ ਦੰਗਲ ਮੇਲੇ ਵਿੱਚ ਪੰਜਾਬ ਭਰ ਤੋਂ ਪਹਿਲਵਾਨ ਆਪਣੇ ਜੌਹਰ ਦਿਖਾਉਣਗੇ। ਪੋਸਟਰ ਜਾਰੀ ਕਰਨ ਮੌਕੇ ਪ੍ਰਧਾਨ ਤੇਜਿੰਦਰਪਾਲ ਸਿੰਘ, ਉਪ ਪ੍ਰਧਾਨ ਹਰਿੰਦਰਪਾਲ ਸਿੰਘ, ਪ੍ਰਿੰਸੀਪਲ ਗੁਰਿੰਦਰਪਾਲ ਸਿੰਘ, ਪ੍ਰਧਾਨ ਅਮਨਦੀਪ ਸਿੰਘ ਤਨੇਜਾ, ਜਗਦੀਪ ਸਿੰਘ ਝੱਜ, ਗਿਆਨ ਸਿੰਘ, ਗੁਰਪ੍ਰੀਤ ਸਿੰਘ ਮਾਣਕੀ, ਕੁਲਵੀਰ ਸਿੰਘ ਓਟਾਲ, ਚਰਨਜੀਤ ਸਿੰਘ ਝੱਜ, ਮੋਹਨ ਸਿੰਘ ਝੱਜ, ਅਮਰਜੀਤ ਸਿੰਘ ਤਨੇਜਾ ਮੌਜੂਦ ਸਨ।

### ਸੰਘੋਲ 'ਚ ਨਸ਼ਿਆਂ ਬਾਰੇ ਕੀਤਾ ਜਾਗਰੂਕ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਤੇ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਜ) ਦੇ ਵਿਭਾਗ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਅਧੀਨ ਸੈਂਟਰ ਸ਼੍ਰੀਮਤੀ ਜਵਾਲਾ ਦੇਵੀ ਮੈਮੋਰੀਅਲ ਟਰੱਸਟ ਪਿੰਡ ਸੰਘੋਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਨਸ਼ਿਆਂ ਬਾਰੇ ਜਾਗਰੂਕਤਾ ਕਰਨ ਲਈ ਇੱਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਅਰਵਿੰਦਰ ਸਿੰਘ ਤੇ ਬਲਬੀਰ ਸਿੰਘ ਨੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਵਿਦਿਆਰਥੀਆਂ ਨੂੰ ਨਸ਼ੇ ਨਾ ਕਰਨ ਬਾਰੇ ਜਾਗਰੂਕ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਸਿਖਿਆਰਥੀਆਂ ਨੂੰ ਆਪਣੇ ਇਲਾਕੇ, ਪਿੰਡਾਂ ਤੇ ਪਰਿਵਾਰਾਂ ਨੂੰ ਵੀ ਜਾਗਰੂਕ ਕਰਨ ਦੀ ਸਲਾਹ ਦਿੱਤੀ। ਇਹ ਸਾਰਾ ਪ੍ਰੋਗਰਾਮ ਪ੍ਰੋਜੈਕਟ ਹੈੱਡ ਨਿਤੇਸ਼ ਕੁਮਾਰ, ਸੈਂਟਰ ਹੈੱਡ ਬਲਕਾਰ ਸਿੰਘ, ਲਖਵਿੰਦਰ ਸਿੰਘ ਤੇ ਹੋਰਨਾਂ ਦੀ ਮਦਦ ਨਾਲ ਸਫਲਤਾਪੂਰਵਕ ਸੰਪੂਰਨ ਹੋਇਆ। ਇਹ ਜਾਣਕਾਰੀ ਮੁਕੇਸ਼ ਕੁਮਾਰ ਮੈਨੇਜਰ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਫਤਹਿਗੜ੍ਹ ਸਾਹਿਬ ਵੱਲੋਂ ਦਿੱਤੀ ਗਈ।

### ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਸਰਕਾਰ ਗੱਲਬਾਤ ਰਾਹੀਂ ਹੱਲ ਕਰੇ : ਜਾਗੋਵਾਲੀਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਕਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਤੇ ਜਨਰਲ ਸਕੱਤਰ ਬਲਕਾਰ ਸਿੰਘ ਮਾੜੀਮੇਘਾ, ਸੀਨੀਅਰ ਮੀਤ ਪ੍ਰਧਾਨ ਕਿੱਕਰ ਸਿੰਘ, ਮਾਸਟਰ ਬੂਟਾ ਰਾਮ ਤੇ ਵਿਜੈ ਕੁਮਾਰ ਗੱਖੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ 'ਤੇ ਲਾਏ ਐਸਮਾ ਕਾਨੂੰਨ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਮੰਗ ਕੀਤੀ ਕਿ ਇਸ ਮੁਲਾਜ਼ਮ ਵਿਰੋਧੀ ਕਾਨੂੰਨ ਨੂੰ ਵਾਪਸ ਲਿਆ ਜਾਵੇ।ਉਨ੍ਹਾਂ ਕਿਹਾ ਕਿ ਚੋਣਾਂ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਨੂੰ ਲਾਗੂ ਨਾ ਕਰਕੇ ਭਗਵੰਤ ਮਾਨ ਸਰਕਾਰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ।ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਕਰਨ ਲਈ ਜਥੇਬੰਦੀਆਂ ਨੂੰ ਸਮਾਂ ਨਹੀਂ ਦਿੱਤਾ ਜਾ ਰਿਹਾ, ਸਗੋਂ ਸੰਘਰਸ਼ਾਂ ਨੂੰ ਕੁਚਲਣ ਲਈ ਐਸਮਾ ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਦਬਾਇਆ ਜਾ ਰਿਹਾ ਹੈ, ਜਿਸ ਕਾਰਨ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ ਤੇ ਐਸਮਾ ਕਾਨੂੰਨ ਨੂੰ ਲਾਗੂ ਕਰਨ ਤੋਂ ਗੁਰੇਜ਼ ਕੀਤਾ ਜਾਵੇ।

### 8 ਅਪਰਾਧਕ ਮਾਮਲਿਆਂ ਦਾ ਭਗੌੜਾ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਨੇ ਵੱਖ-ਵੱਖ ਅਪਰਾਧਕ ਮਾਮਲਿਆਂ 'ਚ ਭਗੌੜਾ ਚੱਲ ਰਹੇ ਸਤਨਾਮ ਸਿੰਘ ਵਾਸੀ ਕੀਮਾ ਭੈਣੀ ਨੂੰ ਕਾਬੂ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਕੱਤਰ ਕੀਤੀ ਜਾਣਕਾਰੀ ਮੁਤਾਬਕ ਸਤਨਾਮ ਸਿੰਘ ਜੋ ਕਿ ਵੱਖ-ਵੱਖ ਥਾਵਾਂ 'ਤੇ ਕਰੀਬ 8 ਅਪਰਾਧਕ ਮਾਮਲਿਆਂ 'ਚ ਲੋੜੀਂਦਾ ਸੀ, ਉਹ ਅੱਜ ਮਾਛੀਵਾੜਾ ਮੁਢਲੇ ਸਿਹਤ ਕੇਂਦਰ 'ਚ ਨਸ਼ਾ ਛਡਾਉਣ ਦੀ ਦਵਾਈ ਲੈਣ ਸਮੇਂ ਅੜਿੱਕੇ ਆ ਗਿਆ। ਮਾਛੀਵਾੜਾ ਥਾਣੇ ਦੇ ਐੱਸ ਐੱਚ ਓ ਸੰਤੋਖ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 31 ਮਈ 2015 ਨੂੰ ਸਤਨਾਮ ਸਿੰਘ ਵਾਸੀ ਕੀਮਾ ਭੈਣੀ ਖਿਲਾਫ਼ ਨਸ਼ੀਲੇ ਪਦਾਰਥਾਂ ਸੰਬੰਧੀ ਮਾਮਲਾ ਦਰਜ ਕੀਤਾ ਸੀ ਜੋ ਕਿ ਭਗੌੜਾ ਚੱਲ ਰਿਹਾ ਸੀ। ਸਹਾਇਕ ਥਾਣੇਦਾਰ ਮੋਹਣ ਲਾਲ ਵੱਲੋਂ ਗਨੀ ਖਾਂ ਨਬੀ ਖਾਂ ਗੇਟ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਕਿ ਸੂਚਨਾ ਮਿਲੀ ਕਿ ਸਤਨਾਮ ਸਿੰਘ ਇਸ ਸਮੇਂ ਮਾਛੀਵਾੜਾ ਮੁਢਲੇ ਸਿਹਤ ਕੇਂਦਰ 'ਚ ਨਸ਼ਾ ਛੁਡਾਉਣ ਦੀ ਦਵਾਈ ਲੈਣ ਆਇਆ ਹੈ। ਪੁਲਸ ਵੱਲੋਂ ਤੁਰੰਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਮੁਖੀ ਸੰਤੋਖ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਸਤਨਾਮ ਸਿੰਘ ਖਿਲਾਫ਼ ਕਈ ਮਾਮਲੇ ਦਰਜ ਹਨ ਜਿਸ ਵਿਚ 2010 'ਚ ਥਾਣਾ ਕੂੰਮਕਲਾਂ ਵਿਚ ਨਜਾਇਜ਼ ਸ਼ਰਾਬ ਦਾ, 2012 'ਚ ਥਾਣਾ ਬਲਾਚੌਰ ਵਿਖੇ ਲੁੱਟਖੋਹ ਅਤੇ ਕੂੰਮਕਲਾਂ 'ਚ ਹਥਿਆਰਾਂ ਤੇ ਲੁੱਟ ਖੋਹ ਦਾ, ਸੰਨ 2014 'ਚ ਕੂੰਮਕਲਾਂ ਥਾਣਾ ਵਿਖੇ ਨਜਾਇਜ਼ ਸ਼ਰਾਬ ਦਾ, 2017 ਵਿਚ ਬਸੀ ਪਠਾਣਾ ਥਾਣਾ ਵਿਖੇ ਨਜਾਇਜ਼ ਸ਼ਰਾਬ ਦਾ, 2018 ਵਿਚ ਕੂੰਮਕਲਾਂ ਥਾਣਾ ਵਿਚ ਨਸ਼ੀਲੇ ਪਦਾਰਥਾਂ ਦਾ ਮਾਮਲਾ ਦਰਜ ਹੈ।

# ਗਰਮ ਰੁੱਤ ਸਕੂਲ ਖੇਡ ਮੁਕਾਬਲਿਆਂ 'ਚ ਗਰੀਨਲੈਂਡ ਸਕੂਲ ਦੀ ਝੰਡੀ



**ਬਰੇਟਾ (ਰੀਤਵਾਲ)**-ਹਰ ਸਾਲ ਦੀ ਤਰ੍ਹਾਂ ਜ਼ੋਨ ਪੱਧਰ ਦੇ ਗਰਮ ਰੁੱਤ ਮੁਕਾਬਲੇ ਕਰਵਾਏ ਗਏ ਜਿਸ 'ਚ ਬਰੇਟਾ ਜ਼ੋਨ ਦੇ ਵੱਖ ਵੱਖ ਸਕੂਲਾਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ 'ਚ ਗਰੀਨ ਲੈਂਡ ਸਕੂਲ ਦਾ ਵੱਖ ਵੱਖ ਖੇਡਾਂ 'ਚ ਬਹੁਤ ਵਧੀਆ ਪ੍ਰਦਰਸ਼ਨ ਰਿਹਾ। ਕ੍ਰਿਕਟ ਅੰਡਰ-17 ਤੇ 19 ਲੜਕੇ ਪਹਿਲਾ, ਕ੍ਰਿਕਟ ਅੰਡਰ-14 ਲੜਕੇ, ਅੰਡਰ-19 ਲੜਕੀਆਂ ਦੂਜਾ ਸਥਾਨ ਪ੍ਰਾਪਤ ਕੀਤਾ। ਵਾਲੀਬਾਲ ਅੰਡਰ-19 ਪਹਿਲਾ ਤੇ ਅੰਡਰ-17 ਦੂਜਾ ਸਥਾਨ, ਬੈਡਮਿੰਟਨ ਅੰਡਰ-14 ਤੇ 17 ਲੜਕੇ ਤੇ ਲੜਕੀਆਂ ਪਹਿਲਾ ਸਥਾਨ, ਅੰਡਰ-19 ਲੜਕੇ ਦੂਜਾ ਸਥਾਨ ਪ੍ਰਾਪਤ ਕੀਤਾ। ਚੈੱਸ (ਸ਼ਤਰੰਜ) ਅੰਡਰ-14 ਲੜਕ ਤੇ ਲੜਕੀਆਂ, ਅੰਡਰ-17 ਲੜਕੇ ਤੇ ਲੜਕੀਆਂ ਕ੍ਰਮਵਾਰ ਪਹਿਲਾ ਸਥਾਨ ਹਾਸਲ ਕੀਤਾ। ਚੈੱਸ ਸ਼ਤਰੰਜ ਅੰਡਰ-19 ਲੜਕੇ ਪਹਿਲਾ ਤੇ ਅੰਡਰ-19 ਕੁੜੀਆਂ ਦੂਜਾ ਸਥਾਨ। ਖੋ ਖੋ ਲੜਕੇ ਅੰਡਰ-14 ਤੇ ਅੰਡਰ-19 ਕ੍ਰਮਵਾਰ ਦੂਜਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ 'ਚ ਅੰਡਰ-17 ਲੜਕੇ ਨੇ 71 ਕਿਲੋਗ੍ਰਾਮ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਮਨਾਸਟਿਕ ਅੰਡਰ-17ਅਤੇ ਨੈਟਬਾਲ ਅੰਡਰ-19 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੇਟਿੰਗ ਕੁਆਰਡ ਤੇ ਇਨਲਾਇਨ, 1000, 5000 ਮੀਟਰ ਅੰਡਰ 11, 14, 17, 19 ਦੇ ਸਾਰੇ ਵਿਦਿਆਰਥੀ ਪਹਿਲੇ ਸਥਾਨ 'ਤੇ ਰਹੇ, ਜਿਸ ਵਿੱਚ 18 ਗੋਲਡ ਮੈਡਲ ਆਏ। ਅੰਡਰ-19 ਲੜਕੇ ਕਬੱਡੀ 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਤੈਰਾਕੀ 'ਚ ਅੰਡਰ-19 ਲੜਕੇ ਬੈਕ ਸਟਰੋਕ 500, 100, 200 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। 10 ਮੀਟਰ ਪਿਸਟਲ ਸ਼ੂਟਿੰਗ ਨੈਸ਼ਨਲ ਲੈਵਲ ਪਲੇਅਰ ਗੁਰਗੈਵਨ ਸਿੰਘ ਸਿੱਧੂ ਨੇ ਜ਼ੋਨ ਲੈਵਲ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਿੱਕ ਬਾਕਸਿੰਗ ਅੰਡਰ-14, 17, 19 ਲੜਕੇ ਤੇ ਲੜਕੀਆਂ 27 ਮੈਡਲ ਜਿੱਤੇ। ਅੰਡਰ-14, 17 ਆਰਚਰੀ ਲੜਕੇ ਤੇ ਲੜਕੀਆਂ ਕ੍ਰਮਵਾਰ, ਅੰਡਰ ਵੂਡਨ ਵਿੱਚ ਟੀਮ ਮੈਡਲ ਗੋਲਡ ਲੜਕੇ, ਅੰਡਰ 14 ਲੜਕੀਆਂ ਪਹਿਲਾ ਸਥਾਨ ਪ੍ਰਾਪਤ ਕੀਤਾ, ਅੰਡਰ 17 ਲੜਕੇ ਅਤੇ ਲੜਕੀਆਂ ਕ੍ਰਮਵਾਰ ਲੜਕੀ, ਵੂਡਨ ਵਿੱਚ ਲੜਕਾ ਰਿਕਰਵ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਕੰਪਾਊਂਡ ਵਿੱਚ ਲੜਕੇ ਨੇ ਗੋਲਡ ਪ੍ਰਾਪਤ ਕੀਤਾ। ਅੰਡਰ-14 ਰਿਕਰਵ ਵਿੱਚ ਲੜਕੀ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਆਰਚਰੀ ਵਿੱਚ ਨੈਸ਼ਨਲ ਪਲੇਅਰ ਮਨਵੀਰ ਕੌਰ, ਅਲੀਸ਼ਾ, ਏਕਮਜੋਤ ਸਿੰਘ ਨੇ ਜ਼ੋਨ ਲੈਵਲ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਚੇਅਰਮੈਨ ਮੰਗਤ ਰਾਏ ਬਾਂਸਲ ਤੇ ਚੇਅਰਪਰਸਨ ਮੰਜੂ ਬਾਲਾ, ਪ੍ਰਿੰਸੀਪਲ ਉਰਮਿਲ ਜੈਨ, ਵਾਇਸ ਪ੍ਰਿੰਸੀਪਲ ਨੀਰਜ ਵਰਮਾ ਨੇ ਸਾਰੇ ਖਿਡਾਰੀਆਂ ਨੂੰ ਵਧਾਈਆਂ ਦਿੰਦਿਆਂ ਹੌਸਲਾ ਅਫਜ਼ਾਈ ਕੀਤੀ।

# ਵਿਸ਼ਵ ਚੈਂਪੀਅਨਸ਼ਿਪ ਪਾਵਰ ਲਿਫਟਿੰਗ 'ਚ ਸਾਹਿਲ ਸੋਫਤ ਨੇ ਜਿੱਤਿਆ ਕਾਂਸੀ ਤਮਗਾ



**ਮੰਡੀ ਗੋਬਿੰਦਗੜ੍ਹ (ਹਰਚਰਨ ਉੱਪਲ, ਲਖਵੀਰ ਸਿੰਘ)**-ਰੋਮਾਨੀਆ ਵਿਖੇ 23 ਅਗਸਤ ਤੋਂ 3 ਸਤੰਬਰ ਤੱਕ ਵਰਡ ਚੈਂਪੀਅਨਸ਼ਿਪ ਮੁਕਾਬਲਿਆਂ ਵਿੱਚ ਮੰਡੀ ਗੋਬਿੰਦਗੜ੍ਹ ਦੇ 17 ਸਾਲਾ ਨੌਜਵਾਨ ਸਾਹਿਲ ਸੋਫਤ ਨੇ ਪਾਵਰ ਲਿਫਟਿੰਗ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਜਿੱਥੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ, ਉੱਥੇ ਹੀ ਸੋਫਤ ਦੀ ਇਸ ਕਾਮਯਾਬੀ 'ਤੇ ਗੋਬਿੰਦਗੜ੍ਹ ਵਾਸੀਆਂ ਨੂੰ ਬਹੁਤ ਹੀ ਫਖਰ ਹੈ। ਸੋਫਤ ਦੇ ਪਿਤਾ ਰਕੇਸ਼ ਕੁਮਾਰ ਨੇ ਦੱਸਿਆ ਕਿ ਸਾਹਿਲ ਸੋਫਤ ਗੋਬਿੰਦਗੜ੍ਹ ਪਬਲਿਕ ਸਕੂਲ ਵਿੱਚ ਬਾਰਵੀਂ ਕਲਾਸ ਵਿੱਚ ਪੜ੍ਹਦਾ ਹੈ। ਰੋਮਾਨੀਆ ਵਿਖੇ ਹੋਈਆਂ ਖੇਡਾਂ ਦੌਰਾਨ ਸੋਫਤ ਨੇ 93 ਕਿੱਲੋ ਵਰਗ ਵਿੱਚ ਹਿੱਸਾ ਲਿਆ ਸੀ। ਇਸ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਯੂਕਰੇਨ, ਦੂਸਰੇ ਨੰਬਰ 'ਤੇ ਚਾਈਨਾ, ਤੀਸਰੇ ਨੰਬਰ 'ਤੇ ਭਾਰਤ ਸਾਹਿਲ ਸੋਫਤ ਰਿਹਾ। ਸੋਫਤ ਨੇ ਸਕੈਸ਼ ਵਿੱਚ 275 ਕਿਲੋਗ੍ਰਾਮ, ਬੈਂਚ ਪ੍ਰੈੱਸ ਵਿੱਚ 150 ਕਿਲੋਗ੍ਰਾਮ ਤੇ ਡੈੱਡ ਲਿਫਟਿੰਗ ਵਿੱਚ 222.50 ਕਿਲੋਗ੍ਰਾਮ ਆਲ ਓਵਰ 647.50 ਕਿਲੋਗ੍ਰਾਮ ਵਜ਼ਨ ਚੁੱਕਿਆ। ਉਨ੍ਹਾਂ ਦੱਸਿਆ ਕਿ ਸਾਹਿਲ ਸੋਫਤ ਦਾ ਕਾਮਨ ਵੈਲਥ ਗੇਮਜ਼ ਵਿੱਚ ਹਿੱਸਾ ਲੈਣਾ ਲਗਭਗ ਤੈਅ ਹੋ ਚੁੱਕਾ ਹੈ। ਸਾਹਿਲ ਸੋਫਤ ਦਾ ਮੰਡੀ ਗੋਬਿੰਦਗੜ੍ਹ ਪਹੁੰਚਣ 'ਤੇ 31 ਅਗਸਤ ਨੂੰ ਭਰਵਾਂ ਸਵਾਗਤ ਕੀਤਾ ਜਾਵੇਗਾ। ਸਾਹਿਲ ਸੋਫਤ ਦੇ ਨਾਨਕੇ ਅਮਲੋਹ ਹਨ, ਅੱਜ ਉਸ ਦੇ ਮਾਤਾ-ਪਿਤਾ ਵੱਲੋਂ ਅਮਲੋਹ ਆ ਕੇ ਉਸ ਦੇ ਨਾਨਾ ਕੇਵਲ ਕ੍ਰਿਸ਼ਨ ਤੇ ਨਾਨੀ ਕਮਲਾ ਦੇਵੀ ਨਾਲ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਰਜਤ ਤੇ ਸਵੇਤਾ ਵੀ ਮੌਜੂਦ ਸਨ।

# ਖੇਡ ਮੁਕਾਬਲਿਆਂ 'ਚ ਐਵਰੈਸਟ ਪਬਲਿਕ ਸਕੂਲ ਕੋਟਭਾਈ ਦੀ ਝੰਡੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿਲਜੇਵਾਲਾ ਜ਼ੋਨ ਖੇਡ ਮੁਕਾਬਲਿਆਂ ਵਿੱਚ ਐਵਰੈਸਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ ਦੀ ਝੰਡੀ ਰਹੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜਿੰਦਰ ਸ਼ਰਮਾ ਨੇ ਦੱਸਿਆ ਕਿ ਚੈੱਸ (ਸਤਰੰਜ) ਮੁਕਾਬਲਿਆਂ ਵਿੱਚ ਅੰਡਰ-14 ਸਾਲ ਲੜਕੀਆਂ ਐਵਰੈਸਟ ਸਕੂਲ ਕੋਟਭਾਈ ਨੇ ਪਹਿਲਾ, ਅੰਡਰ-17 ਸਾਲ ਲੜਕੀਆਂ ਸਰਕਾਰੀ ਸੀਨੀ. ਸੈਕੰ. ਸਕੂਲ ਕੋਟਭਾਈ ਨੇ ਪਹਿਲਾ ਤੇ ਐਵਰੈਸਟ ਸਕੂਲ ਕੋਟਭਾਈ ਨੇ ਦੂਸਰਾ ਸਥਾਨ, ਅੰਡਰ-19 ਸਾਲ ਵਰਗ ਲੜਕੀਆਂ ਐਵਰੈਸਟ ਸਕੂਲ ਨੇ ਪਹਿਲਾ ਤੇ ਗੁਰੂ ਨਾਨਕ ਦੇਵ ਪਬਲਿਕ ਸਕੂਲ ਸਮਾਘ ਨੇ ਦੂਸਰਾ ਸਥਾਨ, ਅੰਡਰ-14 ਸਾਲ ਲੜਕੇ ਗੁਰੂ ਨਾਨਕ ਦੇਵ ਪਬਲਿਕ ਸਕੂਲ ਸਮਾਘ ਨੇ ਪਹਿਲਾ ਤੇ ਐਵਰੈਸਟ ਸਕੂਲ ਨੇ ਦੂਸਰਾ ਸਥਾਨ, ਅੰਡਰ-17 ਸਾਲ ਲੜਕੇ ਐਵਰੈਸਟ ਸਕੂਲ ਨੇ ਪਹਿਲਾ ਤੇ ਆਦਰਸ਼ ਸਕੂਲ ਕੋਟਭਾਈ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਵਾਲੀਬਾਲ ਸ਼ੂਟਿੰਗ ਅੰਡਰ-17 ਸਾਲ ਲੜਕਿਆਂ ਨੇ ਦੂਸਰਾ ਸਥਾਨ, ਬੈਡਮਿੰਟਨ ਅੰਡਰ-19 ਸਾਲ ਤੇ 17 ਸਾਲ ਲੜਕੇ-ਲੜਕੀਆਂ ਨੇ ਪਹਿਲਾ ਸਥਾਨ ਅਤੇ ਖੋ-ਖੋ ਅੰਡਰ-14 ਸਾਲ ਲੜਕਿਆਂ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਬਿੰਦਰਾ ਰਾਣੀ, ਟੀਮ ਇੰਚਾਰਜ ਅਨੰਦ ਕੁਮਾਰ, ਰਾਜਨ ਕੁਮਾਰ, ਲਵਪ੍ਰੀਤ ਕੁਮਾਰ ਤੇ ਗੁਰਦਾਸ ਸਿੰਘ ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਧਮਕੀਆਂ ਦੀ ਬਜਾਏ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕਰੇ : ਆਗੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਮੀਤ ਪ੍ਰਧਾਨ ਚੌਧਰ ਸਿੰਘ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਸੀਨੀਅਰ ਮੀਤ ਪ੍ਰਧਾਨ ਕੇਸਰ ਸਿੰਘ, ਸਬ ਡਵੀਜ਼ਨ ਪ੍ਰਧਾਨ ਮਨਜਿੰਦਰ ਸਿੰਘ ਨੇ ਦੱਸਿਆ ਕਿ ਪਟਵਾਰੀ ਤੇ ਡੀ. ਸੀ. ਦਫਤਰਾਂ ਮੁਲਾਜ਼ਮ ਸਰਕਾਰ ਖਿਲਾਫ਼ ਸੰਘਰਸ਼ ਕਰ ਰਹੇ ਹਨ। ਮੁਲਾਜ਼ਮਾਂ ਦੇ ਸੰਘਰਸ਼ ਨੂੰ ਕੁਚਲਣ ਲਈ ਮੁੱਖ ਮੰਤਰੀ ਵੱਲੋਂ ਆਪਣੇ ਫੇਸਬੁੱਕ ਪੇਜ ਤੇ ਆਪਣੇ ਭਾਸ਼ਣ ਰਾਹੀਂ ਪਟਵਾਰੀ ਤੇ ਡੀ ਸੀ ਦਫਤਰਾਂ ਦੇ ਮੁਲਾਜ਼ਮਾਂ ਨੂੰ ਧਮਕੀ ਦਿੱਤੀ ਗਈ ਕਿ ਜੇਕਰ ਮੁਲਾਜ਼ਮਾਂ ਵੱਲੋਂ ਹੜਤਾਲ ਕੀਤੀ ਤਾਂ ਕਲਮ ਉਨ੍ਹਾਂ ਹੱਥ ਦੇਣੀ ਜਾਂ ਹੋਰ ਹੱਥ, ਇਹ ਫੈਸਲਾ ਸਰਕਾਰ ਕਰੇਗੀ। ਪਰ ਜਦੋਂ ਪਟਵਾਰੀ ਤੇ ਡੀ ਸੀ ਦਫਤਰਾਂ ਦੇ ਆਗੂਆਂ ਵੱਲੋਂ ਇਸ ਦਾ ਡੱਟਵਾਂ ਵਿਰੋਧ ਕੀਤਾ ਤਾਂ ਦੇਰ ਸ਼ਾਮ ਬਾਅਦ ਸਰਕਾਰ ਵੱਲੋਂ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਐਕਟ 1947 ਤਹਿਤ ਐਸਮਾ ਕਾਨੂੰਨ ਲਾਗੂ ਕਰ ਦਿੱਤਾ ਕਿ ਮੁਲਾਜ਼ਮ ਜਥੇਬੰਦੀਆਂ ਸੰਘਰਸ਼ ਨਾ ਕਰ ਸਕਣ। ਪਾਵਰਕਾਮ ਸੀ.ਐੱਚ.ਬੀ. ਤੇ ਡਬਲਿਊ ਕਾਮਿਆਂ ਦੀ ਜਥੇਬੰਦੀ ਵੱਲੋਂ ਮੁੱਖ ਮੰਤਰੀ ਦੇ ਬਿਆਨ ਤੇ ਐਸਮਾ ਐਕਟ ਲਾਉਣ ਦੀ ਨਿੰਦਾ ਕਰਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇ ਤੇ ਮੁੱਖ ਮੰਤਰੀ ਵੱਲੋਂ ਕੀਤੇ ਬਿਆਨ ਵਾਪਸ ਲਏ ਜਾਣ ਅਤੇ ਲਗਾਏ ਐਸਮਾ ਵਰਗੇ ਕਾਨੂੰਨ ਹਟਾਏ ਜਾਣ।

# ਭੂ-ਮਾਫੀਆ ਦਾ ਪੀੜਤ ਪਰਵਾਰ ਇਨਸਾਫ ਲਈ ਦਰ-ਦਰ ਭਟਕ ਰਿਹੈ !



**ਸਮਰਾਲਾ (ਸੁਰਜੀਤ ਸਿੰਘ)**-ਲੁਧਿਆਣੇ ਦਾ ਭੂ-ਮਾਫੀਆ ਦਾ ਪੀੜਤ ਪਰਵਾਰ ਇਨਸਾਫ ਲਈ ਦਰ ਦਰ ਭਟਕ ਰਿਹਾ ਹੈ। ਇਹ ਪਰਵਾਰ ਭੂ-ਮਾਫੀਆ ਦੀ ਧੋਖੇਬਾਜ਼ੀ ਕਾਰਨ ਆਪਣੀ ਕਰੋੜਾਂ ਦੀ ਜ਼ਮੀਨ ਗੁਆ ਬੈਠਾ। ਇਸ ਝਗੜੇ ਵਿੱਚ ਇਹ ਪਰਵਾਰ ਆਪਣਾ ਇੱਕ ਮੈਂਬਰ ਵੀ ਗੁਆ ਬੈਠਾ। ਜਦੋਂ ਕੋਈ ਵੀ ਇਸ ਪਰਵਾਰ ਦੀ ਮਦਦ ਲਈ ਨਾ ਬਹੁੜਿਆ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਇਸ ਪਰਵਾਰ ਦੀ ਬਾਂਹ ਫੜੀ। ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਪਰਵਾਰ ਦੇ ਮੈਂਬਰ ਮ੍ਰਿਤਕ ਸੁਖਵਿੰਦਰ ਸਿੰਘ ਦੇ ਭਰਾ ਦਿਲਦਾਰ ਸਿੰਘ ਸਮੇਤ ਪੁਲਸ ਕਮਿਸ਼ਨਰ ਲੁਧਿਆਣਾ ਦੇ ਦਫਤਰ ਸਾਹਮਣੇ ਇਨਸਾਫ ਮਿਲਣ ਤੱਕ ਮਰਨ ਵਰਤ 'ਤੇ ਬੈਠ ਗਏ। ਯੂਨੀਅਨ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪਰਵਾਰ ਨੂੰ ਇਨਸਾਫ ਨਾ ਮਿਲਣ ਕਾਰਨ ਅਤੇ ਸਰਕਾਰੀ ਸ਼ਹਿ ਪ੍ਰਾਪਤ ਲੋਕਾਂ ਕੋਲੋਂ ਧੋਖਾਧੜੀ ਦਾ ਸ਼ਿਕਾਰ ਹੋ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰਨ ਵਾਲੇ ਸੁਖਵਿੰਦਰ ਸਿੰਘ ਨੂੰ ਇਨਸਾਫ ਦੇਣ ਦੀ ਬਜਾਏ ਸਰਕਾਰ ਮੁਲਜ਼ਮਾਂ ਨੂੰ ਬਚਾਉਣ ਵਿੱਚ ਲੱਗੀ ਹੋਈ ਹੈ। ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਦਸਤਾਵੇਜ਼ਾਂ ਵਿੱਚ ਛੇੜਛਾੜ ਕਰਕੇ ਰਸੂਖਦਾਰ ਲੋਕਾਂ ਨੇ ਸੁਖਵਿੰਦਰ ਸਿੰਘ ਦੀ ਕੀਮਤੀ ਜ਼ਮੀਨ ਆਪਣੇ ਨਾਂਅ ਕਰਵਾ ਲਈ, ਜਦੋਂ ਇਸ ਗੱਲ ਦਾ ਅਸਲ ਮਾਲਿਕ ਨੂੰ ਪਤਾ ਲੱਗਿਆ ਤਾਂ ਉਹ ਇਹ ਸਦਮਾ ਨਾ ਸਹਿ ਸਕਿਆ ਅਤੇ ਉਸ ਨੇ ਮੌਤ ਨੂੰ ਗਲੇ ਲਗਾ ਲਿਆ। ਡੱਲੇਵਾਲ ਨੇ ਦੋਸ਼ ਲਾਇਆ ਹੈ ਕਿ ਸਥਾਨਕ ਪ੍ਰਸ਼ਾਸਨ ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਦੀ ਬਜਾਏ ਭੂ-ਮਾਫੀਆ ਦੇ ਪਾਲੇ ਵਿੱਚ ਖੜ ਗਿਆ ਹੈ। ਉਨ੍ਹਾ ਕਿਹਾ ਕਿ ਜਦੋਂ ਤੱਕ ਪੀੜਤ ਪਰਵਾਰ ਨੂੰ ਇਨਸਾਫ ਨਹੀਂ ਮਿਲਦਾ, ਉਹ ਆਪਣਾ ਮਰਨ ਵਰਤ ਜਾਰੀ ਰੱਖਣਗੇ। ਇਸ ਦੌਰਾਨ ਜੇਕਰ ਕਿਸੇ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜ਼ਿੰਮੇਵਾਰ ਪ੍ਰਸ਼ਾਸਨ ਹੋਵੇਗਾ।

### ਬਲੌਜ਼ਮਜ਼ ਸਕੂਲ ਦੇ ਮੁੰਡੇ ਹੈਂਡਬਾਲ 'ਚ ਅੱਵਲ



**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਅੰਡਰ-19 ਮੁੰਡਿਆਂ ਦੀ ਟੀਮ ਵੱਲੋਂ ਪਿੰਡ ਜੰਡੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਜ਼ੋਨ ਲੈਵਲ ਦੀਆਂ ਹੋਈਆਂ ਖੇਡਾਂ ਵਿੱਚ ਬਾਕੀ ਟੀਮਾਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੈਚਾਂ ਦੌਰਾਨ ਕਾਫੀ ਕਰੜੇ ਮੁਕਾਬਲੇ ਦੇਖਣ ਨੂੰ ਮਿਲੇ, ਜਿਸ ਵਿੱਚ ਬਲੌਜ਼ਮਜ਼ ਦੇ ਮੁੰਡਿਆਂ ਵੱਲੋਂ ਸਾਫ-ਸੁਥਰੀ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਸਥਾਨ ਨੂੰ ਪ੍ਰਾਪਤ ਕੀਤਾ। ਉਨ੍ਹਾਂ ਦੀ ਵਧੀਆ ਖੇਡ ਸਦਕਾ ਟੀਮ ਦੇ ਸੱਤ ਮੈਂਬਰ ਹਰਜਸ ਸਿੰਘ, ਤਜਿੰਦਰ ਸਿੰਘ, ਪ੍ਰਭਜੋਤ ਸਿੰਘ, ਗੁਰਕੀਰਤ ਸਿੰਘ, ਹਰਜੀਤ ਸਿੰਘ, ਸਹਿਜਪ੍ਰੀਤ ਸਿੰਘ ਤੇ ਗੁਰਕਰਨ ਸਿੰਘ ਚੰਗੀ ਖੇਡ ਦੇ ਪ੍ਰਦਰਸ਼ਨ ਵਜੋਂ ਜ਼ਿਲ੍ਹਾ ਪੱਧਰ 'ਤੇ ਸਿਲੈਕਟ ਕੀਤਾ ਗਿਆ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਇਨ੍ਹਾਂ ਦੇ ਕੋਚ ਮਿ. ਅਮਨਦੀਪ ਸਿੰਘ ਨੂੰ, ਜੇਤੂ ਟੀਮ ਤੇ ਸਿਲੈਕਟ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਆਧਾਰ ਹਨ, ਜਿੱਥੇ ਇਹ ਸਾਨੂੰ ਨਸ਼ੇ ਤੋਂ ਬਚਾਉਂਦੀਆਂ ਹਨ, ਉੱਥੇ ਆਪਣਾ ਭਵਿੱਖ ਬਣਾਉਣ ਵਿੱਚ ਵੀ ਸਹਾਈ ਸਿੱਧ ਹੁੰਦੀਆਂ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ. ਹਰਭਜਨ ਸਿੰਘ ਜੌਹਲ ਤੇ ਪ੍ਰੈਜ਼ੀਡੈਂਟ ਸ੍ਰ. ਮਨਪ੍ਰੀਤ ਸਿੰਘ ਬਰਾੜ ਨੇ ਵੀ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

# 'ਬਿੱਲ ਲਿਆਓ, ਇਨਾਮ ਪਾਓ' ਸਕੀਮ ਦੀ ਡੀ ਸੀ ਨੇ ਕੀਤੀ ਸ਼ੁਰੂਆਤ




**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਟੈਕਸ ਚੋਰੀ ਨੂੰ ਰੋਕਣ ਲਈ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਦੇ ਤਹਿਤ 'ਮੇਰਾ ਬਿੱਲ' ਐਪ ਤਿਆਰ ਕੀਤੀ ਗਈ ਹੈ। ਸ਼ੁੱਕਰਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਇਸ ਐਪ 'ਤੇ ਬਿੱਲ ਅਪਲੋਡ ਕਰਨ ਦੀ ਸ਼ੁਰੂਆਤ ਕਰਨ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇਸ ਸਕੀਮ ਦਾ ਉਦੇਸ਼ ਜੀ.ਐੱਸ.ਟੀ. ਤਹਿਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਗਾਹਕਾਂ ਨੂੰ ਬਿੱਲ ਲੈਣ ਲਈ ਉਤਸ਼ਾਹਤ ਕਰਕੇ ਮਾਲੀਏ ਦੀ ਉਗਰਾਹੀ ਵਧਾਉਣਾ ਹੈ। ਉਨ੍ਹਾ ਕਿਹਾ ਕਿ ਇਹ ਸਕੀਮ ਖਪਤਕਾਰਾਂ ਨੂੰ ਕੋਈ ਵੀ ਸਾਮਾਨ ਖਰੀਦਣ ਮੌਕੇ ਵਿਕਰੇਤਾ ਪਾਸੋਂ ਬਿੱਲ ਹਾਸਲ ਕਰਨ ਲਈ ਉਤਸ਼ਾਹਤ ਕਰਨ ਲਈ ਜਾਰੀ ਕੀਤੀ ਗਈ ਹੈ। ਉਨ੍ਹਾ ਦੱਸਿਆ ਕਿ 'ਮੇਰਾ ਬਿੱਲ' ਐਪ ਐਂਡਰਾਇਡ ਫੋਨ ਲਈ ਗੂਗਲ ਪਲੇਅ ਸਟੋਰ ਤੇ ਐਪਲ ਲਈ ਐਪ ਸਟੋਰ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖਪਤਕਾਰਾਂ ਨੂੰ 'ਮੇਰਾ ਬਿੱਲ' ਐਪ 'ਤੇ ਖਰੀਦ ਦਾ ਬਿੱਲ ਅਪਲੋਡ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ, ਜਿਸ ਤੋਂ ਬਾਅਦ ਇਹ ਖਪਤਕਾਰ ਲੱਕੀ ਡਰਾਅ ਵਿੱਚ ਸ਼ਾਮਲ ਹੋਣ ਦੇ ਯੋਗ ਹੋ ਜਾਣਗੇ ਤੇ ਲੱਕੀ ਡਰਾਅ ਹਰੇਕ ਮਹੀਨੇ ਦੀ 7 ਤਰੀਕ ਨੂੰ ਕੱਢਿਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰੇਕ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ 10 ਇਨਾਮ ਦਿੱਤੇ ਜਾਣੇ ਹਨ ਤੇ ਯੋਗ ਬਿੱਲ ਦੀ ਰਕਮ ਘੱਟ ਤੋਂ ਘੱਟ 200 ਰੁਪਏ ਹੋਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਪੈਟਰੋਲੀਅਮ ਉਤਪਾਦ (ਕੱਚਾ ਤੇਲ, ਪੈਟਰੋਲ, ਡੀਜ਼ਲ, ਹਵਾਬਾਜ਼ੀ ਟਰਬਾਈਨ ਈਂਧਨ ਤੇ ਕੁਦਰਤੀ ਗੈਸ) ਅਤੇ ਸ਼ਰਾਬ ਦੇ ਨਾਲ-ਨਾਲ ਬਿਜ਼ਨੈੱਸ-ਟੂ-ਬਿਜ਼ਨੈੱਸ ਦੇ ਲੈਣ-ਦੇਣ ਦੇ ਵਿੱਕਰੀ ਬਿੱਲ ਇਸ ਸਕੀਮ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਹੋਣਗੇ। ਉਨ੍ਹਾ ਕਿਹਾ ਕਿ ਵਸਤਾਂ ਦੀ ਖਰੀਦ ਮੌਕੇ ਵਿਕਰੇਤਾਵਾਂ ਕੋਲੋਂ ਬਿੱਲ ਲੈਣ ਲਈ ਸੰਗਰੂਰ ਵਾਸੀਆਂ ਨੂੰ ਇਸ ਸਕੀਮ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ।

# ਟੈਗੋਰ ਵਿਦਿਆਲਿਆ ਦੀਆਂ ਖਿਡਾਰਨਾਂ ਦੀ ਸਟੇਟ ਪੱਧਰ ਲਈ ਚੋਣ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਟੈਗੋਰ ਵਿਦਿਆਲਿਆ (ਸੀਨੀਅਰ ਸੈਕੰਡਰੀ) ਲੌਂਗੋਵਾਲ ਦੀਆਂ ਖਿਡਾਰਨਾਂ ਅੰਡਰ-17 ਕ੍ਰਿਕਟ ਦੀਆਂ ਖਿਡਾਰਨਾਂ ਰਮਨਪ੍ਰੀਤ ਕੌਰ ਤੇ ਅੰਡਰ-19 ਚਰਨਜੀਤ ਕੌਰ ਦੀ ਸਟੇਟ ਪੱਧਰ ਲਈ ਚੋਣ ਹੋਈ ਅਤੇ ਲਵਪ੍ਰੀਤ ਕੌਰ ਤੇ ਸ਼ਰਨਜੀਤ ਕੌਰ ਨੇ ਅੰਡਰ 14 ਫੁੱਟਬਾਲ ਵਿੱਚ ਅਤੇ ਸਿਮਰਨਜੋਤ ਕੌਰ, ਜਸਪ੍ਰੀਤ ਕੌਰ ਨੇ ਅੰਡਰ-17 ਫੁੱਟਬਾਲ ਵਿੱਚ 67ਵੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤੇ ਤੇ ਖਿਡਾਰਨਾਂ ਦੀ ਸਟੇਟ ਪੱਧਰ ਲਈ ਚੋਣ ਹੋਈ। ਇਸ ਪ੍ਰਾਪਤੀ 'ਤੇ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਖਿਡਾਰਨਾਂ ਤੇ ਸਕੂਲ ਦੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਇਨ੍ਹਾਂ ਖਿਡਾਰਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਸਟਾਫ਼ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਸਕੂਲ ਦੇ ਡੀਪੀਈ ਅਧਿਆਪਕ ਗੁਰਪ੍ਰੀਤ ਸਿੰਘ, ਮੈਡਮ ਸੁਨੀਤਾ ਸ਼ਰਮਾ ਤੇ ਪਰਮਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਸੰਸਥਾ ਦਾ ਨਾਮ ਰੌਸ਼ਨ ਹੋਇਆ।

# 'ਆਪ' ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਥਿੰਦ ਗੁਰਦੁਆਰਾ ਬੇਰ ਸਾਹਿਬ ਹੋਏ ਨਤਮਸਤਕ

**ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗਾ : ਥਿੰਦ**



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਆਮ ਆਦਮੀ ਪਾਰਟੀ ਨੇ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਤਹਿਤ ਬੀਤੇ ਦਿਨ ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਲੋਕ ਸਭਾ ਹਲਕਾ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਸ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਤੋਂ ਮਲਕੀਤ ਥਿੰਦ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜੋ ਪਾਰਟੀ ਵਰਕਰਾਂ ਸਮੇਤ ਵੱਡੇ ਕਾਫਲੇ ਨਾਲ ਗੁਰਦਵਾਰਾ ਬੇਰ ਸਾਹਿਬ ਵਿਖੇ ਨਤਮਸਤਕ ਹੋਏ। ਰਸਤੇ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਧਵਨ ਹਸਪਤਾਲ, ਡਾਕਟਰ ਰਜਨੀਸ਼ ਸੋਨੀ ਤੇ ਹੋਰ ਬਹੁਤ ਸਾਰੇ ਲੋਕਾਂ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਨੂੰ ਹਾਰ ਪਹਿਨਾ ਕੇ ਉਨ੍ਹਾਂ ਨੂੰ ਮਿਲੀ ਇਸ ਜ਼ਿੰਮੇਵਾਰੀ 'ਤੇ ਵਧਾਈ ਦਿੱਤੀ ਗਈ। ਇਸ ਮੌਕੇ ਉਨ੍ਹਾਂ ਨਾਲ ਹਲਕਾ ਗੁਰੂ ਹਰਸਹਾਏ ਤੋਂ ਵਿਧਾਇਕ ਫੌਜਾ ਸਿੰਘ ਸਰਾਰੀ ਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਹਨ। ਇਸ ਮੌਕੇ ਡਾ. ਮਲਕੀਤ ਥਿੰਦ ਨੇ ਪਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨਗੀ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਸ ਤੋਂ ਇਲਾਵਾ ਮਲਕੀਤ ਥਿੰਦ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੁਰੂ ਹਰਸਹਾਏ ਤੋਂ 'ਆਪ' ਦੀ ਟਿਕਟ ਤੋਂ ਚੋਣ ਲੜ ਚੁੱਕੇ ਸਨ, ਜਿਸ ਤੋਂ ਬਾਅਦ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਡਾਕਟਰ ਮਲਕੀਤ ਸਿੰਘ ਵੱਡੇ ਕਾਫਲੇ ਨਾਲ ਫਿਰੋਜ਼ਪੁਰ ਲਈ ਰਵਾਨਾ ਹੋ ਗਏ।

# ਭਾਰਤ 'ਚ 15 ਮਿਲੀਅਨ ਲੋਕ ਅੰਨ੍ਹੇਪਣ ਦੇ ਸ਼ਿਕਾਰ : ਡਾ. ਰੇਖਾ

**ਹਰੇਕ ਵਿਅਕਤੀ ਅੱਖਾਂ ਦਾਨ ਕਰਨ ਦਾ ਭਰੇ ਫਾਰਮ**



**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**-ਮਨੁੱਖਤਾ ਦੇ ਭਲੇ ਤੇ ਦੇਸ਼ ਭਰ ਵਿੱਚ ਅੰਨ੍ਹੇਪਣ ਦਾ ਸ਼ਿਕਾਰ ਲੋਕਾਂ ਦੀ ਜ਼ਿੰਦਗੀ ਰੁਸ਼ਨਾਉਣ ਦੇ ਮਨੋਰਥ ਨਾਲ ਸਿਹਤ ਵਿਭਾਗ ਵੱਲੋਂ ਮਨਾਏ ਜਾ ਰਹੇ ਪੰਦਰਵਾੜੇ ਦੌਰਾਨ ਸੀ ਐੱਚ ਸੀ ਮਮਦੋਟ ਵਿਖੇ ਡਾ. ਰੇਖਾ ਐੱਸ ਐੱਮ ਓ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ।ਇਸ ਮੌਕੇ ਅੱਖਾਂ ਦਾਨ ਕਰਨ ਦੇ ਲਈ ਲੋਕਾਂ ਵੱਲੋਂ ਫਾਰਮ ਭਰੇ ਗਏ ਹਨ।ਇਸ ਮੌਕੇ ਜਾਗਰੂਕ ਕਰਦਿਆਂ ਡਾ. ਰੇਖਾ ਤੇ ਅੰਕੁਸ਼ ਭੰਡਾਰੀ ਬੀਈਈ, ਆਸ਼ੂ ਅਪਥੈਲਮਿਕ ਅਫਸਰ ਨੇ ਦੱਸਿਆ ਕਿ ਇਕ ਮਨੁੱਖ ਦੀਆਂ ਅੱਖਾਂ ਨਾਲ ਦੋ ਵਿਅਕਤੀ ਰੰਗਲੀ ਦੁਨੀਆ ਦੇਖਣ ਦੇ ਯੋਗ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਆਪਣੀਆਂ ਅੱਖਾਂ ਦਾਨ ਕਰੇ ਤਾਂ ਜੋ ਦੁਨੀਆ ਭਰ ਵਿੱਚ ਅੱਖਾਂ ਦੀ ਰੋਸ਼ਨੀ ਨਾ ਹੋਣ ਕਰਕੇ ਹਨੇਰੇ ਵਿੱਚ ਠੇਡੇ ਖਾਹ ਰਹੇ ਲੋਕਾਂ ਦਾ ਭਲਾ ਹੋ ਸਕੇ। ਉਨ੍ਹਾਂ ਕਿਹਾ ਕਿ ਸੰਸਾਰ ਵਿੱਚ 37 ਮਿਲੀਅਨ ਲੋਕ ਅੰਨ੍ਹੇਪਣ ਦੇ ਸ਼ਿਕਾਰ ਹਨ, ਜਦਕਿ ਭਾਰਤ ਵਿੱਚ 15 ਮਿਲੀਅਨ ਲੋਕ ਇਸ ਨਾਲ ਪੀੜਤ ਹਨ ਅਤੇ ਲੋੜ ਹੈ ਇਸ ਨੂੰ ਸਮਝ ਕੇ ਮਰਨ ਉਪਰੰਤ ਅੱਖਾਂ ਦਾਨ ਕਰਨ ਦੀ ਤਾਂ ਜੋ ਇਸ ਬੀਮਾਰੀ ਨਾਲ ਗ੍ਰਸਤ ਲੋਕ ਕੁਦਰਤ ਦੀ ਬਣਾਈ ਇਸ ਦੁਨੀਆ ਦਾ ਆਨੰਦ ਮਾਨ ਸਕਣ।ਇਸ ਮੌਕੇ ਅੰਕੁਸ਼ ਭੰਡਾਰੀ ਬੀਈਈ, ਆਸ਼ੂ ਸ਼ਰਮਾ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਤੋਂ ਅੱਖਾਂ ਦਾਨ ਕਰਨ ਦਾ ਫਾਰਮ ਭਰਵਾਉਣ ਤਾਂ ਜੋ ਦੇਸ਼ ਭਰ ਵਿੱਚੋਂ ਅੰਨ੍ਹੇਪਣ ਦੀ ਸੰਖਿਆ ਘਟਾਈ ਜਾ ਸਕੇ।ਉਨ੍ਹਾ ਕਿਹਾ ਕਿ ਕੋਈ ਵੀ ਵਿਅਕਤੀ ਫਾਰਮ ਭਰ ਕੇ ਆਪਣੀ ਮੌਤ ਬਾਅਦ ਵਿਅਰਥ ਜਾਣ ਵਾਲੀਆਂ ਅੱਖਾਂ ਨੂੰ ਦਾਨ ਕਰ ਸਕਦਾ ਹੈ, ਜੋ ਉਸ ਦੀ ਮੌਤ ਤੋਂ 6 ਘੰਟੇ ਤੱਕ ਕੱਢ ਕੇ ਕਿਸੇ ਹੋਰ ਲੋੜਵੰਦ ਵਿਅਕਤੀਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ।ਇਸ ਮੌਕੇ ਉਨ੍ਹਾਂ ਆਸ਼ਾ ਵਰਕਰਾਂ ਤੇ ਏਐੱਨਐੱਮ ਨੂੰ ਵੀ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਅੰਨ੍ਹੇਪਣ ਦੇ ਸ਼ਿਕਾਰ ਲੋਕਾਂ ਦੀ ਦੁਹਾਈ ਦੇ ਕੇ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

# ਵਿਧਾਇਕ ਅਰੋੜਾ ਤੇ ਮੇਅਰ ਚਾਨੀ ਨੇ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ



**ਮੋਗਾ (ਅਮਰਜੀਤ ਬੱਬਰੀ)**-ਮੋਗਾ ਸ਼ਹਿਰ ਦੇ ਵਾਰਡ ਨੰਬਰ-22 ਦੇ ਤਹਿਤ ਆਉਂਦੇ ਸੋਢੀਆਂ ਵਾਲਾ ਮੁਹੱਲਾ ਵਿਖੇ ਕੌਂਸਲਰ ਪ੍ਰਵੀਨ ਮੱਕੜ ਦੇ ਵਾਰਡ 'ਚ ਨਵੀਂ ਧਰਮਸ਼ਾਲਾ ਦਾ ਨੀਂਹ ਪੱਥਰ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ ਨੇ ਰੱਖਿਆ। ਇਸ ਮੌਕੇ ਕੌਂਸਲਰ ਪ੍ਰਵੀਨ ਮੱਕੜ ਤੇ ਵਾਰਡ ਨਿਵਾਸੀਆਂ ਨੇ ਵਾਰਡ ਵਿੱਚ ਪੁੱਜੀ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਨੂੰ ਫੁੱਲਾਂ ਦੇ ਹਾਰ ਤੇ ਸਨਮਾਨ ਚਿੰਨ੍ਹ ਦੇ ਕੇ ਸੁਆਗਤ ਕਰਦਿਆਂ ਸਨਮਾਨਤ ਕੀਤਾ। ਇਸ ਮੌਕੇ ਕੌਂਸਲਰ ਕੁਲਵਿੰਦਰ ਸਿੰਘ ਚੱਕੀਆ, ਕੌਂਸਲਰ ਛਿੰਦਾ ਬਰਾੜ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਵਾਰਡ ਨੰਬਰ-22 ਦੇ ਨਿਵਾਸੀ ਹਾਜ਼ਰ ਸਨ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਨੇ ਕਿਹਾ ਕਿ ਜਲਦ ਹੀ ਮੁਹੱਲਾ ਨਿਵਾਸੀਆਂ ਨੂੰ ਸੋਹਣੀ ਧਰਮਸ਼ਾਲਾ ਦੀ ਉਸਾਰੀ ਕਰਕੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਹਰ ਸਮੇਂ ਤਤਪਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੋਂ ਵੱਧ ਤੋਂ ਵੱਧ ਗਰਾਂਟ ਲਿਆ ਕੇ ਵਾਰਡਾਂ ਦਾ ਸਰਵਪੱਖੀ ਵਿਕਾਸ ਕਰਵਾਇਆ ਜਾਵੇਗਾ। ਉਨ੍ਹਾਂ ਵਾਰਡ ਨਿਵਾਸੀਆਂ ਵੱਲੋਂ ਦਿੱਤੇ ਗਏ ਮਾਨ ਸਨਮਾਨ ਲਈ ਵਾਰਡ ਕੌਂਸਲਰ ਪ੍ਰਵੀਨ ਮੱਕੜ ਤੇ ਵਾਰਡ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੌਂਸਲਰ ਪ੍ਰਵੀਨ ਮੱਕੜ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਦਾ ਵਿਸ਼ੇਸ਼ ਤੌਰ 'ਤੇ ਵਾਰਡ 'ਚ ਪੁੱਜਣ 'ਤੇ ਧੰਨਵਾਦ ਕੀਤਾ।

# ਨਸ਼ਾ ਤੇ ਨਿਰਾਸ਼ਤਾ ਬੇਰੁਜ਼ਗਾਰੀ ਦੀ ਦੇਣ : ਚੌਹਾਨ

## ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਸਮੇਂ ਦੀ ਲੋੜ



**ਮਾਨਸਾ (ਆਤਮਾ ਸਿੰਘ ਪਮਾਰ)**-ਨਸ਼ਾ ਤੇ ਨਿਰਾਸ਼ਤਾ ਵਧਣਾ ਬੇਰੁਜ਼ਗਾਰੀ ਦੇ ਕਾਰਨ ਹਨ, ਜੋ ਕਿ ਨੌਜਵਾਨ ਵਰਗ ਨੂੰ ਸਮਾਜ ਵਿਰੋਧੀ ਅਨਸਰ ਤੇ ਦੇਸ਼ ਵਿਰੋਧੀ ਤਾਕਤਾਂ (ਨਸ਼ਾ ਤਸਕਰਾਂ) ਨੇ ਪੂਰੇ ਪੰਜਾਬ ਦੀ ਨੌਜਵਾਨੀ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਨਸ਼ੇ ਦੀ ਦਲਦਲ ਵਿੱਚ ਫਸ ਚੁੱਕੇ ਲੋਕ ਹੋਰ ਨੌਜਵਾਨਾਂ ਨੂੰ ਫਸਾ ਰਹੇ ਹਨ, ਜਿਸ ਕਾਰਨ ਹਰ ਰੋਜ਼ ਨੌਜਵਾਨ ਧੀਆਂ, ਪੁੱਤਾਂ ਦੀਆਂ ਲਾਸ਼ਾਂ ਨੂੰ ਬਜ਼ੁਰਗ ਮਾਪੇ ਆਪਣੇ ਮੋਢਿਆਂ 'ਤੇ ਚੁੱਕਣ ਲਈ ਮਜਬੂਰ ਹਨ, ਜਿਸ ਦੇ ਪੱਕੇ ਹੱਲ ਲਈ ਮਾਨਸਾ ਤੋਂ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦਾ ਗਠਨ ਕਰਕੇ ਅਰੰਭੇ ਸੰਘਰਸ਼ ਸਦਕਾ ਪੂਰੇ ਪੰਜਾਬ ਨੂੰ ਚੇਤਨ ਕੀਤਾ ਜਾ ਰਿਹਾ ਹੈ ਅਤੇ ਨਸ਼ਾ ਵਿਰੋਧੀ ਕਮੇਟੀਆਂ ਵੱਡੀ ਪੱਧਰ 'ਤੇ ਗਠਤ ਹੋ ਰਹੀਆਂ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਨੇੜਲੇ ਪਿੰਡ ਕੋਟ ਲੱਲੂ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਸਾਥੀ ਚੌਹਾਨ ਨੇ ਮੀਟਿੰਗ ਮੌਕੇ ਜੁੜੇ ਸਾਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਆਪਣੇ ਭਵਿੱਖ ਤੇ ਨਸਲਾਂ ਦੇ ਬਚਾਓ ਲਈ ਚੇਤਨਤਾ ਨੂੰ ਅੱਗੇ ਵਧਾਉਣ ਲਈ ਚਿੰਤਤ ਹੋਣ ਦੀ ਲੋੜ ਹੈ। ਪਿੰਡਾਂ, ਸ਼ਹਿਰਾਂ ਵਿੱਚ ਲੋਕਾਂ ਨੂੰ ਜਗਾਉਣ ਲਈ ਚੇਤਨਾ ਰੈਲੀਆਂ ਕੀਤੀਆਂ ਜਾਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਨਸ਼ਾ ਪੀੜਤਾਂ ਨੂੰ ਜੇਲ੍ਹਾਂ ਨਹੀਂ, ਇਲਾਜ ਦੀ ਲੋੜ ਹੈ। ਮੀਟਿੰਗ ਮੌਕੇ ਦਲਜੀਤ ਮਾਨਸ਼ਾਹੀਆ ਨੇ ਕਿਹਾ ਕਿ ਲੋਕ ਹਮੇਸ਼ਾ ਹੀ ਵੋਟ ਹਥਿਆਰ ਹੁੰਦੇ ਹਨ ਤੇ ਰਾਜਨੀਤਕ ਲੋਕ ਹਮੇਸ਼ਾ ਹੀ ਇਨ੍ਹਾਂ ਨੂੰ ਝੂਠੇ ਲਾਰੇ ਲਾ ਕੇ ਵਰਤਦੇ ਨੇ ਤੇ ਆਪਣੀ ਰਾਜ ਸੱਤਾ ਹਥਿਆ ਲੈਂਦੇ ਹਨ। ਸਾਥੀ ਮਾਨਸ਼ਾਹੀਆ ਨੇ ਨਸ਼ੇ, ਰੁਜ਼ਗਾਰ, ਨਰੇਗਾ, ਹੜ੍ਹਾਂ ਸਬੰਧੀ ਮੁਆਵਜ਼ਾ ਦੇਣ ਆਦਿ ਮਸਲਿਆਂ 'ਤੇ ਲਾਮਬੰਦੀ ਕਰਕੇ ਸੰਘਰਸ਼ ਨੂੰ ਤੇਜ਼ ਕਰਨ ਦੀ ਅਪੀਲ ਵੀ ਕੀਤੀ। ਮੀਟਿੰਗ ਮੌਕੇ ਕਪੂਰ ਸਿੰਘ, ਚੇਤ ਸਿੰਘ, ਮਾੜਾ ਸਿੰਘ, ਸੁਖਵਿੰਦਰ ਸਿੰਘ, ਬਾਵਾ ਸਿੰਘ ਤੋਂ ਇਲਾਵਾ ਹੋਰ ਨਗਰ ਨਿਵਾਸੀ ਵੀ ਸ਼ਾਮਲ ਸਨ।

# ਜ਼ੋਨ ਪੱਧਰੀ ਖੇਡਾਂ 'ਚ ਗਿਆਨ ਸਾਗਰ ਕਾਨਵੈਂਟ ਸਕੂਲ ਨੇ ਮਾਰੀਆਂ ਮੱਲਾਂ

**ਬਰੇਟਾ (ਗੋਬਿੰਦ ਸ਼ਰਮਾ, ਰੀਤਵਾਲ)**-ਪੰਜਾਬ ਸਰਕਾਰ ਦੁਆਰਾ ਜ਼ੋਨ ਪੱਧਰੀ ਸਕੂਲੀ ਖੇਡਾਂ ਕਰਵਾਈਆਂ ਗਈਆਂ, ਜਿਸ 'ਚ ਗਿਆਨ ਸਾਗਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਵੱਖ ਵੱਖ ਖੇਡਾਂ ਵਿੱਚ ਭਾਗ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ। ਇਨ੍ਹਾਂ ਖੇਡਾਂ ਵਿੱਚ ਨੈਸ਼ਨਲ ਸਟਾਈਲ ਕਬੱਡੀ (ਅੰਡਰ-14), ਕ੍ਰਿਕਟ (ਅੰਡਰ-17), ਫੁੱਟਬਾਲ (ਅੰਡਰ-14) ਫੁੱਟਬਾਲ (ਅੰਡਰ-17), ਚੈੱਸ, ਬੈਡਮਿੰਟਨ, ਰੱਸਾਕਸ਼ੀ, ਕਰਾਟੇ, ਕਿੱਕ ਬਾਕਸਿੰਗ ਆਦਿ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਆਪਣੇ ਸਕੂਲ ਦੇ ਬੱਚਿਆ ਨੇ ਫੁੱਟਬਾਲ ਅੰਡਰ-14 ਵਿੱਚ ਪਹਿਲਾ ਸਥਾਨ, ਫੁੱਟਬਾਲ ਅੰਡਰ-17 ਵਿੱਚ ਦੂਜਾ ਸਥਾਨ, ਰੱਸਾਕਸ਼ੀ ਅੰਡਰ-14 ਵਿੱਚ ਪਹਿਲਾ ਸਥਾਨ ਤੇ ਨੈਸ਼ਨਲ ਸਟਾਈਲ ਕਬੱਡੀ ਅੰਡਰ-14 ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲੈਣ ਲਈ ਆਪਣੀ ਜਗ੍ਹਾ ਬਣਾਈ। ਇਸ ਸਕੂਲ ਦੇ 34 ਬੱਚੇ ਵੱਖ ਵੱਖ ਖੇਡਾਂ ਵਿੱਚ ਜਿੱਤ ਕੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਸਿਲੈਕਟ ਹੋਏ, ਜਿਨ੍ਹਾਂ ਨੂੰ ਗਿਆਨ ਸਾਗਰ ਸਕੂਲ ਵਿੱਚ ਪ੍ਰਿੰਸੀਪਲ ਭਾਰਤ ਦੀਪ ਗਰਗ ਤੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਦੁਆਰਾ ਜੇਤੂ ਟੀਮਾਂ ਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਸਿਲੈਕਟ ਹੋਏ ਖਿਡਾਰੀਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪ੍ਰਿੰਸੀਪਲ ਦੁਆਰਾ ਭਵਿੱਖ ਵਿੱਚ ਖੇਡਾਂ ਵਿੱਚ ਵੱਧ ਚੜ੍ਹ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ, ਮਾਪਿਆਂ, ਇਲਾਕਾ ਨਿਵਾਸੀਆਂ ਲਈ ਬਹੁਤ ਖੁਸ਼ੀ ਵਾਲੀ ਗੱਲ ਹੈ ਕਿ ਗਿਆਨ ਸਾਗਰ ਸਕੂਲ ਦੇ ਬੱਚੇ ਖੇਡਾਂ ਵਿੱਚ ਬੜੇ ਜੋਸ਼ ਨਾਲ ਭਾਗ ਲੈ ਰਹੇ ਹਨ ਅਤੇ ਵਧੀਆਂ ਪ੍ਰਦਰਸ਼ਨ ਕਰਦੇ ਹੋਏ ਆਪਣੇ ਸਕੂਲ, ਇਲਾਕਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੇ ਹਨ।






# ਭਾਕਿਯੂ ਏਕਤਾ ਉਗਰਾਹਾਂ ਵੱਲੋਂ ਨਸ਼ਿਆਂ ਖ਼ਿਲਾਫ ਝੰਡਾ ਤੇ ਢੋਲ ਮਾਰਚ





**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੰਗਰੂਰ ਦੇ ਪਿੰਡ ਸ਼ੇਰੋਂ ਵਿਖੇ ਇਕਾਈ ਪ੍ਰਧਾਨ ਮੱਖਣ ਸਿੰਘ ਸ਼ੇਰੋਂ ਤੇ ਬਲਾਕ ਸੰਗਰੂਰ ਦੇ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਢੋਲ ਮਾਰਚ ਤੇ ਝੰਡਾ ਮਾਰਚ ਕੱਢਣ ਮੌਕੇ ਵੱਡੀ ਗਿਣਤੀ ਵਿੱਚ ਮਾਵਾਂ, ਭੈਣਾਂ, ਨੌਜਵਾਨਾਂ ਤੇ ਕਿਸਾਨਾਂ-ਮਜ਼ਦੂਰਾਂ ਨੇ ਇਕੱਠੇ ਹੋ ਕੇ ਨਸ਼ਿਆਂ ਖਿਲਾਫ ਜਾਗਰੂਕ ਹੋਣ ਲਈ ਘਰ-ਘਰ ਹੋਕਾ ਦਿੱਤਾ। ਇਸ ਮੌਕੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਤੇ ਜ਼ਿਲ੍ਹਾ ਜਰਨਲ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਵਿਰੋਧੀ ਮੁਹਿੰਮ ਨੂੰ ਲੈ ਕੇ ਭਾਕਿਯੂ ਏਕਤਾ ਉਗਰਾਹਾਂ ਸੜਕਾਂ 'ਤੇ ਉੱਤਰੇਗੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਮੁਹਿੰਮ ਨੂੰ ਲੈ ਕੇ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ, ਸਰਕਾਰਾਂ ਨਸ਼ੇ ਖਾਣ ਵਾਲਿਆਂ ਤੇ ਸ਼ਿਕੰਜਾ ਕਸ ਦਿੰਦੀਆਂ ਹਨ ਅਤੇ ਨਸ਼ੇ ਦੇ ਵੱਡੇ ਸਮਗਲਰਾਂ ਨੂੰ ਕੋਈ ਵੀ ਸਰਕਾਰ ਹੱਥ ਨਹੀਂ ਪਾਉਂਦੀ, ਪਿਛਲੀਆਂ ਸਰਕਾਰਾਂ ਵੀ ਖੁਦ ਨਸ਼ਾ ਵਿਕਾਉਂਦੀਆਂ ਰਹੀਆਂ ਹਨ, ਪੰਜਾਬ ਦੇ ਵੱਡੇ ਸਿਆਸੀ ਲੀਡਰਾਂ ਦੇ ਨਾਂਅ ਵੀ ਨਸ਼ਾ ਵੇਚਣ ਵਾਲਿਆਂ ਵਿੱਚ ਆਉਂਦੇ ਰਹੇ ਹਨ, ਇਸ ਲਈ ਸਾਨੂੰ ਲੋਕਾਂ ਨੂੰ ਸੋਚਣਾ ਪਵੇਗਾ ਕਿ ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦਾ ਬਚਾਅ ਮੁਸ਼ਕਲ ਹੈ, ਇਸ ਲਈ ਆਓ ਪੰਜਾਬ ਦੇ ਲੋਕੋ ਨਸ਼ੇ ਖ਼ਤਮ ਕਰਨ ਲਈ ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਈਏ ਅਤੇ ਨਸ਼ੇ ਦੇ ਵੱਡੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਸਾਨੂੰ ਸੰਘਰਸ਼ਾਂ ਦੇ ਪਿੜ ਮੱਲਣੇ ਪੈਣਗੇ। ਬਲਾਕ ਸੰਗਰੂਰ ਦੇ ਜਨਰਲ ਸਕੱਤਰ ਜਗਤਾਰ ਸਿੰਘ ਲੱਡੀ ਤੇ ਬਲਾਕ ਮੀਤ ਪ੍ਰਧਾਨ ਹੈਪੀ ਸ਼ੇਰੋਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ 6 ਸਤੰਬਰ ਨੂੰ ਜਥੇਬੰਦੀ ਵੱਲੋਂ ਡੀਸੀ ਦਫਤਰ ਸੰਗਰੂਰ ਵਿਖੇ ਵੱਡਾ ਇਕੱਠ ਕਰਕੇ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਵੱਧ ਤੋਂ ਵੱਧ ਸ਼ਾਮਲ ਹੋ ਕੇ ਨਸ਼ਿਆਂ ਖਿਲਾਫ ਡੱਟ ਕੇ ਖੜਨਾ ਪੈਣਾ ਹੈ। ਇਸ ਮੌਕੇ ਬਲਾਕ ਆਗੂ ਚਮਕੌਰ ਸਿੰਘ ਲੱਡੀ, ਚਮਕੌਰ ਸਿੰਘ ਬਹਾਦਰਪੁਰ, ਕਰਮਜੀਤ ਸਿੰਘ ਮੰਗਵਾਲ, ਭੋਲਾ ਸਿੰਘ ਲੋਹਾਖੇੜਾ ਤੇ ਨਸ਼ਾ ਰੋਕੂ ਐਕਸ਼ਨ ਕਮੇਟੀ ਲੌਂਗੋਵਾਲ ਵੱਲੋਂ ਹਰਵਿੰਦਰ ਸਿੰਘ ਢੀਂਡਸਾ, ਮਿ: ਬੀਟਾ ਸਿੰਘ ਵੱਡੀ ਗਿਣਤੀ 'ਚ ਪਿੰਡ ਵਾਸੀ ਸ਼ਾਮਲ ਹੋਏ।

**ਦਿੜ੍ਹਬਾ (ਜਸਵੀਰ ਲਾਡੀ)** : ਇੱਥੋਂ ਥੋੜ੍ਹੀ ਦੂਰ ਪਿੰਡ ਚੱਠਾ ਨੰਨਹੇੜਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਇਕਾਈ ਚੱਠਾ ਨਨਹੇੜਾ ਵੱਲੋਂ ਗਗਨਦੀਪ ਸਿੰਘ ਚੱਠਾ ਦੀ ਅਗਵਾਈ ਹੇਠ ਪਿੰਡ ਵਿੱਚ ਢੋਲ ਮਾਰਚ ਕੱਢਿਆ ਗਿਆ। ਇਹ ਢੋਲ ਮਾਰਚ 6 ਸਤੰਬਰ 2023 ਨੂੰ ਸੰਗਰੂਰ ਡੀ ਸੀ ਦੇ ਦਫਤਰ ਅੱਗੇ ਕੀਤੇ ਜਾ ਰਹੇ ਇੱਕ ਰੋਜ਼ਾ ਧਰਨੇ ਦੀ ਤਿਆਰੀ ਵਜੋਂ ਕੱਢਿਆ ਗਿਆ। ਇਸ ਢੋਲ ਮਾਰਚ ਨਾਲ ਨਸ਼ਿਆਂ ਦੇ ਖਾਤਮੇ ਲਈ ਨੌਜਵਾਨਾਂ, ਬਜ਼ੁਰਗਾਂ, ਮਾਵਾਂ-ਭੈਣਾਂ ਨੂੰ ਲਾਮਬੰਦ ਕੀਤਾ ਗਿਆ। ਇਹ ਧਰਨਾ ਇਸ ਲਈ ਦਿੱਤਾ ਜਾ ਰਿਹਾ ਹੈ, ਕਿਉਂਕਿ ਪੰਜਾਬ ਵਿੱਚ ਚਿੱਟੇ ਦੇ ਨਸ਼ੇ ਨੇ ਵੱਡੇ ਪੱਧਰ 'ਤੇ ਨੌਜਵਾਨਾਂ ਦਾ ਨੁਕਸਾਨ ਕੀਤਾ ਹੈ, ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਆਪਣੀਆਂ ਕੀਮਤੀ ਜਾਨਾਂ ਇਸ ਨਸ਼ੇ ਨਾਲ ਗੁਆ ਰਹੇ ਹਨ। ਪੰਜਾਬ ਦੇ ਸਮੂਹ ਲੋਕਾਂ ਨੂੰ ਬੇਨਤੀ ਹੈ ਵੀ ਇਸ ਨਸ਼ੇ ਵਿਰੋਧੀ ਮੁਹਿੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉ, ਨਸ਼ਿਆਂ ਦੇ ਖਾਤਮੇ ਨਾਲ ਹੀ ਪੰਜਾਬ ਦਾ ਸੁਨਹਿਰੀ ਭਵਿੱਖ ਬਚ ਸਕਦਾ ਹੈ। ਇਸ ਮੌਕੇ ਪਿੰਡ ਇਕਾਈ ਪ੍ਰਧਾਨ ਨਾਇਬ ਸਿੰਘ ਚੱਠਾ, ਗੁਰਦੇਵ ਸਿੰਘ ਬਾਬਾ, ਗੁਰਚਰਨ ਸਿੰਘ ਟੌਹੜਾ, ਸ਼ਿੰਗਾਰ ਸਿੰਘ, ਦਰਵਾਰਾ ਸਿੰਘ, ਭੋਲਾ ਸਿੰਘ, ਕਾਕੂ ਚੱਠਾ, ਗੁਰਜੰਟ ਸਿੰਘ, ਮੁਖਤਿਆਰ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਅਵੀਜੀਤ ਦੀ ਸਟੇਟ ਲਈ ਚੋਣ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਅਵੀਜੀਤ ਸਿੰਘ ਨੂੰ 'ਗੱਤਕਾ' ਖੇਡ 'ਚ ਸਟੇਟ ਲੈਵਲ ਲਈ ਚੁਣਿਆ ਗਿਆ। ਪਿਛਲੇ ਦਿਨੀਂ ਭੁਪਿੰਦਰਾ ਖਾਲਸਾ ਸਕੂਲ ਵਿੱਚ ਗੱਤਕਾ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਅਵੀਜੀਤ ਸਿੰਘ ਨੇ ਅੰਡਰ-14 ਫਰੀ ਸੋਟੀ ਸਿੰਗਲ ਮੁਕਾਬਲੇ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਸਵੇਤਾ ਸ਼ਰਮਾ ਨੇ ਹੋਣਹਾਰ ਵਿਦਿਆਰਥੀ ਅਵੀਜੀਤ ਤੇ ਉਸ ਦੇ ਮਾਂ-ਬਾਪ ਨੂੰ ਬਹੁਤ-ਬਹੁਤ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਇਹੋ ਜਿਹੇ ਹੋਣਹਾਰ ਵਿਦਿਆਰਥੀ ਹੋਰ ਵੀ ਅੱਗੇ ਜਾ ਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਤੇ ਸਮੂਹ ਸਟਾਫ ਮੈਂਬਰਾਂ ਨੇ ਵੀ ਵਧਾਈ ਦਿੱਤੀ।

### ਮੁੱਖ ਮੰਤਰੀ ਦੀ ਕੋਠੀ ਦਾ ਘੇਰਾਓ ਭਲਕੇ

**ਸ਼ੇਰਪੁਰ (ਸੁਖਦੇਵ ਧੂਰੀ)**-17 ਸਾਲਾਂ ਤੋਂ ਪਸ਼ੂ ਡਿਸਪੈਂਸਰੀਆਂ 'ਚ ਕੰਮ ਕਰਦੇ ਆ ਰਹੇ ਰੂਰਲ ਵੈਟਨਰੀ ਫਰਮਾਸਿਸਟ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਆਪਣੀਆਂ ਮੰਗਾਂ ਦੇ ਹੱਕ ਵਿੱਚ ਭਲਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸੰਗਰੂਰ ਸਥਿਤ ਕੋਠੀ ਅੱਗੇ ਰੋਸ ਮੁਜ਼ਾਹਰਾ ਕਰਨਗੇ। ਜਥੇਬੰਦੀ ਦੇ ਸੂਬਾ ਪ੍ਰਧਾਨ ਦਵਿੰਦਰ ਸਿੰਘ ਲਸੋਈ ਤੇ ਗਗਨਦੀਪ ਮਾਨਸਾ ਦੇ ਹਵਾਲੇ ਨਾਲ ਸੂਬਾਈ ਆਗੂ ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਹਰ ਵਰ੍ਹੇ ਮਾਰਚ ਮਹੀਨੇ ਵਿੱਚ ਕੀਤਾ ਜਾਂਦਾ ਸਾਲਾਨਾ ਇਕਰਾਰਨਾਮਾ ਵੀ ਇਸ ਵਾਰ ਨਹੀਂ ਨਵਿਆਇਆ, ਜਿਸ ਕਰਕੇ ਪੰਜ ਮਹੀਨੇ ਤੋਂ ਉਹ ਲਗਾਤਾਰ ਤਨਖਾਹਾਂ ਤੋਂ ਵਾਂਝੇ ਹਨ। ਇੱਥੇ ਹੀ ਬਸ ਨਹੀਂ, ਸਗੋਂ ਕੱਚੇ ਮੁਲਾਜ਼ਮਾਂ ਲਈ ਤਿਆਰ ਕੀਤੀ 10 ਸਾਲਾ ਪਾਲਿਸੀ ਵਿੱਚ ਵੀ ਵੈਟਨਰੀ ਫਰਮਾਸਿਸਟਾਂ ਨੂੰ ਲੈਣ ਸਬੰਧੀ ਤਸਵੀਰ ਸਾਫ਼ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਦੇ ਇਸ ਜਬਰ ਨੂੰ ਵੈਟਨਰੀ ਫਰਮਾਸਿਸਟ ਮੂਕ ਦਰਸ਼ਕ ਬਣ ਕੇ ਨਹੀਂ ਵੇਖਣਗੇ ਤੇ ਸਮੂਹ ਵੈਟਨਰੀ ਫਰਮਾਸਿਸਟ 4 ਸਤੰਬਰ ਦੇ ਸੰਗਰੂਰ ਮੁਜ਼ਾਹਰੇ ਦਾ ਹਿੱਸਾ ਜ਼ਰੂਰ ਬਣਨ।

### ਲੜਾਈ ਦੇ ਮਾਮਲੇ 'ਚ ਦੋਵਾਂ ਧਿਰਾਂ ਖਿਲਾਫ ਕੇਸ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਤਾਰੇਵਾਲਾ ਵਿਖੇ ਹੋਈ ਲੜਾਈ ਦੇ ਸਬੰਧ ਵਿੱਚ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਦੋਵਾਂ ਧਿਰਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪਹਿਲੀ ਧਿਰ ਦੇ ਮੁਦੱਈ ਕੁਲਦੀਪ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਰੋੜਾਂਵਾਲਾ ਉਰਫ ਤਾਰੇਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੇ ਭਰਾ ਦੇ ਖੇਦ ਕੋਲ ਉਨ੍ਹਾਂ ਨੇ ਪੰਚਾਇਤੀ ਜ਼ਮੀਨ ਠੇਕੇ 'ਤੇ ਲਈ ਹੋਈ ਹੈ, ਜਿਸ ਵਿੱਚ ਬੀਜੀ ਫਸਲ ਨੂੰ ਉਹ ਖਾਦ ਪਾ ਰਹੇ ਸੀ ਅਤੇ ਇਸ ਦੌਰਾਨ ਜਗਤਾਰ ਸਿੰਘ ਵਗੈਰਾ ਵੱਲੋਂ ਕੁੱਟਮਾਰ ਕੀਤੀ ਗਈ ਤੇ ਜਾਤੀ ਸੂਚਕ ਸ਼ਬਦ ਬੋਲੇ ਗਏ ਹਨ, ਜਿਸ 'ਤੇ ਪੁਲਸ ਨੇ ਕੁਲਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਜਗਤਾਰ ਸਿੰਘ ਪੁੱਤਰ ਰਤਨ ਸਿੰਘ, ਪ੍ਰੇਮ ਸਿੰਘ ਪੁੱਤਰ ਜਗਤਾਰ ਸਿੰਘ ਤੇ ਕੁਲਵਿੰਦਰ ਸਿਘ ਪੁੱਤਰ ਪ੍ਰੇਮ ਸਿੰਘ ਵਾਸੀਆਨ ਤਾਰੇਵਾਲਾ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਉਧਰ, ਦੂਜੀ ਧਿਰ ਦੇ ਸ਼ਿਕਾਇਤਕਰਤਾ ਮੁਖਤਿਆਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਤਾਰੇਵਾਲਾ ਦੇ ਬਿਆਨਾਂ ਦੇ ਅਧਾਰ 'ਤੇ ਇਸ ਮੁਕੱਦਮੇ ਵਿਚ ਇਕਬਾਲ ਸਿੰਘ, ਬਲਜੀਤ ਸਿੰਘ, ਬੱਬੂ ਸਿੰਘ ਵਾਸੀਆਨ ਰੋੜਾਂਵਾਲਾ ਉਰਫ ਤਾਰੇਵਾਲਾ ਤੇ ਗੁਰਪ੍ਰੀਤ ਸਿੰਘ ਵਾਸੀ ਤਾਰੇਵਾਲਾ ਦੇ ਖਿਲਾਫ ਧਾਰਾ 323 ਤੇ 34 ਆਈਪੀਸੀ ਤਹਿਤ ਰਪਟ ਦਰਜ ਕੀਤੀ ਗਈ ਹੈ। ਪੁਲਸ ਵੱਲੋਂ ਇਸ ਮੁਕੱਦਮੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਪੋਰਟਲ ਐਂਟਰੀ ਡਾਟਾ ਖੁੱਲ੍ਹਵਾਉਣ ਲਈ ਜੌੜਾਮਾਜਰਾ ਨੂੰ ਸ਼ੈਲਰ ਮਾਲਕਾਂ ਨੇ ਦਿੱਤਾ ਮੰਗ ਪੱਤਰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਫੂਡ ਸਪਲਾਈ ਮਹਿਕਮੇ ਦਾ ਪੋਰਟਲ ਡਾਟਾ ਸਾਈਟ ਖੁੱਲ੍ਹਵਾਉਣ ਲਈ ਨਿਊ ਦਹਾਤੀ ਰਾਇਸ ਮਿੱਲਜ਼ ਐਸੋਸੀਏਸ਼ਨ ਸਮਾਣਾ ਨੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਮੰਗ ਪੱਤਰ ਦੇ ਕੇ ਪੋਰਟਲ ਡਾਟਾ ਖੁੱਲ੍ਹਵਾਉਣ ਲਈ ਬੇਨਤੀ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਦੰਦੀਵਾਲ ਪ੍ਰਧਾਨ ਨਿਊ ਦਿਹਾਤੀ ਰਾਈਸ ਮਿੱਲਰਜ਼ ਐਸੋਸੀਏਸ਼ਨ ਸਮਾਣਾ ਨੇ ਦੱਸਿਆ ਕਿ ਫੂਡ ਸਪਲਾਈ ਵਿਭਾਗ ਵੱਲੋਂ ਪੋਰਟਲ ਐਂਟਰੀ ਡਾਟਾ 14 ਅਗਸਤ 2023 ਨੂੰ ਬੰਦ ਕਰ ਦਿੱਤਾ ਸੀ, ਜਿਸ ਕਰਕੇ ਬਹੁਤ ਸਾਰੇ ਰਾਈਸ ਮਿੱਲਜ਼ ਦਾ ਡਾਟਾ ਅੱਪਲੋਡ ਹੋਣ ਤੋਂ ਰਹਿ ਗਿਆ ਹੈ, ਜਿਹੜੇ ਸੈੱਲਰਾਂ ਦਾ ਡਾਟਾ ਅਪਲੋਡ ਹੋਣ ਤੋਂ ਰਹਿ ਗਿਆ ਹੈ, ਉਨ੍ਹਾਂ ਨੂੰ 2023-2024 ਲਈ ਪੈਂਡੀ ਦੀ ਫਸਲਾਂ ਸੈਲਰਾਂ ਵਿੱਚ ਲਵਾਉਣ ਲਈ ਅਲਾਟਮੈਂਟ ਨਹੀਂ ਹੋਵੇਗੀ। ਇਸ ਲਈ ਫੂਡ ਸਪਲਾਈ ਵਿਭਾਗ ਦਾ ਪੋਰਟਲ ਐਂਟਰੀ ਡਾਟਾ ਖੁੱਲ੍ਹਵਾਇਆ ਜਾਵੇ ਤਾਂ ਜੋ ਸੈੱਲਰਾਂ ਵਾਲੇ ਆਪਣਾ ਡਾਟਾ ਫੂਡ ਸਪਲਾਈ ਵਿਭਾਗ ਦੀ ਸਾਈਟ 'ਤੇ ਅੱਪਲੋਡ ਕਰ ਸਕਣ ਤੇ 2023-2024 ਲਈ ਪੈਡੀ ਦੀ ਫਸਲ ਆਪਣੇ ਸੈਲਰਾਂ ਵਿੱਚ ਲੋਡ ਕਰਵਾਉਣ ਲਈ ਅਲਾਟਮੈਂਟ ਪ੍ਰਾਪਤ ਕਰ ਸਕਣ।

ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਿਊ ਦਿਹਾਤੀ ਸੈਲਰ ਮਿੱਲਜ਼ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਫੂਡ ਸਪਲਾਈ ਮੰਤਰੀ ਤੇ ਫੂਡ ਸਪਲਾਈ ਦੇ ਅਧਿਕਾਰੀਆਂ ਨਾਲ ਗੱਲਬਾਤ ਫੂਡ ਸਪਲਾਈ ਵਿਭਾਗ ਦਾ ਪੋਰਟਲ ਐਂਟਰੀ ਡਾਟਾ ਜਲਦੀ ਖੁੱਲ੍ਹਵਾ ਦੇਣਗੇ, ਜਿਸ 'ਤੇ ਸੈਲਰਾਂ ਵਾਲੇ ਆਪਣਾ ਡਾਟਾ ਅੱਪ ਲੋਡ ਕਰ ਸਕਣਗੇ ਤੇ 2023-2024 ਦੇ ਸੀਜ਼ਨ ਲਈ ਉਨ੍ਹਾਂ ਸੈਲਰਾਂ ਨੂੰ ਪੈਡੀ ਦੀ ਅਲਾਟਮੈਂਟ ਵੀ ਕਰਵਾਈ ਜਾਵੇਗੀ। ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ, ਸੰਦੀਪ ਸਿੰਘ ਭਿੰਡਰ, ਗਮਦੂਰ ਸਿੰਘ ਮਵੀ, ਗੁਰਦੀਪ ਸਿੰਘ ਕਕਰਾਲਾ, ਰਜੇਸ਼ ਗੋਇਲ, ਰਿੰਪਾ, ਮੁਨੀਸ਼ ਕੁਮਾਰ, ਜਸਕਾਰਨ ਸਿੰਘ ਢੋਟ, ਹਰਿੰਦਰ ਸਿੰਘ ਕਲਬੁਰਛਾਂ, ਜਗੀਰ ਸਿੰਘ, ਬਲਜਿੰਦਰ ਸਿੰਘ ਸਰਪੰਚ, ਗੋਪਾਲ ਸਿੰਘ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।



# ਟਰੱਕ ਤੇ ਮੋਟਰਸਾਈਕਲ ਦੀ ਟੱਕਰ 'ਚ ਇੱਕ ਦੀ ਮੌਤ

**ਜਲਾਲਾਬਾਦ (ਜੀਤ ਕੁਮਾਰ)**-ਬੀਤੇ ਦਿਨੀਂ ਪਿੰਡ ਘੁਬਾਇਆ ਦੇ ਬੱਸ ਅੱਡੇ ਦੇ ਕੋਲ ਐੱਫ ਐੱਫ ਰੋਡ 'ਤੇ ਟਰੱਕ (ਘੋੜਾ ਟਰਾਲਾ) ਤੇ ਮੋਟਰਸਾਈਕਲ ਦੀ ਟੱਕਰ ਹੋਣ ਨਾਲ ਵਾਪਰੇ ਹਾਦਸੇ ਇਕ ਵਿਅਕਤੀ ਦੀ ਮੌਤ ਹੋਣ 'ਤੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਦੱਈ ਰੁਲੀਆ ਸਿੰਘ ਪੁੱਤਰ ਰਮੇਸ਼ ਸਿੰਘ ਪਿੰਡ ਮੋਹਕਮ ਅਰਾਈਆ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸਦਾ ਲੜਕਾ ਸੋਨਾ ਸਿੰਘ ਵਾਸੀ ਮੋਹਕਮ ਅਰਾਈਆ, ਜੋ ਕਿ ਆਪਣੇ ਪਰਿਵਾਰ ਸਮੇਤ ਆਪਣੇ ਸਹੁਰੇ ਪਿੰਡ ਹਸਤਾ ਕਲਾਂ ਵਿਖੇ ਰੱਖੜੀਆਂ ਸਬੰਧੀ ਗਿਆ ਹੋਇਆ ਸੀ। ਮਿਤੀ 31 ਅਗਸਤ 2023 ਨੂੰ ਉਸ ਦੀ ਨੂੰਹ ਤੇ ਬੱਚੇ ਪਿੰਡ ਹਸਤਾ ਕਲਾਂ ਵਿਖੇ ਰਹਿ ਪਏ ਅਤੇ ਉਸ ਦਾ ਲੜਕਾ ਸੋਨਾ ਸਿੰਘ ਸਮੇਤ ਉਹ (ਮੁਦੱਈ) ਸ਼ਾਮ ਨੂੰ ਆਪਣੇ ਪਿੰਡ ਮੋਹਕਮ ਅਰਾਈਆਂ ਵੱਲ ਆ ਰਹੇ ਸੀ ਤਾਂ ਜਦੋਂ ਪਿੰਡ ਘੁਬਾਇਆ ਬੱਸ ਅੱਡੇ ਤੋਂ ਥੋੜ੍ਹਾ ਪਿੱਛੇ ਸੀ ਤਾਂ ਇਕ ਟਰੱਕ (ਘੋੜਾ ਟਰਾਲਾ) ਨੰਬਰ ਪੀ ਬੀ 03 ਐਕਸ 9756 ਚਾਲਕ ਤੇਜ਼ ਰਫਤਾਰ ਤੇ ਲਾਪ੍ਰਵਾਹੀ ਦੇ ਨਾਲ ਗੱਡੀ ਚਲਾ ਰਿਹਾ ਸੀ ਤੇ ਗਲਤ ਸਾਇਡ ਲਿਜਾ ਕੇ ਉਨ੍ਹਾਂ ਦੇ ਮੋਟਰਸਾਈਕਲ ਵਿੱਚ ਟੱਕਰ ਮਾਰ ਦਿੱਤੀ, ਜਿਸ ਨਾਲ ਸੋਨਾ ਸਿੰਘ ਦੀ ਮੌਤ ਹੋ ਗਈ। ਪੁਲਸ ਨੇ ਮੁਦੱਈ ਰੁਲੀਆ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਟਰੱਕ ਦੇ ਅਣਪਛਾਤੇ ਡਰਾਇਵਰ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# 'ਖੇਡਾਂ ਵਤਨ ਪੰਜਾਬ ਦੀਆਂ' ਦਾ ਐੱਸ ਐੱਸ ਪੀ ਵੱਲੋਂ ਉਦਘਾਟਨ

## ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ : ਗਿੱਲ




**ਸ੍ਰੀ ਮੁਕਤਸਰ ਸਹਿਬ (ਸ਼ਮਿੰਦਰਪਾਲ/ਪੂਜਾ)**-ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵਤਨ ਪੰਜਾਬ ਦੀਆਂ-2023 ਤਹਿਤ ਬਠਿੰਡਾ ਵਿਖੇ ਇਸ ਦਾ ਅਗਾਜ਼ ਕੀਤਾ ਗਿਆ ਸੀ। ਇਸੇ ਨੂੰ ਮੁੱਖ ਰੱਖਦਿਆਂ ਪੂਰੇ ਸੂਬੇ ਦੇ ਜਿਲਾ ਪੱਧਰੀ ਤੇ ਬਲਾਕ ਵਿੱਚ ਖੇਡਾਂ ਦਾ ਅਗਾਜ਼ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੀ ਸ੍ਰੀ ਮੁਕਤਸਰ ਸਾਹਿਬ ਬਲਾਕ ਗਿਦੜਬਾਹਾ ਦੇ ਪਿੰਡ ਕੋਟਭਾਈ ਸਟੇਡੀਅਮ ਵਿੱਚ ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਉਦਘਾਟਨ ਕੀਤਾ ਗਿਆ। ਇਸ ਮੌਕੇ ਖੇਡ ਅਫਸਰ ਅਨਿੰਦਰਵੀਰ ਕੌਰ ਬਰਾੜ, ਰਮਨਦੀਪ ਸਿੰਘ ਭੁੱਲਰ ਐੱਸ.ਪੀ. (ਡੀ), ਜਸਬੀਰ ਸਿੰਘ ਡੀ.ਐੱਸ.ਪੀ. ਗਿੱਦੜਬਾਹਾ ਤੇ ਐਡਵੋਕੇਟ ਪ੍ਰਿਤਪਾਲ ਸ਼ਰਮਾ ਹਲਕਾ ਇੰਚਾਰਜ ਗਿੱਦੜਬਾਹਾ ਤੇ ਕ੍ਰੀਬ 1800 ਖੇਡਾਂ ਵਿੱਚ ਭਾਗ ਲੈਣ ਆਏ ਨੌਜਵਾਨ ਖਿਡਾਰੀ ਹਾਜ਼ਰ ਸਨ। ਇਸ ਮੌਕੇ ਸਟੇਜ ਸੈਕਟਰੀ ਦੀ ਡਿਊਟੀ ਤਰਸੇਮ ਸਿੰਘ ਵੱਲੋਂ ਨਿਭਾਈ ਗਈ ਤੇ ਅਵੇਅਰਨੈੱਸ ਟੀਮ ਦੇ ਇੰਚਾਰਜ ਏ.ਐੱਸ.ਆਈ. ਹਰਮੰਦਰ ਸਿੰਘ, ਏ.ਐੱਸ.ਆਈ. ਗੁਰਜੰਟ ਸਿੰਘ ਵੱਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਣਕਾਰੀ ਦਿੱਤੀ ਗਈ ਅਤੇ ਏ.ਐੱਸ.ਆਈ. ਨਾਇਬ ਸਿੰਘ ਵੱਲੋਂ ਧਾਰਮਿਕ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਗੀਤ ਗਾ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਗਰੂਕ ਕੀਤਾ ਗਿਆ।

ਇਸ ਮੌਕੇ ਐੱਸ.ਐੱਸ.ਪੀ. ਸ੍ਰ. ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ "ਖੇਡਾਂ ਪੰਜਾਬ ਦੀਆਂ-2023" ਪਿਛਲੇ ਦਿਨੀਂ ਅਗਾਜ਼ ਕੀਤਾ ਸੀ, ਉਸ ਦਾ ਮੁੱਖ ਉਦੇਸ਼ ਹੈ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਤੰਦਰੁਸਤ ਰੱਖਣਾ ਤੇ ਚੰਗੇ ਖਿਡਾਰੀ ਬਣਾਉਣਾ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਜਿਹੜੇ ਪੁਲਸ ਵਿੱਚ ਚੰਗੇ ਖਿਡਾਰੀ ਹਨ, ਉਨ੍ਹਾਂ ਦੀ ਡਿਊਟੀ ਨੌਜਵਾਨਾਂ ਨੂੰ ਕੋਚਿੰਗ ਦੇਣ ਤੇ ਲਗਾਈ ਗਈ ਹੈ ਜੋ ਜਿਲ੍ਹਾ ਖੇਡ ਅਫਸਰ ਨਾਲ ਤਾਲ ਮੇਲ ਰੱਖਣਗੇ ਤੇ ਖੇਡ ਪੁਲਸ ਮੁਲਾਜ਼ਮਾਂ ਵੱਲੋਂ ਪਿੰਡਾਂ ਅੰਦਰ ਨੌਜਵਾਨਾਂ ਨੂੰ ਇਕੱਠਾ ਕਰਕੇ ਕੋਚਿੰਗ ਦੇਣਗੇ ਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਵੀ ਕਰਨਗੇ।

ਇਸ ਮੌਕੇ ਖੇਡ ਅਫਸਰ ਅਨਿੰਦਰਵੀਰ ਕੌਰ ਬਰਾੜ ਨੇ ਕਿਹਾ ਕਿ ਅੱਜ ਵਾਲੀਬਾਲ (ਸ਼ੂਟਿੰਗ/ਸਮੈਸਿੰਗ), ਕਬੱਡੀ (ਸਰਕਲ/ਨੈਸ਼ਨਲ), ਖੋ-ਖੋ ਐਥਲੈਟਿਕਸ, ਫੁੱਟਬਾਲ ਤੇ ਰੱਸਾਕਸ਼ੀ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ।

# ਸਰਕਾਰ ਜਬਰ ਦੀ ਬਜਾਏ ਜਥੇਬੰਦੀਆਂ ਨਾਲ ਗੱਲਬਾਤ ਰਾਹੀਂ ਮਸਲੇ ਹੱਲ ਕਰੇ : ਖੁਸ਼ੀਆ ਸਿੰਘ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ



ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਤਾਂ ਕੀ ਕਰਨੇ ਸੀ, ਸਗੋਂ ਆਪਣੀਆਂ ਹੱਕੀ ਮੰਗਾਂ ਦੀ ਪ੍ਰਪਤੀ ਲਈ ਸੰਘਰਸ਼ ਕਰਦੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਐਸਮਾ ਲਾਗੂ ਕਰਕੇ ਸੂਬਾ ਸਰਕਾਰ ਨੇ ਆਪਣਾ ਲੋਕ ਵਿਰੋਧੀ ਚਿਹਰਾ ਨੰਗਾ ਕੀਤਾ ਹੈ। ਇਹ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਨੇ ਇਥੇ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਵਿਧਾਨ ਸਭਾ ਚੋਣਾਂ ਵੇਲੇ ਸੂਬੇ ਦੇ ਲੋਕਾਂ ਨੇ ਬੜੇ ਚਾਅ ਨਾਲ ਆਮ ਆਦਮੀ ਨੂੰ ਭਲੇ ਦੀ ਆਸ ਨਾਲ ਵੋਟਾਂ ਪਾਈਆਂ, ਪਰ ਹੁਣ ਸਰਕਾਰ ਆਉਣ ਤੋਂ ਬਾਅਦ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਵੀ ਅੱਗੇ ਹੋ ਕੇ ਲੋਕ ਵਿਰੋਧੀ ਫੈਸਲੇ ਲਈ ਜਾ ਰਹੇ ਹਨ। ਕਾਮਰੇਡ ਖੁਸ਼ੀਆ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 15 ਅਗਸਤ ਤੱਕ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਮੁਰਗੀ ਤੱਕ ਦਾ ਮੁਆਵਜ਼ਾ ਦੇਣ ਵਾਲੇ ਬਿਆਨ ਗੁੰਮਰਾਹਕੁਨ ਹੀ ਸਾਬਿਤ ਹੋਏ ਹਨ। ਉਨ੍ਹਾ ਸੂਬੇ ਦੇ ਮਾਲ ਮਹਿਕਮੇ ਤੇ ਹੋਰਨਾਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਕੁਚਲਣ ਲਈ ਐਸਮਾ ਲਗਾਉਣ ਦੇ ਫੈਸਲੇ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਠੰਢੇ ਦਿਮਾਗ ਨਾਲ ਸੋਚ ਕੇ ਜਥੇਬੰਦੀਆਂ ਨਾਲ ਗੱਲਬਾਤ ਰਾਹੀਂ ਮਸਲੇ ਹੱਲ ਕਰਨੇ ਚਾਹੀਦੇ ਹਨ, ਨਾ ਕਿ ਐਸਮਾ, ਪੁਲਸ ਤੇ ਨੌਕਰਸ਼ਾਹੀ ਦੇ ਸਹਾਰੇ ਹਾਲਾਤ ਵਿਗਾੜੇ ਜਾਣ। ਉਨ੍ਹਾਂ ਐਸਮਾ ਲਾਗੂ ਕਰਨ ਦੇ ਇਸ ਲੋਕ ਮਾਰੂ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

# ਸਿਮਰਨਜੀਤ ਸਿੰਘ ਮਾਨ ਆਰ ਐੱਸ ਡੀ ਕਾਲਜ ਧਰਨੇ 'ਤੇ ਪੁੱਜੇ

## ਤਿੰਨਾਂ ਪ੍ਰੋਫੈਸਰਾਂ ਦੇ ਹੱਕ 'ਚ ਉਠਾਈ ਆਵਾਜ਼




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਸਾਥੀਆਂ ਸਮੇਤ 27ਵੇਂ ਦਿਨ ਆਰ.ਐੱਸ.ਡੀ. ਕਾਲਜ ਕਾਲਜ ਫ਼ਿਰੋਜ਼ਪੁਰ ਵਿਖੇ ਲੱਗੇ 24 ਘੰਟੇ ਦੇ ਧਰਨੇ ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਮਾਨ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਲੋਕਾਂ ਨੂੰ ਸਿੱਖਿਆ ਦੇਣ ਦੇ ਮਨੋਰਥ ਲਈ ਬਣੇ ਕਾਲਜ ਹੁਣ ਇਨ੍ਹਾਂ ਦੀਆਂ ਮਨਮਾਨੀਆਂ ਤੇ ਉੱਤਰ ਆਏ ਹਨ, ਇਸ ਮੈਨੇਜਮੈਂਟ ਨੇ ਕਾਲਜ ਦੇ 3 ਸੀਨੀਅਰ ਅਧਿਆਪਕਾਂ ਨੂੰ ਬੇਵਜ੍ਹਾ ਤੇ ਗ਼ੈਰ-ਕਾਨੂੰਨੀ ਤਰੀਕਾ ਅਪਣਾਉਂਦਿਆਂ ਨੌਕਰੀ ਤੋਂ ਕੱਢ ਦਿੱਤਾ, ਜਿਸ ਦੇ ਰੋਸ ਵਜੋਂ ਪ੍ਰੋਫੈਸਰ ਸਾਹਿਬ ਆਪਣਾ ਹੱਕ ਲੈਣ ਲਈ ਅਮਨ ਪਸੰਦ ਤਰੀਕੇ ਤੇ ਜਮਹੂਰੀਅਤ ਢੰਗ ਨਾਲ ਦਿਨ-ਰਾਤ 24 ਘੰਟੇ ਦੇ ਧਰਨੇ 'ਤੇ ਬੈਠੇ ਹਨ। ਉਨ੍ਹਾ ਕਿਹਾ ਕਿ ਇਹ ਬਹੁਤ ਮੰਦਭਾਗਾ ਵਰਤਾਰਾ ਹੈ ਕਿ ਇੰਨੇ ਲੰਬੇ ਸਮੇਂ ਤੋਂ ਬੱਚਿਆਂ ਨੂੰ ਸਿੱਖਿਆ ਦੇਣ ਤੋਂ ਬਾਅਦ ਇਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਤੋਂ ਕਾਲਜ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਮੈਂ ਇਨ੍ਹਾਂ ਪ੍ਰੋਫੈਸਰ ਸਾਹਿਬਾਨ ਨਾਲ ਹੋਏ ਧੱਕੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ ਤੇ ਇਨ੍ਹਾਂ ਸਾਥੀਆਂ ਦੀ ਪੂਰੀ ਹਮਾਇਤ ਵਿੱਚ ਖੜਾ ਹਾਂ ਅਤੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਦੀ ਆਵਾਜ਼ ਬਣ ਕੇ ਮੈਂ ਇਹ ਗੱਲ ਪੰਜਾਬ ਸਰਕਾਰ ਕੋਲ ਰੱਖਾਂਗਾ, ਜੇਕਰ ਇਸ ਮਸਲੇ ਦਾ ਹੱਲ ਨਹੀਂ ਕਰਦੇ ਤਾਂ ਮੈਂ ਇਹ ਮੁੱਦਾ ਲੋਕ ਸਭਾ 'ਚ ਉਠਾਂਵਾਗਾ।

ਉਨ੍ਹਾ ਕਿਹਾ ਕਿ ਇਸ ਕਾਲਜ ਵਿੱਚ ਭਾਰਤੀ ਫੌਜ ਦੇ ਮੁਖੀ ਜਨਰਲ ਜੇ ਜੇ ਸਿੰਘ, ਪਾਕਿਸਤਾਨੀ ਫੌਜ ਦੇ ਮੁਖੀ ਰਹਿ ਚੁੱਕੇ ਜਰਨਲ ਫੈਜ਼ ਅਲੀ ਚਿਸ਼ਤੀ, ਭਾਰਤ ਦੇ ਸਾਬਕਾ ਚੀਫ ਜਸਟਿਸ ਹਾਕੀ ਉਲੰਪੀਅਨ ਅਜੀਤ ਸਿੰਘ ਵਰਗੇ ਲੋਕ ਪੜ੍ਹ ਕੇ ਵੱਡੇ ਅਹੁਦਿਆਂ ਦੇ ਪੁੱਜੇ, ਜੋ ਕਿ ਮਾਣ ਵਾਲੀ ਗੱਲ ਸੀ ਤੇ ਦੇਸ਼ ਵਿੱਚ ਕਾਲਜ ਦਾ ਨਾਂ ਰੌਸ਼ਨ ਕੀਤਾ, ਪਰ ਇਸ ਦੇ ਉਲਟ ਹੁਣ ਇਨ੍ਹਾਂ ਰੈਗੂਲਰ ਪੂਰੇ ਨਿਯਮਾਂ ਨਾਲ ਭਰਤੀ ਪ੍ਰੋਫੈਸਰ ਸਾਹਿਬਾਨ ਨੂੰ ਧੱਕੇ ਨਾਲ ਕਾਲਜ ਤੋਂ ਬਾਹਰ ਕੱਢਣ ਦੇ ਮਸਲੇ ਨੇ ਵੀ ਪੂਰੇ ਦੇਸ਼ ਵਿੱਚ ਇਸ ਕਾਲਜ 'ਤੇ ਸਵਾਲੀਆ ਨਿਸ਼ਾਨ ਖੜਾ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਪਹਿਲਾਂ ਮਾਂ ਬੋਲੀ ਪੰਜਾਬੀ ਦੇ ਐੱਮ.ਏ. ਕੋਰਸ ਬਿਨਾਂ ਕਿਸੇ ਵਜ੍ਹਾ ਤੋਂ ਬੰਦ ਕਰ ਦਿੱਤੇ ਗਏ, ਫਿਰ ਸੀਨੀਅਰ ਅਧਿਆਪਕ ਪ੍ਰੋਫੈਸਰ ਕੁਲਦੀਪ ਸਿੰਘ, ਪ੍ਰੋ. ਮਨਜੀਤ ਕੌਰ ਆਜ਼ਾਦ ਤੇ ਇਤਿਹਾਸ ਦੇ ਪ੍ਰੋਫੈਸਰ ਲਕਸ਼ਮਿੰਦਰਾ ਭੋਰੀਵਾਲ ਨੂੰ ਕਾਲਜ ਤੋਂ ਬਾਹਰ ਕੱਢਿਆ, ਪਰ ਕਾਲਜ ਨੂੰ ਇਨ੍ਹਾਂ ਅਧਿਆਪਕਾਂ ਨੂੰ ਕਾਲਜ ਵਿੱਚ ਹੁੰਦੇ ਹੋਏ ਤਿੰਨ ਹੋਰ ਅਧਿਆਪਕਾਂ ਦੀ ਲੋੜ ਹੈ। ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜਲਦ ਇਹ ਅਧਿਆਪਕਾਂ ਨੂੰ ਤੁਰੰਤ ਨੌਕਰੀ ਤੇ ਵਾਪਸ ਲਿਆ ਜਾਵੇ ਨਹੀਂ ਤਾਂ ਸਾਡੀ ਪਾਰਟੀ ਵੱਲੋਂ ਹਰ ਬਣਦੀ ਮਦਦ ਤੇ ਕਰਵਾਈ ਕੀਤੀ ਜਾਵੇਗੀ। ਇਸ ਮੌਕੇ ਗੁਰਚਰਨ ਸਿੰਘ ਭੁੱਲਰ ਮੈਂਬਰ ਪੀ.ਏ.ਸੀ. ਤੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਤੇਜਿੰਦਰ ਸਿੰਘ ਦਿਓਲ ਸੂਬਾ ਯੂਥ ਪ੍ਰਧਾਨ, ਗੁਰਜੰਟ ਸਿੰਘ ਕੱਟੂ ਪੀ. ਏ. ਸਿਮਰਨਜੀਤ ਸਿੰਘ ਮਾਨ, ਜਤਿੰਦਰ ਸਿੰਘ ਥਿੰਦ, ਜਗਜੀਤ ਸਿੰਘ ਦਫਤਰ ਸਕੱਤਰ, ਸੂਰਤ ਸਿੰਘ ਮਮਦੋਟ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਪਰਗਟ ਸਿੰਘ ਵਾਹਕੇ ਮੁੱਖ ਬੁਲਾਰਾ ਫਿਰੋਜ਼ਪੁਰ, ਇਕਬਾਲ ਸਿੰਘ, ਗੁਰਵਿੰਦਰ ਸਿੰਘ ਯੂਥ ਪ੍ਰਧਾਨ ਫਿਰੋਜ਼ਪੁਰ, ਗਿਆਨ ਸਿੰਘ ਮੰਡ, ਬੋਹੜ ਸਿੰਘ ਥਿੰਦ, ਗੁਰਚਰਨ ਸਿੰਘ ਚੰਨ ਬਲਾਕ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਆਦਿ ਹਾਜ਼ਰ ਸਨ।

# ਗੁਰਦੁਆਰਾ ਚੰਦ ਪੁਰਾਣਾ 'ਚ ਰੱਖੜ ਪੁੰਨਿਆਂ ਦਾ ਦਿਹਾੜਾ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਲਵੇ ਦੇ ਪ੍ਰਸਿੱਧ ਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਪਿੰਡ ਚੰਦ ਪੁਰਾਣਾ ਵਿਖੇ ਰੱਖੜ ਪੁੰਨਿਆ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਤਿੰਨ ਅਖੰਡ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਦੌਰਾਨ ਹਰਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਮੁਕਤਸਰ ਸਾਹਿਬ, ਭਾਈ ਕਮਲਜੀਤ ਸਿੰਘ ਆਲਮਵਾਲਾ, ਭਾਈ ਜਸਪਾਲ ਸਿੰਘ ਲੱਲਿਆਂ ਵਾਲੇ ਤੇ ਭਾਈ ਇਕਬਾਲ ਸਿੰਘ ਲੰਗੇਆਣਾ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਇਸ ਮੌਕੇ ਕਵੀਸ਼ਰ ਵੀਰਭਾਨ ਸਿੰਘ ਮਾਲਵਾ ਮੋੜਾਂ ਵਾਲੇ, ਲਖਵੀਰ ਸਿੰਘ ਮੋਗਾ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਹਾਜ਼ਰੀ ਲਵਾਈ। ਇਸ ਮੌਕੇ ਪ੍ਰਵਚਨ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਰੱਖੜ ਪੁੰਨਿਆ ਦਾ ਤਿਉਹਾਰ ਭੈਣ-ਭਰਾ ਦੇ ਪਿਆਰ ਤੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਹੈ।

ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਭੈਣ ਆਪਣੇ ਭਰਾ ਦੇ ਮੋਹ ਤੇ ਧਾਗੇ ਨਾਲ ਰੱਖੜੀ ਬੰਨ੍ਹ ਕੇ ਅਟੁੱਟ ਰਿਸ਼ਤੇ ਦੀ ਗੰਢ ਪਾਉਂਦੀ ਹੈ, ਉਸੇ ਤਰ੍ਹਾਂ ਆਪਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਾਲ ਜੁੜ ਕੇ ਗੁਰੂ ਦੀ ਬਾਣੀ ਨਾਲ ਪ੍ਰੀਤ ਪਾਉਣੀ ਹੈ। ਪਰਮੇਸ਼ਰ ਦੇ ਨਾਲ ਜਿਹੜੇ ਵੀ ਜੀਵ ਦੀ ਗੰਢ ਪੈ ਜਾਂਦੀ ਹੈ, ਉਹ ਕਦੇ ਖੁੱਲ੍ਹਦੀ ਨਹੀਂ, ਉਸ ਦਾ ਲੋਕ ਤੇ ਪ੍ਰਲੋਕ ਸਫਲ ਹੋ ਜਾਂਦਾ ਹੈ। ਉਨ੍ਹਾ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਹਰ ਭੈਣ ਨੂੰ ਵੀਰ ਦੇਵੀਂ, ਤਾਂ ਜੋ ਸਾਡੇ ਰਿਸ਼ਤਿਆਂ ਦੀ ਸਾਂਝ ਇਸੇ ਤਰ੍ਹਾਂ ਬਰਕਰਾਰ ਰਹਿ ਸਕੇ। ਇਸ ਮੌਕੇ ਲੰਗਰ ਅਟੁੱਟ ਵਰਤਿਆ।

# ਸਮਾਜ ਸੇਵੀ ਸੰਸਥਾਵਾਂ ਨੇ ਖ਼ੂਨਦਾਨੀਆਂ ਨੂੰ ਕੀਤਾ ਸਨਮਾਨਤ




**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**-ਬੀਤੀ 10 ਅਗਸਤ ਨੂੰ ਐੱਚ ਆਰ ਐੱਫ, ਪੀ ਐੱਸ ਪੀ ਸੀ ਐੱਲ ਫਿਰੋਜ਼ਪੁਰ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਮਿਨਹਾਸ ਹਸਪਤਾਲ ਮਮਦੋਟ ਤੇ ਰਾਧੇ ਰਾਧੇ ਚੈਰੀਟੇਬਲ ਹਸਪਤਾਲ ਫਿਰੋਜ਼ਪੁਰ ਹਾਰਮਨੀ ਆਯੂਰਵੈਦਿਕ ਕਾਲਜ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ ਸੀ। ਉਸ ਖ਼ੂਨਦਾਨ ਕੈਂਪ ਵਿੱਚ ਯੂਥ ਕਲੱਬਾਂ, ਸਮਾਜ ਸੇਵੀ ਸੰਸਥਾਵਾਂ, ਧਾਰਮਿਕ, ਰਾਜਨੀਤਕ ਤੇ ਕਿਸਾਨ ਜਥੇਬੰਦੀਆਂ ਵੱਲੋਂ ਖ਼ੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਅਹਿਮ ਯੋਗਦਾਨ ਦਿੱਤਾ ਗਿਆ ਸੀ, ਜਿਸ ਦੇ ਤਹਿਤ ਐੱਚ ਆਰ ਐੱਫ ਤੇ ਪੀ ਐੱਸ ਪੀ ਸੀ ਐੱਲ ਫਿਰੋਜ਼ਪੁਰ ਵੱਲੋਂ ਨਵਨੀਤ ਕੁਮਾਰ ਐਕਸੀਅਨ ਫਿਰੋਜ਼ਪੁਰ, ਮਨਜੀਤ ਸਿੰਘ ਮਠਾੜੂ ਸਾਬਕਾ ਐਕਸੀਅਨ, ਹਰਮੇਲ ਸਿੰਘ ਖੋਸਾ ਸਾਬਕਾ ਐਕਸੀਅਨ ਤੇ ਰਾਜੀਵ ਚਾਵਲਾ ਸਾਬਕਾ ਐੱਸ ਡੀ ਓ ਨੇ ਪ੍ਰੈੱਸ ਕਲੱਬ ਮਮਦੋਟ ਦੇ ਦਫਤਰ ਵਿਖੇ ਪਹੁੰਚ ਕੇ ਖ਼ੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਵਾਲੇ ਡਾਕਟਰਾਂ ਦੀ ਟੀਮ, ਸਮਾਜ ਸੇਵੀ ਆਗੂਆਂ ਤੇ ਮੀਡੀਆ ਕਰਮੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

ਮਮਦੋਟ ਪ੍ਰੈੱਸ ਕਲੱਬ ਵਿਖੇ ਪਹੁੰਚਣ 'ਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ, ਚੇਅਰਮੈਨ ਹਰਪਾਲ ਸਿੰਘ ਸੋਢੀ, ਵਾਈਸ ਚੇਅਰਮੈਨ ਨਿਰਵੈਰ ਸਿੰਘ ਸਿੰਧੀ, ਜਨਰਲ ਸਕੱਤਰ ਜਸਬੀਰ ਸਿੰਘ ਕੰਬੋਜ, ਪੱਤਰਕਾਰ ਹਰਪ੍ਰੀਤ ਸਿੰਘ ਹੈਪੀ, ਸੰਜੀਵ ਮਦਾਨ, ਪੱਤਰਕਾਰ ਸੰਦੀਪ ਸੋਨੀ ਤੇ ਸਮੂਹ ਪੱਤਰਕਾਰ ਸਾਥੀਆਂ ਵੱਲੋਂ ਪਹੁੰਚੇ ਹੋਏ ਸਮਾਜ ਸੇਵੀ ਆਗੂਆਂ ਦਾ ਸਿਰਪਾਓ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਐੱਚ ਆਰ ਐੱਫ ਦੇ ਆਗੂ ਨਵਨੀਤ ਕੁਮਾਰ ਨੇ ਕਿਹਾ ਕਿ ਅੱਗੇ ਤੋਂ ਵੀ ਸਾਡੀ ਸੰਸਥਾ ਵੱਲੋਂ ਮਨੁੱਖਤਾ ਦੀ ਸੇਵਾ ਲਈ ਅਜਿਹੀਆਂ ਸੇਵਾਵਾਂ ਜਾਰੀ ਰਹਿਣਗੀਆਂ ਤੇ ਅਗਲਾ ਖ਼ੂਨਦਾਨ ਕੈਂਪ 26 ਫਰਵਰੀ ਨੂੰ ਮਮਦੋਟ ਵਿਖੇ ਲਾਇਆ ਜਾਵੇਗਾ। ਇਸ ਮੌਕੇ ਡਾ: ਰੇਖਾ ਭੱਟੀ ਸੀਨੀਅਰ ਮੈਡੀਕਲ ਅਫਸਰ ਸੀ ਐੱਚ ਸੀ ਮਮਦੋਟ ਨੇ ਵਿਸ਼ਵਾਸ ਦੁਆਇਆ ਕਿ ਅਜਿਹੇ ਲੋਕ ਸੇਵਾ ਵਾਲੇ ਕੰਮ ਕਰਨ ਵਾਲੀ ਹਰੇਕ ਸੰਸਥਾ ਨੂੰ ਉਨ੍ਹਾ ਤੇ ਹਸਪਤਾਲ ਦੀ ਪੂਰੀ ਟੀਮ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਖ਼ੂਨ ਦਾਨ ਕਰਨ ਵਾਲੇ ਸਹਿਯੋਗੀਆਂ ਨੂੰ ਡਾ: ਰੇਖਾ ਭੱਟੀ, ਪ੍ਰੈੱਸ ਕਲੱਬ ਦੇ ਅਹੁਦੇਦਾਰਾਂ, ਸਮਾਜ ਸੇਵੀ ਸੰਸਥਾ ਐੱਚ ਆਰ ਐੱਫ ਤੇ ਪਾਵਰਕਾਮ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰਾਜ ਕੁਮਾਰ (ਐੱਸ ਡੀ ਓ) ਪਾਵਰਕਾਮ ਮਮਦੋਟ, ਅੰਕੁਸ਼ ਭੰਡਾਰੀ ਬੀ ਈ ਈ, ਗੁਰਚੇਤ ਸਿੰਘ ਜੇ ਈ, ਸੁਰਿੰਦਰ ਸਿੰਘ ਜੇ ਈ, ਸੰਦੀਪ ਧਵਨ ਜੇ ਈ, ਪਾਲਾ ਸਿੰਘ ਸਾਬਕਾ ਜੇ ਈ, ਚਮਕੌਰ ਸਿੰਘ ਟਿੱਬੀ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਹਰਪਾਲ ਸਿੰਘ (ਨੀਟਾ ਸੋਢੀ) ਪ੍ਰਧਾਨ ਕਾਂਗਰਸ ਕਮੇਟੀ ਬਲਾਕ ਮਮਦੋਟ, ਜੋਗਾ ਸਿੰਘ ਮੁਰਕ ਵਾਲਾ ਸਾਬਕਾ ਚੇਅਰਮੈਨ, ਅਵਿਨਾਸ਼ ਸ਼ਰਮਾ ਸਾਬਕਾ ਜੇ ਈ, ਡਾ: ਜੁਗਰਾਜ ਸਿੰਘ ਮਿਨਹਾਸ ਹਸਪਤਾਲ ਮਮਦੋਟ, ਕਿਸਾਨ ਆਗੂ ਨਰਿੰਦਰਪਾਲ ਸਿੰਘ ਜਤਾਲਾ, ਮੰਗਲ ਸਿੰਘ ਸਵਾਇਕੇ, ਟਿੰਕੂ ਮੈਨੀ ਲਾਈਨਮੈਨ, ਬੂਟਾ ਸਿੰਘ ਪ੍ਰਧਾਨ ਮੁਲਾਜ਼ਮ ਯੂਨੀਅਨ, ਓਂਕਾਰ ਸਿੰਘ ਸਾਬਕਾ ਸਰਪੰਚ, ਸਮੇਤ ਹੋਰ ਵੀ ਪੰਤਵੰਤੇ ਹਾਜ਼ਰ ਸਨ।

# ਪੰਜ ਦਿਨ ਦਾ ਹਫਤਾ ਕਰਨ ਲਈ ਵਕੀਲਾਂ ਵੱਲੋਂ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੀ ਐਗਜ਼ੈਕਟਿਵ ਬੌਡੀ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਐਡਵੋਕੇਟ ਹਰਤੇਜ ਸਿੰਘ ਸੰਧੂ, ਸੈਕਟਰੀ ਐਡਵੋਕੇਟ ਗੁਰਜੋਤ ਸਿੰਘ ਵਿਰਕ, ਜੁਆਇੰਟ ਸੈਕਟਰੀ ਐਡਵੋਕੇਟ ਨਵਜੋਤ ਗਰਗ, ਕੈਸ਼ੀਅਰ ਐਡਵੋਕੇਟ ਪ੍ਰਿਥਪਾਲ ਸਿੰਘ ਰਵੇਲ, ਲਾਇਬ੍ਰੇਰੀਅਨ ਐਡਵੋਕੇਟ ਜਗਮੀਤ ਕੌਰ, ਕਾਰਜਕਾਰੀ ਮੈਂਬਰ ਐਡਵੋਕੇਟ ਸ਼ਿਵ ਚਰਨ ਵਰਤੀਆ, ਐਡਵੋਕੇਟ ਯੁਵਰਾਜ ਸਿੰਘ ਵੜੈਚ, ਐਡਵੋਕੇਟ ਖਵਾਬ ਸੋਨੀ ਤੋਂ ਇਲਾਵਾ ਬਾਰ ਮੈਂਬਰ ਐਡਵੋਕੇਟ ਅਸੀਨ ਖਾਨ, ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਐਡਵੋਕੇਟ ਵਿਕਾਸ ਸ਼ਰਮਾ, ਐਡਵੋਕੇਟ ਜੀ ਐੱਸ ਗੋਲਣ ਤੋਂ ਇਲਾਵਾ ਮੈਂਬਰ ਹਾਜ਼ਰ ਸਨ। ਮੀਟਿੰਗ 'ਚ ਪੰਜਾਬ ਦੀਆਂ ਅਦਾਲਤਾਂ ਵਿੱਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰਨ ਦੀ ਲਟਕਦੀ ਆ ਰਹੀ ਮੰਗ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਦੀਆਂ ਅਦਾਲਤਾਂ ਵਿੱਚ ਕੰਮ ਕਰਨ ਦਾ ਹਫਤਾ ਪੰਜ ਦਿਨ ਦਾ ਨਹੀਂ ਹੋ ਜਾਂਦਾ, ਉਦੋਂ ਤੱਕ ਹਰ ਸਨਿੱਚਰਵਾਰ ਹੜਤਾਲ ਕਰਕੇ ਅਦਾਲਤਾਂ ਦਾ ਕੰਮ ਬੰਦ ਰੱਖਿਆ ਜਾਵੇਗਾ।

ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰ ਦਿੱਤਾ ਜਾਵੇ, ਤਾਂ ਜੋ ਲੋਕਾਂ ਦੇ ਹੜਤਾਲ ਕਾਰਨ ਹੁੰਦੇ ਨੁਕਸਾਨ ਨੂੰ ਬਚਾਇਆ ਜਾ ਸਕੇ।

# ਸੰਨੀ ਓਬਰਾਏ ਕਲੀਨੀਕਲ ਲੈਬੋਰਟਰੀ ਤੇ ਡਾਇਆਗਨੋਸਟਿਕ ਸੈਂਟਰ ਦਾ ਉਦਘਾਟਨ




**ਬਠਿੰਡਾ/ਤਲਵੰਡੀ ਸਾਬੋ (ਪਰਵਿੰਦਰ ਜੀਤ ਸਿੰਘ/ਜਗਦੀਪ ਗਿੱਲ)**-ਸਰਬੱਤ ਦਾ ਭਲਾ ਟਰੱਸਟ ਦੀ ਬਠਿੰਡਾ ਟੀਮ ਵੱਲੋਂ ਰੱਖੇ ਸਾਦੇ ਸਮਾਰੋਹ ਵਿੱਚ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਸ੍ਰ. ਐੱਸ ਪੀ ਓਬਰਾਏ ਤੇ ਬਾਬਾ ਕਾਕਾ ਸਿੰਘ ਮੁੱਖ ਸੇਵਾਦਾਰ ਗੁਰਦਵਾਰਾ ਲੰਗਰ ਬੁੰਗਾ ਮਸਤੂਆਣਾ ਸਾਹਿਬ ਤਲਵੰਡੀ ਸਾਬੋ ਵੱਲੋਂ ਸੰਨੀ ਓਬਰਾਏ ਕਲੀਨੀਕਲ ਲੈਬੋਰਟਰੀ ਤੇ ਡਾਇਆਗਨੋਸਟਿਕ ਸੈਂਟਰ ਤਲਵੰਡੀ ਸਾਬੋ ਦਾ ਉਦਘਾਟਨ ਕੀਤਾ ਗਿਆ। ਸਥਾਨਕ ਖਾਲਸਾ ਸਕੂਲ (ਲੜਕੀਆਂ) ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਮੁੱਖ ਰੱਖਦੇ ਟਰੱਸਟ ਵੱਲੋਂ ਲਗਵਾਏ ਆਰ ਓ ਸਿਸਟਮ ਦਾ ਵੀ ਉਦਘਾਟਨ ਸ੍ਰ. ਐੱਸ ਪੀ ਓਬਰਾਏ ਵੱਲੋਂ ਕੀਤਾ ਗਿਆ। ਇਸ ਸਮਾਗਮ ਵਿੱਚ ਬਾਬਾ ਕਾਕਾ ਸਿੰਘ ਨੇ ਸ੍ਰ. ਐੱਸ ਪੀ ਓਬਰਾਏ ਦਾ ਮਨੁੱਖਤਾ ਦੀ ਨਿਸ਼ਕਾਮ ਸੇਵਾ ਲਈ ਧੰਨਵਾਦ ਕਰਦੇ ਹੋਏ ਸਿਰੋਪਾ ਸਾਹਿਬ ਨਾਲ ਸਨਮਾਨਤ ਕਰਦੇ ਦੱਸਿਆ ਕਿ ਇਸ ਲੈਬੋਰਟਰੀ ਦੇ ਖੁੱਲ੍ਹਣ ਨਾਲ ਲੋੜਵੰਦ ਲੋਕ ਬਹੁਤ ਹੀ ਘੱਟ ਰੇਟਾਂ 'ਤੇ ਜ਼ਰੂਰਤ ਮੁਤਾਬਿਕ ਆਪਣੇ ਮੈਡੀਕਲ ਟੈਸਟ ਗੁਰਦਵਾਰਾ ਸਾਹਿਬ ਦੀ ਬਿਲਡਿੰਗ ਬਣੀ ਇਸ ਲੈਬੋਰਟਰੀ 'ਚ ਕਰਵਾ ਰਹੇ ਹਨ। ਬਾਬਾ ਕਾਕਾ ਸਿੰਘ ਨੇ ਗੁਰਦਵਾਰਾ ਲੰਗਰ ਬੁੰਗਾ ਮਸਤੂਆਣਾ ਵੱਲੋਂ ਅੱਗੇ ਤੋਂ ਵੀ ਸਰਬੱਤ ਦਾ ਭਲਾ ਟਰੱਸਟ ਨੂੰ ਇਨ੍ਹਾਂ ਨੇਕ ਕਾਰਜਾਂ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸ੍ਰ. ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਗਿਆਰਾਂ ਰਾਜਾਂ ਵਿੱਚ ਅਜਿਹੀਆਂ 86 ਸਨੀ ਓਬਰਾਏ ਕਲੀਨੀਕਲ ਲੈਬੋਰਟਰੀਆਂ ਤੇ ਡਾਇਗਨੋਸਟਿਕ ਸੈਂਟਰ ਸਫਲਤਾ ਪੂਰਵਕ ਚੱਲ ਰਹੇ ਹਨ, ਜਿੱਥੇ ਬਹੁਤ ਹੀ ਘੱਟ ਕੀਮਤ 'ਤੇ ਮੈਡੀਕਲ ਟੈਸਟ ਕੀਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਬਹੁਤ ਜਲਦੀ ਇਨ੍ਹਾਂ ਦੀ ਗਿਣਤੀ 100 ਕਰ ਦਿੱਤੀ ਜਾਵੇਗੀ। ਉਨ੍ਹਾ ਦੱਸਿਆ ਕਿ ਪੰਜਾਬ ਦੇ ਹੜ੍ਹ ਪੀੜਤਾਂ ਲਈ ਸਰਬੱਤ ਦਾ ਭਲਾ ਟਰੱਸਟ ਢਿੱਠੇ ਮਕਾਨਾਂ ਨੂੰ ਦੁਬਾਰਾ ਬਣਾਉਣ ਲਈ ਸਹਾਇਤਾ ਤੇ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਨ ਵਰਗੇ ਸੇਵਾ ਦੇ ਕਾਰਜ ਕਰ ਰਿਹਾ ਹੈ। ਇਸ ਸਮਾਰੋਹ ਨੂੰ ਸਰਬੱਤ ਦਾ ਭਲਾ ਬਠਿੰਡਾ ਦੀ ਟੀਮ ਨੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਦੀ ਦੇਖ ਰੇਖ ਵਿੱਚ ਸਫਲਤਾ ਪੂਰਵਕ ਸਿਰੇ ਚਾੜ੍ਹਿਆ। ਸ੍ਰ. ਓਬਰਾਏ ਨਾਲ ਡਾਕਟਰ ਦਲਜੀਤ ਸਿੰਘ ਗਿੱਲ ਸਰਬੱਤ ਦਾ ਭਲਾ ਟਰੱਸਟ ਹੈੱਡਕੁਆਰਟਰ ਤੋਂ ਤੇ ਸ੍ਰ. ਗੁਰਵਿੰਦਰ ਸਿੰਘ ਪ੍ਰਧਾਨ ਮਾਲਵਾ ਜ਼ੋਨ ਵਿਸ਼ੇਸ਼ ਤੌਰ 'ਤੇ ਇਸ ਸਮਾਰੋਹ ਵਿੱਚ ਸ਼ਾਮਲ ਹੋਏ। ਇਸ ਮੌਕੇ ਸ੍ਰ. ਐੱਸ ਪੀ ਸਿੰਘ ਓਬਰਾਏ ਨੇ ਸਮੁੱਚੀ ਬਠਿੰਡਾ ਟੀਮ ਨਾਲ ਮੀਟਿੰਗ ਵਿੱਚ ਨਵੇਂ ਪ੍ਰੋਜੈਕਟਾਂ ਬਾਰੇ ਵਿਚਾਰਾਂ ਕੀਤੀਆਂ ਤੇ ਟੀਮ ਨੂੰ ਤਨਦੇਹੀ ਤੇ ਨਿਸ਼ਕਾਮ ਸੇਵਾ ਕਰਕੇ, ਸਰਬੱਤ ਦਾ ਭਲਾ ਟਰੱਸਟ ਦੇ ਲੋਕ ਭਲਾਈ ਕਾਰਜਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪ੍ਰੇਰਤ ਕੀਤਾ। ਅੰਤ ਵਿੱਚ ਉਨ੍ਹਾਂ ਨੇ ਸਰਬੱਤ ਦਾ ਭਲਾ ਟਰੱਸਟ ਦੀ ਸਮੁੱਚੀ ਬਠਿੰਡਾ ਟੀਮ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

3-Sep-PAGE-7.qxd 9/2/2023 10:48 PM Page 1



## ਮੁੱਖ ਸਕੱਤਰ ਨੇ ਕੀਤੀ ਜੀ-20 ਸਿਖਰ ਸੰਮੇਲਨ ਦੀ ਚੌਥੀ ਸ਼ੇਰਪਾ ਮੀਟਿੰਗ ਤਿਆਰੀਆਂ ਦੀ ਸਮੀਖਿਆ

**ਚੰਡੀਗੜ੍ਹ ( ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਦੇਸ਼ ਭਰ ਵਿਚ ਜੀ-20 ਦੌਰਾਨ ਹੋਣ ਵਾਲੇ ਪ੍ਰੋਗਰਾਮਾਂ ਦੀ ਲੜੀ ਤਹਿਤ ਨੂਹ ਜ਼ਿਲ੍ਹੇ ਵਿਚ ਹੋਣ ਵਾਲੀ ਸ਼ੇਰਪਾ ਮੀਟਿੰਗ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ। ਨੂਹ, ਗੁਰੂਗ੍ਰਾਮ, ਮਾਨੇਸਰ ਵਿਚ 3 ਤੋਂ 7 ਸਤੰਬਰ ਤੱਕ ਮੀਟਿੰਗ ਹੋ ਰਹੀ ਹੈ। ਇਨ੍ਹਾਂ ਪ੍ਰੋਗਰਾਮਾਂ ਦਾ ਤਾਲਮੇਲ ਜੀ-20 ਸਕੱਤਰੇਤ ਦੇ ਮਾਰਗਦਰਸ਼ਨ ਵਿਚ ਨੂਹ ਅਤੇ ਗੁਰੂਗ੍ਰਾਮ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਵੱਲੋਂ ਕੀਤਾ ਜਾ ਰਿਹਾ ਹੈ। ਉੱਚ ਪੱਧਰੀ ਮੀਟਿੰਗ ਵਿਚ ਜੀ-20 ਸਿਖਰ ਸੰਮੇਲਨ ਦੇ ਮੈਂਬਰ ਦੇਸ਼ਾਂ ਤੋਂ ਇਲਾਵਾ ਇਨਵਾਇਟੀ ਦੇਸ਼ਾਂ ਦੇ ਸ਼ੇਰਪਾ ਅਤੇ ਹੋਰ ਪ੍ਰਤੀਨਿਧੀ ਹਿੱਸਾ ਲੈਣਗੇ। ਹਰਿਆਣਾ ਦੀ ਮਹਿਮਾਨਨਿਵਾਜ਼ੀ ਦੀ ਰਵਾਇਤ ਨੂੰ ਧਿਆਨ ਵਿਚ ਰੱਖਦੇ ਹੋਏ, ਰਾਜ ਵਿਦੇਸ਼ੀ ਮਹਿਮਾਨਾਂ ਦੇ ਸਵਾਗਤ ਵਿਚ ਕੋਈ ਕਸਰ ਨਹੀਂ ਛੱਡ ਰਿਹਾ ਹੈ। ਕੌਸ਼ਲ ਨੇ ਪ੍ਰੋਗਰਾਮ ਵਿਚ ਸ਼ਾਮਲ ਸਾਰੇ ਅਧਿਕਾਰੀਆਂ ਨੂੰ ਮੀਟਿੰਗ ਦੌਰਾਨ ਚੌਕਸੀ ਵਰਤਣ ਅਤੇ ਸਾਰੇ ਕੰਮ ਸਮੇਂ 'ਤੇ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਸਕੱਤਰ ਨੇ ਨੂਹ ਦੇ ਡਿਪਟੀ ਕਮਿਸ਼ਨਰ ਧੀਰੇਂਦਰ ਖੜਗਟਾ ਨੂੰ ਰਾਤ ਵਿਚ ਵੀ ਇਨ੍ਹਾਂ ਲਾਇਟਾਂ ਦੀ ਜਾਂਚ ਲਈ ਇਕ ਸੀਨੀਅਰ ਅਧਿਕਾਰੀ ਨੂੰ ਤੈਨਾਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸੜਕ ਸੁਧਾਰ ਕੰਮ ਦੇ ਵੀਡੀਓ ਰਿਕਾਰਡ ਕਰ ਉਨ੍ਹਾਂ ਨੂੰ ਭੇਜਣ ਨੂੰ ਵੀ ਕਿਹਾ।

## ਪਿੰਡ ਸਰਹਾਲਾ ਕਲਾਂ ਵਿਖੇ ਜੋੜ ਮੇਲਾ ਕਰਵਾਉਣ ਸੰਬੰਧੀ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਸਰਹਾਲਾ ਕਲਾਂ ਵਿਖੇ ਸੰਤ ਬਾਬਾ ਅੱਤਰ ਸਿੰਘ ਬੇਲੇ ਵਾਲਿਆਂ ਦੀ ਸਾਲਾਨਾ ਬਰਸੀ ਮੇਲਾ ਜੋੜ ਮੇਲਾ ਕਰਵਾਉਣ ਸੰਬੰਧੀ ਮੀਟਿੰਗ ਹੋਈ। ਇਸ ਮੌਕੇ ਮੇਲਾ ਕਮੇਟੀ ਦੇ ਪ੍ਰਧਾਨ ਮਾਸਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਪਿੰਡ ਸਰਹਾਲਾ ਕਲਾਂ 24-ਸਤੰਬਰ ਨੂੰ ਸਾਲਾਨਾ ਜੋੜ ਮੇਲੇ ਸੰਬੰਧੀ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੰਤ ਬਾਬਾ ਅਤਰ ਸਿੰਘ ਬੇਲੇ ਵਾਲਿਆਂ ਦੀ ਸਾਲਾਨਾ ਬਰਸੀ ਮੌਕੇ ਸੱਭਿਆਚਾਰਕ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਕਲਾਕਾਰ ਸਰਬਜੀਤ ਸਰਬ ਨੰਦ (ਵਾਇਸ ਆਫ਼ ਪੰਜਾਬ ) ਕੇ ਐਸ ਸੰਧੂ ਸੋਨੂੰ ਮੋਨੂੰ ਨਕਾਲ ਪਾਰਟੀ, ਬਲਜਿੰਦਰ ਮੱਲ੍ਹੀ ਬਾਬਾ ਜੀ ਦੇ ਗੁਣਗਾਨ ਕਰਨਗੇ। ਇਸ ਮੌਕੇ ਮੀਟਿੰਗ ਦੌਰਾਨ ਪਰਮਜੀਤ ਸਿੰਘ ਪ੍ਰਧਾਨ, ਮੋਹਣ ਪ੍ਰਭਾਕਰ ਪ੍ਰਧਾਨ ਸ਼ਿਵ ਮੰਦਿਰ ਕਮੇਟੀ, ਸੋਨੂੰ ਕੁਸ਼ਲ ਕੁਮਾਰ ਬਬਲੂ, ਸਾਈਂ ਸੁਰਜੀਤ ਸਾਹ ਈਸਪੁਰ, ਸਰਬਜੀਤ ਸਰਬ, ਪੁਰਸ਼ੋਤਮ ਲਾਲ, ਜਸਵਿੰਦਰ ਸਿੰਘ, ਸੱਤਪਾਲ, ਗੁਰਨਾਮ ਗਾਮਾ, ਸੋਹਣ ਮਿਸਤਰੀ, ਸੋਹਣ ਸਿੰਘ ਰਾਜਾ ਹਲਵਾਈ, ਦਿਲਾਵਰ ਸਿੰਘ ਅਜੀਤ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।

## ਸ਼ਿੰਗਾਰਾ ਸਿੰਘ ਮੱਟੂ ਦੇ ਪਰਵਾਰ ਵੱਲੋਂ ਸਰਕਾਰੀ ਸਕੂਲ ਨੂੰ ਆਰਥਕ ਸਹਾਇਤਾ ਭੇਟ



**ਮਾਹਿਲਪੁਰ (ਸਫਰੀ)** -ਜਿਥੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦਾ ਪੱਧਰ ਉੱਚਾ ਚੁੱਕਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਉਥੇ ਹੀ ਸਮਾਜ ਸੇਵੀ ਲੋਕਾਂ ਵੱਲੋਂ ਵੀ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਅਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਦੀ ਮਿਸਾਲ ਵੇਖਣ ਨੂੰ ਮਿਲੀ ਹੈ ਗੜ੍ਹਸ਼ੰਕਰ ਦੇ ਪਿੰਡ ਗੜ੍ਹੀ ਮੱਟੋਂ ਵਿਖੇ ਜਿੱਥੇ ਸਵ: ਸ਼ਿੰਗਾਰਾ ਸਿੰਘ ਮੱਟੂ ਦੀ ਬੇਟੀ ਦੇ ਵਿਆਹ ਦੀ ਖੁਸ਼ੀ ਵਿੱਚ ਉਨ੍ਹਾਂ ਦੇ ਸਪੁੱਤਰ ਪਰਵਿੰਦਰ ਸਿੰਘ ਮੱਟੂ ਵੱਲੋਂ ਪਿੰਡ ਗੜ੍ਹੀ ਮੱਟੋਂ ਦੇ ਸਰਕਾਰੀ ਸਕੂਲ ਨੂੰ ਆਰਥਕ ਸਹਾਇਤਾ ਭੇਟ ਗਈ ਹੈ। ਇਸ ਮੌਕੇ ਸਮਾਜ ਸੇਵੀ ਦਰਸ਼ਨ ਸਿੰਘ ਮੱਟੂ ਅਤੇ ਬੀਬੀ ਸੁਭਾਸ਼ ਮੱਟੂ ਨੇ ਪਿੰਡ ਦੇ ਮੋਹਤਬਰਾਂ ਨਾਲ ਸਕੂਲ ਵਿਖੇ ਪਹੁੰਚ ਕੇ ਪਰਵਾਰ ਵੱਲੋਂ ਕੀਤੇ ਨੇਕ ਕਾਰਜ ਦੀ ਸ਼ਲਾਘਾ ਕੀਤੀ। ਇਸ ਮੌਕੇ ਪਰਵਿੰਦਰ ਸਿੰਘ ਮੱਟੂ ਵੱਲੋਂ ਸਕੂਲ ਦੀ ਇੰਚਾਰਜ ਰਮਨਦੀਪ ਕੌਰ ਨੂੰ ਆਰਥਕ ਸਹਾਇਤਾ ਭੇਟ ਕਰਦਿਆਂ ਸਕੂਲ ਦੀ ਭਲਾਈ ਲਈ ਹਮੇਸ਼ਾ ਸਾਥ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਰਿੰਦਰ ਕੌਰ ਚੁੰਬਰ, ਬਖਸ਼ੀਸ਼ ਸਿੰਘ, ਬਲਰਾਜ ਸ਼ਰਮਾ, ਕੁਲਦੀਪ ਚੰਦ, ਪਰਜਿੰਦਰ ਸਿੰਘ ਅੰਗਰੇਜ਼ੀ ਮਾਸਟਰ, ਸੁਨੀਤਾ ਦੇਵੀ ਅਤੇ ਦੀਪਿਕਾ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਡੀ ਐੱਸ ਢੇਸੀ ਪ੍ਰਿੰਸੀਪਲ ਐਡਵਾਈਜ਼ਰ ਅਰਬਨ ਡਿਵੈੱਲਪਮੈਂਟ ਨਿਯੁਕਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ )**- ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਆਈਏਐਸ (ਸੇਵਾਮੁਕਤ) ਡੀ ਐਸ ਢੇਸੀ ਨੂੰ ਪ੍ਰਿੰਸੀਪਲ ਐਡਵਾਈਜ਼ਰ, ਅਰਬਨ ਡਿਵੈੱਲਪਮੈਂਟ ਨਿਯੁਕਤੀ ਕੀਤਾ ਹੈ। ਨਾਲ ਹੀ ਉਨ੍ਹਾਂ ਨੂੰ ਫਰੀਦਾਬਾਦ, ਗੁਰੂਗ੍ਰਾਮ ਅਤੇ ਸੋਨੀਪਤ ਵਿਚ ਮਹਾਨਗਰੀ ਵਿਕਾਸ ਅਥਾਰਿਟੀ ਦੇ ਸਮੁੱਚੇ ਆਬਜ਼ਰਵਰ ਅਤੇ ਮਾਰਗਦਰਸ਼ਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਆਈ ਏ ਐਸ (ਸੇਵਾਮੁਕਤ) ਰਾਜੇਸ਼ ਖੁੱਲਰ ਨੂੰ ਮੁੱਖ ਮੰਤਰੀ ਦਾ ਮੁੱਖ ਪ੍ਰਧਾਨ ਸਕੱਤਰ ਨਿਯੁਕਤ ਕੀਤਾ ਹੈ। ਇਸ ਸਬੰਧ ਵਿਚ ਮੁੱਖ ਸਕੱਤਰ ਵੱਲੋਂ ਆਦੇਸ਼ ਜਾਰੀ ਕੀਤੇ ਗਏ ਹਨ।

## 215 ਗੈਰ-ਸਰਕਾਰੀ ਮੈਂਬਰ ਨਾਮਜ਼ਦ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਪਾਣੀਪਤ, ਕੁਰੂਕਸ਼ੇਤਰ, ਹਿਸਾਰ ਤੇ ਨੂੰਹ ਜ਼ਿਲ੍ਹਿਆਂ ਦੇ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਸਮਿਤੀਆਂ ਦੇ 215 ਗੈਰ-ਸਰਕਾਰੀ ਮੈਂਬਰ ਨਾਮਜਦ ਕੀਤੇ ਹਨ। ਮੁੱਖ ਸਕੱਤਰ ਦਫਤਰ ਵੱਲੋਂ ਇਸ ਸਬੰਧ ਦੀ ਇਕ ਜਰੂਰੀ ਨੋਟੀਫਿਕੇਸ਼ਨ ਜਾਰੀ ਕੀਤੀ ਗਈ।

## ਬੀਸਲਾ ਵਿਖੇ ਸਲਾਨਾ ਛਿੰਝ ਮੇਲਾ 8 ਨੂੰ

**ਬਹਿਰਾਮ (ਅਵਤਾਰ ਕਲੇਰ)** ਧੰਨ-ਧੰਨ ਦਰਬਾਰ ਗੁੱਗਾ ਜ਼ਾਹਰ ਪੀਰ ਪਿੰਡ ਬੀਸਲਾ ਵਿਖੇ ਸਲਾਨਾ ਛਿੰਝ ਮੇਲਾ 8 ਸਤੰਬਰ ਨੂੰ ਸਮੂਹ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆ ਪ੍ਰਬੰਧਕਾਂ ਨੇ ਦੱਸਿਆ ਕਿ ਝੰਡੀ ਦੀ ਕੁਸ਼ਤੀ ਜਿੱਤਣ ਵਾਲੇ ਨੂੰ ਮੋਟਰਸਾਈਕਲ, ਦੂਸਰੇ ਪਹਿਲਵਾਨ ਨੂੰ ਸੋਨੇ ਦੀ ਮੁੰਦਰੀ ਨਾਲ ਸਨਮਾਨਤ ਕੀਤਾ ਜਾਵੇਗਾ। ਨਗਰ ਦੀ ਸੁੱਖ ਸ਼ਾਂਤੀ ਲਈ ਅਰਦਾਸ ਉਪਰੰਤ ਸਲਾਨਾ ਸਮਾਗਮ ਦੀ ਸ਼ੁਰੂਆਤ ਕੀਤੀ ਗਈ ਅਤੇ ਦੱਸਿਆ ਕਿ ਗੁੱਗਾ ਜ਼ਾਹਰ ਪੀਰ ਦੀ ਸੇਵਾ 7 ਸਤੰਬਰ ਤੱਕ ਕੀਤੀ ਜਾਵੇਗੀ 8 ਸਤੰਬਰ ਨੂੰ ਭੰਡਾਰਾ ਹੋਵੇਗਾ। ਇਸ ਮੌਕੇ ਬਾਵਾ ਗੁਰਪ੍ਰੀਤ, ਗਿਆਨੀ ਜੋਗਿੰਦਰ ਸਿੰਘ, ਬਾਬਾ ਦੌਲਤ ਰਾਮ, ਪਾਖਰ ਰਾਮ, ਰਾਜ ਕੁਮਾਰ, ਹਰਮੇਸ਼ ਲਾਲ, ਰਾਜ ਕਮਲ, ਜਗੀਰ ਚੰਦ, ਮੰਗਾ ਰਾਮ, ਬਲਵੀਰ ਰਾਮ, ਸੁਰਿੰਦਰ ਪਾਲ, ਬੂਟਾ ਸਿੰਘ ਪੰਚ, ਅਮਰੀਕ ਸਿੰਘ, ਸਤਨਾਮ ਸਿੰਘ, ਬਲਵੀਰ ਸਿੰਘ, ਹਰਦੀਪ ਪਾਲ ਆਦਿ ਸੰਗਤਾਂ ਹਾਜ਼ਰ ਸਨ।



## ਸਨੌਰਾ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ** )-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ ਗਿਆ ਜਿਸ ਵਿਚ ਸਕੂਲ ਦੇ ਬੱਚਿਆਂ ਦੇ ਰੱਖੜੀਆ ਬਨਾਉਣ, ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਇਸ ਤਿਉਹਾਰ ਦਾ ਮਹੱਤਵ ਦੱਸਿਆ ।

# 5 ਨੂੰ ਅਧਿਆਪਕ ਦਿਵਸ 'ਤੇ ਅਧਿਆਪਕ ਕਰਨਗੇ ਰੋਸ ਪ੍ਰਦਰਸ਼ਨ



**ਜਲੰਧਰ ( ਰਾਜੇਸ਼ ਥਾਪਾ )**-ਪੰਜਾਬ ਸਰਕਾਰ ਦੀ ਲਾਰੇ ਲੱਪੇ ਅਤੇ ਦੀ ਡੰਗ ਟਪਾਊ ਨੀਤੀ ਤੋਂ ਤੰਗ ਆ ਕੇ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਪੰਜਾਬ ਸਰਕਾਰ ਦੇ ਰਾਜ ਪੱਧਰੀ ਪ੍ਰੋਗਰਾਮ ਦੇ ਬਾਹਰ 18 ਸਾਲ ਸੇਵਾ ਨਿਭਾ ਚੁੱਕੇ 100 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਨੂੰ ਇਨਸਾਫ ਦਿਵਾਉਣ ਅਤੇ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਲਈ ਪੰਜਾਬ ਸਰਕਾਰ ਨੂੰ ਘੇਰਨ ਦਾ ਫੈਸਲਾ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਹੇਠ ਲਿਆ ਗਿਆ, ਕਿਉਂਕਿ ਅਨੇਕਾਂ ਵਾਰ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪੰਜਾਬ ਸਰਕਾਰ ਦੀ ਸਬ-ਕਮੇਟੀ ਦੇ ਨਾਲ ਮੀਟਿੰਗਾਂ ਕਰਨ ਉਪਰੰਤ ਵੀ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਅਤੇ ਲੰਬਿਤ ਮੰਗਾਂ ਨੂੰ ਹੱਲ ਨਹੀ ਕੀਤਾ ਜਾ ਰਿਹਾ। । ਜੁਲਾਈ 2011 ਨੂੰ ਰਾਜਪਾਲ ਪੰਜਾਬ ਦੇ ਨੋਟੀਫਿਕੇਸ਼ਨ ਅਨੁਸਾਰ ਮੌਕੇ ਦੀ ਸਰਕਾਰ ਨੇ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਸੇਵਾਵਾਂ ਤਹਿਤ ਰੈਗੂਲਰ ਕੀਤਾ ਗਿਆ ਪਰ ਅੱਜ ਤੱਕ ਇਹ ਨੋਟੀਫਿਕੇਸ਼ਨ ਪੂਰਨ ਤੌਰ 'ਤੇ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀ ਕੀਤਾ ਗਿਆ। ਜਥੇਬੰਦੀ ਦੇ ਆਗੂਆਂ ਕਿਹਾ ਕਿ ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ, ਏ.ਸੀ.ਪੀ. ਅਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਹਨ ਜਿਨ੍ਹਾਂ ਨੂੰ ਤੁਰੰਤ ਲਾਗੂ ਕੀਤੇ ਜਾਵੇ, ਜਦੋਂ ਕਿ ਉਪਰੋਕਤ ਲਾਭ ਪੰਜਾਬ ਦੇ ਬਾਕੀ ਸਾਰੇ ਮੁਲਾਜ਼ਮਾਂ ਨੂੰ ਦਿੱਤੇ ਜਾ ਚੁੱਕੇ ਪਰ ਕੰਪਿਊਟਰ ਅਧਿਆਪਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। 100 ਦੇ ਕਰੀਬ ਕੰਪਿਊਟਰ ਅਧਿਆਪਕ ਜਿਨ੍ਹਾਂ ਦੀ ਨੌਕਰੀ ਦੌਰਾਨ ਮੌਤ ਹੋ ਗਈ ਹੈ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਪਰਵਾਰਾਂ ਦੀ ਸਾਰ ਵੀ ਨਹੀਂ ਲਈ, ਨਾ ਹੀ ਉਨ੍ਹਾਂ ਦੇ ਆਸ਼ਰਿਤਾਂ ਨੂੰ ਨੌਕਰੀ ਦਿੱਤੀ ਅਤੇ ਨਾ ਹੀ ਕੋਈ ਵਿੱਤੀ ਲਾਭ ਦਿੱਤਾ ਗਿਆ। ਰੈਲੀ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਅਨਿਲ ਐਰੀ ਮੀਤ ਪ੍ਰਧਾਨ, ਏਕਮਉਂਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ, ਪਰਮਵੀਰ ਸਿੰਘ ਪੰਮੀ, ਪਰਮਿੰਦਰ ਸਿੰਘ ਘੁਮਾਣ ਅਤੇ ਹਰਪ੍ਰੀਤ ਸਿੰਘ ਜਨਰਲ ਸਕੱਤਰ, ਅਮਰਦੀਪ ਸਿੰਘ ਤੇ ਪ੍ਰਦੀਪ ਮਲੂਕਾ ਕਾਨੂੰਨੀ ਸਲਾਹਕਾਰ, ਗੁਰਦੀਪ ਸਿੰਘ ਬੈਂਸ ਜੁਇੰਟ ਸਕੱਤਰ, ਗੁਰਪ੍ਰੀਤ ਸਿੰਘ ਟੋਹੜਾ ਪ੍ਰਮੁੱਖ ਸਲਾਹਕਾਰ, ਹਰਜੀਤ ਸਿੰਘ ਵਿੱਤ ਸਕੱਤਰ, ਪਰਮਜੀਤ ਸਿੰਘ ਵਿੱਤ ਸਕੱਤਰ, ਹਰਮਿੰਦਰ ਸਿੰਘ ਸੰਧੂ ਪ੍ਰੈਸ ਸਕੱਤਰ, ਹਰਜਿੰਦਰ ਮਹਿਸਮਪੁਰ ਪ੍ਰੈਸ ਸਕੱਤਰ, ਕੁਨਾਲ ਕਪੂਰ,ਜਗਤਾਰ ਸਿੰਘ, ਅਮਰਜੀਤ ਸਿੰਘ, ਮੈਡਮ ਰਾਖੀ ਮੰਨਨ, ਮੈਡਮ ਰਾਜਵੰਤ ਕੌਰ, ਜ਼ਿਲ੍ਹਾ ਪ੍ਰਧਾਨ ਸੱਤਪ੍ਰਤਾਪ ਸਿੰਘ ਮਾਨਸਾ ਤੋਂ ਇਲਾਵਾ ਹੋਰ ਆਗੂ ਵੀ ਸ਼ਾਮਲ ਰਹਿਣਗੇ।

## ਸਟੋਨ ਕਰੱਸ਼ਰਾਂ ਨੂੰ ਕੀਤਾ ਸੀਲ

**ਰੋਪੜ (ਬਿੰਦਰਾ)** ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਅਨੰਦਪੁਰ ਸਾਹਿਬ, ਨੂਰਪੁਰ ਬੇਦੀ ਅਤੇ ਨੰਗਲ ਦੇ 36 ਸਟੋਨ ਕਰੱਸ਼ਰਾਂ ਨੂੰ ਸੀਲ ਕਰ ਦਿੱਤਾ। ਸੀਲ ਕੀਤੇ ਗਏ 10 ਸਟੋਨ ਕਰੱਸ਼ਰਾਂ ਵਿਚ ਨਾਜਾਇਜ਼ ਤੌਰ 'ਤੇ ਕੀਤੀ ਗਈ ਖੁਦਾਈ ਦਾ ਭੰਡਾਰ ਵੀ ਮਿਲਿਆ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਖਿਆ ਕਿ ਨਾਜਾਇਜ ਖੁਦਾਈ ਦੀਆਂ ਵੱਡੀ ਗਿਣਤੀ ਵਿੱਚ ਖਬਰਾਂ ਆ ਰਹੀਆਂ ਸਨ। ਇਸ ਲਈ ਖਨਨ ਅਧਿਕਾਰੀਆਂ ਨੂੰ ਇਸ ਸੰਬੰਧੀ ਸਖਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਸਨ। 26 ਅਗਸਤ ਨੂੰ ਖੇੜਾਕਲਮੋਟ ਏਰੀਏ ਵਿੱਚ 2 ਸਟੋਨ ਕਰੱਸ਼ਰਾਂ ਵਿਚ 4 ਟਿੱਪਰ 3 ਪੋਕਲੇਨ ਨਾਜਾਇਜ਼ ਖੁਦਾਈ ਕਰਦਿਆਂ ਫੜੇ ਗਏ। ਇਕ ਸਟੋਨ ਕਰੱਸ਼ਰ ਮਾਲਕ ਨੂੰ ਰਾਇਲਟੀ ਦੀ ਨਕਲੀ ਰਸੀਦ ਦੀ ਵਰਤੋਂ ਕਰਦਿਆਂ ਫੜਿਆ ਗਿਆ। ਰਸੀਦ ਅਨੁਸਾਰ ਇਹ ਮਾਲ ਹਿਮਾਚਲ ਤੋਂ ਲਿਆਇਆ ਗਿਆ ਸੀ ਜਦੋਂ ਕਿ ਅਸਲ ਵਿੱਚ ਰੋਪੜ ਜ਼ਿਲ੍ਹੇ ਵਿੱਚ ਨਾਜਾਇਜ ਖੁਦਾਈ ਕਰ ਕੇ ਲਿਆਂਦਾ ਜਾ ਰਿਹਾ ਸੀ। ਰੋਪੜ ਮਾਈਨਿੰਗ ਵਿਭਾਗ ਦੇ ਐਕਸੀਅਨ ਹਰਸਤ ਕੁਮਾਰ ਨੇ ਦੱਸਿਆ ਕਿ ਸਾਰੇ ਸਟੋਨ ਕਰੱਸ਼ਰ ਮਾਲਕਾਂ ਨੂੰ ਸਮਗਰੀ ਦੇ ਸਰੋਤ ਅਤੇ ਉਸ ਦੀ ਵਿਕਰੀ ਦਾ ਰਿਕਾਰਡ ਹਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਖਨਨ ਵਿਭਾਗ ਵਿਚ ਜਮ੍ਹਾਂ ਕਰਵਾਉਣਾ ਪਵੇਗਾ। ਉਨ੍ਹਾਂ ਦੱਸਿਆ ਕਿ ਸੀਲ ਕੀਤੇ ਗਏ 36 ਕਰੱਸ਼ਰਾਂ ਦੇ ਮਾਲਕਾਂ ਵਿਚੋਂ 26 ਦਾ ਰਿਕਾਰਡ ਸਰਕਾਰੀ ਨਿਯਮਾਂ ਅਨੁਸਾਰ ਮੁਕਮਲ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਸੀਲ ਕੀਤਾ ਗਿਆ ਹੈ।

## ਪ੍ਰਭ ਆਸਰਾ ਸੰਸਥਾ 'ਚ 4 ਲਾਵਾਰਿਸ ਨਾਗਰਿਕਾਂ ਨੂੰ ਮਿਲਿਆ ਆਸਰਾ



**ਕੁਰਾਲੀ (ਮੋਹਨ ਅੱਗਰਵਾਲ)** - ਕੁਰਾਲੀ ਸ਼ਹਿਰ ਦੀ ਹੱਦ ਵਿਚ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ ਵਿਚ ਚਾਰ ਹੋਰ ਲਾਵਾਰਿਸ ਨਾਗਰਿਕਾਂ ਨੂੰ ਸਰਨ ਮਿਲੀ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਦਰਸ਼ਨਾਂ ਦੇਵੀ ( 32 ) ਜੋ ਕਿ ਮਾਨਸਿਕ ਰੋਗ ਤੋਂ ਪੀੜਤ ਹੋਣ ਕਰਕੇ ਲਾਵਾਰਿਸ ਹਾਲਾਤ ਵਿੱਚ ਖਰੜ ( ਮਿਊਜ ਗੇਟ) ਨੇੜੇ ਰੁਲ ਰਹੀ ਸੀ, ਸਮਾਜ ਦਰਦੀ ਸੱਜਣਾਂ ਵੱਲੋਂ ਇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦਿੱਤੀ ਗਈ ਤੇ ਪ੍ਰਸ਼ਾਸਨ ਵੱਲੋਂ ਇਸ ਨੂੰ ਪ੍ਰਭ ਆਸਰਾ ਸੰਸਥਾ ਵਿੱਚ ਦਾਖਲ ਕਰਵਾਇਆ ਗਿਆ, ਨਿਰਮਲਾ ਦੇਵੀ ( 25 ) ਦਫਤਰ ਡਿਪਟੀ ਕਮਿਸ਼ਨਰ ਰੂਪਨਗਰ ਦੇ ਕੋਲ ਲਾਵਾਰਿਸ ਹਾਲਤ ਵਿੱਚ ਪਾਈ ਗਈ ਜੋ ਕਿ ਤਰਸਯੋਗ ਹਾਲਤ ਵਿੱਚ ਪਈ ਸੀ, ਮਾਨਸਿਕ ਰੋਗ ਤੋਂ ਪੀੜਤ ਹੋਣ ਕਰਕੇ ਹੋਰ ਕੋਈ ਆਪਣੇ ਬਾਰੇ ਜਾਣਕਾਰੀ ਨਹੀਂ ਦੇ ਸਕੀ। ਪ੍ਰਸ਼ਾਸਨ ਵੱਲੋਂ ਨਿਰਮਲਾ ਦੇਵੀ ਨੂੰ ਪ੍ਰਭ ਆਸਰਾ ਵਿਖੇ ਸੇਵਾ ਸੰਭਾਲ ਦੇ ਇਲਾਜ ਲਈ ਦਾਖਲ ਕਰਵਾਇਆ ਗਿਆ। ਨਾਰਿੰਦਰੀ ( 83 ) ਜੋ ਕਿ ਪਤੀ ਦੀ ਮੌਤ ਤੋਂ ਬਾਅਦ ਪਿਛਲੇ 35 ਸਾਲਾਂ ਤੋਂ ਚੰਡੀਗੜ੍ਹ 41 ਸੈਕਟਰ ਵਿੱਚ ਇਕੱਲੀ ਕਿਰਾਏ ਦੇ ਮਕਾਨ 'ਚ ਰਹਿ ਰਹੀ ਸੀ, ਆਪਣੀ ਸੰਭਾਲ ਕਰਨ ਵਿੱਚ ਅਸਮਰਥ ਹੋਣ ਕਰਕੇ ਉਸ ਨੂੰ ਕੁਝ ਗਵਾਂਢੀਆਂ ਵੱਲੋਂ ਪ੍ਰਸ਼ਾਸਨ ਦੀ ਮਦਦ ਨਾਲ ਪ੍ਰਭ ਆਸਰਾ ਵਿਖੇ ਸੇਵਾ ਸੰਭਾਲ ਲਈ ਦਾਖਲ ਕਰਵਾਇਆ ਗਿਆ।

## ਸੀ ਪੀ ਆਈ (ਐੱਮ) ਵੱਲੋਂ ਲੋਕ ਜਾਗਰੂਕਤਾ ਮੁਹਿੰਮ ਸ਼ੁਰੂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸੀ ਪੀ ਆਈ ( ਐਮ) ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ ਦੇਸ਼ ਵਿਆਪੀ ਮੁਹਿੰਮ ਦਾ ਆਗਾਜ ਕਰਦਿਆਂ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਹੈ ਕਿ ਮੋਦੀ ਦੇ ਰਾਜ ਅੰਦਰ ਔਰਤਾਂ ਤੇ ਹਮਲੇ, ਘੱਟ ਗਿਣਤੀਆਂ ਦਾ ਰਹਿਣਾ ਮਹਿਫੂਜ ਨਹੀਂ, ਬੇਰੁਜਗਾਰਾਂ ਦੀ ਫੌਜ ਵਿੱਚ ਵਾਧਾ ਅਤੇ ਭਾਰਤ ਦੇ ਜਮਹੂਰੀ ਰਾਜ ਨੂੰ ਖਤਰਾ ਪੈਦਾ ਹੋ ਰਿਹਾ ਹੈ। ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਚੜ੍ਹਦੀਆਂ ਜਵਾਨੀਆਂ ਦੇਸ਼ ਲੇਖੇ ਲਾ ਕੇ ਭਾਰਤ ਨੂੰ ਆਜਾਦ ਕਰਵਾਇਆ ਸੀ। ਅੱਜ ਦੇ ਹਾਕਮ ਉਨ੍ਹਾਂ ਨੂੰ ਭੁੱਲ ਗਏ ਹਨ ਅਤੇ ਭਾਰਤ ਨੂੰ ਇੱਕ ਰੱਖਣ ਦੀ ਬਜਾਏ ਖੇਰੂੰ ਖੇਰੂੰ ਕਰਕੇ ਦੇਸ਼ ਦੀ ਏਕਤਾ ਨੂੰ ਖਤਰੇ ਵਿਚ ਪਾ ਰਹੇ ਹਨ। ਇਸ ਲਈ 2024 ਵਿੱਚ ਮੋਦੀ ਸਰਕਾਰ ਨੂੰ ਚਲਦਾ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਬੰਦ ਨਹੀਂ ਹੋਏ ਅਮਨ ਕਾਨੂੰਨ ਦੀ ਹਾਲਤ ਚੰਗੀ ਨਹੀਂ। ਰਾਜ 'ਤੇ ਕਰਜੇ ਦੀ ਪੰਡ ਭਾਰੀ ਹੋ ਰਹੀ ਹੈ। ਸਰਕਾਰ ਵਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ। ਇਸ ਕਾਰਨ ਲੋਕਾਂ ਵਿਚ ਸਰਕਾਰ ਪ੍ਰਤੀ ਗੁੱਸਾ ਹੈ। ਇਸ ਲਈ ਸੀ ਪੀ ਆਈ ਐਮ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਪ੍ਰਤੀ ਜਾਗਰੂਕ ਕਰਵਾਉਣ ਲਈ ਇਹ ਹਫਤਾ ਮਨਾ ਰਹੀ ਹੈ । ਇਸ ਮੌਕੇ 'ਤੇ ਤਹਿਸੀਲ ਸਕੱਤਰ ਕੁਲਦੀਪ ਝਿੰਗੜ, ਜੋਗਿੰਦਰ ਲੜੋਆ ਸੁਨੀਤਾ ਰਾਣੀ ਤਲਵੰਡੀ ਰੌਸਨ ਲਾਲੀ ਦਲਜੀਤ ਸਿੰਘ ਗੁਣਾਚੌਰ ਬਲਵਿੰਦਰ ਪਾਲ ਬੰਗਾ, ਮਾ. ਤਰਸੇਮ ਸਿੰਘ ਪਠਲਾਵਾ ਗੁਰਦੀਪ ਸਿੰਘ ਗੁਲਾਟੀ ਬੱਗਾ ਸਿੰਘ ਕੰਗਰੋੜ ਬਲਵਿੰਦਰ ਕੁਮਾਰ ਹੀਓ ਮਨਫੂਲ ਬੰਗਾ ਜਗਤਾਰ ਤੇ ਚਮਨ ਲੱਖਪੁਰ ਸੁਸ਼ੀਲ ਕੁਮਾਰ ਮੰਢਾਲੀ ਰੇਸ਼ਮ ਰਸੂਲਪੁਰ ਕਮਲਜੀਤ ਸਿੰਘ ਰੱਕੜ ਆਦਿ ਸ਼ਾਮਲ ਸਨ। ਖਟਕੜ ਕਲਾਂ ਤੋਂ ਜਥਾ ਮਾਰਚ ਕਰਦਾ ਹੋਇਆ ਪਿੰਡ ਨੌਰਾ ਮਹਿਲ ਗਹਿਲਾਂ ਭੌਰਾ ਉੱਚਾ ਲਧਾਣਾ ਪਠਲਾਵਾ ਗੁਜਰਪੁਰ ਪੱਦੀ ਮਠਵਾਲੀ ਗੋਬਿੰਦਪੁਰ ਹੀਓ ਤੇ ਖਟਕੜ ਖੁਰਦ ਆਦਿ ਥਾਵਾਂ 'ਤੇ ਜਲਸੇ ਕੀਤੇ ਗਏ।



## 31 ਤੱਕ ਚਲਾਈ ਜਾਵੇਗੀ ਆਯੂਸ਼ਮਾਨ ਭਵ ਮੁਹਿੰਮ : ਸੰਜੀਵ ਕੌਸ਼ਲ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਇਕ ਸਤੰਬਰ ਤੋਂ 31 ਦਸੰਬਰ ਤੱਕ ਚਲਾਈ ਜਾਣ ਵਾਲੀ ਆਯੂਸ਼ਮਾਨ ਭਵ ਵਿਸ਼ੇਸ਼ ਮੁਹਿੰਮ ਨਾਗਰਿਕਾਂ ਲਈ ਸਾਰੀਆਂ ਸਿਹਤ ਸੇਵਾਵਾਂ ਦਾ ਆਧਾਰ ਹੋਵੇਗੀ। ਚਾਰ ਮਹੀਨੇ ਤੱਕ ਚੱਲਣ ਵਾਲੀ ਮੁਹਿੰਮ ਨਾਲ ਹਰ ਘਰ ਤੱਕ ਪਹੁੰਚ ਕੇ ਸਾਰੇ ਲੋਕਾਂ ਨੂੰ ਸਿਹਤ ਸੇਵਾਵਾਂ ਵਿਚ ਸ਼ਾਮਲ ਕੀਤਾ ਜਾਵੇਗਾ। ਮੁੱਖ ਸਕੱਤਰ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਆਯੂਸ਼ਮਾਨ ਤੁਹਾਡੇ ਘਰਾਂ, ਆਯੂਸ਼ਮਾਨ ਸਭਾਵਾਂ, ਆਯੂਸ਼ਮਾਨ ਮੇਲੇ, ਆਂਗਨਵਾੜੀ ਅਤੇ ਸਰਕਾਰੀ ਸਕੂਲਾਂ ਦੇ ਸਾਰੇ ਬੱਚਿਆਂ ਦੀ ਸਕ੍ਰੀਨਿੰਗ, ਆਯੂਸ਼ਮਾਨ ਗ੍ਰਾਮ ਪੰਚਾਇਤ ਤੇ ਸੇਵਾ ਪਖਵਾੜਾ ਸਮੇਤ 7 ਮੁੱਖ ਸਿਹਤ ਵਿਸ਼ਿਆਂ 'ਤੇ ਵਿਭਾਗ ਦੇ ਅਧਿਕਾਰੀ ਨਾਗਰਿਕਾਂ ਤੱਕ ਪਹੁੰਚਣਗੇ ਅਤੇ ਉਨ੍ਹਾਂ ਦਾ ਜੀਵਨ ਮੁੱਖਮਈ ਬਣਾਉਣ ਦੀ ਦਿਸ਼ਾ ਵਿਚ ਕੰਮ ਕਰਨਗੇ। ਮੁੱਖ ਸਕੱਤਰ ਨੇ ਕਿਹਾ ਕਿ ਆਯੂਸ਼ਮਾਨ ਤੁਹਾਡੇ ਘਰ ਦੇ ਤਹਿਤ ਪਿੰਡ, ਬਲਾਕ ਅਤੇ ਜਿਲ੍ਹਾ ਪੱਧਰ 'ਤੇ ਆਯੂਸ਼ਮਾਨ ਭਾਰਤ ਚਿਰਾਯੂ ਸਕੀਮ ਦੇ 1.80 ਲੱਖ ਰੁਪਏ ਤਕ ਆਮਦਨ ਵਾਲੇ ਪਰਵਾਰਾਂ ਦੇ ਫਰੀ ਅਤੇ 3 ਲੱਖ ਰੁਪਏ ਤੱਕ ਦੀ ਆਮਦਨ ਵਾਲੇ ਪਰਵਾਰਾਂ ਤੋਂ 1500 ਰੁਪਏ ਪ੍ਰਤੀ ਪਰਵਾਰ ਪ੍ਰਤੀ ਸਾਲ ਲੈ ਕੇ ਲਗਭਗ 8 ਲੱਖ ਨਾਗਰਿਕਾਂ ਦੇ ਸਿਹਤ ਕਾਰਡ ਬਣਾਏ ਜਾਣਗੇ। ਮੁੱਖ ਸਕੱਤਰ ਨੇ ਕਿਹਾ ਕਿ ਰਾਜ ਦੇ ਸਾਰੇ ਹੈਲਥ ਐਂਡ ਵੈਲਨੈਸ ਸੈਂਟਰ, ਕਮਿਊਨਿਟੀ ਸਿਹਤ ਕੇਂਦਰ, ਹੋਸਪੀਟਲ, ਮੈਡੀਕਲ ਕਾਲਜ ਸਮੇਤ ਸਾਰੇ ਸਿਹਤ ਕੇਂਦਰਾਂ ਵਿਚ ਸੇਵਾ ਪਖਵਾੜਾ ਪ੍ਰੋਗਰਾਮ ਚਲਾਇਆ ਜਾਵੇਗਾ। ਇਸ ਦੌਰਾਨ ਸਫਾਈ ਵਿਵਸਥਾ 'ਤੇ ਵਿਸ਼ੇਸ਼ ਜੋਰ ਦਿੱਤਾ ਜਾਵੇਗਾ। ਇਨ੍ਹਾ ਪ੍ਰੋਗ੍ਰਾਮਾਂ ਵਿਚ ਆਂਗਨਵਾੜੀ, ਆਸ਼ਾ ਕਾਰਜਕਰਤਾ, ਗ੍ਰਾਮ ਪੰਚਾਇਤਾਂ ਤੋਂ ਇਲਾਵਾ ਵਿਭਾਗਾਂ ਦਾ ਵੀ ਪੂਰਾ ਸਿਹਯੋਗ ਲਿਆ ਜਾਵੇਗਾ।

## ਪਿੰਡ ਭੁੰਗਰਨੀ ਦੇ ਸੀਵਰੇਜ ਦੀ ਸਫਾਈ ਦਾ ਕੰਮ ਸ਼ੁਰੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਅਮਰ ਕੌਰ-ਚਰਨ ਕੌਰ ਵੈਲਫੇਅਰ ਸੁਸਾਇਟੀ ਵੱਲੋ ਪਿੰਡ ਭੁੰਗਰਨੀ ਦੇ ਸੀਵਰੇਜ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਨੇ ਦੱਸਿਆ ਕਿ ਭੁੰਗਰਨੀ ਇੱਕ ਇਤਿਹਾਸਕ ਪਿੰਡ ਹੈ ਇਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਵਰਸੋਇਆ ਨਗਰ ਹੈ। ਇਸ ਦੀ ਸੁੰਦਰਤਾ ਨੂੰ ਮੁੱਖ ਰੱਖਦਿਆਂ ਇਸ ਨਗਰ ਦੇ ਸਮੂਹ ਐਨ ਆਰ ਆਈ ਵੱਲੋਂ ਪਿੰਡ ਦੇ ਵਿਕਾਸ ਲਈ ਇੱਕ ਨਾਨਕ ਰੂਰਲ ਡਿਵੈਲਪਮੈਂਟ ਐਂਡ ਐਜੂਕੇਸ਼ਨ ਸੁਸਾਇਟੀ ਜਿਸ ਦੇ ਪ੍ਰਧਾਨ ਐਨ ਆਰ ਆਈ ਜਸਵਿੰਦਰ ਕੌਰ ਪਰਿਹਾਰ ਅਤੇ ਸਰਪ੍ਰਸਤ ਡਾ.ਹਰਦੇਵ ਸਿੰਘ ਪਰਹਾਰ ਯੂ ਐਸ ਏ ਦੇ ਉੱਦਮ ਰਾਹੀਂ ਪਿੰਡ ਦੀਆਂ ਗਲੀਆਂ ਵਿੱਚ ਇੰਟਰਲਾਕ, ਸੋਲਰ ਲਾਇਟਾਂ ਅਤੇ ਸੀਵਰੇਜ ਪਾਉਣ ਲਈ ਸਰਕਾਰ ਦੀ 2.35 ਦੀ ਸਕੀਮ ਰਾਹੀਂ ਸਰਕਾਰ ਦੀ ਮਦਦ ਨਾਲ ਪਿੰਡ ਵਿੱਚ ਸੀਵਰੇਜ ਪਾ ਕੇ ਸਾਫ ਸੁਥਰਾ ਰੱਖਣ ਦੇ ਉਪਰਾਲੇ ਕੀਤੇ ਗਏ। ਇਹ ਇਲਾਕੇ ਵਿੱਚ ਸਭ ਤੋਂ ਪਹਿਲੀ ਪਹਿਲ ਕਦਮੀ ਸੀ। ਇਸ ਤਰ੍ਹਾਂ ਪਿੰਡ ਭੁੰਗਰਨੀ ਵਿੱਚ ਸਰਕਾਰੀ ਸਹਾਇਤਾ ਨਾਲ ਸੀਵਰੇਜ ਪਾਇਆ ਗਿਆ । ਇਸ ਮੌਕੇ ਲਗਾਤਾਰ ਜਸਵੀਰ ਸਿੰਘ ਮਿਨਹਾਸ ਪ੍ਰਧਾਨ, ਬਲਵੀਰ ਸਿੰਘ ਤੰਬੜ ਮੈਂਬਰ, ਜਗਤਾਰ ਸਿੰਘ ਭੁੰਗਰਨੀ,ਉੱਘੇ ਸਮਾਜ ਸੇਵੀ ਹਰਭਜਨ ਸਿੰਘ ਬੋਲਾਂ, ਸਤਨਾਮ ਸਿੰਘ ਪਰਹਾਰ ਅਤੇ ਹੋਰ ਨਗਰ ਦੀਆਂ ਸੰਗਤਾਂ ਸਹਿਯੋਗ ਕਰ ਰਹੀਆਂ ਹਨ।

## ਸੀ ਪੀ ਆਈ ਐੱਮ ਵੱਲੋਂ ਲੋਕ ਮੁੱਦਿਆਂ 'ਤੇ 7 ਸਤੰਬਰ ਤੱਕ ਜਨ ਸੰਪਰਕ ਮੁਹਿੰਮ



**ਮਾਹਿਲਪੁਰ (ਸਫਰੀ)**- ਅੱਜ ਇੱਥੇ ਸੀ ਪੀ ਆਈ ਐਮ ਵੱਲੋਂ ਲੋਕ ਮੁੱਦਿਆਂ 'ਤੇ ਚਲਾਈ 1 ਤੋਂ 7 ਸਤੰਬਰ ਤੱਕ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਬੱਡੋਆਣ, ਸਰਦੁਲਾਪੁਰ, ਟੂਟੋਮਜਾਰਾ, ਗੁਜਰਪੁਰ 'ਚ ਮਜ਼ਦੂਰਾਂ, ਕਿਸਾਨਾਂ, ਔਰਤਾਂ ਦੇ ਭਰਵੇਂ ਇਕੱਠ ਹੋਏ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਤੇ ਸੂਬਾ ਸਕੱਤਰੇਤ ਮੈਂਬਰ ਗੁਰਨੇਕ ਸਿੰਘ ਭੱਜਲ, ਜ਼ਿਲ੍ਹਾ ਸਕੱਤਰੇਤ ਮੈਂਬਰ ਮਹਿੰਦਰ ਕੁਮਾਰ ਬੱਡੋਆਣ, ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਨੀਲਮ ਬੱਡੋਆਣ, ਕਮਲਜੀਤ ਕੌਰ ਬੱਡੋਆਣ ਨੇ ਸੰਬੋਧਨ ਕਰਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਫਿਰਕਾਪ੍ਰਸਤ ਨੀਤੀਆਂ ਬਾਰੇ ਲੋਕਾਂ ਨੂੰ ਵਿਸਥਾਰ ਸਹਿਤ ਦੱਸਦਿਆਂ ਮਹਿੰਗਾਈ, ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਦੁਨੀਆ ਭਰ ਵਿੱਚ ਘਟਣ ਦੇ ਬਾਵਜੂਦ ਸਾਡੇ ਦੇਸ਼ ਵਿੱਚ ਵਧੀਆ ਹਨ। ਬੇਰੁਜ਼ਗਾਰੀ ਸਿਖਰਾ 'ਤੇ ਪਹੁੰਚ ਚੁੱਕੀ ਹੈ, ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਕੋਲ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ, ਦੇਸ਼ ਅੰਦਰ ਅਮਨ ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਫਿਰਕਾਪ੍ਰਸਤੀ ਦੇ ਤਹਿਤ ਘੱਟ ਗਿਣਤੀਆ 'ਤੇ ਹਮਲੇ ਤੇਜ਼ ਕੀਤੇ ਜਾ ਰਹੇ ਹਨ ਜਿਸ ਦੀਆਂ ਤਾਜ਼ਾ ਮਿਸਾਲਾਂ ਮਨੀਪੁਰ ਅਤੇ ਹਰਿਆਣੇ ਅੰਦਰ ਵਾਪਰੀਆਂ ਘਟਨਾਵਾਂ ਹਨ। ਔਰਤਾਂ 'ਤੇ ਹਮਲੇ ਤੇਜ਼ ਹੋ ਰਹੇ ਹਨ। ਇਸੇ ਤਰਾ ਪੰਜਾਬ ਅੰਦਰ ਨਸ਼ੇ ਧੜਾਧੜ ਵਿਕ ਰਹੇ ਹਨ, ਗੈਰ ਕਾਨੂੰਨੀ ਮਾਇਨਿੰਗ ਕਰੱਪਸ਼ਨ ਲਗਾਤਾਰ ਵਧ ਰਹੀ ਹੈ। ਆਏ ਹੜ੍ਹਾਂ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ 7 ਸਤੰਬਰ ਨੂੰ ਐਸ ਡੀ ਐਮ ਦਫਤਰਾਂ ਅੱਗੇ ਇਕੱਠ 'ਚ ਮੰਗ ਪੱਤਰ ਮੁਖ ਮੰਤਰੀ ਤੇ ਗਵਰਨਰ ਨੂੰ ਭੇਜੇ ਜਾਣਗੇ। ਉਪਰੋਕਤ ਆਗੂਆਂ ਤੋਂ ਇਲਾਵਾ ਇਨ੍ਹਾਂ ਇਕੱਠਾਂ ਨੂੰ ਵਿਜੇ ਕੁਮਾਰ ਸਰਪੰਚ, ਗੁਰਮੀਤ ਸਿੰਘ, ਦਲਜੀਤ ਸਿੰਘ, ਬਹਾਦਰ ਸਿੰਘ, ਜਸਵਿੰਦਰ ਸਿੰਘ, ਸਿਮਰਜੀਤ ਕੌਰ, ਸ਼ਕੁੰਤਲਾ ਦੇਵੀ, ਬਲਵੀਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਇੱਕ ਦੇਸ਼ ਇੱਕ ਚੋਣ ਦੇਸ਼ ਨੂੰ ਬਿਹਤਰੀ ਵੱਲ ਲੈ ਜਾਵੇਗੀ : ਸੰਜੀਵ ਖੰਨਾ

**ਜੀਰਕਪੁਰ, (ਕ੍ਰਿਸ਼ਨ ਗਰਗ )**- ਭਾਰਤੀ ਜਨਤਾ ਪਾਰਟੀ ਡੇਰਾਬੱਸੀ ਦੇ ਆਗੂ, ਸੂਬਾ ਸਕੱਤਰ ਤੇ ਵਿੱਤ ਕਮੇਟੀ ਮੈਂਬਰ ਸੰਜੀਵ ਖੰਨਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਸੋਚ ਅਨੁਸਾਰ 'ਇੱਕ ਦੇਸ਼, ਇੱਕ ਚੋਣ' ਭਾਰਤ ਦੇ ਭਵਿੱਖ ਲਈ ਲਾਹੇਵੰਦ ਹੋਵੇਗੀ।

ਜੇਕਰ ਦੇਸ਼ ਵਿੱਚ ਹਰ ਤਰ੍ਹਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣ ਤਾਂ ਇਸ ਨਾਲ ਨਾ ਸਿਰਫ ਸਰਕਾਰੀ ਖਜਾਨੇ 'ਤੇ ਬੋਝ ਘਟੇਗਾ ਸਗੋਂ ਸਿਆਸੀ ਪਾਰਟੀਆਂ ਦੇ ਖਰਚੇ ਘਟਾਉਣ ਦੇ ਨਾਲ-ਨਾਲ ਮਨੁੱਖੀ ਵਸੀਲਿਆਂ ਦੀ ਵੀ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਸਕਦੀ ਹੈ। ਸੰਜੀਵ ਖੰਨਾ ਨੇ ਕਿਹਾ ਕਿ ਜੇਕਰ ਦੇਸ਼ ਦੀਆਂ ਸਾਰੀਆਂ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣ ਤਾਂ ਸਿਆਸੀ ਪਾਰਟੀਆਂ ਵੀ ਦੇਸ਼ ਅਤੇ ਸੂਬੇ ਦੇ ਵਿਕਾਸ ਕਾਰਜਾਂ 'ਤੇ ਵੱਧ ਤੋਂ ਵੱਧ ਧਿਆਨ ਦੇ ਸਕਣਗੀਆਂ। ਇਕ ਰਾਸ਼ਟਰ, ਇਕ ਚੋਣ ਦਾ ਵਿਚਾਰ ਕੋਈ ਨਵਾਂ ਨਹੀਂ ਹੈ ਕਿਉਂਕਿ ਸਾਲ 1952, 1957, 1962 ਅਤੇ 1967 ਵਿਚ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਇੱਕੋ ਸਮੇਂ ਹੋਈਆਂ ਸਨ।

ਪਰ ਸਾਲ 1967 ਤੋਂ ਬਾਅਦ ਕਈ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਸਮੇਂ ਲੋਕ ਸਭਾ ਅਤੇ ਸੂਬਾ ਵਿਧਾਨ ਸਭਾ ਭੰਗ ਹੋ ਚੁੱਕੀਆਂ ਹਨ। ਸੰਜੀਵ ਖੰਨਾ ਨੇ ਕਿਹਾ ਕਿ ਲੋਕ ਸਭਾ ਵਿੱਚ ਵੀ ਕਈ ਵਾਰ ਅਜਿਹੇ ਹਾਲਾਤ ਪੈਦਾ ਹੋ ਚੁੱਕੇ ਹਨ, ਜਿਸ ਕਾਰਨ ਕੇਂਦਰ ਸਰਕਾਰ ਵੀ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਨਹੀਂ ਕਰ ਸਕੀ। ਸੰਜੀਵ ਖੰਨਾ ਨੇ ਕਿਹਾ ਕਿ ਸਾਲ 1999 ਵਿੱਚ ਲਾਅ ਕਮਿਸ਼ਨ ਨੇ ਆਪਣੀ ਇੱਕ ਲੋਕਾਂ ਦੇ ਆਰਥਿਕ ਜੀਵਨ ਦੇ ਨਾਲ-ਨਾਲ ਸਮਾਜਿਕ ਜੀਵਨ ਵਿੱਚ ਸੁਧਾਰ ਨੂੰ ਯਕੀਨੀ ਬਣਾਇਆ ਜਾਵੇਗਾ।

## ਮਾਂ ਮਾਤੇਸ਼ਵਰੀ ਮੰਦਰ ਵਿਖੇ ਕਰਵਾਏ ਜਾ ਰਹੇ ਭੰਡਾਰੇ ਦੀਆਂ ਤਿਆਰੀਆਂ ਮੁਕੰਮਲ : ਰਵੀ ਗਾਂਧੀ



**ਟਾਂਡਾ ਉੜਮੁੜ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਵਿਖੇ 3 ਸਤੰਬਰ ਨੂੰ ਕਰਵਾਏ ਜਾ ਰਹੇ ਭੰਡਾਰੇ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੰਦਰ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਅੱਜ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਧਾਰਮਕ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ । ਮੀਟਿੰਗ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਵੀ ਗਾਂਧੀ ਨੇ ਕਿਹਾ ਕਿ 3 ਸਤੰਬਰ ਨੂੰ ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਵਿਖੇ ਇਕ ਵਿਸ਼ਾਲ ਭੰਡਾਰਾ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭੰਡਾਰੇ ਦੌਰਾਨ ਖੁੱਲ੍ਹਾ ਭੰਡਾਲ ਸਜਾਇਆ ਜਾਵੇਗਾ ਜਿਸ ਵਿੱਚ ਸ਼ਿਵ ਮੰਦਰ ਬਾਬਾ ਭੋਡੂ ਮਹਿਲਾ ਮੰਡਲੀ ਟਾਂਡਾ ਦੀ ਪ੍ਰਧਾਨ ਸਾਮਾਂ ਜੋਸ਼ੀ ਤੇ ਉਨ੍ਹਾਂ ਦੀ ਟੀਮ ਤੋਂ ਇਲਾਵਾ ਢੋਲਵਾਹਾ ਇਲਾਕੇ ਦੀਆਂ ਵੱਖ-ਵੱਖ ਭਜਨ ਮੰਡਲੀਆਂ ਮਾਤਾ ਦੇ ਭਜਨਾਂ ਤੋਂ ਇਲਾਵਾ ਮਹਾਦੇਵ ਸ਼ਿਵ ਸ਼ੰਕਰ ਦਾ ਗੁਣਗਾਨ ਕਰਦੀਆਂ ਹੋਈਆਂ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੀਆਂ। ਇਸ ਮੌਕੇ ਰਾਜੂ ਖੋਸਲਾ, ਬਲਰਾਮ ਸੈਨੀ, ਅਰਮਾਨ ਵਰਮਾ, ਗੁਰਲਾਲ ਲਾਲੀ, ਅਮਿਤ, ਨਿਤਿਨ, ਰਾਜਨ ਸੈਣੀ, ਰਾਹੁਲ ਸੈਰੀ, ਦਿਸ਼ਾਂਤ ਸੈਣੀ ਅਤੇ ਹੋਰ ਹਾਜ਼ਰ ਸਨ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖੇਡ ਸਟੇਡੀਅਮ ਡੱਲੀ 'ਚ ਬਲਾਕ ਪੱਧਰੀ ਖੇਡ ਮੁਕਾਬਲੇ ਸ਼ੁਰੂ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ)**-ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਤਹਿਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖੇਡ ਸਟੇਡੀਅਮ ਡੱਲੀ ਵਿੱਚ ਬਲਾਕ ਪੱਧਰੀ ਖੇਡ ਮੁਕਾਬਲੇ ਸ਼ੁਰੂ ਕਰਵਾਏ ਗਏ। ਜਿਸ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵਲੋਂ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਖਿਡਾਰੀਆਂ ਵਲੋਂ ਆਪਣੀ ਖੇਡ ਕਲਾ ਦਾ ਬਾਖੂਬੀ ਪ੍ਰਦਰਸ਼ਨ ਕੀਤਾ ਗਿਆ। ਖੇਡਾਂ ਦੇ ਕਨਵੀਨਰ ਲੈਕਚਰਾਰ ਸੋਮਪਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਸ਼ੁਰੂ ਕਰਵਾਈਆਂ ਗਈਆਂ ਹਨ। ਜਿਸ ਵਿੱਚ ਵਾਲੀਵਾਲ,ਫੁੱਟਬਾਲ,ਰੱਸਾ ਕੱਸ਼ੀ ,ਕਬੱਡੀ,ਖੋ-ਖੋ ,ਐਥਲੈਟਿਕਸ ਖੇਡਾਂ ਕਰਵਾਈਆਂ ਜਾਣਗੀਆਂ। ਭੱਟੀ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ ਗਈ। ਉਹਨਾਂ ਨੇ ਕਿਹਾ ਪੰਜਾਬ ਮੁੜ ਤੋਂ ਖੇਡਾਂ 'ਚ ਮੋਹਰੀ ਬਣਨ ਵੱਲ ਵਧ ਰਿਹਾ ਹੈ। ਇਸ ਮੌਕੇ ਵੱਖ ਵੱਖ ਖੇਡਾਂ ਦੇ ਕਨਵੀਨਰ ਕੋਚ ਨਰਿੰਦਰ ਸਿੰਘ ਭੁਪਿੰਦਰ ਸਿੰਘ, ਰਿਟਾਇਰਡ ਬੀ.ਡੀ.ਪੀ.ਓ ਰਾਮ ਲੁਭਾਇਆ,ਜਸਬੀਰ ਕੌਰ ਡੀ ਪੀ, ਬਲਵਿੰਦਰ ਸਿੰਘ ਡੀ ਪੀ, ਬਲਜਿੰਦਰ ਸਿੰਘ ਡੀ ਪੀ, ਲੈਕ.ਬ੍ਰਿਜ ਲਾਲ ਭੂਸਨ,ਜਸਵੀਰ ਕੌਰ ਡੀ.ਪੀ ,ਅਮਿਤ ਕਲਸੀ,ਗਗਨਦੀਪ ਕੌਰ ਪੀ.ਟੀ.ਆਈ ,ਲੈਕਚਰਾਰ ਬ੍ਰਿਜ ਲਾਲ ਭੂਸ਼ਨ, ਲੈਕਚਰਾਰ ਮਨਜੀਤ ਕੌਰ, ਲੈਕਚਰਾਰ ਊਸ਼ਾ ਰਾਣੀ ਮੌਜੂਦ ਸਨ।

## ਗੁਰਬਿੰਦਰ ਸਿੰਘ ਨੇ ਦੌੜ ਮੁਕਾਬਲੇ 'ਚ ਜਿੱਤੇ ਤਿੰਨ ਤਮਗੇ

**ਰੋਪੜ ( ਬਿੰਦਰਾ)** ਭੂਟਾਨ ਵਿੱਚ ਹੋਏ ਮੁਕਾਬਲਿਆਂ ਵਿੱਚ 40+ ਉਮਰ ਦੇ ਮੁਕਾਬਲੇ ਵਿਚ ਮਾਸਟਰ ਦੌੜਾਕ ਗੁਰਬਿੰਦਰ ਸਿੰਘ ( ਰੋਮੀ ਘੜਾਮੇ ਵਾਲਾ) ਨੇ 400 ਅਤੇ 800 ਮੀਟਰ ਵਿੱਚ ਗੋਲਡ ਮੈਡਲ, 400 ਰਿਲੇ ਵਿਚ ਚਾਂਦੀ ਦਾ ਤਮਗਾ ਜਿੱਤਿਆ। ਰੋਮੀ ਇਸ ਪ੍ਰਾਪਤੀ ਤੋਂ ਬਾਅਦ ਕੱਲ੍ਹ ਵਾਪਿਸ ਆਇਆ। ਰੋਪੜ ਹੈਡਵਰਕਸ ਤੇ ਕੋਰ ਵੈਲਫੇਅਰ ਫਾਊਂਡੇਸਨ ਵਲੋਂ ਉਸ ਦਾ ਢੋਲ ਵਜਾ ਕੇ ਸੁਆਗਤ ਕੀਤਾ ਗਿਆ। ਫਾਊਂਡੇਸਨ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਅਤੇ ਸੁਰਿੰਦਰ ਕੌਰ, ਜਸਬੀਰ ਕੌਰ, ਜੈਦੇਵ ਸਿੰਘ,ਨਿਮਾਂ ਸੁਰਤਾਪੁਰ, ਜਗਸੀਰ ਸੁਰਤਾਪੁਰ ਆਦਿ ਨੇ ਫੁੱਲ ਭੇਟ ਕਰ ਕੇ ਸੁਆਗਤ ਕੀਤਾ ਅਤੇ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਰੋਮੀ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕੋਚ ਰਾਜਨ ਕੁਮਾਰ ਅਤੇ ਆਪਣੀ ਗਾਇਡ ਬੀਬੀ ਰਣਵੀਰ ਕੌਰ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ। ਤਰਕਸ਼ੀਲ ਸੁਸਾਇਟੀ ਦੇ ਆਗੂ ਅਜੀਤ ਪ੍ਰਦੇਸੀ ਵਲੋਂ ਇਸ ਮੌਕੇ ਤੇ ਪੁੱਜੇ ਸਭ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਤਰਕਸ਼ੀਲ ਪੁਸਤਕਾਂ ਭੇਟ ਕੀਤੀਆਂ। ਇਸ ਅਵਸਰ 'ਤੇ ਡਾ ਅੰਬੇਡਕਰ ਜਾਗ੍ਰਿਤੀ ਮੰਚ ਦੇ ਪ੍ਰਧਾਨ ਰਾਜੇਸ਼ ਬੱਗਨ,ਮੰਗਤ ਰਾਮ, ਕੁਲਵੰਤ ਸੈਣੀ,ਨਵੀਨ ਦਰਦੀ, ਕੁਲਦੀਪ ਸਿੰਘ ਲਵਲੀ, ਮਨਦੀਪ ਸਿੰਘ, ਵਿਕਰਮ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ ਐਥਲੀਟ, ਰਾਜਿੰਦਰ ਕੌਰ ਪੀ ਟੀ ਆਈ, ਰਣਵੀਰ ਪੀ ਟੀ ਆਈ, ਸਤਵੰਤ ਕੌਰ ਡੀ ਪੀ ਈ, ਅਸ਼ੋਕ ਕੁਮਾਰ, ਪਵਨ ਕੁਮਾਰ, ਅਤੇ ਹੋਰ ਖਿਲਾੜੀ ਸੁਆਗਤ ਲਈ ਪੁੱਜੇ ਹੋਏ ਸਨ।

## ਜੀ ਆਰ ਡੀ ਸਿੱਖਿਆ ਸੰਸਥਾਵਾਂ 'ਚ ਸਰਬੱਤ ਦੇ ਭਲੇ ਲਈ ਸਮਾਗਮ



**ਟਾਂਡਾ ਉੜਮੁੜ, ( ਓਂਕਾਰ ਸਿੰਘ, ਜਸਵਿੰਦਰ ਸੰਧੂ)**-ਸ੍ਰੀ ਗੁਰੂ ਰਾਮਦਾਸ ਦੀ ਸੇਵਾ ਸੁਸਾਇਟੀ ਟਾਂਡਾ ਵੱਲੋਂ ਚਲਾਈ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ, ਇੰਟਰਨੈਸ਼ਨਲ ਪਬਲਿਕ ਸਕੂਲ ਤੇ ਜੀ.ਆਰ.ਡੀ ਇੰਸਟੀਚਿਊਟ ਆਫ ਪੈਰਾ ਮੈਡੀਕਲ ਮੈਡੀਕਲ ਸਾਇੰਸਜ਼ ਸਿੱਖਿਆ ਸੰਸਥਾਵਾਂ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਧਾਰਮਕ ਸਮਾਗਮ ਕਰਵਾਇਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਸੰਤ ਬਾਬਾ ਜਰਨੈਲ ਸਿੰਘ ਮੋਹਨ ਮਾਜਰਾ ਵਾਲਿਆਂ ਨੇ ਸਿੱਖਿਆ ਸੰਸਥਾਵਾਂ ਦੇ ਸਰਬਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਅਦਾਰੇ ਦੇ ਪ੍ਰਬੰਧਕਾਂ ਅਤੇ ਸਮੂਹ ਸਟਾਫ ਮੈਂਬਰਾਂ ਮੁਬਾਰਕਬਾਦ ਦਿੱਤੀ। ਇਸ ਮੌਕੇ ਸੰਸਥਾ ਦੀ ਚੇਅਰਪਰਸਨ ਪ੍ਰਦੀਪ ਕੌਰ, ਐਮ.ਡੀ ਬਿਕਰਮ ਸਿੰਘ, ਸਰਪ੍ਰਸਤ ਅਮਨਦੀਪ ਸਿੰਘ ਸਾਹੀ, ਮੈਨੇਜਰ ਸਰਬਜੀਤ ਸਿੰਘ ਮੋਮੀ, ਪ੍ਰਿੰਸੀਪਲ ਰੇਨੂੰ ਬਾਲਾ, ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ, ਵਾਇਸ ਪ੍ਰਿੰਸੀਪਲ ਰਾਜਵਿੰਦਰ ਕੌਰ, ਦਲਜਿੰਦਰ ਕੌਰ, ਗੁਰਪ੍ਰੀਤ ਕੌਰ, ਮਨਦੀਪ ਕੌਰ, ਲਵਲੀ ਸੈਣੀ, ਪਾਇਲ ਹਾਂਡਾ, ਕਸ਼ਮੀਰ ਕੌਰ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਮਨਨੀਤ ਕੌਰ, ਮਨਦੀਪ ਕੌਰ, ਸੀਮਾ ਜਾਜਾ, ਰਮਨਦੀਪ ਕੌਰ ਤਰਨ ਸੈਣੀ, ਤੇਜਿੰਦਰ ਕੌਰ ਨਵਜੀਤ ਕੌਰ ਆਦਿ ਵੀ ਹਾਜ਼ਰ ਸਨ।

## ਕੈਬਨਿਟ ਮੰਤਰੀ ਅਮਨ ਅਰੋੜਾ 4 ਨੂੰ ਫਿਲੌਰ ਸ਼ੋਭਾ ਯਾਤਰਾ 'ਚ ਹੋਣਗੇ ਸ਼ਾਮਲ



**ਫਿਲੌਰ (ਨਿਰਮਲ)**- ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ (ਰਜਿ.) ਫਿਲੌਰ ਦੇ ਪ੍ਰਧਾਨ ਰਛਪਾਲ ਸਿੰਘ ਹੈਪੀ ਨੇ ਦੱਸਿਆ ਕਿ ਭਗਵਾਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਲੈ ਕੇ 4 ਸਤੰਬਰ ਨੂੰ ਸਜਾਈ ਜਾਣ ਵਾਲੀ ਸ਼ਿਲ ਸ਼ੋਭਾ ਯਾਤਰਾ ਵਿਚ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਪਾਠਸ਼ਾਲਾ ਮੰਦਰ ਕਮੇਟੀ ਫਿਲੌਰ ਦਾ ਇਕ ਵਫਦ ਚੰਡੀਗੜ੍ਹ ਜਾ ਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਅਸ਼ਟਮੀ ਮੌਕੇ ਫਿਲੌਰ ਵਿਖੇ ਸਜਾਈ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ ਜਿਸ ਨੂੰ ਕੈਬਨਿਟ ਮੰਤਰੀ ਅਰੋੜਾ ਨੇ ਬੜੇ ਸਤਿਕਾਰ ਨਾਲ ਸਵੀਕਾਰ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ 4 ਸਤੰਬਰ ਨੂੰ ਫਿਲੌਰ ਵਿਖੇ ਸ਼ੋਭਾ ਯਾਤਰਾ 'ਚ ਸ਼ਾਮਲ ਜ਼ਰੂਰ ਹੋਣਗੇ। ਵਫਦ 'ਚ ਉਨ੍ਹਾਂ ਦੇ ਨਾਲ ਕਮੇਟੀ ਦੇ ਸਰਪ੍ਰਸਤ ਡਾ.ਕੇਵਲ ਕ੍ਰਿਸ਼ਨ, ਮਨੀ ਧਾਲੀਵਾਲ, ਸ਼ੁਭ ਲਖਨ ਜੁਨੇਜਾ, ਦਵਿੰਦਰ ਕੁਮਾਰ ਬਿੱਟੂ ਅਤੇ ਗੋਬਿੰਦ ਸੇਠੀ ਹਾਜ਼ਰ ਸਨ। ਇਸ ਮੌਕੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ 'ਤੇ ਅਧਾਰਤ ਅਨੇਕਾਂ ਖੂਬਸੂਰਤ ਝਾਕੀਆਂ ਸਜਾਈਆਂ ਜਾਣਗੀਆਂ, ਸਾਰੇ ਸ਼ਹਿਰ ਵਿਚ ਸਵਾਗਤੀ ਗੇਟ ਲਾਏ ਜਾਣਗੇ ਅਤੇ ਥਾਂ ਥਾਂ ਲੰਗਰ ਲਾਏ ਜਾਣਗੇ।

## ਮਾਨਵਤਾ ਸੇਵਾ ਸੋਸਾਇਟੀ ਨੇ ਲਗਾਇਆ ਖੂਨਦਾਨ ਤੇ ਮੈਡੀਕਲ ਕੈਂਪ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਮਾਨਵਤਾ ਦੀ ਸੇਵਾ ਲਈ ਪੰਜਾਬ ਭਰ ਵਿੱਚ ਨਾਮਣਾ ਖੱਟ ਰਹੀ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਵੱਲੋਂ ਆਏ ਦਿਨ ਮੁਫਤ ਮੈਡੀਕਲ ਕੈਂਪ ਲਗਾਏ ਜਾਂਦੇ ਹਨ। ਇਸੇ ਕੜੀ ਤਹਿਤ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਪਿੰਡ ਨੰਗਲ ਖੂੰਗਾ ਵਿਖੇ ਲਗਾਇਆ ਗਿਆ 91ਵਾਂ ਖੂਨਦਾਨ ਅਤੇ ਮੁਫਤ ਮੈਡੀਕਲ ਕੈਂਪ ਬੜੀ ਧੂਮਧਾਮ ਨਾਲ ਸੰਪੰਨ ਹੋ ਨਿੱਬੜਿਆ। ਇਸ ਕੈਂਪ ਦਾ ਉਦਘਾਟਨ ਡੇਰਾ ਬਾਬਾ ਭਗਤ ਰਾਮ ਨੰਗਲ ਖੂੰਗਾ ਦੇ ਗੱਦੀ ਨਸ਼ੀਨ ਸੰਤ ਨਰੇਸ਼ ਗਿਰੀ ਨੇ ਕੀਤਾ ਅਤੇ ਮੁੱਖ ਮਹਿਮਾਨ ਵਜੋਂ ਇਲਾਕੇ ਭਰ ਵਿੱਚ ਦਾਨੀ ਸੱਜਣ ਵਜੋਂ ਜਾਣੇ ਜਾਂਦੇ ਸਮਾਜ ਸੇਵੀ ਮਨਜੀਤ ਸਿੰਘ ਦਸੂਹਾ ਹਾਜ਼ਰ ਹੋਏ। ਇਸ ਮੌਕੇ ਉਨ੍ਹਾਂ ਨਾਲ ਪਾਠਕ ਹਸਪਤਾਲ ਟਾਂਡਾ ਦੇ ਡਾ. ਅਮਿਤ ਪਾਠਕ, ਡਾ. ਅਨੁਪਮਾ ਪਾਠਕ, ਡਾ. ਗੀਤੂ ਸ਼ਰਮਾ, ਅਮਨਪ੍ਰੀਤ, ਨਵਦੀਪ, ਰਜਨੀ, ਸੁਖਵਿੰਦਰ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ ਹਾਜ਼ਰ ਸਨ। ਕੈਂਪ 'ਚ ਸੰਤ ਨਰੇਸ ਗਿਰੀ ਨੇ ਕਿਹਾ ਕਿ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਗਰੀਬ ਮਰੀਜ਼ਾਂ ਨੂੰ ਕੈਂਪਾਂ ਰਾਹੀਂ ਅਤੇ ਹਸਪਤਾਲਾਂ 'ਚ ਦਾਖਲ ਮਰੀਜ਼ਾਂ ਨੂੰ ਜੋ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਉਹ ਇੱਕ ਸ਼ਲਾਘਾਯੋਗ ਕਾਰਜ ਹੈ। ਮਨਜੀਤ ਸਿੰਘ ਦਸੂਹਾ, ਡਾ. ਅਮਿਤ ਪਾਠਕ, ਮਾਨਵਤਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਵੀ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਾਡੇ ਨਾਲ ਫੋਨ 941735-3152 'ਤੇ ਸੰਪਰਕ ਕਰ ਸਕਦਾ ਹੈ। ਕੈਂਪ 'ਚ ਆਏ ਮਹਿਮਾਨਾਂ ਨੂੰ ਸੋਸਾਇਟੀ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਸਨਮਾਨਿਤ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਵਾਈਸ ਪ੍ਰਧਾਨ ਸਰਬਜੀਤ ਸਿੰਘ, ਕੈਸ਼ੀਅਰ ਸੱਤਪਾਲ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ, ਸੂਬੇਦਾਰ ਉਂਕਾਰ ਸਿੰਘ, ਮਨਦੀਪ ਸਿੰਘ, ਮਨੀਸ਼ ਕੁਮਾਰ, ਬਲਜੀਤ ਸਿੰਘ ਜੱਗਾ, ਡਾ. ਸੁਖਵਿੰਦਰ ਸਿੰਘ ਜੋਤੀ, ਡਾ. ਨਰੇਸ਼ ਕੁਮਾਰ ਬਲਾਚੌਰ, ਪ੍ਰਦੀਪ ਸਿੰਘ, ਨਵਰਾਜਦੀਪ ਸਿੰਘ, ਚਰਨਦੀਪ ਸਿੰਘ, ਬਲਵਿੰਦਰ ਸਿੰਘ ਤੱਖੀ, ਗੁਰਨਾਮ ਸਿੰਘ, ਸਰਬਜੀਤ ਸਿੰਘ ਪੱਪੀ, ਅਜੇ, ਸੰਦੀਪ ਅਤੇ ਹੋਰ ਹਾਜ਼ਰ ਸਨ।

## ਆਮ ਜਨਤਾ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਨਾ ਲੈਣ 'ਤੇ ਮੁੱਖ ਮੰਤਰੀ ਨੇ ਇਕ ਵਾਰ ਫਿਰ ਦਿਖਾਈ ਸਖਤੀ

**ਚੰਡੀਗੜ੍ਹ, (ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਸੀ ਐਮ ਵਿੰਡੋ 'ਤੇ ਆਈਆਂ ਸ਼ਿਕਾਇਤਾਂ 'ਤੇ ਸਹੀ ਢੰਗ ਨਾਲ ਕਾਰਵਾਈ ਨਾ ਕਰਨ ਅਤੇ ਕੰਮ ਵਿਚ ਕੋਤਾਹੀ ਵਰਤਣ ਦੇ ਮਾਮਲੇ ਵਿਚ ਸਖਤ ਐਕਸ਼ਨ ਲੈਂਦੇ ਹੋਏ ਜ਼ਿਲ੍ਹਾ ਹਿਸਾਰ ਦੇ ਖੇੜੀ ਜਾਲਬ ਦੇ ਨਾਇਬ ਤਹਿਸੀਲਦਾਰ ਸੁਰੇਸ਼ ਕੁਮਾਰ ਨੂੰ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰ ਦਿੱਤਾ। ਨਾਲ ਹੀ ਉਨਾਂ ਦੇ ਵਿਰੁੱਧ ਹਰਿਆਣਾ ਸਰਵਿਸ ਰੂਲ, 2016 ਦੇ ਨਿਯਮ ਦੇ ਤਹਿਤ ਵਿਭਾਗ ਦੀ ਕਾਰਵਾਈ ਕਰਨ ਦੇ ਵੀ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਦੇ ਓ ਐਸ ਡੀ ਭੁਪੇਸ਼ਵਰ ਦਿਆਲ ਨੇ ਦੱਸਿਆ ਕਿ ਸੀ ਐਮ ਵਿੰਡੋ 'ਤੇ ਸਾਲ 2022 ਵਿਚ ਪ੍ਰੇਮਜੀਤ, ਨਿਵਾਸੀ ਗ੍ਰਾਮ ਗਾਮੜਾ, ਸਬ-ਤਹਿਸੀਲ ਖੇੜੀ ਜਾਲਬ (ਹਿਸਾਰ) ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਨ੍ਹਾਂ ਦੇ ਪਿਤਾ ਮਹਾਵੀਰ ਤੇ ਹੋਰ ਪਰਵਾਰ ਦੀ ਜ਼ਮੀਨ ਦੇ ਜਮ੍ਹਾਬੰਦੀ 9 ਹਿਸਿਆਂ ਵਿਚ ਨਾਲ ਜੁੜੀ ਹੋਈ ਹੈ, ਜਿਸ ਦੀ ਵਜ੍ਹਾ ਨਾਲ ਜ਼ਮੀਨ ਨਾਲ ਸੰਬੰਧਤ ਕੰਮਾਂ ਵਿਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧ ਵਿਚ ਸ਼ਿਕਾਇਤਕਰਤਾ ਵੱਲੋਂ ਜ਼ਮੀਨ ਦੇ ਖੇਵਟ ਵੱਖ ਕਰਨ ਬਾਰੇ ਅਪੀਲ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਉਪਰੋਕਤ ਸ਼ਿਕਾਇਤ 'ਤੇ ਨਾਇਬ ਤਹਿਸੀਲਦਾਰ, ਖੇੜੀ ਜਾਲਬ ਵੱਲੋਂ 31 ਜਨਵਰੀ, 2023 ਨੂੰ ਪੋਰਟਲ 'ਤੇ ਕਾਰਵਾਈ ਰਿਪੋਰਟ ਅਪਲੋਡ ਕੀਤੀ ਗਈ। ਰਿਪੋਰਟ ਅਨੁਸਾਰ ਹਲਕਾ ਕਾਨੂੰਨਗੋ ਤੋਂ ਨਕਸ਼ਾ ਪ੍ਰਾਪਤ ਹੋਣ ਬਾਅਦ ਤਕਸੀਮ ਕੀਤੀ ਫਾਇਲ ਦਾ ਫੈਸਲਾ ਕਰ ਦਿੱਤੇ ਜਾਣ ਲਈ ਗੱਲ ਕਹੀ ਗਈ। ਭੁਪੇਸ਼ਵਰ ਦਿਆਲ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਕੀਤੀ ਗਈ ਸਖਤ ਕਾਰਵਾਈ ਨਾਲ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਜਨਤਾ ਦੀ ਸ਼ਿਕਾਇਤਾਂ ਦਾ ਹੱਲ ਕਰਨਾ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਜ਼ਿੰਮੇਵਾਰੀ ਹੈ, ਜਿਸ ਵਿਚ ਕਿਸੇ ਵੀ ਤਰ੍ਹਾ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਐਂਟੀ ਕੁਰੱਪਸ਼ਨ ਬਿਊਰੋ ਵੱਲੋਂ ਭ੍ਰਿਸ਼ਟ ਕਰਮਚਾਰੀਆਂ ਦੇ ਵਿਰੁੱਧ ਮੁਹਿੰਮ ਤੇਜ਼

**ਚੰਡੀਗੜ੍ਹ, (ਕ੍ਰਿਸ਼ਨ ਗਰਗ)** -ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਭ੍ਰਿਸ਼ਟਾਚਾਰ ਦੇ ਵਿਰੁੱਧ ਜੀਰੋ ਟੋਲਰੇਂਸ ਨੀਤੀ 'ਤੇ ਚਲਦੇ ਹੋਏ ਹਰਿਆਣਾ ਐਂਟੀ ਕੁਰੱਪਸ਼ਨ ਬਿਊਰੋ ਨੇ ਭ੍ਰਿਸ਼ਟ ਕਰਮਚਾਰੀਆਂ ਦੇ ਵਿਰੁੱਧ ਮੁਹਿੰਮ ਤੇਜ ਕਰ ਦਿੱਤੀ ਹੈ। ਇਸੀ ਲੜੀ ਵਿਚ ਬਿਊਰੋ ਨੇ ਰਿਵਾੜੀ ਜ਼ਿਲ੍ਹੇ ਦੀ ਖੋਲ ਪੁਲਿਸ ਚੌਕੀ ਵਿਚ ਤੈਨਾਤ ਮੁੱਖ ਸਿਪਾਹੀ ਨੂੰ 2 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ। ਬੁਲਾਰੇ ਨੇਂ ਦਸਿਆ ਕਿ ਇਸ ਤਰ੍ਹਾਂ ਇਕ ਹੋਰ ਮਾਮਲੇ ਵਿਚ ਅਵੈਧ ਸ਼ਰਾਬ ਵੇਚਣ ਦੇ ਝੂਠੇ ਮਾਮਲੇ ਵਿਚ ਦਰਜ ਇਕ ਸ਼ਿਕਾਇਤ ਤੋਂ ਨਾਂਅ ਹਟਵਾਉਣ ਦੇ ਏਵਜ ਵਿਚ 10 ਹਜਾਰ ਰੁਪਏ ਦੀ ਮੰਗ ਕਰਨ ਦੇ ਮਾਮਲੇ ਵਿਚ ਬਲਦੇਵ ਨਗਰ ਅੰਬਾਲਾ ਸ਼ਹਿਰ ਦੇ ਮੁੱਖ ਸਿਪਾਹੀ ਜਸਬੀਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ। ਪੁਲਸ ਸਟੇਸ਼ਨ ਸਦਰ ਹਿਸਾਰ ਦੇ ਮੁੱਖ ਸਿਪਾਹੀ ਰਾਕੇਸ਼ ਕੁਮਾਰ ਨੂੰ ਵੀ ਸਤਯ ਨਗਰ ਦੇ ਸੁਰੇਸ਼ ਕੁਮਾਰ ਦੀ ਸ਼ਿਕਾਇਤ 'ਤੇ 10 ਹਜਾਰ ਰੁਪਏ ਦੀ ਰਿਸ਼ਵਤ ਦੀ ਮੰਗ 'ਤੇ ਗ੍ਰਿਫਤਾਰ ਕੀਤਾ ਹੈ।

## ਐਕਸੀਅਨ ਰੰਧਾਵਾ ਤੇ ਐਸ ਡੀ ਓ ਹਰਜਿੰਦਰ ਸਿੰਘ 5 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਵਿਜੀਲੈਂਸ ਬਿਓਰੋ ਹੁਸ਼ਿਆਰਪੁਰ ਨੇ ਮਾਈਨਿੰਗ ਵਿਭਾਗ ਦੇ ਐਕਸੀਅਨ ਸਰਤਾਜ ਸਿੰਘ ਰੰਧਾਵਾ ਅਤੇ ਐਸ.ਡੀ.ਓ. ਹਰਜਿੰਦਰ ਸਿੰਘ ਨੂੰ ਸ਼ਿਕਾਇਤਕਰਤਾ ਜਸਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਦੀ ਸ਼ਿਕਾਇਤ 'ਤੇ 5 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਨੇ ਸ਼ਿਕਾਇਤਕਰਤਾ ਜਸਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਨਿਵਾਸੀ ਢੋਲਣ ਤਹਿਸੀਲ ਜਗਰਾਵਾਂ ਜ਼ਿਲ੍ਹਾ ਲੁਧਿਆਣਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਵਿਜੀਲੈਂਸ ਬਿਓਰੋ ਯੂਨਿਟ ਹੁਸ਼ਿਆਰਪੁਰ ਵੱਲੋਂ ਦੋਸ਼ੀ ਮਾਈਨਿੰਗ ਵਿਭਾਗ ਦੇ ਐਕਸੀਅਨ ਸਰਤਾਜ ਸਿੰਘ ਰੰਧਾਵਾ ਅਤੇ ਐਸ ਡੀ ਓ ਹਰਜਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਸ਼ਿਕਾਇਤਕਰਤਾ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਰੀਗਲ ਇੰਟਰਪ੍ਰਾਈਜ਼ਿਜ਼ ਕੰਪਨੀ ਵਿਚ ਬਤੌਰ ਸਾਈਟ ਕੰਟਰੋਲਰ ਨੌਕਰੀ ਕਰਦਾ ਹੈ ਅਤੇ ਕੰਪਨੀ ਨੇ ਕੱਲਪੱਤਰੂ ਕੰਪਨੀ ਤੋਂ ਮੁਕੇਰੀਆਂ/ ਤਲਵਾੜਾ ਰੇਲਵੇ ਲਾਈਨ 'ਤੇ ਮਿੱਟੀ ਪਾਉਣ ਦਾ ਠੇਕਾ ਲਿਆ ਹੋਇਆ ਹੈ। ਕੰਪਨੀ ਵੱਲੋਂ ਪਿੰਡ ਘਗਵਾਲ ਤਹਿਸੀਲ ਦਸੂਹਾ ਤੋਂ ਮਿੱਟੀ ਚੁੱਕਣ ਦਾ ਠੇਕਾ ਲਿਆ ਹੋਇਆ ਹੈ ਅਤੇ ਜਿਸ ਸੰਬੰਧੀ ਉਸ ਨੇ ਵਿਭਾਗ ਨੂੰ 41 ਲੱਖ 10 ਹਜ਼ਾਰ 17 ਰੁਪਏ ਫੀਸ ਵੀ ਜਮ੍ਹਾਂ ਕਰਵਾਈ ਹੋਈ ਹੈ। ਪਰ ਜਿਸ ਜਗ੍ਹਾ ਤੋਂ ਮਿੱਟੀ ਚੁੱਕਣੀ ਸੀ, ਉਹ ਜਗ੍ਹਾ ਜੰਗਲਾਤ ਵਿਭਾਗ ਦੀ ਦਫਾ 4 ਅਤੇ 5 ਦੇ ਅਧੀਨ ਆਉਂਦੀ ਹੈ। ਜਿਸ ਕਰਕੇ ਉਹ ਉਥੋਂ ਮਿੱਟੀ ਨਹੀਂ ਚੁੱਕੀ ਜਾ ਸਕਦੀ ਸੀ। ਉਨ੍ਹਾਂ ਨੇ ਮਾਈਨਿੰਗ ਵਿਭਾਗ ਨੂੰ ਜਮ੍ਹਾਂ ਕਰਵਾਈ ਫੀਸ ਟਰਾਂਸਫਰ ਕਰਨ ਲਈ ਇਸੇ ਸਾਲ ਮਾਰਚ ਮਹੀਨੇ ਵਿੱਚ ਦਰਖਾਸਤ ਦਿੱਤੀ ਸੀ। 20 ਜੁਲਾਈ ਨੂੰ ਉਨ੍ਹਾਂ ਦੀ ਕੰਪਨੀ ਦਾ ਇੱਕ ਸੀਨੀਅਰ ਅਧਿਕਾਰੀ ਜਤਿੰਦਰ ਸਿੰਘ ਇਸ ਸੰਬੰਧੀ ਮਾਈਨਿੰਗ ਵਿਭਾਗ ਹੁਸ਼ਿਆਰਪੁਰ ਦੇ ਐਕਸੀਅਨ ਸਰਤਾਜ ਸਿੰਘ ਰੰਧਾਵਾ ਨੂੰ ਮਿਲਿਆ ਤਾਂ ਉਨ੍ਹਾਂ ਨੇ ਕਿਹਾ ਕਿ ਫੀਸ ਟਰਾਂਸਫਰ ਨਹੀਂ ਹੋ ਸਕਦੀ। ਜਤਿੰਦਰ ਸਿੰਘ ਦੇ ਵਾਰ-ਵਾਰ ਕਹਿਣ 'ਤੇ ਰੰਧਾਵਾ ਨੇ ਕਿਹਾ ਕਿ ਇਸ ਮਾਮਲੇ ਸੰਬੰਧੀ ਤੁਹਾਡੇ ਨਾਲ ਐਸ ਡੀ ਓ ਹਰਜਿੰਦਰ ਸਿੰਘ ਗੱਲ ਕਰਨਗੇ। ਕੁਝ ਦਿਨ ਬਾਅਦ ਐਸ ਡੀ ਓ ਹਰਜਿੰਦਰ ਸਿੰਘ ਨੇ ਦਸੂਹਾ ਸਥਿਤ ਆਪਣੇ ਦਫਤਰ ਬੁਲਾਇਆ ਅਤੇ ਕਿਹਾ ਕਿ ਫੀਸ ਵਾਪਸ ਕਰਨ ਦੇ ਲਈ ਐਕਸੀਅਨ ਰੰਧਾਵਾ ਨੇ 12 ਲੱਖ ਮੰਗੇ ਹਨ ਤਾਂ ਇਸ 'ਤੇ ਜਤਿੰਦਰ ਸਿੰਘ ਨੇ ਉਨ੍ਹਾਂ ਦੀਆਂ ਬਹੁਤ ਮਿੰਨਤਾਂ ਕੀਤੀਆਂ। ਜਿਸ 'ਤੇ ਐਸ.ਡੀ.ਓ. ਹਰਜਿੰਦਰ ਸਿੰਘ 8 ਲੱਖ ਰੁਪਏ ਲੈ ਕੇ ਕੰਮ ਕਰਨ ਲਈ ਰਾਜ਼ੀ ਹੋ ਗਿਆ। ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਵਿਜੀਲੈਂਸ ਬਿਓਰੋ ਦੀ ਟੀਮ ਜਿਸ ਵਿਚ ਇੰਸਪੈਕਟਰ ਲਖਵਿੰਦਰ ਸਿੰਘ ਸ਼ਾਮਲ ਹਨ, ਨੇ ਡੀ ਐਸ ਪੀ ਮਨੀਸ਼ ਕੁਮਾਰ ਦੀ ਅਗਵਾਈ ਵਿੱਚ ਐਕਸੀਅਨ ਸਰਤਾਜ ਸਿੰਘ ਰੰਧਾਵਾ ਅਤੇ ਐਸ ਡੀ ਓ ਦਸੂਹਾ ਹਰਜਿੰਦਰ ਸਿੰਘ ਨੂੰ 5 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਅਤੇ ਰਿਸ਼ਵਤ ਦੀ ਰਕਮ ਵੀ ਮੌਕੇ 'ਤੇ ਬਰਾਮਦ ਕਰ ਲਈ ਗਈ। ਵਿਜੀਲੈਂਸ ਬਿਓਰੋ ਜਲੰਧਰ ਰੇਂਜ ਨੇ ਮਾਮਲਾ ਦਰਜ ਕਰਕੇ ਅੱਗੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

CMYK

# ਅਕਾਲ ਗਲੈਕਸੀ ਕਾਨਵੈਂਟ ਸਕੂਲ ਵਿਖੇ ਇੰਟਰ ਹਾਊਸ ਵਨ ਐਕਟ ਪਲੇਅ ਕੰਪੀਟੀਸ਼ਨ




**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਅਕਾਲ ਗਲੈਕਸੀ ਕਾਨਵੈਂਟ ਸਕੂਲ, ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਇੰਟਰ ਹਾਊਸ ਵਨ ਐਕਟ ਪਲੇਅ ਕੰਪੀਟੀਸ਼ਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਵਿਦੇਸ਼ ਨੂੰ ਜਾਣਾ, ਜਫਰਨਾਮਾ, ਬਾਲ ਮਜਦੂਰੀ ਅਤੇ ਫੌਜੀ ਦੀ ਜ਼ਿੰਦਗੀ ਨਾਲ ਸੰਬੰਧਤ ਐਕਟ ਕੀਤੇ ਗਏ। ਸਾਰੇ ਹੀ ਵਿਦਿਆਰਥੀਆਂ ਨੇ ਆਪਣੇ- ਆਪਣੇ ਕਿਰਦਾਰਾਂ ਦੀ ਭੂਮਿਕਾ ਬਾਖੂਬੀ ਨਿਭਾਈ । ਸਕੂਲ ਹਾਊਸ ਇੰਚਾਰਜ਼, ਵਾਇਸ ਇੰਚਾਰਜ਼ ਅਤੇ ਅਧਿਆਪਕਾਵਾਂ ਦੁਆਰਾ ਯੋਗ ਸਿਖਲਾਈ ਵਿਦਿਆਰਥੀਆਂ ਨੂੰ ਦਿੱਤੀ ਗਈ ਜਿਸ ਦੇ ਸਦਕਾ ਚਾਰੋਂ ਹਾਊਸਜ ਨੇ ਆਪਣੇ ਆਪਣੇ ਐਕਟ ਪਲੇਅ ਵਿੱਚ ਸ਼ਾਨਦਾਰ ਪ੍ਰਫਾਰਮੇਂਸ ਦਿੱਤੀ । ਹਾਊਸ ਨੇ ਪਹਿਲਾ ਅਤੇ ਐਮਾਜੋਨ ਹਾਊਸ ਤੇ ਦੂਜਾ ਸਥਾਨ ਹਾਸਲ ਕੀਤਾ। ਜੇਤੂ ਹਾਊਸਜ ਨੂੰ ਸਕੂਲ ਮੈਨੇਜਮੈਂਟ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਇਸ ਮੌਕੇ 'ਤੇ ਚਾਰੋਂ ਹਾਊਸ ਦੇ ਇੰਚਾਰਜ ਵਾਇਸ ਇੰਚਾਰਸ ਅਤੇ ਸੁਪਰਵਾਈਜ਼ਰ ਮੈਡਮ ਸਪਨਾ ਸ਼ਰਮਾ, ਐਕਡੈਮਿਕ ਕੰਸਲਟੈਂਟ ਮੈਡਮ ਦੀਪਿਕਾ ਵੀ ਹਾਜ਼ਰ ਸਨ।

# ਗਣਿਤ, ਪੰਜਾਬੀ, ਅੰਗਰੇਜ਼ੀ ਵਿਸ਼ਿਆਂ ਦੇ ਅਧਿਆਪਕਾਂ ਦਾ ਸੈਮੀਨਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮਿਸ਼ਨ ਸਮਰੱਥ 2023 ਤਹਿਤ ਸਰਕਾਰੀ ਕੰਨਿਆ ਸੀਨੀ.ਸੈਕੰ.ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਲਾਕ ਅਨੰਦਪੁਰ ਸਾਹਿਬ ਦੇ ਗਣਿਤ, ਪੰਜਾਬੀ, ਅੰਗਰੇਜ਼ੀ ਵਿਸ਼ੇ ਦੇ ਅਧਿਆਪਕਾਂ ਦਾ ਤਿੰਨ ਫੇਜ ਦੇ ਛੇ ਰੋਜਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਲਗਭਗ 96 ਵਿਸ਼ਾ ਅਧਿਆਪਕਾਂ ਨੇ ਇਸ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ ਸਿੱਖੀਆਂ। ਇਸ ਸੈਮੀਨਾਰ ਵਿੱਚ ਡਿਪਟੀ ਡੀ. ਈ. ਓ (ਸੈਕੰ. ਸਿੱਖਿਆ) ਸੁਰਿੰਦਰਪਾਲ ਸਿੰਘ ਸਕੂਲ ਵਿੱਚ ਪਹੁੰਚੇ। ਜ਼ਿਲ੍ਹਾ ਸਿੱਖਿਆ ਅਫਸਰ ਪ੍ਰਿੰ. ਨੀਰਜ ਕੁਮਾਰ ਵਰਮਾ ਅਤੇ ਲੈਕ. ਦਇਆ ਸਿੰਘ ਸਿੱਖਣਾ ਸਿਖਾਉਣ ਦੀਆਂ ਵਿਧੀਆਂ ਬਾਰੇ ਚਰਚਾ ਕੀਤੀ ।ਅਧਿਆਪਕਾਂ ਨੂੰ ਪੂਰੀ ਤਨਦੇਹੀ ਅਤੇ ਸਮਰਪਣ ਨਾਲ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਪ੍ਰੇਰਿਆ ਗਿਆ। ਸੈਮੀਨਾਰ ਵਿੱਚ ਪਹਿਲਾਂ ਡੀ.ਆਰ.ਪੀ. ਜਸਵੀਰ ਸਿੰਘ,ਉਂਕਾਰ ਸਿੰਘ ਪੁੱਜੇ ਅਤੇ ਅਧਿਆਪਕਾਂ ਨੂੰ ਮਿਸ਼ਨ ਸਮਰੱਥ ਦੇ ਸੈਮੀਨਾਰ ਦੌਰਾਨ ਉਤਸ਼ਾਹਿਤ ਕੀਤਾ। ਬੀ. ਆਰ. ਪੀ (ਗਣਿਤ) ਰੋਹਿਤ ਕੁਮਾਰ, ਬੀ. ਆਰ. ਪੀ ਆਗਿਆਕਾਰ ਸਿੰਘ (ਪੰਜਾਬੀ) ਅਤੇ ਬੀ. ਆਰ. ਪੀ ਸੁਖਜੀਤ ਕੌਰ (ਅੰਗਰੇਜ਼ੀ) ਨੇ ਅਧਿਆਪਕਾਂ ਨੂੰ ਨਵੀਆਂ ਤਕਨੀਕਾਂ ਦੀ ਜਾਣਕਾਰੀ ਦਿੱਤੀ।

# ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਆਰਟ ਆਫ਼ ਨਿਊਜ਼ ਪ੍ਰੈਜ਼ੈਂਟੇਸ਼ਨ ਤੇ ਇੰਟਰਐਕਟਿਵ ਸੈਸ਼ਨ



**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪੋਸਟ ਗ੍ਰੈਜੂਏਟ ਵਿਭਾਗ ਕੰਪਿਊਟਰ ਸਾਇੰਸ ਅਤੇ ਆਈ.ਟੀ. ਵੱਲੋਂ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ ਦੇ ਵਿਦਿਆਰਥੀਆਂ ਲਈ 'ਆਰਟ ਆਫ਼ ਨਿਊਜ਼ ਪ੍ਰੈਜ਼ੈਂਟੇਸ਼ਨ' ਵਿਸ਼ੇ 'ਤੇ ਇੱਕ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ ਗਿਆ । ਰਮਨ ਕੁਮਾਰ, ਸਾਬਕਾ ਅਤੇ ਪ੍ਰਸਿੱਧ ਨਿਊਜ਼ ਰੀਡਰ, ਦੂਰਦਰਸ਼ਨ ਕੇਂਦਰ, ਜਲੰਧਰ ਬਤੌਰ ਮੁੱਖ ਵਕਤਾ ਸ਼ਾਮਲ ਹੋਏ ।ਇਸ ਇੰਟਰੈਕਸ਼ਨ ਦਾ ਮੁੱਖ ਉਦੇਸ਼ ਨਿਊਜ਼ ਰੀਡਿੰਗ ਦੇ ਬੁਨਿਆਦੀ ਸਿਧਾਂਤਾਂ ਦਾ ਗਿਆਨ ਪ੍ਰਦਾਨ ਕਰਨਾ ਸੀ । ਪ੍ਰਿੰਸੀਪਲ ਪ੍ਰੋ: ਜਸਰੀਨ ਕੌਰ ਨੇ ਵਿਭਾਗ ਨੂੰ ਅਜਿਹੀ ਸਕਾਰਾਤਮਕ ਪਹਿਲਕਦਮੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਜਾਣਕਾਰੀ ਭਰਪੂਰ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਉਦਯੋਗ ਦੀਆਂ ਲੋੜਾਂ ਅਨੁਸਾਰ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਅਤੇ ਵਿਭਾਗ ਦੇ ਮੁਖੀ ਵਲੋਂ ਮਹਿਮਾਨ ਵਕਤਾ ਨੂੰ ਯਾਦਗਾਰੀ ਚਿੰਨ੍ਹ ਅਤੇ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ । ਸੈਸ਼ਨ ਦੌਰਾਨ, ਰਮਨ ਕੁਮਾਰ ਨੇ ਖ਼ਬਰਾਂ ਨੂੰ ਸਕ੍ਰੀਨ ਤੇ ਪੇਸ਼ ਕਰਦੇ ਸਮੇਂ ਵਰਤੀ ਗਈ ਤਕਨੀਕਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ-ਆਪਣੇ ਖੇਤਰ ਵਿੱਚ ਮਿਹਨਤ ਕਰਕੇ ਮਿੱਥੇ ਟੀਚਿਆਂ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ । ਇਸ ਉਪਰੰਤ ਮੀਡੀਆ ਸਕਿੱਲ ਸੈਂਟਰ ਵਿੱਚ ਇੱਕ ਇੰਟਰਐਕਟਿਵ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਆਪਣੇ ਗਿਆਨ ਅਤੇ ਤਜ਼ਰਬੇ ਨੂੰ ਸਾਂਝਾ ਕੀਤਾ ਅਤੇ ਵਿਦਿਆਰਥੀਆਂ ਨੇ ਆਪਣੇ ਨਿਊਜ਼ ਪੇਸ਼ ਕਰਨ ਦੇ ਹੁਨਰ ਦਾ ਪ੍ਰਦਰਸ਼ਨ ਵੀ ਕੀਤਾ । ਇਸ ਮੌਕੇ ਪ੍ਰੋ: ਸੰਦੀਪ ਬੱਸੀ, ਪ੍ਰੋ: ਮਨਦੀਪ ਸਿੰਘ ਭਾਟੀਆ, ਡਾ: ਸੰਦੀਪ ਸਿੰਘ, ਡਾ: ਦਲਜੀਤ ਕੌਰ, ਪ੍ਰੋ: ਨਵਨੀਤ ਕੌਰ ਅਤੇ ਵਿਭਾਗ ਦੇ ਹੋਰ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

# ਅੱਜ ਭੋਗ 'ਤੇ ਵਿਸ਼ੇਸ਼ — ਬਿਖੜੇ ਰਾਹਾਂ ਦਾ ਪਾਂਧੀ ਕਾਮਰੇਡ ਦਵਿੰਦਰ ਸਿੰਘ ਸੰਧੂ ਵਕੀਲ



ਜ਼ਿੰਦਗੀ ਅਤੇ ਮੌਤ ਇੱਕ ਕੁਦਰਤੀ ਵਰਤਾਰਾ ਹੈ ਅਤੇ ਕੋਈ ਵੀ ਪ੍ਰਾਣੀ ਇਸ ਵਰਤਾਰੇ ਤੋਂ ਬਾਹਰ ਨਹੀਂ। ਗਿਆਨ ਅਤੇ ਵਿਗਿਆਨ ਦੀ ਸੂਝ ਨਾਲ ਸਮਾਜ ਨੂੰ ਚੰਗਿਓਂ ਚੰਗੇਰਾ ਬਣਾਉਣ ਲਈ ਯਤਨਸ਼ੀਲ ਮਨੁੱਖ ਹੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਹੈ। ਅਜਿਹੇ ਯਤਨਸ਼ੀਲ ਮਨੁੱਖਾਂ ਵਿੱਚੋਂ ਇੱਕ ਸੀ ਕਾਮਰੇਡ ਦਵਿੰਦਰ ਸਿੰਘ ਸੰਧੂ। ਪਿਤਾ ਕਿਰਪਾਲ ਸਿੰਘ ਦੇ ਘਰ, ਮਾਤਾ ਸੰਤ ਕੌਰ ਦੀ ਕੁੱਖੋਂ ਛੇ ਜਨਵਰੀ 1951 ਨੂੰ ਜਨਮੇ ਸੰਧੂ ਨੂੰ ਲੋਕ ਸੇਵਾ ਵਿਰਸੇ ਵਿੱਚ ਮਿਲੀ। ਕੱਟੜ ਕਮਿਊਨਿਸਟ ਬਾਪ ਅਤੇ ਫਰੀਡਮ ਫਾਈਟਰ ਤਾਇਆ ਉਜਾਗਰ ਸਿੰਘ ਬੀਰ, ਜਿਨ੍ਹਾਂ ਦੇ ਜੀਵਨ ਦਾ ਪ੍ਰਭਾਵ ਕਾਮਰੇਡ ਦਵਿੰਦਰ ਸਿੰਘ ਸੰਧੂ ਨੇ ਬਚਪਨ ਵਿੱਚ ਹੀ ਕਬੂਲ ਲਿਆ। ਅਸਲ ਵਿੱਚ ਦਵਿੰਦਰ ਕਾਮਰੇਡ ਬੀਰ ਜੀ ਨੂੰ ਆਪਣਾ ਸਿਆਸੀ ਗੁਰੂ ਮੰਨਦਾ ਸੀ। ਉਹਨਾ ਹੀ ਕਾਮਰੇਡ ਸੰਧੂ ਦੀ ਪੜ੍ਹਾਈ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਸਕੂਲੀ ਸਿਲੇਬਸ ਤੋਂ ਇਲਾਵਾ ਕਾਮਰੇਡ ਬੀਰ ਨੇ ਮਾਰਕਸਵਾਦ ਦੇ ਮੁੱਢਲੇ ਗਿਆਨ ਨੂੰ ਵੀ ਸੰਧੂ ਦੀ ਸੋਚ ਦਾ ਹਿੱਸਾ ਬਣਾਇਆ। ਸਾਹਿਤਕ ਰੁਚੀਆਂ ਨੇ ਜਜ਼ਬਾਤਾਂ ਨੂੰ ਕਲਮ ਰਾਹੀਂ ਸ਼ਬਦੀ ਰੂਪ ਦੇਣਾ ਸ਼ੁਰੂ ਕਰ ਦਿੱਤਾ। ਉਹ ਲੋਕ-ਪੱਖੀ ਰਚਨਾਵਾਂ ਦਾ ਕਲਮਕਾਰ ਬਣ ਗਿਆ, ਆਪਣੀਆਂ ਰਚਨਾਵਾਂ ਨੂੰ ਕਾਲਜ ਦੀਆਂ ਸਟੇਜਾਂ 'ਤੇ ਪੇਸ਼ ਕਰਕੇ ਉਹ ਇੱਕ ਗਾਇਕ ਦੇ ਰੂਪ ਵਿੱਚ ਉੱਭਰਿਆ।

'ਔਹ ਸਵੇਰਾ ਆ ਗਿਆ, ਹਨੇਰਿਆਂ ਨੂੰ ਚੀਰਦਾ,
ਹੁਣ ਨਹੀਂ ਖੇੜੇ ਖੋਹਣਗੇ, ਰਾਂਝੇ ਤੋਂ ਡੋਲਾ ਹੀਰ ਦਾ।'

ਕਾਮਰੇਡ ਸੰਧੂ ਇਹ ਗੀਤ ਜਦੋਂ ਤਰੰਨੁਮ ਵਿੱਚ ਗਾਉਂਦਾ ਤਾਂ ਸਰੋਤੇ ਇਨਕਲਾਬੀ ਜਜ਼ਬਾਤਾਂ ਵਿੱਚ ਝੂਮ ਉੱਠਦੇ। ਜ਼ੀਰੇ ਕਾਲਜ ਵਿੱਚ ਉਸ ਦੇ ਲੇਖ 'ਕ੍ਰਾਂਤੀਕਾਰੀ ਗੁਰੂ ਨਾਨਕ' ਨੂੰ ਪਹਿਲਾ ਇਨਾਮ ਮਿਲਿਆ। ਵਿਦਿਆਰਥੀ ਹੱਕਾਂ ਦੀ ਖਾਤਰ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵਿੱਚ ਉਹ ਮੋਹਰੀ ਸਾਥੀਆਂ ਵਿੱਚ ਸੀ, ਜਿਸ ਕਾਰਨ ਪ੍ਰਿੰਸੀਪਲ ਨੇ ਅਗਲੇ ਸਾਲ ਕਾਲਜ ਵਿੱਚ ਦਾਖਲਾ ਨਾ ਦਿੱਤਾ ਤਾਂ ਸੰਧੂ ਲੁਧਿਆਣੇ ਪੁੱਜ ਗਿਆ ਅਤੇ ਬਾਅਦ ਵਿੱਚ ਲੰਬੀ ਕਾਲਜ ਵਿੱਚ ਪੜ੍ਹਾਈ ਕੀਤੀ। ਇਸ ਸਮੇਂ ਪਾਰਟੀ ਵੱਲੋਂ ਜ਼ਖੀਰੇਬਾਜ਼ਾਂ ਖਿਲਾਫ ਮੁਹਿੰਮ ਚਲਾਈ ਗਈ, ਜਿਸ ਵਿੱਚ ਸੰਧੂ ਦੇ ਡੱਬਵਾਲੀ ਵਿਖੇ ਭਾਗ ਲੈਣ ਕਰਕੇ ਉਸ 'ਤੇ ਹਿਸਾਰ ਵਿਖੇ ਸੱਤ ਸਾਲ ਮੁਕੱਦਮਾ ਚੱਲਿਆ, ਬਾਅਦ ਵਿੱਚ ਕੋਰਟ ਵੱਲੋਂ ਉਸ ਨੂੰ ਬਰੀ ਕੀਤਾ ਗਿਆ। 1975 ਵਿੱਚ ਐੱਮ ਏ ਪੰਜਾਬੀ ਕਰਨ ਵਾਸਤੇ ਫਰੀਦਕੋਟ ਪਹੁੰਚੇ ਤਾਂ ਸੰਯੋਗਵੱਸ ਜ਼ੀਰੇ ਕਾਲਜ ਵਿੱਚ ਦਾਖਲੇ 'ਤੇ ਰੋਕ ਲਗਾਉਣ ਵਾਲਾ ਪ੍ਰਿੰਸੀਪਲ ਪ੍ਰਮੋਟ ਹੋ ਕੇ ਫਰੀਦਕੋਟ ਆ ਗਿਆ ਸੀ। ਉਸ ਨੇ ਫਿਰ ਕਾਮਰੇਡ ਉੱਤੇ ਪੁਰਾਣੇ ਇਤਰਾਜ਼ਾਂ ਕਰਕੇ ਦਾਖਲੇ ਤੋਂ ਨਾਂਹ ਕਰ ਦਿੱਤੀ। ਪਿਤਾ ਅਤੇ ਤਾਇਆ ਡੀ ਸੀ ਕੋਲ ਗਏ, ਖੇਡਾਂ ਵਿੱਚ ਅੱਵਲ ਆਏ ਸੰਧੂ ਦੇ ਸਰਟੀਫਿਕੇਟ, ਸਾਹਿਤਕ ਰੁਚੀਆਂ ਦੇ ਸਰਟੀਫਿਕੇਟ ਡੀ ਸੀ ਨੂੰ ਦਿਖਾਏ ਤਾਂ ਡੀ ਸੀ ਦੇ ਦਖਲ ਦੇਣ 'ਤੇ ਦਾਖਲਾ ਮਿਲਿਆ। ਇਸੇ ਸਾਲ ਕੋਟਕਪੂਰਾ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੀ ਕਾਨਫਰੰਸ ਹੋਈ। ਕਾਨਫਰੰਸ ਦੇ ਪ੍ਰਬੰਧਾਂ ਵਿੱਚ ਪਾਰਟੀ ਨੇ ਵਿਸ਼ੇਸ਼ ਡਿਊਟੀ ਲਗਾਈ, ਜੋ ਸੰਧੂ ਨੇ ਬਾਖੂਬੀ ਨਿਭਾਈ।

1977 ਵਿੱਚ ਕਾਮਰੇਡ ਨਾਜਰ ਸਿੰਘ ਗਿੱਲ ਨੇ ਸੰਧੂ ਦੀ ਸ਼ਾਦੀ ਕਾਮਰੇਡ ਅੰਮ੍ਰਿਤ ਕੌਰ ਨਾਲ ਕਰਵਾਈ, ਕਿਉਂਕਿ ਤਲਵੰਡੀ ਭਾਈ ਵਾਲੇ ਸਿੱਧੂ ਪਰਵਾਰ ਨਾਲ ਉਹਨਾਂ ਦੇ ਨਿੱਘੇ ਸੰਬੰਧ ਸਨ। ਫਰੀਦਕੋਟ ਸਟੂਡੈਂਟ ਮੂਵਮੈਂਟ ਦੌਰਾਨ ਤਿੰਨ ਮਹੀਨੇ ਦੀ ਜੇਲ੍ਹ ਕੱਟੀ ਅਤੇ ਨੌਜਵਾਨਾਂ ਦੇ ਅੰਦੋਲਨ ਦੌਰਾਨ ਤਿਹਾੜ ਜੇਲ੍ਹ ਦੇ ਪ੍ਰਸ਼ਾਦੇ ਵੀ ਛਕੇ। 1978 ਵਿੱਚ ਪਾਰਟੀ ਵੱਲੋਂ ਬਿਹਾਰ ਦੀ ਰਣਬੀਰ ਸੈਨਾ ਖਿਲਾਫ ਮੁਹਿੰਮ ਵਿੱਢੀ ਗਈ, 'ਦਲਿਤਾਂ ਉੱਪਰ ਅੱਤਿਆਚਾਰ ਬੰਦ ਕਰੋ।' ਇਸ ਮੁਹਿੰਮ ਵਿੱਚ ਕਾਮਰੇਡ ਸੰਧੂ ਨੇ ਆਪਣੇ ਤਾਏ ਗੁਰੂ ਉਜਾਗਰ ਸਿੰਘ ਬੀਰ ਦੀ ਅਗਵਾਈ ਵਿੱਚ ਹਿੱਸਾ ਲਿਆ। ਲੇਖਕ ਉਸ ਦਾ ਚਸ਼ਮਦੀਦ ਗਵਾਹ ਹੈ। ਸਮੇਂ ਦੀ ਸਰਕਾਰ ਨੇ ਸੱਤਿਆਗ੍ਰਹੀਆਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਤਾਂ ਕਾਮਰੇਡ ਸੰਧੂ ਦੀ ਸੱਜੀ ਬਾਂਹ ਟੁੱਟ ਗਈ ਅਤੇ ਮੈਡੀਕਲ ਦੌਰਾਨ ਉਸ ਦੇ ਸਰੀਰ 'ਤੇ ਪੰਜਾਹ ਡਾਂਗਾਂ ਦੇ ਨਿਸ਼ਾਨ ਹੋਰ ਪਾਏ ਗਏ। ਫਿਰੋਜ਼ਪੁਰ ਹਸਪਤਾਲ ਵਿੱਚ ਦਾਖਲ ਜ਼ਖ਼ਮੀ ਕਾਮਰੇਡ ਸੰਧੂ ਦੇ ਪੈਰੀਂ ਬੇੜੀਆਂ ਪਾਈਆ ਗਈਆਂ, ਜਿਸ ਦੇ ਵਿਰੋਧ ਵਿੱਚ ਉਸ ਨੇ ਭੁੱਖ ਹੜਤਾਲ ਰੱਖੀ ਅਤੇ ਪਾਰਟੀ ਲੀਡਰਾਂ ਨੇ ਡੀ ਸੀ ਫਿਰੋਜ਼ਪੁਰ ਕੋਲ ਪ੍ਰੋਟੈਸਟ ਕਰਕੇ ਬੇੜੀਆਂ ਉਤਰਵਾਈਆਂ। ਜ਼ਿਕਰਯੋਗ ਹੈ ਕਿ ਜਦ ਕਾਮਰੇਡ ਸੰਧੂ ਜੇਲ੍ਹ ਵਿੱਚ ਸੀ ਤਾਂ ਉਸ ਦਾ ਬੇਟਾ ਅਮਨ ਕੇਵਲ ਦੋ ਮਹੀਨੇ ਦਾ ਸੀ। 1981 ਵਿੱਚ ਦੁੱਧ ਦੇ ਅੰਦੋਲਨ ਦੌਰਾਨ ਸੰਧੂ ਦੀ ਗ੍ਰਿਫਤਾਰੀ ਉਹਨਾ ਦੇ ਸਹੁਰਾ ਸਾਹਿਬ ਕਰਨੈਲ ਸਿੰਘ ਸਿੱਧੂ ਤਲਵੰਡੀ ਭਾਈ ਨਾਲ ਹੋਈ। ਬੇਟੀ ਸਪਨਦੀਪ ਦੇ ਜਨਮ ਦੀ ਸੂਚਨਾ ਇਸ ਦੌਰਾਨ ਉਹਨਾ ਨੂੰ ਜੇਲ੍ਹ ਵਿੱਚ ਹੀ ਮਿਲੀ। 1982-83 ਵਿੱਚ ਕਾਂਗਰਸ ਸਰਕਾਰ ਸਮੇਂ ਬੱਸਾਂ ਦੇ ਕਿਰਾਏ ਵਧਾਏ ਗਏ ਤਾਂ ਪਾਰਟੀ ਨੇ ਫਿਰ ਜਨਤਕ ਅੰਦੋਲਨ ਕਰ ਦਿੱਤਾ ਤਾਂ ਕਾਮਰੇਡ ਸੰਧੂ ਦੀ ਫਿਰ ਗ੍ਰਿਫਤਾਰੀ ਹੋਈ। ਗੰਗਾਨਗਰ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੋਣ ਕਰਕੇ ਜ਼ੀਰਾ ਕਚਹਿਰੀ ਵਿੱਚ ਵਕਾਲਤ ਸ਼ੁਰੂ ਕਰ ਦਿੱਤੀ। ਆਪਣੇ ਕਰਮ ਕਿੱਤੇ ਵਿੱਚ ਵੀ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕੀਤਾ। 1995 ਵਿੱਚ ਮੋਗਾ ਜ਼ਿਲ੍ਹਾ ਬਣਿਆ ਤਾਂ 2002 ਮੋਗਾ ਆ ਵਸੇ ਅਤੇ ਏਥੇ ਵਕਾਲਤ ਸ਼ੁਰੂ ਕਰ ਦਿੱਤੀ। ਏਥੇ 2017 ਵਿੱਚ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ। 2020 ਵਿੱਚ ਕਾਲੇ ਕਾਨੂੰਨਾਂ ਖਿਲਾਫ ਦੇਸ਼ ਭਰ ਵਿੱਚ ਚੱਲੇ ਕਿਸਾਨ ਅੰਦੋਲਨ ਵਿੱਚ ਉਹਨਾ ਟਿੱਕਰੀ ਅਤੇ ਸਿੰਘੂ ਬਾਰਡਰ 'ਤੇ ਵੀ ਹਿੱਸਾ ਲਿਆ ਅਤੇ ਡਾਕਟਰ ਜਗਤਾਰ ਦੀ ਨਜ਼ਮ 'ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ, ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ' ਤਰੰਨੁਮ ਵਿੱਚ ਗਾ ਕੇ ਦਰਸ਼ਕਾਂ ਵਿੱਚ ਜੋਸ਼ ਭਰਿਆ। ਅੱਜਕੱਲ੍ਹ ਉਹ ਇਸ ਦੇ ਮੈਂਬਰ ਸਨ। ਇਸ ਸੰਸਥਾ ਦੀ 4-5 ਮਾਰਚ 2023 ਨੂੰ ਚੰਡੀਗੜ੍ਹ ਵਿਖੇ ਦੇਸ਼-ਪੱਧਰੀ ਕਾਨਫਰੰਸ ਵਿੱਚ ਵੀ ਸੰਧੂ ਨੇ ਹਿੱਸਾ ਲਿਆ। ਤਾ-ਹਯਾਤੀ ਆਪਣੇ ਸਵਾਸਾਂ ਦਾ ਦਸਵੰਧ ਲੋਕ ਸੇਵਾ ਦੇ ਲੇਖੇ ਲਗਾਉਣ ਵਾਲਾ ਸਮਾਜ ਦੀ ਉਲਝੀ ਤਾਣੀ ਨੂੰ ਸੁਲਝਾਉਣ ਵਾਸਤੇ ਵਧੀਆ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਕਾਮਰੇਡ ਦਵਿੰਦਰ ਸਿੰਘ ਸੰਧੂ 25 ਅਗਸਤ ਨੂੰ ਸਾਥੋਂ ਸਦਾ ਲਈ ਵਿੱਛੜ ਗਿਆ। ਉਹਨਾ ਦੀ ਮ੍ਰਿਤਕ ਦੇਹ 'ਤੇ ਬੰਤ ਸਿੰਘ ਬਰਾੜ ਸੂਬਾ ਸਕੱਤਰ ਸੀ ਪੀ ਆਈ ਨੇ ਝੰਡਾ ਪਾਇਆ। ਅੰਤਮ ਯਾਤਰਾ ਸਮੇਂ ਸਾਥੀਆਂ ਨੇ ਇਨਕਲਾਬੀ ਨਾਅਰਿਆਂ ਨਾਲ ਵਿਦਾ ਕੀਤਾ।

ਆਓ, ਉਸ ਦੇ ਅਧੂਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ 3 ਸਤੰਬਰ (ਐਤਵਾਰ) ਗੁਰਦਵਾਰਾ ਬੀਬੀ ਕਾਹਨ ਕੌਰ ਵਿੱਚ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਕੇ ਸੰਘਰਸ਼ਸ਼ੀਲ ਸਾਥੀ ਨੂੰ ਸ਼ਰਧਾਂਜਲੀ ਭੇਟ ਕਰੀਏ।

'ਕੋਈ ਬਿਛੜਾ ਇਸ ਕਦਰ ਕਿ ਮੌਸਮ ਬਦਲ ਗਏ, ਇਕ ਸ਼ਖਸ ਸਾਰੇ ਸ਼ਹਿਰ ਕੋ ਤਨਹਾ ਕਰ ਗਯਾ।'

—ਕਾਮਰੇਡ ਸੂਰਤ ਸਿੰਘ ਧਰਮਕੋਟ, ਬੇਟੀ ਸਪਨਦੀਪ

# ਲੰਗਰ ਲਿਜਾਣ ਲਈ ਸੂਚਨਾ ਬੈਨਰ ਰਿਲੀਜ਼




**ਕੁਰਾਲੀ** : ਨੇੜਲੇ ਪਿੰਡ ਮਾਣਕਪੁਰ ਸ਼ਰੀਫ ਵਿਖੇ ਇਤਿਹਾਸਕ ਦਰਬਾਰ ਹਜ਼ਰਤ ਮੁਹੰਮਦ ਮੂਸਾ ਸਾਹਿਬ ਚਿਸ਼ਤੀ ਸਾਬਰੀ ਦੇ ਦਰਬਾਰ ਵੱਲੋਂ ਉਤਰਾਖੰਡ ਯੂ ਪੀ ਦੇ ਪਿੰਡ ਕਲੀਅਰ ਵਿਖੇ ਗੰਜ ਸ਼ੱਕਰ ਬਾਬਾ ਸ਼ੇਖ ਫਰੀਦ ਜੀ ਦੇ ਖਲੀਫਾ ਹਜ਼ਰਤ ਅਲੀ ਅਲਾਉਦੀਨ ਅਹਿਮਦ ਸਾਬਰ ਪਾਕ ਜੀ ਦੇ ਮਾਜਾਰ ਉਤੇ ਹੋ ਰਹੇ 755 ਵੇਂ ਸਾਲਾਨਾ ਉਰਸ ਮੌਕੇ 27,28,29 ਸਤੰਬਰ ਨੂੰ ਤਿੰਨ ਦਿਨ ਲੰਗਰ ਲਗਾਇਆ ਜਾ ਰਿਹਾ ਹੈ। ਇਸ ਲੰਗਰ ਸਬੰਧੀ ਪਿੰਡ ਮਾਣਕਪੁਰ ਸ਼ਰੀਫ ਵਿਖੇ ਹਾਫਿਜ਼ ਮੂਸਾ ਸਾਹਿਬ ਦੇ ਦਰਬਾਰ ਦੇ ਗੱਦੀਨਸ਼ੀਨ ਤੇ ਜ਼ਿਲ੍ਹਾ ਮੁਸਲਿਮ ਵੈਲਫੇਅਰ ਰੋਜ਼ਾ ਕਮੇਟੀ ਮਾਣਕਪੁਰ ਸ਼ਰੀਫ ਦੇ ਜਨਰਲ ਸਕੱਤਰ ਫਕੀਰ ਮੁਹੰਮਦ ਸਾਬਰੀ ਨੇ ਆਪਣੇ ਸਾਥੀਆਂ ਨਾਲ ਲੰਗਰ ਸੰਬਧੀ ਸੂਚਨਾ ਬੈਨਰ ਰਿਲੀਜ਼ ਕੀਤਾ। ਉਨਾਂ ਕਿਹਾ ਕਿ 26 ਸਤੰਬਰ ਨੂੰ ਸਵੇਰੇ ਸਾਜਰੇ ਹੀ ਪਿੰਡ ਮਾਣਕਪੁਰ ਸ਼ਰੀਫ ਤੋਂ ਗੱਡੀਆਂ ਚੱਲਣਗੀਆਂ। ਉਨਾਂ ਕਿਹਾ ਕਿ ਸਾਰੇ ਹੀ ਸੇਵਾਦਾਰ ਉਥੇ ਰਹਿਣ ਵਾਸਤੇ ਲੋੜ ਅਨੁਸਾਰ ਆਪਣੇ ਕੱਪੜੇ ਆਦਿ ਲੈ ਕੇ ਪਿੰਡ ਮਾਣਕਪੁਰ ਸ਼ਰੀਫ ਵਿਖੇ ਪਹੁੰਚ ਜਾਣ।

# ਸ੍ਰੀ ਦਸਮੇਸ਼ ਕਾਨਵੈਂਟ ਸਕੂਲ ਨੇ ਰੱਸਾਕਸ਼ੀ 'ਚ ਚੜ੍ਹਤ ਰੱਖੀ ਬਰਕਰਾਰ



**ਗੁਰਾਇਆ,ਫਿਲੌਰ (ਬਿੰਦਰ ਸੁਮਨ, ਨਿਰਮਲ)** -ਗੁਰੂ ਹਰਿ ਰਾਏ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੁਸਾਂਝ ਕਲਾਂ 'ਚ ਬਲਾਕ ਫਿਲੌਰ ਦੀਆਂ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਜਾ ਰਹੀਆਂ ਹਨ। ਖੇਡਾਂ ਦਾ ਉਦਘਾਟਨ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕੀਤਾ। ਇਸ ਮੌਕੇ ਕਰਵਾਈਆਂ ਗਈਆਂ ਖੇਡਾਂ 'ਚ ਰੱਸਾ ਕਸ਼ੀ ਟੀਮ 'ਚ ਲੜਕੇ 17 ਸਾਲ, ਲੜਕੇ 14 ਸਾਲ, ਲੜਕੀਆਂ 14 ਸਾਲ , ਲੜਕੀਆਂ 17 ਸਾਲ ਦੇ ਮੁਕਾਬਲਿਆਂ 'ਚ ਸ਼੍ਰੀ ਦਸਮੇਸ਼ ਕਾਨਵੈਂਟ ਸਕੂਲ ਅੱਟੀ ਅੱਵਲ ਰਿਹਾ। ਜਦਕਿ ਮੇਜ਼ਬਾਨ ਸਕੂਲ ਦੀਆਂ ਟੀਮਾਂ ਦੂਸਰੇ ਸਥਾਨ 'ਤੇ ਰਹੀਆਂ। ਵਾਲੀਬਾਲ ਦੇ 14 ਸਾਲ ਲੜਕੇ ਅਤੇ ਲੜਕੀਆਂ ਦੇ ਮੁਕਾਬਲਿਆਂ ' ਸਰਕਾਰੀ ਸੀਨੀ.ਸੈਕੰਡਰੀ ਸਕੂਲ ਮਨਸੂਰਪੁਰ ਜੇਤੂ ਰਿਹਾ, ਖੋ-ਖੋ ਦੇ 14 ਸਾਲ ਲੜਕੀਆਂ ਦੇ ਮੁਕਾਬਲਿਆਂ 'ਚ ਸਸਸ ਸਕੂਲ ਛੋਕਰਾਂ ਪਹਿਲੇ, ਨਿਰਮਲ ਸਾਗਰ ਅਕੈਡਮੀ ਦੂਜੇ ਅਤੇ ਪੰਜਾਬ ਅਕੈਡਮੀ ਬੜਾ ਪਿੰਡ ਤੀਸਰੇ ਸਥਾਨ 'ਤੇ ਰਹੇ। ਕਬੱਡੀ ਨੈਸ਼ਨਲ ਸਟਾਇਲ ਲੜਕੇ (14) ਦੇ ਮੁਕਾਬਲਿਆਂ 'ਚ ਡੀ.ਏ.ਵੀ ਫਿਲੌਰ ਪਹਿਲੇ ਸਥਾਨ, ਪੰਜਾਬ ਅਕੈਡਮੀ ਬੜਾ ਪਿੰਡ ਦੂਸਰੇ ਸਥਾਨ ਅਤੇ ਸ.ਸ.ਸ ਸਕੂਲ ਚੱਕਦੇਸ ਰਾਜ ਦੀ ਟੀਮ ਤੀਸਰੇ ਸਥਾਨ 'ਤੇ ਰਹੀਆਂ। ਫੁੱਟਬਾਲ ਲੜਕੇ 14 ਸਾਲ ਵਰਗ 'ਚ ਸ.ਸ.ਸ ਸਕੂਲ ਗੁਰਾਇਆ ਦੀ ਟੀਮ ਅੱਵਲ ਰਹੇ। ਇਸ ਮੌਕੇ ਖੇਡ ਵਿਭਾਗ ਦੇ ਅਧਿਕਾਰੀ ਕੁਲਵਿੰਦਰ ਸਿੰਘ ਦੀ ਟੀਮ ਵਲੋਂ ਖਿਡਾਰੀਆਂ ਅਤੇ ਇੰਚਾਰਜਾਂ ਲਈ ਪਾਣੀ ਅਤੇ ਖਾਣੇ ਦੇ ਵਧੀਆ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਲੈਕਚਰਾਰ, ਗੁਰਬਖਸ਼ ਕੌਰ, ਸੋਮਨਾਥ ਡੀ.ਪੀ.ਈ, ਹਰਵਿੰਦਰ ਕੌਰ ਡੀ.ਪੀ.ਈ, ਲਸ਼ਕਰੀ ਰਾਮ ਡੀ.ਪੀ.ਈ, ਨਵਨੀਤ ਕੌਰ ਡੀ.ਪੀ.ਈ, ਅਵਤਾਰ ਰਾਮ ਪੀ.ਟੀ.ਆਈ, ਕੁਲਵਿੰਦਰ ਕੌਰ ਲੈਕਚਰਾਰ , ਨਾਨਕ ਸਿੰਘ, ਹਰਵਿੰਦਰ ਸਿੰਘ, ਬੋਧ ਰਾਜ, ਸੁਰਿੰਦਰ ਕੌਰ ਪੀ.ਟੀ.ਆਈ, ਸੁਖਦੀਪ ਸਿੰਘ, ਬਲਜਿੰਦਰ ਕੁਮਾਰ, ਨਿਰਮਲ ਸਿੰਘ ਆਦਿ ਹਾਜ਼ਰ ਸਨ। 17 ਸਾਲ ਵਰਗ ਲੜਕੇ ਖੋ-ਖੋ ਨਗਰ ਪਹਿਲੇ ਅਤੇ ਪੱਧੀ ਜਾਗੀਰ ਦੂਸਰੇ ਸਥਾਨ 'ਤੇ ਰਹੇ।

# 'ਬਨੇਗਾ' ਦੇਸ਼ 'ਚ ਖੁਸ਼ਹਾਲੀ ਲੈ ਕੇ ਆਵੇਗਾ

**ਮਹਿਤਪੁਰ (ਰਾਜਾ)** ਬਲਾਕ ਮਹਿਤਪੁਰ ਦੇ ਪਿੰਡ ਗੋਸੂਵਾਲ ਅਤੇ ਬਾਗੀਵਾਲ ਦੇ ਵਿੱਚ ਮੀਟਿੰਗ ਹੋਈ ਜਿਸ ਵਿੱਚ ਜ਼ਿਲੇ ਦੇ ਆਗੂ ਕਾਮਰੇਡ ਸਿਕੰਦਰਸ ਸੰਧੂ ਸ਼ਾਮਲ ਹੋਏ। ਮੀਟਿੰਗ ਦੀ ਪ੍ਰਧਾਨਗੀ ਰਨਜੀਤ ਕੌਰ ਅਤੇ ਗੁਰਵਿੰਦਰ ਕੌਰ ਨੇ ਕੀਤੀ । ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਾਡੇ ਦੇਸ਼ ਵਿੱਚ ਸਭ ਤੋਂ ਵੱਡੀ ਸਮੱਸਿਆ ਬੇਰੁਜਗਾਰੀ ਦੀ ਹੈ। ਪੜ੍ਹੇ ਲਿਖੇ ਮੁੰਡੇ-ਕੁੜੀਆਂ ਦੀ ਕੋਈ ਘਾਟ ਨਹੀਂ ਹੈ ਪਰ ਸਮੇਂ ਦੀਆਂ ਸਰਮਾਏਦਾਰ ਪੱਖੀ ਸਰਕਾਰਾਂ ਨੇ ਹਮੇਸ਼ਾ ਹੀ ਜਵਾਨੀ ਨੂੰ ਨਿਰਾਸ਼ਾ ਵੱਲ ਧੱਕਣ ਦਾ ਕੰਮ ਕੀਤਾ ਹੈ। ਜਿਸ ਨਾਲ ਅੱਜ ਦੀ ਨੌਜਵਾਨੀ ਕੰਮ ਮਗਨ ਲਈ ਸੜਕਾਂ 'ਤੇ ਧੱਕੇ ਖਾ ਰਹੀ ਹੈ। ਇਸ ਬੇਰੁਜਗਾਰੀ ਨੂੰ ਖਤਮ ਕਰਨ ਲਈ ਰੁਜਗਾਰ ਦੀ ਗਰੰਟੀ ਕਰਦਾ ਕਾਨੂੰਨ ' ਬਨੇਗਾ' ਭਗਤ ਸਿੰਘ ਕੌਮੀ ਰੁਜਗਾਰ ਗਰੰਟੀ ਕਾਨੂੰਨ ਬਨਾਇਆ ਜਾਵੇ ਜਿਸ ਨਾਲ ਹਰ ਇੱਕ ਨੂੰ 18 ਸਾਲ ਤੋਂ 58 ਸਾਲ ਦੀ ਉਮਰ ਤੱਕ ਉਸ ਦੀ ਯੋਗਤਾ ਮੁਤਾਬਕ ਰੁਜਗਾਰ ਦਾ ਅਧਿਕਾਰ ਹੋਵੇ। 'ਬਨੇਗਾ' ਹੀ ਦੇਸ਼ ਵਿੱਚ ਖੁਸ਼ਹਾਲੀ ਤੇ ਤਰੱਕੀ ਲੈ ਕੇ ਆਵੇਗਾ। ਉਨ੍ਹਾਂ ਤੋਂ ਇਲਾਵਾ ਪਾਲ ਕੌਰ ਅਤੇ ਜਰਨੈਲ ਸਿੰਘ ਨੇ ਆਏ ਹੋਏ ਮਜਦੂਰਾਂ ਦਾ ਧੰਨਵਾਦ ਕੀਤਾ।



## ਜਨਮ ਦਿਨ ਮੁਬਾਰਕ



ਬਿਨਪੌਲ ਸਰੋਆ, ਹੁਸ਼ਿਆਰਪੁਰ



ਕੌਸ਼ਿਕ ਰਿਖੀ, ਧਾਰੀਵਾਲ

# ਪਿਮਸ ਦੇ ਡਾਕਟਰਾਂ ਨੇ ਇੱਕ ਔਖਾ ਆਪ੍ਰੇਸ਼ਨ ਕਰਕੇ ਮਰੀਜ਼ ਦੀ ਜਾਨ ਬਚਾਈ



**ਜਲੰਧਰ (ਸ਼ੈਲੀ ਐਲਬਰਟ)**- ਗਾਇਨੀਕੋਲੋਜੀ ਵਿਭਾਗ ਦੇ ਐਚ.ਓ.ਡੀ ਡਾ.ਐਚ.ਕੇ.ਚੀਮਾ ਨੇ ਦੱਸਿਆ ਕਿ 32 ਸਾਲਾ ਔਰਤ ਜੋ ਕਿ ਜਲੰਧਰ ਵਿਖੇ ਰਹਿ ਰਹੀ ਹੈ।ਪਿਛਲੇ ਛੇ ਮਹੀਨਿਆਂ ਤੋਂ ਉਸ ਦਾ ਪਿਸ਼ਾਬ ਬੰਦ ਹੋ ਗਿਆ ਸੀ ਅਤੇ ਉਸ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਰਹੀ ਸੀ।ਉਹ ਇਲਾਜ ਲਈ ਪਿਮਸ ਵਿੱਚ ਆਏ ਸਨ।ਗਾਇਨੀਕੋਲੋਜੀ ਵਿਭਾਗ ਵੱਲੋਂ ਸਕੈਨ ਅਤੇ ਕੁਝ ਜ਼ਰੂਰੀ ਟੈਸਟ ਕੀਤੇ ਗਏ। ਇਸ ਦੌਰਾਨ ਡਾਕਟਰਾਂ ਨੂੰ ਸ਼ੱਕ ਸੀ ਕਿ ਪੇਟ ਜਾਂ ਅੰਡਕੋਸ਼ ਵਿੱਚ ਰਸੌਲੀ ਹੋ ਸਕਦੀ ਹੈ।ਪਰ ਜਦੋਂ ਰਿਪੋਰਟ ਆਈ ਤਾਂ ਪਤਾ ਲੱਗਾ ਕਿ ਬੱਚੇਦਾਨੀ ਦੇ ਹੇਠਾਂ 13-10 ਸੈਂਟੀਮੀਟਰ ਦਾ ਟਿਊਮਰ ਸੀ।ਗਾਇਨੀਕੋਲੋਜੀ ਵਿਭਾਗ ਦੇ ਐਚ.ਓ.ਡੀ ਡਾ.ਐਚ.ਕੇ.ਚੀਮਾ ਅਤੇ ਸਰਜਰੀ ਵਿਭਾਗ ਦੇ ਐਚ.ਓ.ਡੀ ਡਾ.ਰਜਨੀਸ਼ ਕੁਮਾਰ ਨੇ ਸਾਂਝੇ ਤੌਰ੍ਹ 'ਤੇ ਔਰਤ ਦਾ ਸਫ਼ਲ ਆਪ੍ਰੇਸ਼ਨ ਕੀਤਾ। ਅਪਰੇਸ਼ਨ ਦੌਰਾਨ ਰਸੌਲੀ ਦੇ ਨਾਲ-ਨਾਲ ਇੱਕ ਹਜ਼ਾਰ ਦੇ ਕਰੀਬ ਕੀੜੇ ਕੱਢੇ ਗਏ। ਡਾਕਟਰ ਚੀਮਾ ਨੇ ਦੱਸਿਆ ਕਿ ਇਹ ਕੀੜੇ ਅੰਗੂਰ ਵਾਂਗ ਗੰਦ ਦੇ ਅੰਦਰ ਹੁੰਦੇ ਹਨ। ਇਹ ਕੀੜੇ ਜਿਆਦਾਤਰ ਪੇਟ ਵਿੱਚ ਪਾਏ ਜਾਂਦੇ ਹਨ ਜੋ ਜਿਗਰ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾ ਸਕਦੇ ਹਨ।ਔਰਤ ਦਾ ਅਗਲੇ ਤਿੰਨ ਮਹੀਨਿਆਂ ਤੱਕ ਇਲਾਜ ਕੀਤਾ ਜਾਵੇਗਾ, ਜਿਸ ਦੌਰਾਨ ਸੀਟੀ ਸਕੈਨ ਅਤੇ ਹੋਰ ਟੈਸਟ ਵੀ ਕੀਤੇ ਜਾਣਗੇ, ਜਿਸ ਨਾਲ ਪਤਾ ਲੱਗੇਗਾ ਕਿ ਦਿਮਾਗ ਵਿੱਚ ਕੀੜੇ ਦਾਖਲ ਹੋਏ ਹਨ ਜਾਂ ਨਹੀਂ।ਫਿਲਹਾਲ ਮਰੀਜ਼ ਠੀਕ ਹੈ।ਪਿਮਸ ਵਿਖੇ ਲੋਕਾਂ ਦਾ ਇਲਾਜ ਸਬਸਿਡੀ ਵਾਲੀਆਂ ਦਰਾਂ 'ਤੇ ਕੀਤਾ ਜਾਂਦਾ ਹੈ।

# ਇਕ ਸਮੇਂ 'ਤੇ ਚੋਣ ਹੋਣ ਨਾਲ ਵਧੇਗੀ ਜਨ ਭਾਗੀਦਾਰੀ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਦੀ ਅਗਵਾਈ ਹੇਠ ਵਨ ਨੇਸ਼ਨ-ਵਨ ਇਲੈਕਸ਼ਨ ਲਈ ਗਠਨ ਕਮੇਟੀ ਨੂੰ ਸ਼ਲਾਘਾਯੋਗ ਅਤੇ ਸਮੇਂ ਮੁਤਾਬਕ ਦੱਸਿਆ। ਮਨੋਹਰ ਲਾਲ ਨੇ ਇਸ ਫੈਸਲਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਸਦਾ ਵਨ ਨੇਸ਼ਨ-ਵਨ ਇਲੈਕਸ਼ਨ ਦੀ ਪੱਖ ਵਿਚ ਰਹੀ ਹੈ। ਦੇਸ਼ ਵਿਚ ਵਨ ਨੇਸ਼ਨ-ਵਨ ਇਲੈਕਸ਼ਨਦੀ ਸੰਭਾਵਨਾ ਤਲਾਸ਼ਨ ਲਈ ਗਠਨ ਇਹ ਕਮੇਟੀ ਯਕੀਨੀ ਤੌਰ 'ਤੇ ਸਾਰਥਕ ਪਹਿਲ ਹੈ। ਇਹ ਕਮੇਟੀ ਇਸ ਵਿਸ਼ੇ 'ਤੇ ਵਿਚਾਰ ਕਰਨ ਦੇ ਬਾਅਦ ਆਪਣਾ ਰਿਪੋਰਟ ਦਵੇਗੀ, ਜਿਸ ਦੇ ਤਹਿਤ ਵਨ ਨੇਸ਼ਨ—ਵਨ ਇਲੈਕਸ਼ਨ ਦੇ ਲਾਭ ਸਾਹਮਣੇ ਆਉਣਗੇ।

ਮਨੋਹਰ ਲਾਲ ਨੇ ਕਿਹਾ ਕਿ ਆਜਾਦੀ ਦੇ ਬਾਅਦ ਕੁੱਝ ਸਾਲਾਂ ਤਕ ਲੋਕ ਸਭਾ ਅਤੇ ਵਿਧਾਨ ਸਭਾ ਦੇ ਚੋਣ ਨਾਲ-ਨਾਲ ਹੁੰਦੇ ਸਨ, ਪਰ ਵੱਖ-ਵੱਖ ਕਾਰਣਾਂ ਨਾਲ ਬਾਅਦ ਵਿਚ ਇਹ ਰਿਵਾਇਤ ਟੁੱਟ ਗਈ। ਵਨ ਨੇਸ਼ਨ-ਵਨ ਇਲੈਕਸ਼ਨ ਲਾਗੂ ਹੋਣ ਨਾਲ ਹਰ ਸਾਲ ਹੋਣ ਵਾਲੇ ਚੋਣਾਂ 'ਤੇ ਖਰਚ ਹੋਣ ਵਾਲੀ ਭਾਰਤੀ ਰਕਮ ਦੀ ਬਚੱਤ ਹੋਵੇਗੀ।

ਇਕੱਠੇ ਚੋਣ ਹੋਣ ਨਾਲ ਟੈਕਸਪੇਅਰਸ ਦੇ ਪੈਸੇ ਬਚਣਗੇ ਅਤੇ ਇੰਨ੍ਹਾਂ ਪੈਸਿਆਂ ਦਾ ਇਸਤੇਮਾਲ ਜਨਤਾ ਦੀ ਭਲਾਈ ਲਈ ਕੀਤਾ ਜਾ ਸਕੇਗਾ ਅਤੇ ਸਰਕਾਰਾਂ ਵੀ ਚੋਣ ਦੇ ਇਸ ਦਬਾਅ ਤੋਂ ਮੁਕਤ ਹੋ ਕੇ ਜਨਹਿਤ ਦੇ ਫੈਸਲੇ ਲੈ ਸਕਨਗੀਆਂ। ਵਾਰ-ਵਾਰ ਚੋਣ ਦੇ ਕਾਰਨ ਚੋਣ ਜਾਬਤਾ ਲਾਗੂ ਕਰਨ ਨਾਲ ਸਰਕਾਰ ਸਮੇਂ 'ਤੇ ਕੋਈ ਆਖੀਰੀ ਫੈਸਲਾ ਵੀ ਨਹੀਂ ਲੈ ਪਾਉਂਦੀ ਹੈ ਅਤੇ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਰੁਕਾਵਟਾਂ ਉਤਪਨ ਹੁੰਦੀਆਂ ਹਨ। ਮਨੋਹਰ ਲਾਲ ਨੇ ਕਿਹਾ ਕਿ ਦੇਸ਼ ਵਿਚ ਇਕੱਠੇ ਚੋਣ ਹੋਣ ਨਾਲ ਭ੍ਰਿਸ਼ਟਾਚਾਰ ਅਤੇ ਕਾਲੇ ਧਨ 'ਤੇ ਬਹੁਤ ਹੱਦ ਤਕ ਰੋਕ ਲੱਗੇਗੀ। ਮਨੋਹਰ ਲਾਲ ਨੇ ਕਿਹਾ ਕਿ ਮੈਨੂੰ ਆਸ ਹੈ ਕਿ ਇਸ ਵਿਸ਼ੇ 'ਤੇ ਅੱਗੋਂ ਸਾਰਥਕ ਚਰਚਾ ਹੋਵੇਗੀ ਅਤੇ ਇਸ 'ਤੇ ਵਿਆਪਕ ਸਹਿਮਤੀ ਬਣੇਗੀ, ਜਿਸ ਨਾਲ ਦੇਸ਼ ਅੱਗੇ ਵਧੇਗਾ।

## ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਦੀ ਮਹੀਨਾਵਾਰ ਇਕੱਤਰਤਾ



**ਬਹਿਰਾਮ (ਅਵਤਾਰ ਕਲੇਰ)** ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੀ ਮਹੀਨਾਵਾਰ ਮੀਟਿੰਗ ਸਭਾ ਦੇ ਸਰਪ੍ਰਸਤ ਮਾ ਹਰਬੰਸ ਹੀਉਂ ਦੇ ਘਰ ਹੀਉਂ ਵਿਖੇ ਕੀਤੀ ਗਈ। ਇਸ ਮੀਟਿੰਗ ਵਿਚ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਿਚਾਰਾਂ ਕੀਤੀਆਂ ਗਈਆਂ ਅਤੇ ਸਭਾ ਦੀਆਂ ਭਵਿੱਖੀ ਕਾਰਵਾਈਆਂ ਦਾ ਖਾਕਾ ਤਿਆਰ ਕੀਤਾ ਗਿਆ। ਮੀਟਿੰਗ ਵਿੱਚ ਸਭਾ ਦੇ ਸਰਗਰਮ ਮੈਂਬਰ ਉੱਘੇ ਅੱਖਰਕਾਰ ਰਜਿੰਦਰ ਜੱਸਲ ਦੇ ਬੇਟੇ ਕਰਨਵੀਰ ਸਿੰਘ ਦੀ ਬੇਵਕਤੀ ਮੌਤ ਤੇ ਸ਼ੋਕ ਪ੍ਰਗਟ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ. ਪੰਜਾਬੀ ਸਾਹਿਤ ਜਗਤ ਨੂੰ ਪਿਛਲੇ ਦਿਨੀਂ ਲਗਾਤਾਰ ਪਏ ਵੱਡੇ ਘਾਟਿਆਂ ਵਿਚ ਉੱਘੇ ਲੇਖਕ ਦੇਸ ਰਾਜ ਕਾਲੀ, ਇਨਕਲਾਬੀ ਲੇਖਕ ਬਾਰੂ ਸਤਬਰਗ ਅਤੇ ਮਾ ਤਰਲੋਚਨ ਸਮਰਾਲਾ ਦੇ ਵਿਛੋੜੇ ਤੇ ਸਾਰੇ ਸਾਥੀਆਂ ਵੱਲੋਂ ਦੁੱਖ ਦਾ ਪ੍ਰਗਟ ਕੀਤਾ ਗਿਆ ਅਤੇ ਸ਼ੋਕ ਮਤਾ ਪਾਇਆ ਗਿਆ । ਇਸ ਮੀਟਿੰਗ ਵਿੱਚ ਮਾ. ਹਰਬੰਸ ਹੀਉਂ, ਮੋਹਣ ਬੀਕਾ, ਦੀਪ ਕਲੇਰ, ਪਰਮਜੀਤ ਚਾਹਲ, ਤਲਵਿੰਦਰ ਸ਼ੇਰਗਿੱਲ, ਜਸਵੰਤ ਖਟਕੜ, ਸੀਤਲ ਰਾਮ ਬੰਗਾ, ਸ਼ਿੰਗਾਰਾ ਲੰਗੇਰੀ, ਕ੍ਰਿਸ਼ਨ ਹੀਉਂ, ਉਂਕਾਰ ਸਿੰਘ ਸਾਹਲੋਂ ਆਦਿ ਵੀ ਹਾਜ਼ਰ ਸਨ।

## ਇਨਲਿਸਟਮੈਂਟ ਵਾਲੇ ਵਰਕਰਾਂ ਤੋਂ ਵਾਧੂ ਕੰਮ ਲੈਣੇ ਬੰਦ ਕਰੇ ਸਰਕਾਰ : ਸੰਜੀਵ ਕੌਂਡਲ



**ਕਾਲਾ ਸੰਘਿਆਂ (ਮਨਜੀਤ ਮਾਨ)**-ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਜਲੰਧਰ ਦੇ ਪ੍ਰਧਾਨ ਸੰਜੀਵ ਕੌਂਡਲ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਜਥੇਬੰਦੀ ਦੇ ਧਿਆਨ 'ਚ ਆਇਆ ਹੈ ਕਿ ਕੁਝ ਸਬ ਡਵੀਜ਼ਨ ਦਫਤਰਾਂ ਵਿੱਚ ਇਨਲਿਸਟਮੈਂਟ ਵਾਲੇ ਵਰਕਰਾਂ ਕੋਲੋਂ ਆਪਣੀ ਡਿਊਟੀ ਤੋਂ ਇਲਾਵਾ ਵਾਧੂ ਕੰਮ ਲਿਆ ਜਾ ਰਿਹਾ ਹੈ ਜਿਵੇਂ ਹੋਰ ਦਫਤਰਾਂ ਦੀ ਸਫਾਈ ਜਾਂ ਹੋਰ ਕੋਈ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਅਗਰ ਕੋਈ ਵਰਕਰ ਕੰਮ ਕਰਨ ਤੋਂ ਮਨ੍ਹਾ ਕਰਦਾ ਹੈ ਤਾਂ ਉਸ ਦੀ ਤਨਖਾਹ ਰੋਕਣ ਦੀ ਧਮਕੀ ਵੀ ਦਿੱਤੀ ਜਾਂਦੀ ਹੈ। ਜਦ ਕਿ ਇਹ ਮੁਲਾਜ਼ਮ ਪਹਿਲਾਂ ਹੀ 24-24 ਘੰਟੇ ਡਿਊਟੀ ਦੇ ਕੇ ਲੋਕਾਂ ਦੇ ਘਰਾਂ ਤੱਕ ਸਾਫ ਸੁਥਰਾ ਪਾਣੀ ਪਹੁੰਚਾਉਂਦੇ ਹਨ। ਜਥੇਬੰਦੀ ਦੇ ਵਰਕਰਾਂ ਵਿੱਚ ਇਸ ਤਰ੍ਹਾਂ ਦੇ ਮੁਲਾਜ਼ਮਾਂ ਦੇ ਸ਼ੋਸ਼ਣ ਕਾਰਨ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਹੈ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਕੌਂਡਲ ਨੇ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਮੁਲਾਜ਼ਮਾਂ ਦਾ ਇਸ ਤਰ੍ਹਾਂ ਦਾ ਸ਼ੋਸ਼ਣ ਬੰਦ ਨਾ ਹੋਇਆ ਤਾਂ ਜਥੇਬੰਦੀ ਵੱਲੋਂ ਇਸ ਖਿਲਾਫ ਡਿਪਟੀ ਕਮਿਸ਼ਨਰ ਜਲੰਧਰ ਨੂੰ ਸੂਚਿਤ ਕਰਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ਡਿਪਟੀ ਸਪੀਕਰ ਰੌੜੀ ਦਾ ਵਿਸ਼ੇਸ਼ ਸਨਮਾਨ ਅੱਜ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** -"ਛਿੰਝ ਛਰਾਹਾਂ ਦੀ' ਨੂੰ ਵਿਰਾਸਤੀ ਦਰਜਾ ਦੇਣ ਲਈ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਵਿਸ਼ੇਸ਼ ਸਨਮਾਨ 3 ਸਤੰਬਰ ਨੂੰ 10 ਵਜੇ ਬਾਬਾ ਬਾਲਕ ਰੂਪ ਮੰਦਰ ਅਚਲਪੁਰ ਵਿਖੇ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਮੰਦਰ ਵਿਖੇ ਬੀਤ ਇਲਾਕੇ ਦੇ ਲੋਕਾਂ ਦੀ ਮੀਟਿੰਗ ਹੋਈ, ਜਿਸ ਵਿੱਚ ਬੀਤ ਇਲਾਕੇ ਦੀ ਧਰੋਹਰ ਨੂੰ ਸੰਭਾਲਣ ਹਿੱਤ ਵਿਰਾਸਤੀ ਦਰਜਾ ਦਵਾਉਣ ਲਈ ਡਿਪਟੀ ਸਪੀਕਰ ਰੌੜੀ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਸੰਬੰਧੀ ਜਾਣਕਾਰੀ ਦਿੰਦਿਆ ਬਲਜਿੰਦਰ ਅਟਵਾਲ ਪ੍ਰਧਾਨ ਯੂਥ ਵਿੰਗ ਗੜ੍ਹਸ਼ੰਕਰ ਨੇ ਕਿਹਾ ਕਿ ਰੌੜੀ ਸਾਹਿਬ ਦੇ ਯਤਨਾਂ ਸਦਕਾ ਬੀਤ ਖੇਤਰ ਦੇ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਜ਼ਿਕਰਯੋਗ ਹੈ ਕਿ ਇਹ ਮੇਲਾ ਸਮੁੱਚੇ ਲੋਕਾਂ ਦਾ ਸਾਂਝਾ ਮੇਲਾ ਹੈ। ਬੀਤ ਇਲਾਕੇ ਤੋਂ ਇਲਾਵਾ ਦੂਣ, ਦੁਆਬਾ, ਕੰਢੀ ਅਤੇ ਹਿਮਾਚਲ ਪ੍ਰਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਸੰਗਤਾਂ ਇੱਥੇ ਪਹੁੰਚਦੀਆਂ ਹਨ। ਮੇਲੇ ਤੋਂ ਪਹਿਲਾਂ ਮੰਦਰ ਵਿਖੇ ਚਾਰ ਜੱਗ ਕਰਵਾਏ ਜਾਂਦੇ ਹਨ। 3 ਸਤੰਬਰ ਨੂੰ ਮੇਲੇ ਨਾਲ ਸੰਬੰਧਤ ਸਮਾਗਮਾਂ ਦੀ ਸ਼ੁਰੂਆਤ ਪਹਿਲੇ ਜੱਗ ਮੌਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਛਰਾਹਾਂ ਅਚਲਪੁਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਇਸ ਮੌਕੇ ਬਲਜਿੰਦਰ ਅਟਵਾਲ ਤੋਂ ਇਲਾਵਾ ਮਹੰਤ ਅਸ਼ੋਕ ਕੁਮਾਰ, ਸੋਨੂੰ ਧੀਮਾਨ, ਗੁਰਮੇਜ ਸਿੰਘ, ਰਿੰਕੂ ਟਿੱਬੀਆਂ, ਸ਼ਾਮ ਲਾਲ,ਮਨੀ ਬੀਣੇਵਾਲ,ਨਿੰਦੀ ਬੀਣੇਵਾਲ,ਅਮਨਦੀਪ ਸਿੰਘ, ਹਰਨੇਕ ਸਿੰਘ ਨੈਣਵਾਂ ਆਦਿ ਹਾਜ਼ਰ ਸਨ।

## ਕਹਾਰਪੁਰ ਵਾਸੀਆਂ ਨੇ ਦਿੱਤਾ ਮੰਗ ਪੱਤਰ

**ਮਾਹਿਲਪੁਰ (ਸਫਰੀ)**- ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਕਹਾਰਪੁਰ ਦੇ ਲੋਕਾਂ ਨੇ ਹਰਮਿੰਦਰ ਬਖਸ਼ੀ, ਜ਼ਿਲ੍ਹਾ ਇੰਚਾਰਜ ਲੋਕ ਸਭਾ ਆਮ ਆਦਮੀ ਪਾਰਟੀ ਹੁਸ਼ਿਆਰਪੁਰ ਨੂੰ ਦਿੱਤੇ ਮੰਗ ਪੱਤਰ ਵਿੱਚ ਕਿਹਾ ਕਿ ਸਰਕਾਰ ਵੱਲੋਂ ਗਰੀਬਾਂ ਨੂੰ ਦਿੱਤੀ ਜਾਣ ਵਾਲੀ ਕਣਕ ਬਹੁਤ ਸਾਰੇ ਪਰਵਾਰਾਂ ਨੂੰ ਨਹੀਂ ਮਿਲੀ। ਇਨ੍ਹਾਂ ਪਰਵਾਰਾਂ ਦੇ ਨੀਲੇ ਕਾਰਡ ਬਣੇ ਹੋਏ ਹਨ ਅਤੇ ਬੀਤੇ ਸਮੇਂ ਤੋਂ ਕਣਕ ਵੀ ਲੈ ਰਹੇ ਸਨ। ਹੁਣ ਕਈ ਪਰਵਾਰਾਂ ਦੇ ਨਾਂਅ ਸਰਕਾਰੀ ਲਿਸਟ ਵਿਚੋਂ ਗਾਇਬ ਹਨ। ਕੁਝ ਸਮਾਂ ਪਹਿਲਾਂ ਸਰਕਾਰੀ ਮੁਲਾਜ਼ਮਾਂ ਨੇ ਪਿੰਡ ਕਹਾਰਪੁਰ ਦਾ ਸਰਵੇ ਕੀਤਾ ਸੀ, ਸ਼ੱਕ ਹੈ ਕਿ ਪਿੰਡ ਦੇ ਕੁਝ ਰਾਜਨੀਤਕ ਜਾਂ ਸ਼ਰਾਰਤੀ ਅਨਸਰਾਂ ਦੇ ਕਹਿਣ 'ਤੇ ਇਹ ਨਾਂਅ ਕੱਟੇ ਗਏ ਹਨ। ਮੰਗ ਪੱਤਰ ਵਿੱਚ ਪੀੜਤ ਪਰਵਾਰਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਿੰਡ ਕਹਾਰਪੁਰ ਦਾ ਸਰਵੇ ਦੁਬਾਰਾ ਕਰਵਾਇਆ ਜਾਵੇ ਤਾਂ ਕਿ ਸਰਕਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਰਾਹਤ ਸਕੀਮਾਂ ਦਾ ਹਰ ਗਰੀਬ ਵਿਅਕਤੀ ਲਾਭ ਉਠਾ ਸਕੇ।




ਐੱਨ ਐੱਚ ਪੀ ਸੀ ਖੇਤਰੀ ਦਫਤਰ ਚੰਡੀਗੜ੍ਹ 'ਚ ਰਾਸ਼ਟਰੀ ਖੇਡ ਦਿਵਸ ਮੌਕੇ ਨੰਨ੍ਹੇ ਰਾਮ, ਗਰੁੱਪ ਮਹਾ ਪ੍ਰਬੰਧਕ (ਸਿਵਲ) ਰੂਬੀ ਰੈਨਾ ਮਹਾ ਪ੍ਰਬੰਧਕ (ਵਿਧੀ), ਰਾਜੀਵ ਜੈਨ, ਪਰਿਯੋਜਨਾ ਪ੍ਰਮੁੱਖ ਧੌਲੀਗੰਗਾ ਪਾਵਰ ਸਟੇਸ਼ਨ, ਪ੍ਰਕਾਸ਼ ਚੰਦ ਪਰਿਯੋਜਨਾ ਪ੍ਰਮੁੱਖ ਪਰਬਤੀ ਪਾਵਰ ਸਟੇਸ਼ਨ, ਰਾਜੀਵ ਵਿਆਸ ਪਰਿਯੋਜਨਾ ਪ੍ਰਮੁੱਖ ਟਨਕਪੁਰ ਪਾਵਰ ਸਟੇਸ਼ਨ ਹਾਜ਼ਰ ਹੋਏ, ਕਾਰਜ ਪਾਲਕ ਨਿਰਦੇਸ਼ ਅਸ਼ੋਕ ਕੁਮਾਰ ਨੇ ਜੇਤੂਆਂ ਨੂੰ ਇਨਾਮ ਵੰਡੇ।

# ਅੱਖਾਂ ਦਾਨ ਨਾਲ 2 ਨੇਤਰਹੀਣ ਦੀ ਜ਼ਿੰਦਗੀ 'ਚ ਲਿਆਂਦਾ ਜਾ ਸਕਦੈ ਉਜਾਲਾ : ਡਾ. ਵੀਨਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**- ਸਿਵਲ ਹਸਪਤਾਲ ਨੂਰਮਹਿਲ ਵਿਖੇ ਅੱਖਾਂ ਦਾਨ ਮਹਾਂ ਦਾਨ ਪੰਦਰਵਾੜਾ ਮਨਾਇਆ ਗਿਆ , ਇਸ ਮੌਕੇ ਐਸ ਐਮ ਓ ਵੀਨਾ ਨੇ ਕਿਹਾ ਕਿ ਮਰਨ ਉਪਰੰਤ ਅੱਖਾਂ ਦਾਨ ਕਰਕੇ ਕਿਸੇ ਨੇਤਰਹੀਣ ਵਿਅਕਤੀ ਦੀ ਜਿੰਦਗੀ ਨੂੰ ਰੌਸ਼ਨ ਕੀਤਾ ਜਾ ਸਕਦਾ ਹੈ। ਅੱਖਾਂ ਦੇ ਮਾਹਿਰ ਡਾ. ਕਮਲ ਨੇ ਦੱਸਿਆ ਕਿ ਅੱਖਾਂ ਦਾਨ ਮੌਤ ਤੋਂ 4 ਤੋਂ 6 ਘੰਟੇ ਦੇ ਵਿੱਚ ਹੀ ਹੋਣੀਆਂ ਚਾਹੀਦੀਆਂ ਹਨ। ਅੱਖਾਂ ਦਾਨ ਕਰਨ ਨਾਲ ਦੋ ਨੇਤਰਹੀਣ ਵਿਅਕਤੀਆਂ ਨੂੰ ਰੋਸ਼ਨੀ ਦਿੱਤੀ ਜਾ ਸਕਦੀ ਹੈ। ਅੱਖਾਂ ਦਾਨ ਕਰਨ ਲਈ ਆਪਣੇ ਸਭ ਤੋਂ ਨੇੜੇ ਦੇ ਆਈ ਬੈਂਕ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ। ਮੌਤ ਉਪਰੰਤ ਅੱਖਾਂ ਦਾਨ ਲਈ ਆਈ ਬੈਂਕ ਦੀ ਟੀਮ ਅੱਖਾਂ ਦਾਨ ਕਰਨ ਵਾਲੇ ਵਿਅਕਤੀ ਦੇ ਘਰ ਜਾਂਦੀ ਹੈ ਅਤੇ ਅੱਖਾਂ ਦਾਨ ਕਰਨ ਦੀ ਪ੍ਰਕਿਰਿਆ 10-15 ਮਿੰਟਾਂ ਵਿੱਚ ਹੀ ਮੁਕੰਮਲ ਕਰ ਲਈ ਜਾਂਦੀ ਹੈ। ਅੱਖਾਂ ਦਾਨ ਲੈਣ ਮਗਰੋਂ ਨਕਲੀ ਅੱਖਾਂ ਲਗਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਜੋ ਵਿਅਕਤੀ ਏਡਜ਼, ਪੀਲੀਆ, ਬਲੱਡ ਕੈਂਸਰ, ਅਤੇ ਦਿਮਾਗੀ ਬੁਖਾਰ ਆਦਿ ਤੋਂ ਪੀੜਤ ਹੋਣ, ਉਹ ਅੱਖਾਂ ਦਾਨ ਨਹੀਂ ਕਰ ਸਕਦੇ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 104 ਉੱਤੇ ਸੰਪਰਕ ਕਰਕੇ ਵੀ ਜਾਣਕਾਰੀ ਲਈ ਜਾ ਸਕਦੀ ਹੈ ਜਾਂ ਨੇੜੇ ਦੇ ਸਰਕਾਰੀ ਹਸਪਤਾਲ ਨਾਲ ਵੀ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

# ਮਾਰੂਤੀ ਸੁਜ਼ੂਕੀ ਵੱਲੋਂ ਐੱਲ ਪੀ ਯੂ ਦੇ 890 ਵਿਦਿਆਰਥੀ ਸਨਮਾਨਤ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਭਾਰਤ ਦੀ ਸਭ ਤੋਂ ਵੱਡੀ ਕਾਰ ਨਿਰਮਾਣ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਹਿਸਾਸ਼ੀ ਟੇਕੁਸ਼ੀ ਦਾ ਕੈਂਪਸ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ । ਟੇਕੁਸ਼ੀ ਨੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ, ਐਲਪੀਯੂ, ਵਿਖੇ ਆਯੋਜਿਤ 14ਵੇਂ ਸਲਾਨਾ ਐਲਪੀਯੂ ਅਚੀਵਰਸ ਅਵਾਰਡਸ ਸਮਾਰੋਹ ਦੇ ਦੂਜੇ ਪੜਾਅ ਦੇ ਮੁੱਖ ਮਹਿਮਾਨ ਦੇ ਰੂਪ ਵਿੱਚ ਇਸ ਮੌਕੇ ਦੀ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਵਿੱਚ 890 ਦੇ ਕਰੀਬ ਉੱਤਮ ਵਿਦਿਆਰਥੀ ਪ੍ਰਾਪਤੀਆਂ ਨੂੰ ਮਾਨਤਾ ਦਿੱਤੀ ਗਈ ਅਤੇ ਕੁੱਲ ਇੱਕ ਕਰੋੜ 48 ਲੱਖ ਰੁਪਏ ਦੇ ਨਕਦ ਇਨਾਮ ਅਤੇ ਯੂਨੀਵਰਸਿਟੀ ਰੋਲ ਆਫ਼ ਆਨਰਜ਼ ਨਾਲ ਸਨਮਾਨਿਤ ਕੀਤਾ ਗਿਆ । ਪ੍ਰਾਪਤੀਆਂ ਕਰਨ ਵਾਲਿਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਯੂਨੀਵਰਸਿਟੀ ਸਟਾਫ ਨੂੰ ਆਪਣੇ ਸੰਬੋਧਨ ਦੌਰਾਨ ਹਿਸਾਸ਼ੀ ਟੇਕੁਸ਼ੀ, ਐੱਮ.ਡੀ. ਅਤੇ ਸੀ.ਈ.ਓ. ਨੇ ਲਗਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਾਰਿਆਂ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਤੱਕ ਦ੍ਰਿੜ ਰਹਿਣ ਦੀ ਅਪੀਲ ਕੀਤੀ । ਭਾਰਤ ਵਿੱਚ ਨੰਬਰ ਇੱਕ ਕਾਰ ਨਿਰਮਾਤਾ ਅਤੇ ਵਿਸ਼ਵ ਪੱਧਰ 'ਤੇ ਚੋਟੀ ਦੇ ਤਿੰਨਾਂ ਵਿੱਚੋਂ ਇੱਕ ਵਜੋਂ ਮਾਰੂਤੀ ਸੁਜ਼ੂਕੀ ਦੀ ਸਫ਼ਲਤਾ ਤੋਂ ਪ੍ਰੇਰਨਾ ਲੈਂਦਿਆਂ, ਟੇਕੁਸ਼ੀ ਨੇ ਆਪਣੇ ਸੰਬੰਧਤ ਖੇਤਰਾਂ ਵਿੱਚ ਗਾਹਕ-ਕੇਂਦ੍ਰਿਤ ਪਹੁੰਚ ਨੂੰ ਉਤਸ਼ਾਹਿਤ ਕੀਤਾ ਅਤੇ ਸਖ਼ਤ ਮਿਹਨਤ ਦੇ ਮੁੱਲ ਤੇ ਜ਼ੋਰ ਦਿੱਤਾ । ਉਨ੍ਹਾਂ ਐਲਪੀਯੂ ਦੇ ਚੋਟੀ ਦੇ ਜੈਵਲਿਨ ਥ੍ਰੋਅਰ, ਨੀਰਜ ਚੋਪੜਾ ਦੀ ਵਿਸ਼ਵਵਿਆਪੀ ਜਿੱਤ ਅਤੇ ਚੰਦਰਮਾ ਮਿਸ਼ਨ ਵਿੱਚ ਭਾਰਤ ਦੀ ਸਫਲਤਾ ਨੂੰ ਵੀ ਸਾਂਝਾ ਕੀਤਾ, ਅਤੇ ਆਪਸੀ ਸਹਿਯੋਗੀ ਕੰਮ ਦੀ ਮਹੱਤਤਾ ਨੂੰ ਉਜਾਗਰ ਕੀਤਾ। ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ: ਅਸ਼ੋਕ ਕੁਮਾਰ ਮਿੱਤਲ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਹਿਸਾਸ਼ੀ ਟੇਕੁਸ਼ੀ ਅਤੇ ਮਾਰੂਤੀ ਸੁਜ਼ੂਕੀ ਦੇ ਨਾਲ ਆਪਣੇ ਬੜੇ ਚੰਗੇ ਅਨੁਭਵ ਸਾਂਝੇ ਕੀਤੇ। ਰਮੇਸ਼ ਮਿੱਤਲ, ਚੇਅਰਮੈਨ, ਲਵਲੀ ਗਰੁੱਪ; ਐਲਪੀਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ; ਵਾਈਸ ਚੇਅਰਮੈਨ ਨਰੇਸ਼ ਮਿੱਤਲ; ਅਤੇ ਪ੍ਰੋ ਵਾਈਸ ਚਾਂਸਲਰਜ਼ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ । ਸਟੂਡੈਂਟ ਵੈਲਫੇਅਰ ਵਿੰਗ ਦੀ ਅਗਵਾਈ ਹੇਠ ਐਲਪੀਯੂ ਦੇ ਯੂਥ ਅਫੇਅਰਜ਼ ਡਿਵੀਜ਼ਨ ਦੁਆਰਾ ਆਯੋਜਿਤ 14ਵਾਂ ਸਾਲਾਨਾ ਸਨਮਾਨ ਸਮਾਰੋਹ, ਐਲਪੀਯੂ ਅਚੀਵਰਸ ਅਵਾਰਡਸ ਦੇ ਦੂਜੇ ਪੜਾਅ ਦਾ ਹਿੱਸਾ ਸੀ । ਪ੍ਰੋਗਰਾਮ ਦੌਰਾਨ ਕੁੱਲ 450 ਨਾਮਵਰ ਖਿਡਾਰੀਆਂ, 180 ਅਕਾਦਮਿਕ ਟਾਪਰਾਂ, 100 ਸੱਭਿਆਚਾਰਕ ਕਲਾਕਾਰਾਂ, 50 ਨਵੀਨਤਾਕਾਰੀ ਅਤੇ ਉੱਦਮੀ, 80 ਸਮਾਜ ਸੇਵਾ ਯੋਗਦਾਨ ਪਾਉਣ ਵਾਲੇ, 15 ਐਨਸੀਸੀ ਵਾਲੰਟੀਅਰਾਂ ਅਤੇ 15 ਐਨਐਸਐਸ ਵਾਲੰਟੀਅਰਾਂ ਨੂੰ ਸਨਮਾਨਿਤ ਕੀਤਾ ਗਿਆ।

# 'ਬਿੱਲ ਲਿਆਓ, ਇਨਾਮ ਪਾਓ' ਯੋਜਨਾ ਦਾ ਉਦੇਸ਼ ਜੀ ਐਸ ਟੀ ਤਹਿਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ : ਕੋਮਲ ਮਿੱਤਲ




**ਹੁਸ਼ਿਆਰਪੁਰ, (ਓ ਪੀ ਰਾਣਾ)**- ਪੰਜਾਬ ਸਰਕਾਰ ਵੱਲੋਂ ਟੈਕਸ ਚੋਰੀ ਨੂੰ ਰੋਕਣ ਲਈ 'ਬਿੱਲ ਲਿਆਓ, ਇਨਾਮ ਪਾਓ' ਯੋਜਨਾ ਤਹਿਤ 'ਮੇਰਾ ਬਿੱਲ' ਐਪ ਤਿਆਰ ਕੀਤੀ ਗਈ ਹੈ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਚ ਇਸ ਐਪ 'ਤੇ ਬਿੱਲ ਅਪਲੋਡ ਕਰਨ ਦੀ ਸ਼ੁਰੂਆਤ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਜੀ.ਐਸ.ਟੀ ਤਹਿਤ ਨਿਯਮਾਂ ਦੀ ਪਾਲਣਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਗ੍ਰਾਹਕਾਂ ਨੂੰ ਬਿੱਲ ਲੈਣ ਲਈ ਉਤਸ਼ਾਹਤ ਕਰਕੇ ਮਾਲੀਆ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਉਪਭੋਗਤਾਵਾਂ ਨੂੰ ਕੋਈ ਵੀ ਸਾਮਾਨ ਖਰੀਦਣ ਸਮੇਂ ਵਿਕਰੇਤਾ ਤੋਂ ਬਿੱਲ ਪ੍ਰਾਪਤ ਕਰਨ ਲਈ ਉਤਸ਼ਾਹਤ ਕਰਨ ਲਈ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 'ਮੇਰਾ ਬਿੱਲ' ਐਪ ਐਂਡਰਾਇਡ ਫੋਨ ਲਈ ਗੂਗਲ ਪਲੇਅ ਸਟੋਰ ਤੇ ਐਪਲ ਲਈ ਐਪ ਸਟੋਰ 'ਤੇ ਡਾਊਨਲੋਡ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਪਭੋਗਤਾ ਨੂੰ 'ਮੇਰਾ ਬਿੱਲ' ਐਪ 'ਤੇ ਖਰੀਦ ਦਾ ਬਿੱਲ ਅਪਲੋਡ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ, ਜਿਸ ਤੋਂ ਉਪਰੰਤ ਉਪਭੋਗਤਾ ਲੱਕੀ ਡਰਾਅ ਵਿਚ ਸ਼ਾਮਲ ਹੋਣ ਯੋਗ ਹੋ ਜਾਵੇਗਾ ਅਤੇ ਲੱਕੀ ਡਰਾਅ ਹਰ ਮਹੀਨੇ ਦੀ 7 ਤਰੀਕ ਨੂੰ ਕੱਢਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰ ਜ਼ਿਲ੍ਹੇ ਤੋਂ ਵੱਧ ਤੋਂ ਵੱਧ 10 ਪੁਰਸਕਾਰ ਦਿੱਤੇ ਜਾਣੇ ਹਨ ਅਤੇ ਯੋਗ ਬਿੱਲ ਦੀ ਰਕਮ ਘੱਟ ਤੋਂ ਘੱਟ 200 ਰੁਪਏ ਹੋਣੀ ਚਾਹੀਦੀ ਹੈ। ਇਹ ਇਨਾਮ ਵੱਧ ਤੋਂ ਵੱਧ 10 ਹਜ਼ਾਰ ਰੁਪਏ ਤੱਕ ਦੇ ਮੁੱਲ ਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜੇਤੂਆਂ ਦੀ ਸੂਚੀ ਟੈਕਸ ਵਿਭਾਗ ਦੀ ਵੈਬਸਾਈਟ 'ਤੇ ਪਾਈ ਜਾਵੇਗੀ ਅਤੇ ਜੇਤੂਆਂ ਨੂੰ ਮੋਬਾਇਲ ਐਪ ਰਾਹੀਂ ਵੀ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਤੂ ਉਪਭੋਗਤਾਵਾਂ ਵੱਲੋਂ ਮੋਬਾਇਲ ਐਪ 'ਤੇ ਸਹੀ ਬੈਂਕ ਆਕਊਂਟ ਨੰਬਰ ਅਤੇ ਆਈ.ਐਫ.ਐਸ.ਸੀ ਕੋਡ ਅਪਲੋਡ ਕਰਨਾ ਜ਼ਰੂਰੀ ਹੋਵੇਗਾ ਅਤੇ ਇਨਾਮ ਰਾਸ਼ੀ ਉਨ੍ਹਾਂ ਦੇ ਦਿੱਤੇ ਗਏ ਖਾਤਿਆਂ ਵਿਚ ਸਿੱਧੇ ਤੌਰ 'ਤੇ ਭੇਜੀ ਜਾਵੇਗੀ। ਕੋਮਲ ਮਿੱਤਲ ਨੇ ਦੱਸਿਆ ਕਿ ਪੈਟਰੋਲੀਅਮ ਉਤਪਾਦ (ਕੱਚਾ ਤੇਲ, ਪੈਟਰੋਲ, ਡੀਜ਼ਲ, ਹਵਾਬਾਜ਼ੀ, ਟਰਬਾਇਨ ਇੰਜਨ ਤੇ ਕੁਦਰਤੀ ਗੈਸ) ਅਤੇ ਸ਼ਰਾਬ ਦੇ ਨਾਲ-ਨਾਲ ਬਿਜ਼ਨੈਸ ਟੂ ਬਿਜ਼ਨੈਸ ਦੇ ਲੈਣ-ਦੇਣ ਦੇ ਵਿਕਰੀ ਬਿੱਲ ਇਸ ਯੋਜਨਾ ਵਿਚ ਹਿੱਸਾ ਲੈਣ ਯੋਗ ਨਹੀਂ ਹੋਵੇਗਾ। ਇਸ ਮੌਕੇ ਸਹਾਇਕ ਕਮਿਸ਼ਨਰ ਰਾਜ ਟੈਕਸ ਡਾ. ਨਵਜੋਤ ਸ਼ਰਮਾ, ਰਾਜ ਟੈਕਸ ਅਫ਼ਸਰ ਸੰਦੀਪ ਕੁਮਾਰ, ਜਗਤਾਰ ਸਿੰਘ, ਪਰਮਿੰਦਰ ਕੌਰ ਤੋਂ ਇਲਾਵਾ ਅਮਰਜੀਤ ਅਤੇ ਲਵਪ੍ਰੀਤ ਸਿੰਘ ਵੀ ਮੌਜੂਦ ਸਨ।

# ਕਰਨਾਲ ਤੋਂ ਡਰੱਗ ਫਰੀ ਹਰਿਆਣਾ ਸਾਈਕਲੋਥੋਨ ਦਾ ਹੋਇਆ ਆਗਾਜ਼

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਆਜ਼ਾਦੀ ਦੇ ਅਮ੍ਰਿਤ ਮਹੋਤਸਵ ਸਮੇਂ ਵਿਚ ਉਦੈ ਹਰਿਆਣਾ ਮੁਹਿੰਮ ਤਹਿਤ ਦਾਨਵੀਰ ਕਰਣ ਦੀ ਨਗਰੀ ਕਰਨਾਲ ਤੋਂ ਸਾਈਕਲੋਥੋਨ ਰੈਲੀ ਵਿਚ ਹਜਾਰਾਂ ਨੌਜੁਆਨਾਂ ਦੀ ਭਾਗੀਦਾਰੀ ਨਾਲ ਡਰੱਗ ਫਰੀ ਹਰਿਆਣਾ ਦਾ ਸ਼ਾਨਦਾਰ ਆਗਾਜ਼ ਹੋਇਆ। ਮੁੱਖ ਮੰਤਰੀ ਮਨੋਹਰ ਲਾਲ ਨੇ ਸਾਈਕਲੋਥੋਨ ਰੈਲੀ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਮੱਧ ਪ੍ਰਦੇਸ਼ ਵੱਲੋਂ ਸਾਈਕਲ ਰੈਲੀ ਵਿਚ ਕਰੀਬ 37 ਹਜਾਰ ਪ੍ਰਤੀਭਾਗੀਆਂ ਨੇ ਇਕੱਠੇ ਰਿਕਾਰਡ ਬਣਾਇਆ ਹੈ। ਹਰਿਆਣਾ 3 ਲੱਖ ਨੌਜੁਆਨਾਂ ਦੀ ਭਾਗੀਦਾਰੀ ਦੇ ਨਾਲ ਮੱਧ ਪ੍ਰਦੇਸ਼ ਇਸ ਰਿਕਾਰਡ ਨੂੰ ਤੋੜ ਕੇ ਸਾਈਕਲੋਥੋਨ ਰੈਲੀ ਵਿਚ ਵਿਸ਼ਵ ਰਿਕਾਰਡ ਬਨਾਉਣ ਜਾ ਰਿਹਾ ਹੈ। ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਕਰਨਾਲ ਵਿਚ ਹਰ ਮੰਗਲਵਾਰ ਕਾਰ-ਫਰੀ ਡੇ ਰਹੇਗਾ। ਸਾਰੇ ਸਰਕਾਰੀ ਅਧਿਕਾਰੀ ਸਾਈਕਲ ਨਾਲ ਹੀ ਯਾਤਰਾ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਮੈਂ ਖੁਦ ਵੀ ਜੇਕਰ ਕਰਨਾਲ ਆਉਂਗਾ ਤਾਂ ਮੰਗਲਵਾਰ ਨੂੰ ਸਾਈਕਲ ਨਾਲ ਹੀ ਯਾਤਰਾ ਕਰੂੰਗਾ। ਉਨ੍ਹਾਂ ਨੇ ਕਿਹਾ ਕਿ ਦਾਨਵੀਰ ਕਰਣ ਦੀ ਨਗਰੀ ਕਰਨਾਲ ਤੋਂ ਨਸ਼ੇ ਦੇ ਖਿਲਾਫ ਇਕ ਬਹੁਤ ਵੱਡੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜੋ ਕਿ ਸੂਬੇ ਦੇ ਜ਼ਿਲ੍ਹਿਆਂ ਤੋਂ ਹੁੰਦੇ ਹੋਏ 25 ਸਤੰਬਰ ਨੂੰ ਸ਼ਾਮ ਦੇ ਸਮੇਂ ਕਰਨਾਲ ਵਿਚ ਹੀ ਨੌਜੁਆਨਾਂ ਦੀ ਇਕ ਬਹੁਤ ਵੱਡੀ ਰੈਲੀ ਦੇ ਨਾਲ ਖਤਮ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਗੁਆਂਢੀ ਰਾਜ ਪੰਜਾਬ ਵਿਚ ਨਸ਼ੇ ਦੀ ਲਤ ਨੌਜੁਆਨਾਂ ਵਿਚ ਬੁਰੀ ਤਰ੍ਹਾਂ ਫੈਲੀ ਹੋਈ ਹੈ। ਗੁਆਂਢੀ ਸੂਬਾ ਹੋਣ ਦੇ ਨਾਤੇ ਹਰਿਆਣਾ ਦੇ ਵੀ ਕੁੱਝ ਨੌਜੁਆਨਾਂ ਨੂੰ ਨਸ਼ੇ ਦੀ ਲੱਤ ਲੱਗ ਚੁੱਕੀ ਹੈ। ਇਸ ਲੱਤ ਨਾਲ ਨੌਜੁਆਨਾਂ ਨੂੰ ਬਚਾਉਣ ਲਈ ਹਰਿਆਣਾ ਸਰਕਾਰ ਵੱਲੋਂ ਡਰੱਗ ਫਰੀ ਹਰਿਆਣਾ ਦਾ ਸੰਕਲਪ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦਾ ਨੌਜੁਆਨ ਧਾਕੜ ਹੈ। ਨੌਜੁਆਨਾਂ ਨੇ ਖੇਡਾਂ ਰਾਹੀਂ ਦੁਨੀਆ ਵਿਚ ਆਪਣਾ ਸਿੱਕਾ ਜਮਾਇਆ ਹੈ ਅਤੇ ਕੌਮੀ ਤੇ ਕੌਮਾਂਤਰੀ ਖੇਡਾਂ ਵਿਚ ਮੈਡਲ ਹਾਸਲ ਕਰ ਕੇ ਦੇਸ਼ ਦਾ ਮਾਣ ਵਧਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਸਾਈਕਲੋਥੋਨ ਰੈਲੀ ਨੂੰ ਝੰਡੀ ਦਿਖਾਉਣ ਤੋਂ ਪਹਿਲਾਂ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਸੁੰਹ ਦਿਵਾਈ। ਮੁੱਖ ਮੰਤਰੀ ਨੇ ਸਾਈਕਲੋਥੋਨ ਰੈਲੀ ਨੂੰ ਝੰਡੀ ਦਿਖਾਉਣ ਬਾਅਦ ਖੁਦ ਵੀ ਨੌਜੁਆਨਾਂ ਦੇ ਨਾਲ ਰੈਲੀ ਵਿਚ ਸਾਈਕਲ ਚਲਾਈ। ਸਾਈਕਲੋਥੋਨ ਰੈਲੀ ਵਿਚ ਸਾਂਸਦ ਸੰਜੈ ਭਾਟਿਆ, ਵਿਧਾਇਕ ਹਰੀਵਿੰਦਰ ਕਲਿਆਣ, ਵਿਧਾਇਕ ਰਾਮਕੁਮਾਰ ਕਸ਼ਯਪ ਨੇ ਵੀ ਸਾਈਕਲ ਚਲਾਈ ਅਤੇ ਨਸ਼ਾ ਮੁਕਤੀ ਦਾ ਸੰਦੇਸ਼ ਦਿੱਤਾ। ਇਸ ਮੌਕੇ 'ਤੇ ਸਾਂਸਦ ਸੰਜੈ ਭਾਇਆ, ਘਰੌਂਡਾ ਦੇ ਵਿਧਾਇਕ ਹਰਵਿੰਦਰ ਕਲਿਆਣ, ਇੰਦਰੀ ਦੇ ਵਿਧਾਇਕ ਰਾਮਕੁਮਾਰ ਕਸ਼ਯਪ, ਮੁੱਖ ਮੰਤਰੀ ਦੇ ਵਿਸ਼ੇਸ਼ ਅਧਿਕਾਰ, ਕੰਮਿਊਨਿਟੀ ਪੁਲਿਸਿੰਗ ਅਤੇ ਆਊਟਰੀਚ ਪੰਕਜ ਨੈਨ, ਡਿਪਟੀ ਕਮਿਸ਼ਨਰ ਅਨੀਸ਼ ਯਾਦਵ, ਪੁਲਸ ਸੁਪਰਡੈਂਟ ਸ਼ਸ਼ਾਂਕ ਕੁਮਾਰ ਸਾਵਨ, ਨਗਰ ਨਿਗਮ ਕਮਿਸ਼ਨਰ ਅਭਿਸ਼ੇਕ ਮੀਣਾ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ।



ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 3 ਸਤੰਬਰ 2023

www.nawanzamana.in

ਕੀਮਤ 5.00 ਰੁਪਏ


ਗੁਰਪੁਰਬਾਂ 'ਤੇ ਲੰਗਰ ਲਾਓ
ਸ਼ਬਦ ਸੁਣਾਓ, ਸੋਹਲੇ ਗਾਓ
ਪਰ ਇੱਕ ਵਾਰੀ ਸੋਚ ਕੇ ਦੇਖੋ
ਨਾਨਕ ਹੋਣਾ ਕੈਸਾ ਹੁੰਦਾ।

- ਜਗਵਿੰਦਰ ਜੋਧਾ

## ਫਲਸਫ਼ੇ ਦੀ ਪ੍ਰਸੰਗਿਕਤਾ

# ਮਾਰਕਸਵਾਦ ਸਦਾ ਰਾਹ-ਦਸੇਰਾ

**ਜਗਰੂਪ**

ਭਾਗ-5

"ਦਾਸ ਕੈਪੀਟਲ" ਵਿੱਚ ਮਾਰਕਸ ਦੋ ਤਰ੍ਹਾਂ ਦੀ ਸ਼ਬਦਾਵਲੀ ਵਰਤਦਾ ਪ੍ਰਤੀਤ ਹੁੰਦਾ ਹੈ। ਅਜਿਹਾ ਵਿਸ਼ੇ ਦੇ "ਖੋਜ" ਪੱਖ ਤੋਂ ਅਤੇ ਦੂਜਾ ਵਿਸ਼ੇ ਨੂੰ "ਪੇਸ਼" ਕਰਨ ਦੇ ਪੱਖ ਤੋਂ ਅੰਤਰ ਹੈ।

ਉਦਾਹਰਨ ਵਜੋਂ : ਅਸੀਂ 'ਮੁੱਲ' (value), 'ਵਾਧੂ-ਮੁੱਲ' (surplus-value), 'ਵਾਧੂ-ਮੁੱਲ ਦਾ ਸਿਧਾਂਤ' (Theory of surplus value),

'ਜ਼ਰੂਰੀ-ਕਿਰਤ' (Necessary labour),

'ਵਾਧੂ-ਕਿਰਤ' (surplus labour), ਆਦਿ ਸ਼ਬਦ ਪੜ੍ਹਦੇ ਹਾਂ।

ਨਾਲ ਹੀ ਅਸੀਂ 'ਜ਼ਰੂਰੀ ਕਿਰਤ ਸਮਾਂ'

(Necessary labour time),

'ਵਾਧੂ-ਕਿਰਤ-ਸਮਾਂ' (surplus labour time), "ਸਮਾਜਕ ਜ਼ਰੂਰੀ ਕਿਰਤ ਸਮਾਂ" (Socially necessary labour time) ਆਦਿ ਸ਼ਬਦ (ਧਾਰਨਾਵਾਂ) ਪੜ੍ਹਦੇ ਹਾਂ।

ਇਹ ਵਿਸ਼ੇ ਨੂੰ "ਪੇਸ਼" ਕਰਨ ਦੇ ਪੱਖ ਤੋਂ ਹੈ।

ਮਾਰਕਸ ਨੇ ਦਾਸ ਕੈਪੀਟਲ ਦੀ ਭੂਮਿਕਾ ਵਿਚ , (ਜਿਸ ਦਾ ਜ਼ਿਕਰ ਪਹਿਲਾਂ ਆ ਚੁੱਕਾ ਹੈ) ਕਿਹਾ ਹੈ ਕਿ, "ਕਿਸੇ ਵਿਸ਼ੇ ਨੂੰ ਪੇਸ਼ ਕਰਨ ਦਾ ਢੰਗ, ਖੋਜ ਕਰਨ ਦੇ ਢੰਗ ਤੋਂ ਵੱਖਰਾ ਹੁੰਦਾ ਹੈ" । ਇਹ ਅੰਤਰ ਇਸ ਕਰਕੇ ਵੀ ਹੈ, ਪਰ ਮਾਰਕਸ ਨੇ ਦਾਸ ਕੈਪੀਟਲ ਦਾ ਪਹਿਲਾ ਐਡੀਸ਼ਨ ਛਪ ਜਾਣ ਪਿੱਛੋਂ ਉਸ ਵਿਚ ਰਹੀਆਂ ਉਕਤਾਈਆਂ ਬਾਰੇ, ਦੂਜੇ ਜਰਮਨ ਐਡੀਸ਼ਨ ਦੀ ਭੂਮਿਕਾ ਵਿਚ ਜੋ ਲਿਖਿਆ ਹੈ, ਉਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਸ ਲਿਖਿਆ :

"...ਸਮਾਜਕ ਦ੍ਰਿਸ਼ਟੀ ਤੋਂ ਲੋੜੀਂਦੇ ਕਿਰਤ-ਸਮੇਂ ਦੁਆਰਾ ਕਦਰ ਦਾ ਆਕਾਰ ਮਿੱਥਣ ਅਤੇ ਕਦਰ ਦੇ ਸਾਰ ਵਿਚਲੇ ਸੰਬੰਧ ਵੱਲ ਜਿੱਥੇ ਪਹਿਲੀ ਐਡੀਸ਼ਨ ਵਿੱਚ ਇਸ਼ਾਰਾ ਕੀਤਾ ਗਿਆ ਸੀ, ਉਥੇ ਹੁਣ ਉਸ ਉਤੇ ਖਾਸ ਜ਼ੋਰ ਦਿੱਤਾ ਗਿਆ ਹੈ।"

ਸੋ ਪੜ੍ਹਨ, ਸਮਝਣ ਵੇਲੇ ਅਜਿਹੇ ਅੰਤਰ (ਜ਼ੋਰ) ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਇਸ ਨਾਲ ਸੂਝ ਦੇ ਵਿਸਤਾਰ ਰਾਹੀਂ ਚੇਤਨਾ ਦੇ ਨਵੇਂ ਦਰ ਖੁੱਲ੍ਹ ਜਾਣੇ ਸੰਭਵ ਹੋ ਜਾਂਦੇ ਹਨ।

* ਕਿਰਤ (Labour) ਦਾ ਦੋਹਰਾ ਖਾਸਾ।

* ਮੁੱਲ (Value) ਦਾ ਦੋਹਰਾ ਖਾਸਾ। * ਜਿਣਸ (Commodity) ਦਾ ਦੋਹਰਾ ਖਾਸਾ ਆਦਿ,

ਸਮਝ ਦਾ ਹਿੱਸਾ ਬਣਾਉਣ ਦੇ ਨਾਲ-ਨਾਲ

'ਜ਼ਰੂਰੀ ਕਿਰਤ', 'ਜ਼ਰੂਰੀ-ਕਿਰਤ-ਸਮਾਂ' ਅਤੇ 'ਸਮਾਜਕ-ਜ਼ਰੂਰੀ-ਕਿਰਤ-ਸਮਾਂ' ਆਦਿ,

ਇਹ ਸਭ ਅਜਿਹੀਆਂ ਮਹੱਤਵਪੂਰਨ ਧਾਰਨਾਵਾਂ ਹਨ, ਜਿਹਨਾਂ ਦੀ ਅਧੂਰੀ ਸਮਝ, ਅੱਗੋਂ ਪੇਸ਼ਕਾਰੀ ਅਤੇ ਅਮਲ ਕਰਨ ਵਿਚ ਵਿਗਾੜਾਂ ਨੂੰ ਹੁਲਾਰਾ ਦੇਣ ਦਾ ਸਬੱਬ ਬਣ ਜਾਂਦੀ ਹੈ।

ਜੇ ਹਾਲਤਾਂ ਨੂੰ ਬਦਲਾਓ ਵਿੱਚ ਨਹੀਂ ਲਵਾਂਗੇ ਤਾਂ ਸੋਚ ਦੀ ਖੜੋਤ, ਵਿਗਾੜ ਅਰੰਭ ਦੇਵੇਗੀ।

ਕਲਪਨਾ ਕਰੋ ਮਾਰਕਸ ਦੇ ਖੋਜੇ ਨੂੰ "ਕਿਰਤ ਸਿਧਾਂਤ" (Labour theory) ਸੱਦਿਆ ਜਾਂਦਾ ਹੈ।

ਪੇਸ਼ ਕਰਨ ਵਿਚ ਇਹ "ਮੁੱਲ ਦਾ ਸਿਧਾਂਤ" ਅਤੇ "ਵਾਧੂ ਮੁੱਲ ਦਾ ਸਿਧਾਂਤ"

(Theory of surplus value) ਹੈ। ਇਸ ਨੂੰ, ਸਮੇਂ ਦੇ ਪੱਖ ਤੋਂ ਪੇਸ਼ਕਾਰੀ ਨਾਲ ਇਹ "ਵਾਧੂ ਕਿਰਤ ਸਮਾਂ ਸਿਧਾਂਤ" (Theory of surplus labour time) ਹੈ। ਸਮਾਜਕ ਪੱਧਰ ਉਤੇ ਇਹ

"ਸਮਾਜਕ-ਵਾਧੂ-ਕਿਰਤ-ਸਮਾਂ" (Socially surplus labour time) ਹੈ। ਸਿਧਾਂਤ ਵਜੋਂ ਇਹ: 'ਸਮਾਜਕ ਵਾਧੂ ਕਿਰਤ ਸਮਾਂ ਸਿਧਾਂਤ' (Theory of Socially surplus labour time ) ਦੇ ਰੂਪ ਵਿੱਚ ਪੇਸ਼ ਹੋਵੇਗਾ।

ਵਿਅਕਤੀ ਦੇ ਤੌਰ 'ਤੇ ਉਸ ਦਾ ਆਪਣਾ ਸਮਾਂ, ਆਪਣੀ ਸੁਤੰਤਰ ਵਰਤੋਂ ਦਾ ਸਮਾਂ (ਸੁਤੰਤਰ ਸਮਾਂ) ਹੋਵੇਗਾ। ਸਮਾਜਕ ਰੂਪ ਵਿੱਚ ਉਹ (ਵਿਅਕਤੀਗਤ ਸੁਤੰਤਰ ਸਮਾਂ) , "ਸਮਾਜਕ ਸੁਤੰਤਰ ਸਮਾਂ"

(Socially free time) ਰੂਪ ਵਿਚ ਪੇਸ਼ ਹੋਵੇਗਾ, ਜਿਸ ਨਾਲ ਕਿੰਨੇ ਝਮੇਲੇ ਨਿਪਟ ਜਾਣਗੇ। ਸੋ ਮਾਰਕਸਵਾਦ 'ਮੁਰਦਾ-ਮੱਤ' ਨਹੀਂ ਇਹ 'ਜੀਵਤ-ਸਿਧਾਂਤ' ਹੈ। ਇਹ ਹਰ ਸਮੱਸਿਆ ਦਾ ਰੂਹਾਨੀ ਅਤੇ ਪਦਾਰਥਕ ਹੱਲ ਪੇਸ਼ ਕਰਦਾ (ਸੂਝ ਦਾ ਸਿਖਰ) ਦਰਸ਼ਨ ਹੈ।

ਮਾਰਕਸ ਨੇ ਦਾਸ ਕੈਪੀਟਲ ਵਿਚ ਸਰਮਾਏ ਦੇ ਵਿਗਿਆਨ ਵਿਰੁੱਧ, ਕਿਰਤ ਦੇ ਵਿਗਿਆਨ ਵਜੋਂ;

# "ਮੁੱਖ ਸੂਤਰ" ਕੀ ਬਿਆਨ ਕੀਤਾ ਹੈ? ਜਾਂ

# ਕਿਰਤੀਆਂ ਦੀ ਮੁਕਤੀ ਦਾ ਮਾਰਗ ਕੀ ਹੈ?

ਮਾਰਕਸ ਦੇ ਆਪਣੇ ਸ਼ਬਦਾਂ ਵਿਚ :

# 'ਦਾਸ ਕੈਪੀਟਲ, ਬੁਰਜੂਆਜੀ ਉਤੇ ਦਾਗਿਆ ਗਿਆ "ਅਤਿਅੰਤ ਭਿਆਨਕ ਮਿਜ਼ਾਈਲ" ਹੈ। ਇਹ ਅਪੀਲ ਦੇ ਹੱਕ ਤੋਂ ਬਿਨਾਂ ਬੁਰਜੂਆਜੀ ਨੂੰ ਸੁਣਾਈ ਗਈ "ਮੌਤ ਦੀ ਸਜ਼ਾ" ਹੈ।'

ਇਸ ਨਾਲ "ਸਵੈ-ਘੋਸ਼ਤ ਮਾਰਕਸਵਾਦੀਅ" ਅੱਗੇ ਸਵਾਲ ਹੈ :

*ਫਿਰ ਵਿਗਿਆਨਕ ਕਾਢਾਂ, ਤਕਨੀਕੀ ਇਨਕਲਾਬ, ਆਰਟੀਫਿਸ਼ਲ ਇੰਟੈਲੀਜੈਂਸੀ, ਇਹ ਸਭ ਕਿਰਤੀ ਵਿਰੋਧੀ ਕਿਉਂ 'ਜਾਪਦੇ' ਹਨ?

* ਕਿਰਤ ਦੀ ਧਿਰ ਦਾ ਆਗੂ (ਪਰੋਲਤਾਰੀਆ) ਇਸ ਦਾ ਸਵਾਗਤ ਕਰਨ ਵਿਚ ਅੱਗੇ ਕਿਉਂ ਨਹੀਂ ਹੈ? ਜਾਂ

ਉਸ ਦਾ ਤਰਕ ਕਮਜ਼ੋਰ ਕਿਉਂ ਹੈ ?

ਮਾਰਕਸ ਨੇ ਦਾਸ ਕੈਪੀਟਲ ਵਿਚ ਬੁਰਜੂਆਜੀ ਵਿਰੁੱਧ ਘੋਲ ਦਾ ਕੀ ਸੂਤਰ ਸੁਝਾਇਆ ਹੈ ?

ਕੀ ਨਾਹਰਾ ਦਿੱਤਾ ਹੈ?

ਇਸ ਦਾ 'ਦਾਸ ਕੈਪੀਟਲ' ਵਿਚ ਖੋਜਿਆ ਅਤੇ ਪੇਸ਼ ਕੀਤਾ, ਜਾਨਣ ਤੋਂ ਪਹਿਲਾਂ, ਨਾਲ ਜੁੜਦਾ ਇਕ ਹੋਰ ਸਵਾਲ ਵੀ ਹੈ!

ਮਾਰਕਸਵਾਦ ਦੇ ਮਹਾਨ ਝੰਡਾ-ਬਰਦਾਰ ਸਰਬ ਮਾਨਤਾ ਪ੍ਰਾਪਤ ਵਿਦਵਾਨ-ਲੈਨਿਨ ਨੇ ਦਾਰਸ਼ਨਿਕ ਨੋਟ ਬੁੱਕ (1916) ਵਿਚ ਕਿਉਂ ਲਿਖਿਆ ਸੀ?

" ...ਨਤੀਜੇ ਵਜੋਂ ਅੱਧੀ ਸਦੀ ਬੀਤ ਜਾਣ ਪਿੱਛੋਂ ਕੋਈ ਮਾਰਕਸਵਾਦੀ ਨਹੀਂ, ਜੋ ਮਾਰਕਸ ਨੂੰ ਸਮਝਿਆ ਹੋਵੇ" ( ...consequently half a century later none of the marxist understood Marx.)

ਐਨੀ ਸਖਤ ਟਿੱਪਣੀ! ਉਹ ਵੀ ਲੈਨਿਨ ਵੱਲੋਂ!!

ਅਜਿਹਾ ਕਿਉਂ ਵਾਪਰਿਆ? ਅਤੇ

ਲੈਨਿਨ ਨੇ "ਪੂੰਜੀ" (Das Capital) ਦਾ ਅਧਿਐਨ ਕਰਨ ਉਪਰੰਤ ਮਾਰਕਸ ਦੀ ਪੇਸ਼ਕਾਰੀ ਨੂੰ ਵਡਿਉਂਦਿਆਂ ਅਤੇ ਗੈਰ-ਮਾਰਕਸਵਾਦੀ ਪਹੁੰਚ ਦੀ ਖਿੱਲੀ ਉਡਾਉਂਦਿਆਂ, ਜੋ ਲਿਖਿਆ, ਉਸ ਦੀ ਸਮਝ ਤੇ ਅਮਲ, ਮੁੜ ਵੱਡੇ ਮਹੱਤਵ ਵਾਲਾ ਹੈ :

* "ਪੂੰਜੀ" ਵਿਚ, ਕਾਰਲ ਮਾਰਕਸ ਮਨੁੱਖ ਦੀ ਆਜ਼ਾਦੀ ਅਤੇ ਉਸ ਦੇ ਅਧਿਕਾਰਾਂ ਦੇ ਸ਼ਾਨਦਾਰ ਅਤੇ

ਲੱਛੇਦਾਰ ਬੁਰਜੂਆ-ਜਮਹੂਰੀ ਮਹਾਨ ਚਾਰਟਰ ਦੀ

ਖਿੱਲੀ ਉਡਾਉਂਦਾ ਹੈ, ਆਮ ਰੂਪ ਵਿਚ ਆਜ਼ਾਦੀ, ਬਰਾਬਰੀ ਅਤੇ ਭਰੱਪੇ ਬਾਰੇ ਇਸ ਫਿਰਕੇਬਾਜ਼ੀ ਦਾ ਮਜ਼ਾਕ ਉਡਾਉਂਦਾ ਹੈ, ਜਿਸ ਤੋਂ ਸਭਨਾਂ ਦੇਸ਼ਾਂ ਦੇ ਨਿੱਕ-ਬੁਰਜੂਆ ਅਤੇ ਲਾਲ-ਭੁਚੱਕੜ ਸਮੇਤ ਘਿਰਣਾਮਈ ਬੇਰਨ ਇੰਟਰਨੈਸ਼ਨਲ ਦੇ ਵਰਤਮਾਨ ਘਿਰਣਾਮਈ ਨਾਇਕਾਂ ਦੇ, ਸਭ ਚੁੰਧਿਆ ਜਾਂਦੇ ਹਨ। ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂਧਾਰ ਐਲਾਨਾਂ ਦੀ ਉਸ ਸਾਦੇ, ਨਿਰਮਾਨ, ਅਮਲੀ, ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿੱਚ ਇਸ ਸਵਾਲ ਨੂੰ ਪਰੋਲਤਾਰੀਆਂ ਨੇ ਪੇਸ਼ ਕੀਤਾ ਹੈ—ਛੁਟੇਰੀ ਕੰਮ ਦਿਹਾੜੀ ਨੂੰ ਵਿਧਾਨਕ ਰੂਪ ਵਿੱਚ ਕਾਨੂੰਨ ਬਣਾਉਣਾ

ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ।"

(In Capital, Karl Marx ridicules the pompous and grandiloquent bourgeois-democratic great charter of liberty and the rights of man, ridicules all this pharase-mongering about liberty, equality and fraternity in general, which dazzles the petty bourgeois and philistines of all counteries, including the present despicable heroes of the despicable Berne International. Marx contrasts these pompous declarations of rights to the plain, modest, practical, simple menner in which the question is presented by the proletariat—the legislative enactment of a shorter working- day a typical example of such treatment.)—(Lenin-A great beginning, slected w. vo-3, page- 180)

ਲੈਨਿਨ ਦੇ ਲਿਖਣ ਪਿੱਛੇ ਕਾਰਨ, ਮਾਰਕਸ ਦੇ ਜਿਉਂਦੇ ਜੀਅ, ਉਸ ਦੇ ਜਰਮਨ ਮਿੱਤਰਾਂ ਵੱਲੋਂ ਹੀ, "ਗੋਥਾ ਪ੍ਰੋਗਰਾਮ" ਵਿੱਚ ਉਸ ਦੀ ਸਮਝ ਉਪਰ

ਪਹਿਰਾ ਨਾ ਦੇ ਪਾਉਣਾ ਵੀ ਸੀ। ਮਾਰਕਸ ਨੇ ਗੋਥਾ ਪ੍ਰੋਗਰਾਮ ਦੀ ਅਲੋਚਨਾ (critique of Gotha programme)-1875 ਵਿਚ ਲਿਖਿਆ ਸੀ। 'ਗੋਥਾ ਪ੍ਰੋਗਰਾਮ', ਮਾਰਕਸ ਦੇ ਦਾਸ ਕੈਪੀਟਲ ਵਿਚਲੇ , "ਮੁੱਖ ਸੂਤਰ" (ਜਿਸ ਦਾ ਉਪਰੋਕਤ ਹਵਾਲੇ ਵਿਚ ਲੈਨਿਨ ਜ਼ਿਕਰ ਕਰਦਾ ਹੈ) ਵਿਰੁੱਧ ਭੁਗਤੇ ਸਨ। "ਛੁਟੇਰੀ ਕੰਮ ਦਿਹਾੜੀ" ਦੀ ਸਿਧਾਂਤਕ ਸਮਝ ਦੀ ਥਾਂ 'ਗੋਥਾ ਪ੍ਰੋਗਰਾਮ' ਨੇ

"ਆਮ ਕੰਮ ਦਿਨ" (Normal Working Day) ਦੀ ਧਾਰਨਾ ਨੂੰ ਲੈ ਆਂਦਾ ਸੀ, ਜਿਸ 'ਤੇ ਮਾਰਕਸ ਨੇ ਅਲੋਚਨਾ 'ਚ ਲਿਖਿਆ ਸੀ :

"ਆਮ ਕੰਮ-ਦਿਨ"

"ਕਿਸੇ ਵੀ ਹੋਰ ਦੇਸ਼ ਵਿੱਚ ਕਿਰਤੀਆਂ ਦੀ ਪਾਰਟੀ ਨੇ ਆਪਣੇ ਆਪ ਨੂੰ ਅਜਿਹੀ ਅਨਿਸ਼ਚਿਤ ਮੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਸਦਾ ਕੰਮ-ਦਿਨ ਨੂੰ ਉਸ ਲੰਬਾਈ ਤੱਕ ਮਿੱਥਿਆ ਹੈ, ਜਿਹਨੂੰ ਉਹ ਮੌਜੂਦ ਸਥਿਤੀਆਂ ਵਿੱਚ ਆਮ ਸਮਝਦੀ ਹੈ।"

[["Normal working day"

"In no other country has the workers' party limited itself to such indefinite demand, but has always fixed the length of the working day that it considers normal under the given circumstances."]](Marx-from, critique of gotha programme) 'ਮਾਰਕਸ-ਲੈਨਿਨ' ਵੱਲੋਂ ਕੀਤੀ ਅਲੋਚਨਾਤਮਕ ਦਰੁਸਤੀ ਦੇ ਬਾਵਜੂਦ, ਇਸ ਗਲਤੀ ਨੂੰ ਸੁਧਾਰਿਆ ਨਹੀਂ ਗਿਆ, ਸਗੋਂ ਗਲਤੀ, ਗੁਨਾਹ ਤੋਂ ਪਾਪ ਬਣ ਗਈ ਹੈ, ਜਿਸ ਦਾ ਖਮਿਆਜ਼ਾ ਮਨੁੱਖ ਜਾਤੀ ਦੀਆਂ ਅਗਲੀਆਂ ਨਸਲਾਂ ਭੁਗਤ ਰਹੀਆਂ ਹਨ। ਆਓ ਮਾਰਕਸ ਦੀ ਬੁਰਜੂਆਜੀ ਉਪਰ ਦਾਗੀ 'ਦਾਸ ਕੈਪੀਟਲ' ਰੂਪੀ 'ਮਿਜ਼ਾਈਲ' ਨੂੰ ਫਿਰ ਪੜਤਾਲੀਏ।

ਭਾਗ-6

ਮਾਰਕਸ ਦਾਰਸ਼ਨਿਕ ਪਰਵਰਗਾਂ; (philosophical categories) 'ਬੁਰਜੂਆਜੀ' ਅਤੇ 'ਪਰੋਲਤਾਰੀਆ' (ਸ਼ਬਦਾਂ) ਦੀ ਵਰਤੋਂ ਕਰਦਾ ਹੈ। ਇਹ ਬੁਰਜੂਆ; 'ਸਰਮਾਏ ਦੀ ਧਿਰ ਦੇ ਵਿਗਿਆਨ ਦਾ ਆਗੂ' ਅਤੇ ਪਰੋਲਤਾਰੀ ; 'ਕਿਰਤ ਦੀ ਧਿਰ ਦੇ ਵਿਗਿਆਨ ਦੇ ਆਗੂ' ਦਾ, ਨਾਮਕਰਨ ਹੈ। 'ਦਾਸ ਕੈਪੀਟਲ' ਇਹਨਾਂ ਦੋਵਾਂ ਦੇ "ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ" (ਵਿਰੋਧਵਿਕਾਸ) ਦਾ ਅਮਲ ਹੈ। ਮਾਰਕਸ, ਸਰਮਾਏ ਦੀ ਧਿਰ ਦੇ ਵਿਗਿਆਨ ਦਾ 'ਸਿਖਰ' (ਬੁਰਜੂਆ) ਨੂੰ ਬਿਆਨ ਕਰਦਿਆਂ ਲਿਖਦਾ ਹੈ :

"ਕਿਸੇ ਸਮਾਜ ਵਿੱਚ ਸਿਖਰ ਉਦੋਂ ਹਾਸਲ ਹੋਵੇਗੀ, ਜਦੋਂ ਕੁਲ ਸਮਾਜਕ ਸਰਮਾਇਆ ਜਾਂ ਤੇ ਇਕੋ ਪੂੰਜੀਦਾਰ ਦੇ ਜਾਂ ਇਕੋ ਸਰਮਾਏਦਾਰ ਕੰਪਨੀ ਦੇ ਹੱਥਾਂ ਵਿਚ ਇਕਮੁੱਠ ਹੋਵੇਗਾ।" (ਸਰਮਾਇਆ, ਸਫ਼ਾ 675)

ਇਹ ਸਰਮਾਏ ਦੇ ਇਕੱਤਰੀਕਰਨ ਅਤੇ ਕੇਂਦਰੀਕਰਨ ਦਾ ਅਮਲ ਹੈ। ਇਸ ਹਾਲਤ ਵਿੱਚ ਦੋ ਕੈਂਪਾਂ : ਬੁਰਜੂਆ ਅਤੇ ਪਰੋਲਤਾਰੀ ਵਿੱਚ ਧਰੁਵੀਕਰਨ ਤਿੱਖਾ ਹੁੰਦਾ ਹੈ। ਇਕ ਪਾਸੇ ਪ੍ਰਤੱਖ ਸਰਮਾਇਆ ਇਕੱਠਾ ਹੋ ਜਾਂਦਾ ਹੈ ਅਤੇ ਦੂਜੇ ਪਾਸੇ (ਪਰੋਲਤਾਰੀ) ਕੰਗਾਲੀ। ਇਸ ਰੂਪ ਵਿਚ ਮਾਰਕਸ ਸਰਮਾਏ ਦੀ "ਜੁੱਟ-ਬਣਤਰ" (Organic composition of Capital) ਰਾਹੀਂ ਸਮਾਜਕ ਹਾਲਾਤ ਬਿਆਨ ਕਰਦਾ ਹੈ। ਇਹ ਸੂਤਰ ਸਮੁੱਚੀ ਸਥਿਤੀ ਦੀ ਗੁੰਝਲਦਾਰ ਸਮਝ ਨੂੰ ਸੌਖਾ ਕਰ ਦਿੰਦਾ ਹੈ।

"ਸਰਮਾਏ ਦੀ ਜੁੱਟ-ਬਣਤਰ" ਕੀ ਹੈ?

ਮਾਰਕਸ ਆਪਣੀ 'ਖੋਜ' ਨੂੰ ਇਸ ਸੂਤਰ ਵਿੱਚ 'ਪੇਸ਼' ਕਰਦਾ ਹੈ ਕਿ ਕੁਲ ਸਮਾਜਕ ਸਰਮਾਇਆ (ਸਭ ਮਾਲਕਾਂ ਦੇ ਸਰਮਾਏ ਦਾ ਜੋੜ) ਆਪਣੇ ਗੁਣ ਦੇ ਆਧਾਰ 'ਤੇ "ਦੋ ਭਾਗਾਂ" ਵਿੱਚ ਨਾਮਕਰਨ ਹੁੰਦਾ ਅਤੇ ਅਮਲ ਧਾਰਦਾ ਹੈ:

1) "ਅਬਦਲ ਸਰਮਾਇਆ" (Constant Capital) ਜਿਸ ਨੂੰ ਅ ਸ (C.C) ਸੱਦਿਆ ਜਾਂਦਾ ਹੈ। ਅਤੇ ਦੂਜਾ-

2) "ਬਦਲਦਾ-ਸਰਮਾਇਆ" (Variable Capital) ਜਿਸ ਨੂੰ (V.C) ਸੱਦਿਆ ਜਾਂਦਾ ਹੈ।

ਇਹ ਸੂਤਰ ਅ. ਸ ਅਨੁਪਾਤ ਬ. ਸ (cc : vc) ,

ਮਾਰਕਸ ਦੀ "ਸੂਝ ਦੀ ਸਿਖਰ" ਦੀ ਕਮਾਲ ਹੈ।

ਇਹ, ਸਾਰੀ ਖੋਜ-ਪੜਤਾਲ ਦੀ 'ਸਮੂਹਕ-ਪੱਧਰ' (Macro-level) ਤੇ ਬੇਹਤਰੀਨ ਪੇਸ਼ਕਾਰੀ ਹੈ। ਉਤਪਾਦਨ ਕਿਰਿਆ ਵਿੱਚ ਪੈ ਕੇ ਵੀ ਜੋ "ਸਰਮਾਇਆ" ਵਧਦਾ ਨਹੀਂ, ਪਹਿਲਾਂ ਜਿੰਨਾ ਹੀ ਰਹਿੰਦਾ ਹੈ, ਇਸੇ ਗੁਣ ਕਰਕੇ ਮਾਰਕਸ ਇਸ ਨੂੰ ਅਬਦਲ ਸਰਮਾਇਆ (constant Capital) ਸੱਦਦਾ ਹੈ।

ਦੂਜੇ ਅਨੁਪਾਤੀ ਭਾਗ ਦਾ ਨਾਮਕਰਨ ;

ਮਾਰਕਸ ਦੀ ਲੱਭਤ ਕਿ 'ਕਿਰਤ-ਸ਼ਕਤੀ ਮੁੱਲ ਸਿਰਜਕ ਹੈ' ਇਹ ਮੁੱਲ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੁੰਦਾ ਹੈ", ਇਸ ਲਈ ਉਹ ਸਰਮਾਇਆ ਜੋ "ਕਿਰਤ-ਸ਼ਕਤੀ" ਦੀ ਖਰੀਦ ਕਰਨ ਉਤੇ, ਭਾਵ ਉਜਰਤਾਂ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ, ਕੇਵਲ ਇਹੀ ਵਧਦਾ, ਭਾਵ ਬਦਲਦਾ ਹੈ। ਇਸੇ ਗੁਣ ਕਾਰਨ ਬਦਲਦਾ-ਸਰਮਾਇਆ (Variable Capital) ਨਾਂਅ ਸੱਦਿਆ ਜਾਂਦਾ ਹੈ।

ਉਤਪਾਦਕਤਾ ਦਾ ਵਾਧਾ, ਸਰਮਾਏ ਦੀ ਜੁੱਟ-ਬਣਤਰ

ਅਨੁਪਾਤ ਵਿਚ, ਅਬਦਲ ਸਰਮਾਇਆ (cc) ਦੇ ਭਾਗ ਨੂੰ ਵੱਡਾ ਕਰਦਾ ਹੈ ਅਤੇ ਉਜਰਤਾਂ ਉਪਰ ਖਰਚ ਹੁੰਦੇ ਬਦਲਦੇ-ਸਰਮਾਏ (vc) ਦੇ ਅਨੁਪਾਤ ਨੂੰ ਛੋਟਾ ਕਰਦਾ ਹੈ। ਉਤਪਾਦਕਤਾ ਦੇ ਹਰ ਵਾਧੇ ਨਾਲ ਇਹ ਅਨੁਪਾਤ, ਅਬਦਲ ਸਰਮਾਇਆ ਦੇ ਪਾਸੇ ਵੱਡਾ ਹੋਈ ਜਾਂਦਾ ਹੈ। ਨਤੀਜੇ ਵਜੋਂ; ਨਵਾਂ ਵਾਧਾ, ਘਟਦੀ ਦਰ ਨਾਲ ਵਾਪਰਦਾ ਅਮਲ ਹੈ। ਵਾਧਾ-ਦਰ, ਹਰ ਵਾਰ ਘਟਦੇ ਰੂਪ ਵਿੱਚ ਵਾਪਰਦੀ ਹੈ।

ਅੱਜ ਕਿੰਨੇ ਸਾਰੇ ਵਿਕਸਤ ਸੱਦੇ ਜਾਂਦੇ ਦੇਸ਼ਾਂ ਦੀ ਵਿਕਾਸ (ਵਾਧਾ-ਦਰ) ਸਿਫਰ ਵੱਲ ਜਾਣ ਦੀਆਂ ਖਬਰਾਂ ਵਿੱਚ, ਹੋਰ ਕਾਰਨ ਦੇ ਨਾਲ ਇਕ ਇਹ 'ਮੁੱਖ' ਕਾਰਨ ਵੀ ਹੈ। (2024 ਦੀ ਅਨੁਮਾਨਤ ਸੰਸਾਰ ਵਿਕਾਸ, ਵਾਧਾ-ਦਰ ਦੇ ਅੰਕੜੇ ਇਸ ਸੂਤਰ ਦੀ ਪੁਸ਼ਟੀ ਕਰਦੇ ਹਨ ਜਿਸ ਵਿੱਚ ਜਰਮਨੀ ਦੀ ਵਿਕਾਸ ਦਰ ਜ਼ੀਰੋ ਅਨੁਮਾਨੀ ਗਈ ਹੈ)

"ਕਿਰਤ ਸ਼ਕਤੀ, ਮੁੱਲ ਸਿਰਜਕ ਹੈ। ਇਸ ਦੀ ਖਪਤ ਸਮੇਂ ਵਿਚ ਹੁੰਦੀ ਹੈ। ਇਹ ਸਮੇਂ ਵਿਚ ਮੁੱਲ ਸਿਰਜਦੀ ਹੈ। ਮੁੱਲ, ਜਮ੍ਹਾਂ ਹੋਇਆ ਕਿਰਤ-ਸ਼ਕਤੀ-ਸਮਾਂ ਹੈ"। 'ਸਰਮਾਏ ਦੀ ਜੁੱਟ-ਬਣਤਰ' ਮਾਰਕਸ ਦੇ ਖੋਜੇ ਦੀ ਸਮੂਹਕ (macro) ਰੂਪ ਪੇਸ਼ਕਾਰੀ ਹੈ।

ਇਸ ਸੂਤਰ ਤੋਂ ਇਨਕਾਰ ਨਹੀਂ ਹੋ ਸਕਦਾ।

ਬਹੁਤ ਸਾਰੇ 'ਬੁਰਜੂਆ-ਵਿਦਵਾਨ' ਮਾਰਕਸ ਦੇ ਇਸ ਸੂਤਰ 'ਚੋਂ ਪਰਚੰਡ ਹੁੰਦੀ ਸੋਚ ਨੂੰ ਖੁੰਢਾ ਕਰਨ ਲਈ, ਬੁਰਜੂਆ ਝਮੇਲੇ ਦੇ ਸੂਤਰ ਨਾਲ ਰਲਗੱਡ ਕਰਦੇ ਹਨ, ਕਿਉਂਕਿ, ਬੁਰਜੂਆਜੀ ਦੀ ਵੀ ਸਰਮਾਏ ਦੀ ਆਪਣੀ ਝਮੇਲਾ-'ਜੁੱਟ-ਬਣਤਰ' ਹੈ। ਉਹਨਾਂ ਦੇ ਨਾਮਕਰਨ (6.3 : 33) (Fixed Capital : Circulating Capital) ਸਥਿਰ-ਸਰਮਾਇਆ ਅਨੁਪਾਤ ਚਾਲੂ ਸਰਮਾਇਆ ਹਨ। ਉਹ 'ਕਿਰਤ-ਸ਼ਕਤੀ ਮੁੱਲ ਸਿਰਜਕ' ਦੀ ਧਾਰਨਾ ਦੇ ਵਿਰੋਧੀ ਹਨ ਅਤੇ ਝਮੇਲਾ ਪਾ ਕੇ "ਲੁੱਟ" ਨੂੰ ਢੱਕਦੇ ਅਤੇ ਵਰਤਾਰੇ ਨੂੰ ਗੈਰ ਵਿਗਿਆਨਕ ਕਰਦੇ ਹਨ।

ਨੋਟ ਕਰਨ ਯੋਗ ਹੈ ; ਬਹੁਤ ਸਾਰੇ 'ਮਾਰਕਸੀ-ਵਿਦਵਾਨ' ਵੀ ਆਪਣੇ ਲੇਖਾਂ (ਸਮੇਤ ਤਰਜਮਿਆਂ) ਵਿੱਚ ਮਾਰਕਸ ਦੇ ਇਸ ਸੂਤਰ ਨੂੰ 'ਸਥਿਰ' ਅਤੇ 'ਅਸਥਿਰ'- ਸਰਮਾਇਆ, ਲਿਖ ਕੇ "ਵਿਗਾੜਾਂ" (ਝਮੇਲੇ) ਵਿੱਚ ਵਾਧਾ ਕਰੀ ਜਾਂਦੇ ਹਨ। ਮਾਰਕਸ ਦੀ "Constant Capital" ਦਾ ਤਰਜਮਾ 'ਸਥਿਰ-ਸਰਮਾਇਆ' ਕਿਸੇ ਵੀ ਸੂਰਤ, ਢੁੱਕਵਾਂ ਨਹੀਂ ਹੈ। ਇਹ ਬੁਰਜੂਆ ਪਰਚਾਰ, ਪ੍ਰਭਾਵ ਦੇ ਪਾਏ, ਪਏ ਵਿਗਾੜ ਹਨ।

ਦਾਸ-ਕੈਪੀਟਲ : "ਜਿਣਸਾਂ" (Commodities)

ਤੋਂ ਸ਼ੁਰੂ ਹੁੰਦੀ ਹੈ। ਇਸ ਦੇ ਵਿਗਿਆਨਕ, ਦਵੰਦਵਾਦੀ-ਗਿਆਨ ਦੀ ਸਮਝਦਾਰੀ ਦੀ ਬੁਨਿਆਦ ਹੀ ਜਿਣਸ ਤੋਂ ਸ਼ੁਰੂ ਹੁੰਦੀ ਹੈ। ਸਾਰਾ ਉਸਾਰ ਇਸ ਦੀ ਸਮਝਦਾਰੀ ਉਪਰ ਹੈ। ਇਸ ਦੇ ਗਿਆਨ ਦੀ ਮਹੱਤਤਾ ਦਰਸਾਉਣ ਲਈ ਉਦਾਹਰਨ ਹੈ; ਜੇ ਸਮੁੰਦਰ ਦੇ ਪਾਣੀ ਦਾ ਕਲਚਰ ਜਾਨਣਾ ਹੋਵੇ ਤਾਂ ਸਾਰੇ ਪਾਣੀ ਦੀ ਥਾਂ ਇਕ ਬੂੰਦ ਦਾ ਕਲਚਰ ਜਾਣਿਆ ਹੀ ਪਤਾ ਲੱਗ ਜਾਂਦਾ ਹੈ। ਅੱਜ ਅਸੀਂ ਵਿਕਾਸ ਦੇ ਪੜਾਅ ਤੇ ਹਾਂ, ਖੂਨ ਦਾ ਕਲਚਰ ਜਾਨਣ ਲਈ ਇਕ ਬੂੰਦ ਖੂਨ ਹੀ ਨਤੀਜਾ ਦੇ ਦਿੰਦਾ ਹੈ। ਇਵੇਂ ਹੀ ਜਿਣਸ, ਇੱਕ ਇਕਾਈ (ਬੂੰਦ) ਹੈ, ਇਹ, ਸਰਮਾਏਦਾਰੀ ਦੇ "ਵਿਸ਼ਲੇਸ਼ਣ ਅਤੇ ਸੰਸਲੇਸ਼ਨ ਦੀ ਏਕਤਾ" ਦੀ, ਸਮੁੱਚੀ ਸਮਝਦਾਰੀ ਜਾਨਣ ਲਈ, ਇਸ ਦੀ ਸਮਝਦਾਰੀ ਸੰਪੂਰਨ ਗਿਆਨ ਦਿੰਦੀ ਹੈ।

ਜਿਣਸ:=ਵਰਤੋਂ-ਮੁੱਲ ਅਤੇ ਵਟਾਂਦਰਾ-ਮੁੱਲ ਹੈ।

ਇਹ ਕਿਰਤ ਦੇ ਕ੍ਰਿਸ਼ਮੇ ਹਨ। ਕਿਰਤ ਦੀ ਵੰਡ : ਇਹ ਠੋਸ ਅਤੇ ਅਮੂਰਤ ਹੈ।

* ਠੋਸ-ਕਿਰਤ, (ਕਿਰਤੀ+ਸੰਦ+19 ਤੱਕ) ਵਰਤੋਂ-ਮੁੱਲ (use-value) ਸਿਰਜਕ ਹੈ ਅਤੇ

* ਅਮੂਰਤ ਕਿਰਤ, ਵਸਤਾਂ (ਉਪਜਾਂ) ਵਿਚ ਮੁੱਲ ਜੋੜਦੀ ਹੈ।

* ਅਮੂਰਤ, 'ਕਿਰਤ ਸ਼ਕਤੀ' ਵੀ ਜਿਣਸ ਹੈ। ਇਹ ਦੋਵੇਂ ਗੁਣ ਰੱਖਦੀ ਹੈ। ਇਹ ਵੀ ਬਰਾਬਰੀ ਦੇ ਨੇਮ ਨਾਲ ਤਬਾਦਲੇਯੋਗ ਹੈ। ਇਸ ਤਰ੍ਹਾਂ ਜਿਣਸ ਦਾ "ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ" (ਦਵੰਦਵਾਦ), ਦਾਸ-ਕੈਪੀਟਲ ਰਾਹੀਂ ਸਰਮਾਏਦਾਰੀ ਦੇ ਅਰੰਭ, ਵਿਕਾਸ ਅਤੇ ਵਿਨਾਸ਼ ਦਾ ਅਧਿਐਨ ਹੈ ਅਤੇ ਨਵੇਂ, ਉਚੇਰੇ ਸਮਾਜਕ ਪ੍ਰਬੰਧ, ਜਿਸ ਦਾ ਵਿਗਿਆਨਕ ਨਾਮਕਰਨ, "ਸਮਾਜਵਾਦ", ਭਾਵ ਸਮਾਜ ਦੀ ਸਮੁੱਚੀ ਫਿਕਰਮੰਦੀ ਅਤੇ ਜਵਾਬਦੇਹੀ ਵਾਲਾ ਸਮਾਜ ਹੈ।

ਮਾਰਕਸ ਪਦਾਰਥਵਾਦੀ (ਵਿਰੋਧਵਿਕਾਸੀ) ਹੈ।

ਉਸ ਨੇ ਸਰਮਾਏਦਾਰੀ ਦਾ ਵਿਰੋਧਵਿਕਾਸ, ਦਾਸ ਕੈਪੀਟਲ ਵਿਚ ਪ੍ਰਗਟਾਇਆ ਹੈ। ਬੁਰਜੂਆ ਧਿਰ ਦੇ ਵਿਗਿਆਨ ਦਾ ਜ਼ਿਕਰ ਉਪਰ ਕਰ ਲਿਆ ਹੈ, ਜਿਸ ਨੂੰ ਅਮਲ ਵਿਚ ਮਨੁੱਖ ਜਾਤੀ ਹੰਢਾਅ, ਭੁਗਤ ਰਹੀ ਹੈ। ਉਤਪਾਦਨ ਦੇ ਸਾਧਨਾ ਦਾ ਵਿਕਾਸ ਆਰਟੀਫਿਸ਼ਲ ਇੰਟੈਲੀਜੈਂਸੀ (19) ਤੱਕ ਪੁੱਜ ਗਿਆ ਹੈ। ਇਹੀ ਅਬਦਲ ਸਰਮਾਇਆ (Constant Capital) ਹੈ।

ਪਰੋਲਤਾਰੀਏ ਦੀ ਧਿਰ ਦਾ ਵਿਗਿਆਨਕ ਅਮਲ ਕਿੱਥੇ ਉਲਝਿਆ ਹੈ ?

ਮਾਰਕਸ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ" ਵਿਚ

ਮੁੱਢਲੀ ਸਤਰ : "ਹੁਣ ਤੱਕ ਦੇ ਹੋਂਦ ਵਿਚਲੇ ਸਮਾਜਾਂ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ" ਲਿਖੀ ਹੋਈ ਹੈ।

ਦਾਸ-ਕੈਪੀਟਲ 'ਜਮਾਤੀ ਘੋਲ' ਬਾਰੇ ਕੀ ਬਿਆਨ ਕਰਦੀ ਹੈ। ਜਦੋਂ ਹੋਂਦ ਵਿਚਲੇ ਸਮਾਜਾਂ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ ਤਾਂ ਇਸ ਦੀ ਲਗਾਤਾਰਤਾ (ਰਫਤਾਰ) ਇਕਸਾਰ ਨਹੀਂ ਰਹਿ ਸਕਦੀ। ਇਹ ਕਦੀ ਤੇਜ਼, ਕਦੀ ਮੱਠਾ ਵੀ ਹੋਵੇਗਾ। ਇਸ ਦਾ ਜ਼ਿਕਰ ਕਾਰਲ ਮਾਰਕਸ ਨੇ ਦਾਸ ਕੈਪੀਟਲ ਦੀ ਭੂਮਿਕਾ ਵਿਚ ਦਰਜ ਕੀਤਾ ਹੈ :

"ਜਦੋਂ ਤੱਕ ਰਾਜਨੀਤਕ ਆਰਥਿਕਤਾ ਏਸ ਦੁਮੇਲ ਦੇ ਵਿੱਚ-ਵਿੱਚ ਰਹਿੰਦੀ ਹੈ, ਅਰਥਾਤ, ਜਦੋਂ ਤੱਕ ਪੂੰਜੀਵਾਦੀ ਰਾਜ ਨੂੰ ਸਮਾਜਕ ਪੈਦਾਵਾਰ ਦਾ ਬਿਲਕੁਲ ਹੀ ਆਖਰੀ ਰੂਪ ਸਮਝਿਆ ਜਾਂਦਾ ਹੈ, ਇਹਦੇ ਕਰਮ-ਵਿਕਾਸ ਦੀ ਲੰਘ ਜਾਣ ਵਾਲੀ ਇਤਿਹਾਸਕ ਮੰਜ਼ਲ ਨਹੀਂ ਸਮਝਿਆ ਜਾਂਦਾ, ਰਾਜਨੀਤਕ ਆਰਥਕਤਾ ਉਦੋਂ ਤੱਕ ਹੀ, ਵਿਗਿਆਨ ਬਣੀ ਰਹਿ ਸਕਦੀ ਹੈ, ਜਦੋਂ ਤੱਕ ਜਮਾਤੀ ਘੋਲ ਸੁੱਤਾ ਪਿਆ ਹੈ ਜਾਂ ਆਪਣੇ ਆਪ ਨੂੰ ਇੱਕਾ-ਦੁੱਕਾ ਅਤੇ ਨਿੱਖੜਵੇਂ ਵਰਤਾਰੇ ਦੇ ਰੂਪ ਵਿਚ ਪਰਗਟ ਕਰਦਾ ਹੈ। ਇੰਗਲੈਂਡ ਨੂੰ ਹੀ ਲਵੋ। ਉਹਦੀ ਰਾਜਨੀਤਕ ਆਰਥਕਤਾ ਉਸ ਦੌਰ ਦੀ ਹੈ, ਜਦੋਂ ਜਮਾਤੀ ਘੋਲ ਦਾ ਵਿਕਾਸ ਨਹੀਂ ਸੀ ਹੋਇਆ"। (ਮਾਰਕਸ ਦਾਸ-ਕੈਪੀਟਲ, ਦੂਜੀ ਜਰਮਨ ਐਡੀਸ਼ਨ ਦੀ ਭੂਮਿਕਾ 'ਚੋਂ)

ਤੱਥ ਬੜੇ ਹੱਠੀ ਹੁੰਦੇ ਹਨ। ਮਾਰਕਸ ਨੇ ਸਿੱਖਿਆ ਦਿੱਤੀ ਐ ਕਿ ਜਮਾਤੀ-ਘੋਲ ਸੌਂ ਜਾਣ ਦੇ ਵਰਤਾਰੇ ਵਿਚ ਵੀ ਜਾਂਦਾ ਜਾਂ ਜਾ ਸਕਦਾ ਹੈ। ਜਮਾਤੀ-ਘੋਲ ਦੇ ਮੱਠਾ ਅਤੇ ਤੇਜ਼ ਹੋਣ ਦਾ ਵਰਤਾਰਾ ਆਮ ਹੈ।

ਇਹ ਮਿਕਦਾਰੀ ਤਬਦੀਲੀਆਂ ਪਿੱਛੋਂ ਹੀ ਸਿਫਤੀ ਤਬਦੀਲੀਆਂ ਦੇ ਦੌਰ ਵਿੱਚੋਂ ਲੰਘਦਾ ਹੈ। ਸਿਫਤੀ ਤਬਦੀਲੀਆਂ ਤੇਜ਼ ਵਰਤਾਰਾ ਹੁੰਦਾ ਹੈ। ਇਹ ਛਾਲਾਂ ਨਾਲ ਅੱਗੇ ਵਧਦਾ ਹੈ।

"ਘੋਲਾਂ" ਵਿੱਚਲੇ ਅੰਤਰ ਵੀ ਧਿਆਨ ਮੰਗਦੇ ਹਨ।

* 'ਮਜ਼ਦੂਰ ਘੋਲ' ਅਤੇ 'ਜਮਾਤੀ-ਘੋਲ' ਵਿਚ ਅੰਤਰ ਹੁੰਦਾ ਹੈ। ਹਰ ਮਜ਼ਦੂਰ ਘੋਲ, ਜਮਾਤੀ ਘੋਲ ਨਹੀਂ ਹੁੰਦਾ, ਉਹ ਸਰਮਾਏਦਾਰਾ-ਪ੍ਰਬੰਧ ਦੇ ਅੰਦਰ ਹੀ ਸੁਧਾਰ ਹਾਸਲ ਕਰਨ ਤੱਕ ਸੀਮਤ ਹੁੰਦਾ ਹੈ। ਉਹ ਅੱਗੇਵਧੂ ਹੁੰਦਾ ਹੈ, ਪਰ ਜਮਾਤੀ-ਘੋਲ ਨਹੀਂ ਹੁੰਦਾ।

* 'ਆਰਥਕ ਘੋਲ' ਅਤੇ 'ਰਾਜਨੀਤਿਕ ਘੋਲ' ਵਿਚ ਵੀ ਅੰਤਰ ਹੁੰਦਾ ਹੈ। ਆਰਥਕ ਘੋਲ, ਇਕ ਤਰ੍ਹਾਂ ਕਿਰਤੀ ਘੋਲ ਹੀ ਹੁੰਦਾ ਹੈ, ਜੋ ਚਾਲੂ ਪਰਬੰਧ ਦੇ ਅੰਦਰ ਹੀ, ਆਰਥਕ-ਹਿੱਤ-ਪੂਰਤੀ ਦਾ, ਕਿਰਤੀ ਸੰਘਰਸ਼ ਹੁੰਦਾ ਹੈ। ਜਦੋਂ ਕਿ ਰਾਜਸੀ ਘੋਲ, ਦੋਹਰੇ ਖਾਸੇ ਦਾ, ਸੱਤਾ ਪ੍ਰਾਪਤੀ ਲਈ ਹੁੰਦਾ ਹੈ, ਜੋ ਆਰਥਕ ਹਿੱਤ ਪੂਰਤੀ ਵੀ ਕਰਦੀ ਹੈ। (ਲੈਨਿਨ ਨੇ ਟਰਾਟਸਕੀ ਨਾਲ ਬਹਿਸ ਵਿਚ, ਰਾਜਨੀਤਕ ਘੋਲ ਨੂੰ 'ਗਾੜ੍ਹਾ ਆਰਥਕ ਘੋਲ' ਵੀ ਕਿਹਾ ਹੈ।)

ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿੱਚ ਹੀ ਸਪੱਸ਼ਟ ਕਰ ਦਿੱਤਾ ਸੀ : "ਹਰ ਜਮਾਤੀ ਘੋਲ ਰਾਜਨੀਤਕ ਘੋਲ ਹੁੰਦਾ ਹੈ"। ਸੋ "ਜਮਾਤੀ ਘੋਲ" ਰਾਜਸੀ-ਸੱਤਾ ਪ੍ਰਾਪਤੀ ਲਈ ਘੋਲ ਹੁੰਦਾ ਹੈ।

ਇਸ ਵਖਰੇਵੇਂ ਨੂੰ ਮਾਰਕਸ ਨੇ ਨਿਊਯਾਰਕ ਵਾਸੀ 'ਫਰੈਡਰਿਕ ਬੋਲਟੇ ਨੂੰ ਖਤ' ਦੇ ਜਵਾਬ 1872 ਵਿੱਚ ਸਪੱਸ਼ਟ ਕਰ ਦਿੱਤਾ ਸੀ :

"ਇੰਟਰਨੈਸ਼ਨਲ ਦੀ ਸਥਾਪਨਾ ਸਮਾਜਵਾਦੀ ਜਾਂ ਅਰਧ ਸਮਾਜਵਾਦੀ ਧੜਿਆਂ ਦੀ ਥਾਂ ਮਜ਼ਦੂਰ ਜਮਾਤ ਦੀ ਇਕ ਸੱਚੀ-ਮੁੱਚੀ ਦੀ ਜੁਝਾਰ ਜਥੇਬੰਦੀ ਲਿਆਉਣ ਵਾਸਤੇ ਕੀਤੀ ਗਈ ਸੀ।...

"ਮਜ਼ਦੂਰ ਜਮਾਤ ਦੇ ਅੰਦੋਲਨ ਦਾ ਅੰਤਮ ਟੀਚਾ ਯਕੀਨਨ, ਇਸ ਜਮਾਤ ਲਈ ਰਾਜਨੀਤਕ ਸੱਤਾ ਜਿੱਤਣਾ ਹੈ ਅਤੇ ਇਸ ਦੇ ਲਈ ਲੋੜ ਹੈ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ ਹੋਵੇ ਅਤੇ ਇਕ ਅਜਿਹੀ ਜਥੇਬੰਦੀ ਜਿਹੜੀ ਇਸ ਦੇ ਆਰਥਕ ਸੰਘਰਸ਼ਾਂ ਵਿੱਚੋਂ ਉੱਠੇ, ਪਹਿਲੋਂ ਹੀ ਵਿਕਾਸ ਦੇ ਇਕ ਖਾਸ ਪੱਧਰ ਉੱਤੇ ਪਹੁੰਚੀ ਹੋਵੇ।

ਪਰੰਤੂ ਦੂਜੇ ਪਾਸੇ ਉਹ ਹਰੇਕ ਅੰਦੋਲਨ ਜਿਸ ਵਿਚ ਮਜ਼ਦੂਰ ਜਮਾਤ ਹਾਕਮ ਜਮਾਤ ਨੂੰ ਇਕ ਜਮਾਤ ਦੇ ਤੌਰ 'ਤੇ ਟੱਕਰਦੀ ਹੈ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸਨਿਗਧੇਂਦੂ ਭੱਟਾਚਾਰੀਆ

# ਜਾਤੀ ਚੇਤਨਾ ਦੁਆਰਾ ਜਾਤ ਨੂੰ ਤੋੜਿਆ ਨਹੀਂ ਜਾ ਸਕਦਾ : ਪ੍ਰੋ. ਆਨੰਦ ਤੇਲਤੁੰਬੜੇ

**ਅਨੁ. : ਬੂਟਾ ਸਿੰਘ ਮਹਿਮੂਦਪੁਰ**

ਪ੍ਰੋਫੈਸਰ ਆਨੰਦ ਤੇਲਤੁੰਬੜੇ ਉੱਘੇ ਵਿਦਵਾਨ ਅਤੇ ਨਾਗਰਿਕ ਅਧਿਕਾਰਾਂ ਦੇ ਕਾਰਕੁਨ ਹਨ, ਜੋ ਬੀ.ਆਰ. ਅੰਬੇਡਕਰ ਬਾਰੇ ਆਪਣੇ ਵਿਆਪਕ ਕੰਮ ਲਈ ਜਾਣੇ ਜਾਂਦੇ ਹਨ। ਅੰਬੇਡਕਰ ਦਾ ਜੀਵਨ ਤੇ ਕਾਰਜ ਅਤੇ ਨਾਲ ਹੀ ਜਾਤ ਦਾ ਮੁੱਦਾ। ਉਨ੍ਹਾਂ ਨੂੰ ਐਲਗਾਰ ਪ੍ਰੀਸ਼ਦ ਕੇਸ ਵਿਚ 2020 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 31 ਮਹੀਨੇ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਨਵੰਬਰ 2022 ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਪੇਸ਼ ਹੈ ਸਨਿਗਧੇਂਦੂ ਭੱਟਾਚਾਰੀਆ ਵੱਲੋਂ 72 ਸਾਲਾ ਆਨੰਦ ਤੇਲਤੁੰਬੜੇ ਨਾਲ ਕੀਤੀ ਗੱਲਬਾਤ :

**? ਜੇਲ੍ਹ ਵਿਚ ਰਹਿੰਦਿਆਂ ਤੁਸੀਂ ਜਾਤ ਦੇ ਕਿਸ ਨਵੇਂ ਪਹਿਲੂ ਬਾਰੇ ਸਿੱਖਿਆ।**

-ਮੈਂ ਜੇਲ੍ਹ ਵਿਚ ਜਾਤ ਦੇ ਮੁੱਦੇ ਬਾਰੇ ਕੁਝ ਨਹੀਂ ਸਿੱਖਿਆ, ਜੋ ਮੈਨੂੰ ਪਹਿਲਾਂ ਨਹੀਂ ਪਤਾ ਸੀ। ਪਿਛਲੇ ਚਾਰ ਦਹਾਕਿਆਂ ਤੋਂ ਨਾਗਰਿਕ ਅਧਿਕਾਰਾਂ ਦਾ ਕਾਰਕੁਨ ਹੋਣ ਦੇ ਨਾਤੇ ਮੈਂ ਵਿਚਾਰ-ਅਧੀਨ ਕੈਦੀਆਂ ਅਤੇ ਦੋਸ਼ੀਆਂ ਦੋਹਾਂ ਦੇ ਰੂਪ 'ਚ ਜੇਲ੍ਹਾਂ ਵਿਚ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦੀ ਬਹੁਤਾਤ ਤੋਂ ਜਾਣੂ ਸੀ। ਤਲੋਜਾ ਜੇਲ੍ਹ ਵੀ ਇਸ ਤੋਂ ਵੱਖਰੀ ਨਹੀਂ ਸੀ। ਐੱਨ.ਸੀ.ਆਰ.ਬੀ. (ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ) ਦੇ ਤਾਜ਼ਾ ਅੰਕੜਿਆਂ ਅਨੁਸਾਰ ਆਬਾਦੀ ਵਿਚ ਉਨ੍ਹਾਂ ਦੀ ਹਿੱਸੇਦਾਰੀ 39 ਪ੍ਰਤੀਸ਼ਤ ਦੇ ਮੁਕਾਬਲੇ ਜੇਲ੍ਹਾਂ 'ਚ ਉਨ੍ਹਾਂ ਦੀ ਗਿਣਤੀ 51 ਪ੍ਰਤੀਸ਼ਤ ਦੇ ਕਰੀਬ ਹੈ। ਇਸ ਦੇ ਲਈ ਪੂਰੀ ਤਰ੍ਹਾਂ ਮੌਜੂਦਾ ਹਕੂਮਤ ਜ਼ਿੰਮੇਵਾਰ ਨਹੀਂ ਹੈ ਜਿਸ ਨੇ ਇਨ੍ਹਾਂ ਭਾਈਚਾਰਿਆਂ ਨੂੰ ਆਪਣੇ ਚੋਣ ਲਾਹੇ ਲਈ ਆਪਣਾ ਮੁੱਖ ਨਿਸ਼ਾਨਾ ਬਣਾਇਆ ਹੈ। ਇਹ ਵਿਸ਼ੇਸ਼ਤਾ ਪਿਛਲੇ ਪ੍ਰਬੰਧ ਦੀ ਨਿਰੰਤਰਤਾ ਹੈ।

ਫਿਓਦਰ ਦੋਸਤੋਵਸਕੀ ਦੇ ਕਥਨ ਦੇ ਪ੍ਰਸੰਗ ਵਿਚ ਇਹ ਸਾਡੀ ਸੱਭਿਅਤਾ ਦੀ ਵਿਸ਼ੇਸ਼ਤਾ ਹੈ : "ਕਿਸੇ ਸਮਾਜ ਦੀ ਸੱਭਿਅਤਾ ਦੀ ਡਿਗਰੀ ਦਾ ਅੰਦਾਜ਼ਾ ਉਸ ਦੀਆਂ ਜੇਲ੍ਹਾਂ ਵਿਚ ਪ੍ਰਵੇਸ਼ ਕਰਕੇ ਲਗਾਇਆ ਜਾ ਸਕਦਾ ਹੈ।"

ਅੱਜਕੱਲ੍ਹ ਜੋ ਫਿਰਕੂ ਜ਼ਹਿਰ ਉਗਲਿਆ ਜਾ ਰਿਹਾ ਹੈ, ਉਹ ਕਾਰਨ ਨਹੀਂ ਹੈ, ਸਗੋਂ ਇਸ ਸੱਭਿਅਤਾ ਦੀ ਵਿਸ਼ੇਸ਼ਤਾ ਦਾ ਪ੍ਰਭਾਵ ਹੈ। ਭਾਵੇਂ ਕੋਈ ਇਸ ਨੂੰ ਜਾਤ, ਫਿਰਕੇ (ਧਰਮ) ਜਾਂ ਜਮਾਤ ਦੀਆਂ ਐਨਕਾਂ ਨਾਲ ਦੇਖੇ, ਤਸਵੀਰ ਤਕਰੀਬਨ ਇੱਕੋ ਜਿਹੀ ਰਹਿੰਦੀ ਹੈ।

ਇਹ ਤੱਥ ਇਕ ਮਹੱਤਵਪੂਰਨ ਸਵਾਲ ਉਠਾਉਂਦਾ ਹੈ : ਆਪਣੇ ਭਵਿੱਖ ਨੂੰ ਬਿਹਤਰ ਬਣਾਉਣ ਖ਼ਾਤਰ ਇਕ ਟਿਕਾਊ ਲੋਕ ਅੰਦੋਲਨ ਬਣਾਉਣ ਲਈ ਇਨ੍ਹਾਂ ਵਿੱਚੋਂ ਕਿਹੜੀ ਸ਼੍ਰੇਣੀ (ਕੈਟਾਗਰੀ) ਵਿਹਾਰਕ ਪੱਖੋਂ ਟਿਕਾਊ ਸ਼੍ਰੇਣੀ ਹੋਣੀ ਚਾਹੀਦੀ ਹੈ?

ਜੇਲ੍ਹਾਂ ਲੋਕਾਂ ਦੀਆਂ ਜਮਾਂਦਰੂ ਚੰਗੀਆਂ ਅਤੇ ਮਾੜੀਆਂ ਦੋਹਾਂ ਪ੍ਰਵਿਰਤੀਆਂ ਨੂੰ ਸਾਹਮਣੇ ਲਿਆਉਂਦੀਆਂ ਹਨ। ਉੱਥੇ ਇਕ ਕੈਦੀ ਨਾਲ ਮੇਰੀ ਪਹਿਲੀ ਮੁਲਾਕਾਤ ਇਸ ਸਵਾਲ ਦੇ ਨਾਲ ਹੋਈ ਕਿ ਕੀ ਮੈਂ ਮਰਾਠਾ ਹਾਂ?



ਮੈਂ ਹੱਕਾ-ਬੱਕਾ ਰਹਿ ਗਿਆ, ਪਰ ਮੈਂ 'ਹਾਂ' ਕਹਿ ਕੇ ਸ਼ਾਰਟਕੱਟ ਰਾਹ ਅਪਣਾਇਆ। ਮੈਨੂੰ ਉਮੀਦ ਸੀ ਕਿ ਮੇਰੇ ਤੋਂ ਮੇਰੇ ਗੋਤ ਬਾਰੇ ਹੋਰ ਪੁੱਛਗਿੱਛ ਕੀਤੀ ਜਾਵੇਗੀ, ਪਰ ਚੰਗੇ ਭਾਗਾਂ ਨੂੰ ਗੱਲ ਇੱਥੇ ਹੀ ਬੰਦ ਹੋ ਗਈ। ਇਸ ਨੇ ਸਿਰਫ਼ ਮੇਰੇ ਨਿਰੀਖਣ ਦੀ ਪੁਸ਼ਟੀ ਹੀ ਕੀਤੀ ਕਿ ਅੱਜ ਦਾ ਭਾਰਤ ਪਹਿਲਾਂ ਨਾਲੋਂ ਵੀ ਜ਼ਿਆਦਾ ਜਾਤੀਵਾਦੀ ਹੈ।

ਜਾਤੀ ਦੇ ਪ੍ਰਸੰਗ 'ਚ ਮੈਂ ਜੋ ਇਕ ਹੋਰ ਗੱਲ ਸੁਣੀ, ਉਹ ਸੀ ਵਿਤਕਰੇ ਵਿਰੁੱਧ ਕੁਝ ਅੰਬੇਡਕਰਵਾਦੀ ਨੌਜਵਾਨਾਂ ਦਾ ਸੰਘਰਸ਼। ਇਹ ਇਕ ਪਛਾਣ ਦੇ ਦਾਅਵੇ ਦੇ ਰੂਪ 'ਚ ਪ੍ਰਗਟ ਹੋਇਆ (ਜਿਸ ਨੂੰ ਮੈਂ ਅਸਵੀਕਾਰ ਕਰਦਾ ਹਾਂ) ਪਰ ਪ੍ਰਸ਼ਾਸਨ ਦੁਆਰਾ ਜਿਸ ਬੇਕਿਰਕੀ ਨਾਲ ਇਸ ਨੂੰ ਕੁਚਲਿਆ ਗਿਆ, ਉਹ ਬ੍ਰਾਹਮਣਵਾਦੀ ਹੰਕਾਰ ਨੂੰ ਦਰਸਾਉਂਦਾ ਹੈ।

ਕਿਹਾ ਜਾਂਦਾ ਹੈ ਕਿ ਇਸ ਸੰਘਰਸ਼ ਵਿਚ ਸ਼ਾਮਲ ਸਾਰੇ ਲੋਕਾਂ ਦੀ ਗਾਰਡਾਂ ਵੱਲੋਂ ਕੁੱਟਮਾਰ ਕੀਤੀ ਗਈ ਸੀ। ਇਸ ਦੀ ਅਗਵਾਈ ਕਰਨ ਵਾਲੇ ਸੁਰੇਸ਼ ਗਾਇਕਵਾੜ ਨੂੰ ਕਲਿਆਣ ਜੇਲ੍ਹ ਵਿਚ ਏਨੀ ਬੇਰਹਿਮੀ ਨਾਲ ਕੁੱਟਿਆ ਗਿਆ ਕਿ ਉਸ ਨੂੰ ਸਟਰੇਚਰ 'ਤੇ ਪਾ ਕੇ ਲਿਜਾਣਾ ਪਿਆ।

ਉਸ ਨੇ ਆਪਣਾ ਸੰਘਰਸ਼ ਜਾਰੀ ਰੱਖਿਆ ਅਤੇ ਉਸ ਦੀ ਮੁੜ ਕੁੱਟਮਾਰ ਕੀਤੀ ਗਈ ਤੇ ਉਸ ਨੂੰ ਠਾਣੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹ ਉਦੋਂ ਵਾਪਰਿਆ, ਜਦੋਂ ਆਈ.ਜੀ. ਜੇਲ੍ਹ ਖੁਦ ਦਲਿਤ ਸੀ।

ਇਸ ਨੇ ਇਕ ਵਾਰ ਫਿਰ ਮੇਰੀ ਧਾਰਨਾ ਨੂੰ ਸਾਬਤ ਕਰ ਦਿੱਤਾ ਕਿ 'ਰਾਖਵਾਂਕਰਨ' ਅੰਬੇਡਕਰ ਦੁਆਰਾ ਕਲਪਨਾ ਕੀਤੇ ਉਦੇਸ਼ ਨੂੰ ਪੂਰਾ ਨਹੀਂ ਕਰਦਾ ਹੈ।

**? ਕੀ ਦਲਿਤਾਂ ਦੀਆਂ ਆਪਣੀਆਂ ਦਰਜੇਬੰਦੀਆਂ ਹਨ ਅਤੇ ਉਹ ਦਲਿਤ ਰਾਜਨੀਤੀ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ।**

-ਦਲਿਤ ਆਪਣੇ-ਆਪ 'ਚ ਵਰਣਾਸ਼ਰਮ ਪ੍ਰਣਾਲੀ ਦਾ ਹਿੱਸਾ ਨਹੀਂ ਸਨ, ਪਰ ਉਨ੍ਹਾਂ ਦੀ ਅਲਹਿਦਗੀ ਅਤੇ ਨਾਲ ਦੀ ਨਾਲ ਉੱਚ ਜਾਤੀਆਂ ਉੱਪਰ ਉਨ੍ਹਾਂ ਦੀ ਨਿਰਭਰਤਾ ਨੇ ਉਨ੍ਹਾਂ ਨੂੰ ਆਪਣੇ ਛੇਕੇ ਹੋਏ ਸਮਾਜ ਲਈ ਉਸੇ ਤਰ੍ਹਾਂ ਦੇ ਦਰਜੇਬੰਦੀ ਵਾਲੇ ਢਾਂਚੇ ਦੀ ਨਕਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕੋਲ ਬ੍ਰਾਹਮਣ, ਨਾਈ, ਤਰਖਾਣ ਆਦਿ ਸਨ। ਦਰਜਾਬੰਦੀ ਜਾਤੀ ਦਾ ਸਾਰ ਹੈ ਅਤੇ ਇਹ ਰੋਗ ਭਾਰਤੀ ਉਪ-ਮਹਾਂਦੀਪ ਵਿਚ ਬਣੇ ਸਾਰੇ ਭਾਈਚਾਰਿਆਂ ਨੂੰ ਚਿੰਬੜਿਆ ਹੈ, ਚਾਹੇ ਉਹ ਕਿਸੇ ਵੀ ਧਰਮ ਦਾ ਪਾਲਣ ਕਰਦੇ ਹੋਣ।

ਜੇਕਰ ਤੁਸੀਂ ਮਹਾਰਾਸ਼ਟਰ ਨੂੰ ਦਲਿਤ ਰਾਜਨੀਤੀ ਦੇ ਘਰ ਵਜੋਂ ਲੈਂਦੇ ਹੋ ਤਾਂ ਤੁਹਾਨੂੰ ਸਪੱਸ਼ਟ ਤੌਰ 'ਤੇ ਦਲਿਤ ਜਾਤੀਆਂ ਦਾ ਪ੍ਰਭਾਵ ਮਿਲੇਗਾ, ਸਭ ਤੋਂ ਪਹਿਲਾਂ ਅੰਬੇਡਕਰ ਦੇ ਜ਼ਮਾਨੇ 'ਚ ਗੈਰ-ਮਹਾਰ ਦਲਿਤਾਂ (ਮਾਂਗ, ਚਾਂਭਾਰ, ਢੋਰ) ਦੀ ਅਲਹਿਦਗੀ 'ਚ ਅਤੇ ਫਿਰ ਉੱਪ-ਜਾਤੀਆਂ ਅਨੁਸਾਰ ਇਸ ਦੀ ਵੰਡ ਹੋਈ।

ਮਹਾਰਾਂ ਵਿਚ ਉੱਪ-ਜਾਤੀ ਦੀ ਚੇਤਨਾ ਏਨੀ ਜ਼ੋਰਦਾਰ ਸੀ ਕਿ ਬਾਬਾ ਸਾਹਿਬ ਅੰਬੇਡਕਰ ਨੂੰ ਸਹਿਭੋਜ ਵਰਗੇ ਤਰੀਕਿਆਂ ਰਾਹੀਂ ਉਨ੍ਹਾਂ ਨੂੰ ਇਕਜੁੱਟ ਕਰਨ ਲਈ ਵਿਸ਼ੇਸ਼ ਯਤਨ ਕਰਨੇ ਪਏ। ਕਿਹਾ ਜਾਂਦਾ ਹੈ ਕਿ ਰਿਪਬਲਿਕਨ ਪਾਰਟੀ ਆਫ ਇੰਡੀਆ (ਆਰ.ਪੀ.ਆਈ.), ਜਿਸ ਦੀ ਕਲਪਨਾ ਉਨ੍ਹਾਂ ਨੇ ਗੈਰ-ਕਾਂਗਰਸੀ, ਗੈਰ-ਕਮਿਊਨਿਸਟ ਵਿਰੋਧੀ-ਧਿਰ ਦੇ ਰੂਪ 'ਚ ਕੀਤੀ ਸੀ, ਮਹਾਰਾਂ ਉੱਪ ਜਾਤੀਆਂ/ਗੋਤਾਂ 'ਚ ਵੰਡੀ ਗਈ ਸੀ।

ਜਿਵੇਂ ਕਿ ਦਲਿਤ ਪੈਂਥਰਜ਼ ਦੇ ਬਾਨੀਆਂ ਵਿੱਚੋਂ ਇਕ ਜੇ.ਵੀ. ਪਵਾਰ ਨੇ ਆਪਣੀ ਕਿਤਾਬ ਵਿਚ ਪੁਸ਼ਟੀ ਕੀਤੀ ਹੈ, ਇਹ ਮਹਾਰ ਉੱਪ-ਜਾਤੀ ਦਲਿਤ ਪੈਂਥਰ ਅੰਦੋਲਨ ਦੌਰਾਨ ਵੀ ਸਾਹਮਣੇ ਆਈ ਸੀ, ਪਰ ਇਸ ਉੱਪਰ ਰੋਕ ਲਗਾ ਦਿੱਤੀ ਗਈ ਸੀ।

ਇਹ ਇਕੱਲੇ ਮਹਾਰਾਸ਼ਟਰ ਵਿਚ ਨਹੀਂ ਹੈ; ਦਲਿਤ ਅਸਮਾਨਤਾ, ਜੋ ਮਾਲਾ-ਮਾਡੀਗਾ ਸਿੰਡਰੋਮ ਦੁਆਰਾ ਸਭ ਤੋਂ ਵਧੀਆ ਢੰਗ ਨਾਲ ਦਰਸਾਈ ਜਾਂਦੀ ਹੈ, ਹਰ ਥਾਂ ਇਕ ਹਕੀਕਤ ਹੈ। ਅੱਜ ਭਾਜਪਾ ਵਰਗੀਆਂ ਪਾਰਟੀਆਂ ਵੱਲੋਂ ਰਾਜਨੀਤੀ ਵਿਚ ਇਸਦਾ ਘਿਣਾਉਣੇ ਤਰੀਕੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ।

ਇਹ ਮੇਰੀ ਧਾਰਨਾ ਨੂੰ ਵੀ ਸਾਬਤ ਕਰਦਾ ਹੈ ਕਿ ਜਾਤੀ ਸਰੋਤਾਂ (ਧਾਰਨਾਵਾਂ, ਚੇਤਨਾ, ਮੁਹਾਵਰੇ) ਦੀ ਵਰਤੋਂ ਕਰਕੇ ਜਾਤੀ ਸਿਰਫ਼ ਮਜ਼ਬੂਤ ਹੋਵੇਗੀ, ਇਸ ਦਾ ਕਦੇ ਖ਼ਾਤਮਾ ਨਹੀਂ ਹੋਵੇਗਾ। ਜੇਕਰ ਤੁਸੀਂ ਇਸ ਨੂੰ ਨਸ਼ਟ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਇਕ ਮੁਤਵਾਜ਼ੀ ਸ਼੍ਰੇਣੀ ਨੂੰ ਅਪਣਾਉਣਾ ਹੋਵੇਗਾ।

**? ਦਲਿਤ ਰਾਜਨੀਤੀ ਨੂੰ ਦ੍ਰਾਵਿੜ ਜਾਂ ਖੱਬੇ-ਪੱਖੀ ਰਾਜਨੀਤੀ ਨਾਲ ਮਿਲਾਉਣ ਦੀ ਗੁੰਜਾਇਸ਼ ਕੀ ਹੈ, ਜੋ ਹਿੰਦੂਤਵ ਦੇ ਦੋ ਵਿਚਾਰਧਾਰਕ ਵਿਰੋਧੀ ਹਨ।**

-ਜ਼ਹਿਰੀਲੀ ਪਾਲਾਬੰਦੀ ਦੇ ਯੁੱਗ ਵਿਚ ਇਸ ਬਾਰੇ ਗੱਲ ਕਰਨ ਵਿਚ ਬਹੁਤ ਦੇਰ ਹੋ ਗਈ ਹੈ। ਪਰ ਇਕ ਹਾਂਦਰੂ ਗੱਲ ਇਹ ਹੈ ਕਿ ਮੈਨੂੰ ਅਜੇ ਵੀ ਉਮੀਦ ਹੈ, ਦ੍ਰਾਵਿੜ ਰਾਜਨੀਤੀ ਤੋਂ ਨਹੀਂ, ਸਗੋਂ ਜਮਾਤੀ ਰਾਜਨੀਤੀ ਤੋਂ।

ਮੇਰੇ ਲਈ, ਜਾਤੀ ਇਕ ਜ਼ਹਿਰੀਲੀ ਪਛਾਣ ਹੈ, ਜਿਸ ਦਾ ਵਜੂਦ-ਸਮੋਇਆ ਗੁਣ ਅਮੀਬਾ ਵਾਂਗ ਵੰਡੇ ਜਾਣਾ ਹੈ; ਇਹ ਕਦੇ ਵੀ ਕਿਸੇ ਤਰ੍ਹਾਂ ਇਕੱਠੇ ਹੋਣ ਦਾ ਆਧਾਰ ਨਹੀਂ ਬਣ ਸਕਦਾ। ਇਸ ਦੀ ਇਕੋ-ਇਕ ਉਮੀਦ ਜਮਾਤ ਦੇ ਅਧਾਰ 'ਤੇ ਹੀ ਹੈ। ਮੇਰੇ ਆਲੋਚਕ ਮੇਰੇ ਉੱਪਰ ਮਾਰਕਸਵਾਦੀ ਦਾ ਠੱਪਾ ਲਾ ਦੇਣਗੇ। ਹਾਲਾਂਕਿ ਮੈਂ ਉਨ੍ਹਾਂ ਦੇ ਠੱਪਿਆਂ ਦੀ ਪ੍ਰਵਾਹ ਨਹੀਂ ਕਰਦਾ, ਮੈਂ ਉਨ੍ਹਾਂ ਦੀ ਅਗਿਆਨਤਾ ਦੂਰ ਕਰਨੀ ਚਾਹਾਂਗਾ ਕਿ ਜਮਾਤ ਦਾ ਮਤਲਬ ਜ਼ਰੂਰੀ ਤੌਰ 'ਤੇ ਮਾਰਕਸਵਾਦ ਨਹੀਂ ਹੈ।

ਮੌਜੂਦਾ ਤਾਕਤਾਂ ਬਾਰੇ ਆਪਣੀ ਸਮਝ ਦੇ ਆਧਾਰ 'ਤੇ ਆਪਣੀ ਰਾਜਨੀਤੀ ਬਣਾਉਣ ਲਈ ਤੁਹਾਡੇ ਕੋਲ ਅਜੇ ਵੀ ਕਈ ਪੱਧਰ ਦੀ ਆਜ਼ਾਦੀ ਹੈ।

ਸਮੱਸਿਆ ਇਹ ਹੈ ਕਿ ਇਸ ਮੁਲਕ ਵਿਚ ਜਮਾਤੀ ਰਾਜਨੀਤੀ ਦੀ ਕਦੇ ਵੀ ਲੋੜੀਂਦੀ ਕੋਸ਼ਿਸ਼ ਨਹੀਂ ਕੀਤੀ ਗਈ। ਕਿੱਧਰੇ ਹੋਰ ਇਸ ਦੀ ਅਸਫ਼ਲਤਾ ਮੇਰੇ ਲਈ ਜਾਇਜ਼ ਨੁਕਤਾ ਨਹੀਂ ਹੈ। ਭਾਰਤ ਸਿਰਫ਼ ਲੋਕਾਂ ਦੀ ਜਮਾਤ ਆਧਾਰਿਤ ਲਾਮਬੰਦੀ ਰਾਹੀਂ ਹੀ ਇਸ ਸਭਿਅਤਾਗਤ (ਜਾਤੀ) ਰਾਜਨੀਤੀ ਤੋਂ ਛੁਟਕਾਰਾ ਪਾ ਸਕਦਾ ਹੈ।

ਮੇਰੇ ਅਨੁਸਾਰ ਸਿਰਫ਼ ਇਹੀ ਗੱਲ ਹਿੰਦੂਤਵ ਵਰਗੇ ਖ਼ਤਰਨਾਕ ਅੰਦੋਲਨਾਂ ਨੂੰ ਮਜ਼ਬੂਤ ਵਿਚਾਰਧਾਰਕ ਟੱਕਰ ਦੇ ਸਕਦੀ ਹੈ।

**? ਸੰਵਿਧਾਨਵਾਦ ਅਤੇ ਸਰਗਰਮੀਵਾਦ ਦਰਮਿਆਨ ਬਹਿਸ ਨੇ ਸਾਲਾਂ ਤੋਂ ਅੰਬੇਡਕਰਵਾਦੀ ਲਹਿਰ ਨੂੰ ਪ੍ਰਭਾਵਿਤ ਕੀਤਾ ਹੈ। ਹੁਣ ਇਹ ਕਿੰਨੀ ਕੁ ਪ੍ਰਸੰਗਿਕ ਹੈ।**

-ਇਹ ਹੁਣ ਮਹੱਤਵਪੂਰਨ ਨਹੀਂ ਹੈ। ਇਸ ਉੱਪਰ ਲੰਮੇ ਸਮੇਂ ਤੋਂ ਮੌਕਾਪ੍ਰਸਤੀ ਭਾਰੂ ਰਹੀ ਹੈ। ਇਹ ਮੁੱਖ ਤੌਰ 'ਤੇ ਅੰਬੇਡਕਰਵਾਦ ਕੀ ਹੈ ਦੇ ਮੁੱਦੇ ਉੱਪਰ ਆਰ.ਪੀ.ਆਈ. (ਰਿਪਬਲਿਕਨ ਪਾਰਟੀ) ਦੇ ਅੰਦਰ ਸ਼ੁਰੂਆਤੀ ਬਹਿਸ ਵਿਚ ਉੱਭਰਿਆ ਸੀ।

ਇਕ ਗਰੁੱਪ ਦਾ ਮੰਨਣਾ ਸੀ ਕਿ ਸੰਵਿਧਾਨਵਾਦ ਅੰਬੇਡਕਰਵਾਦ ਹੈ, ਜੋ ਸੰਘਰਸ਼ ਦੀ ਵਕਾਲਤ ਕਰਨ ਵਾਲੇ ਦੂਜੇ ਗਰੁੱਪ ਦਾ ਵਿਰੋਧ ਕਰਦਾ ਸੀ। ਪਹਿਲੇ ਗਰੁੱਪ ਨੇ ਦੂਜੇ ਉੱਪਰ ਮਾਰਕਸਵਾਦ ਦਾ ਠੱਪਾ ਲਗਾ ਕੇ ਘਟੀਆ ਪ੍ਰਚਾਰ ਕੀਤਾ। ਇਸ ਨਾਲ ਆਰ.ਪੀ.ਆਈ. ਵੰਡੀ ਗਈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

3-Sep-Sunday.qxd 9/2/2023 10:31 PM Page 5



# ਅਗਲੀਆਂ ਚੋਣਾਂ ਨੇੜੇ 'ਇੱਕ ਦੇਸ਼, ਇੱਕ ਚੋਣ' ਦਾ ਤਜਰਬਾ ਕਿਸ ਪਾਸੇ ਲੈ ਜਾਵੇਗਾ ਭਾਰਤ ਨੂੰ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਦੀਆਂ ਚੋਣਾਂ ਮਿਥੇ ਹੋਏ ਸਮੇਂ ਮੁਤਾਬਕ ਹੋਣ ਤਾਂ ਅਗਲੀ ਮਾਰਚ ਤੋਂ ਪਹਿਲਾਂ ਕਿਸੇ ਥਾਂ ਵੋਟਾਂ ਪੈਣ ਦੀ ਗੱਲ ਸੋਚਣੀ ਫਜ਼ੂਲ ਹੈ, ਪਰ ਹਾਲਾਤ ਸੰਕੇਤ ਦੇਂਦੇ ਹਨ ਕਿ ਸਰਕਾਰ ਅਗੇਤੇ ਚੋਣਾਂ ਕਰਾਉਣ ਦਾ ਜੂਆ ਵੀ ਖੇਡ ਸਕਦੀ ਹੈ। ਏਦਾਂ ਦਾ ਫੈਸਲਾ ਕਰਨ ਲਈ ਕੇਂਦਰ ਦੀ ਸਰਕਾਰ ਚਲਾਉਂਦੀ ਭਾਜਪਾ ਦੇ ਕਿਸੇ ਅਦਾਰੇ ਵੱਲੋਂ ਮੀਟਿੰਗ ਦੀ ਲੋੜ ਨਹੀਂ, ਸਿਰਫ ਦੋ ਆਗੂ; ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਆਪੋ ਵਿੱਚ ਗੱਲ ਕਰ ਲੈਣਾ ਕਾਫੀ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਚਾਨਕ ਮੀਡੀਏ ਮੂਹਰੇ ਆ ਕੇ ਕੋਈ ਵੱਡਾ ਐਲਾਨ ਕਰਨ ਦਾ ਅੱਜ ਤੱਕ ਦਾ ਸੁਭਾਅ ਵੇਖਦਿਆਂ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਿਸੇ ਦਿਨ ਉਹ ਏਦਾਂ ਹੀ ਅਚਾਨਕ ਇਹ ਐਲਾਨ ਕਰ ਦੇਣਗੇ ਕਿ ਅਜੋਕੀ ਲੋਕ ਸਭਾ ਅੱਜ ਰਾਤ ਬਾਰਾਂ ਵਜੇ ਤੋਂ ਬਾਅਦ ਸਾਬਕਾ ਹੋ ਜਾਵੇਗੀ ਤੇ ਦੇਸ਼ ਦੇ ਲੋਕਾਂ ਨੂੰ ਨਵੀਂ ਲੋਕ ਸਭਾ ਚੁਣਨ ਦਾ ਅਗੇਤਾ ਮੌਕਾ ਦਿੱਤਾ ਜਾ ਰਿਹਾ ਹੈ। ਇਸ ਵਾਰ ਉਨ੍ਹਾ ਜਿਵੇਂ ਪਾਰਲੀਮੈਂਟ ਦਾ ਪੰਜ ਸੈਸ਼ਨਾਂ ਦਾ ਵਿਸ਼ੇਸ਼ ਸਮਾਗਮ ਸੱਦਿਆ ਹੈ, ਉਸ ਦਾ ਏਜੰਡਾ ਵੀ ਨਹੀਂ ਦੱਸਿਆ ਗਿਆ ਤੇ ਇਸ ਕੰਮ ਲਈ ਕਿਸੇ ਕਮੇਟੀ ਵਿੱਚ ਵਿਚਾਰ ਕਰਨ ਦੀ ਲੋੜ ਵੀ ਨਹੀਂ ਸਮਝੀ, ਉਸ ਤੋਂ ਸਾਫ ਹੈ ਕਿ ਉਹ ਕੁਝ ਵਾਹਵਾ ਵੱਡਾ ਕਦਮ ਚੁੱਕਣ ਦੀ ਤਿਆਰੀ ਵਿੱਚ ਹਨ, ਕਦਮ ਉਹ ਕੀ ਹੋਵੇਗਾ, ਇਸ ਬਾਰੇ ਗੱਲ ਗੋਲ ਜਿਹੀ ਰੱਖੀ ਗਈ ਹੈ। ਇਸ ਦੌਰਾਨ ਜਿਵੇਂ ਪੈਟਰੋਲ-ਡੀਜ਼ਲ ਦੇ ਬਹੁਤ ਵਧਾਏ ਭਾਅ ਹੇਠਾਂ ਲਿਆਉਣ ਦਾ ਕੰਮ ਕੀਤਾ ਗਿਆ ਅਤੇ ਰਸੋਈ ਗੈਸ ਦੀ ਕੀਮਤ ਘਟਾਉਣ ਦੇ ਨਾਲ ਹੀ ਜਿਨ੍ਹਾਂ ਘਰਾਂ ਵਿੱਚ ਰਸੋਈ ਗੈਸ ਦੇ ਸਿਲੰਡਰ ਤੱਕ ਨਹੀਂ, ਉਨ੍ਹਾਂ ਨੂੰ ਇਹ ਸਿਲੰਡਰ ਦੇਣ ਦਾ ਫੈਸਲਾ ਵੀ ਹੋ ਗਿਆ ਹੈ, ਇਹ ਅਤੇ ਏਹੋ ਜਿਹੇ ਹੋਰ ਕਦਮ ਦੱਸਦੇ ਹਨ ਕਿ ਸਰਕਾਰ ਦੇ ਇਰਾਦੇ ਵੱਡਾ ਮੈਚ ਖੇਡਣ ਦੀ ਤਿਆਰੀ ਵਾਲੇ ਹਨ।

ਸਿਰਫ ਸਰਕਾਰ ਚਲਾਉਂਦੀ ਧਿਰ ਨਹੀਂ, ਵਿਰੋਧੀ ਪਾਰਟੀਆਂ ਦੇ ਲੀਡਰ ਵੀ ਅਗਲੇ ਵੱਡੇ ਮੁਕਾਬਲੇ ਵਾਸਤੇ ਕਾਫੀ ਤੇਜ਼ੀ ਨਾਲ ਮੀਟਿੰਗਾਂ ਵਿੱਚ ਰੁੱਝੇ ਪਏ ਹਨ। ਵਿਰੋਧ ਦੀਆਂ ਅਠਾਈ ਪਾਰਟੀਆਂ ਦਾ ਸਾਂਝਾ ਗੱਠਜੋੜ, ਜਿਸ ਦਾ ਛੋਟਾ ਨਾਂਅ 'ਇੰਡੀਆ' ਰੱਖਿਆ ਗਿਆ ਹੈ, ਲੋਕਾਂ ਸਾਹਮਣੇ ਪੇਸ਼ ਹੋਣ ਲਈ ਆਪਸੀ ਮੀਟਿੰਗਾਂ ਤੋਂ ਇਲਾਵਾ ਅਗਲੇ ਪ੍ਰੋਗਰਾਮ ਲਈ ਵੀ ਵਿਚਾਰਾਂ ਕਰਨ ਲੱਗ ਪਿਆ ਹੈ। ਤੇਰਾਂ ਮੈਂਬਰੀ ਤਾਲਮੇਲ ਕਮੇਟੀ ਵੀ ਬਣ ਗਈ ਹੈ, ਪਰ ਇਸ ਵਿੱਚ ਕੁਝ ਅੜਿੱਕੇ ਪੈਣ ਦਾ ਝਾਉਲਾ ਮੁੱਢ ਵਿੱਚ ਹੀ ਪੈਣ ਲੱਗ ਪਿਆ ਹੈ। ਪਹਿਲੀ ਗੱਲ ਇਹੋ ਹੈ ਕਿ ਗੱਠਜੋੜ ਦੀ ਸਭ ਤੋਂ ਵੱਡੀ ਧਿਰ ਕਾਂਗਰਸ ਨੇ ਆਪਣਾ ਕੋਈ ਮੁਖੀ ਆਗੂ ਇਸ ਤਾਲਮੇਲ ਕਮੇਟੀ ਵਿੱਚ ਪਾਉਣ ਦੀ ਥਾਂ ਕੇ ਸੀ ਵੇਣੂਗੋਪਾਲ ਨੂੰ ਅੱਗੇ ਕੀਤਾ ਹੈ, ਕਿਉਂਕਿ ਜੇ ਉਹ ਅਜੋਕੇ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੇਸ਼ ਕਰਦੇ ਤਾਂ ਕਾਂਗਰਸੀ ਵਰਕਰਾਂ ਨੇ ਉਤਸ਼ਾਹ ਨਾਲ ਸਰਗਰਮੀ ਨਹੀਂ ਸੀ ਕਰਨੀ ਅਤੇ ਜੇ ਰਾਹੁਲ ਗਾਂਧੀ ਨੂੰ ਅੱਗੇ ਕਰਦੇ ਤਾਂ ਖੜਗੇ ਨੂੰ ਲੋਕਾਂ ਨੇ ਕਾਗਜ਼ੀ ਪ੍ਰਧਾਨ ਸਮਝ ਲੈਣਾ ਸੀ। ਦੂਸਰੀ ਇਹ ਕਿ ਸਮਾਜਵਾਦੀ ਪਾਰਟੀ ਸ਼ੁਰੂ ਵਿੱਚ ਇਸ ਗੱਠਜੋੜ ਵਿੱਚ ਆਉਣ ਤੋਂ ਝਿਜਕਦੀ ਸੀ, ਫਿਰ ਆਈ ਤਾਂ ਜਦੋਂ ਗੱਠਜੋੜ ਦੀ ਮੀਟਿੰਗ ਵਿੱਚ ਵੱਡੇ ਫੈਸਲੇ ਹੋਣੇ ਸਨ, ਓਦੋਂ ਸਾਬਕਾ ਕਾਂਗਰਸੀ ਆਗੂ ਕਪਿਲ ਸਿੱਬਲ ਨੂੰ ਸਾਂਝੀ ਮੀਟਿੰਗ ਦੇ ਕੇਂਦਰੀ ਮੰਚ ਉੱਤੇ ਲਿਆ ਬਿਠਾਇਆ। ਭਾਰਤ ਦਾ ਇਹ ਸਾਬਕਾ ਮੰਤਰੀ ਕਾਂਗਰਸ ਵਿੱਚ ਹੁੰਦਿਆਂ ਸੋਨੀਆ ਗਾਂਧੀ ਅਤੇ ਉਸ ਦੇ ਪੁੱਤਰ ਰਾਹੁਲ ਨੂੰ ਚੁਣੌਤੀ ਦੇਣ ਵਾਲੇ 'ਗਰੁੱਪ ਆਫ 23' ਵਿੱਚ ਹੁੰਦਾ ਸੀ ਤੇ ਫਿਰ ਜਦੋਂ ਉਹ ਕਾਂਗਰਸ ਛੱਡ ਗਿਆ ਤਾਂ ਉਸ ਨੇ ਓਦੋਂ ਵੀ ਇਨ੍ਹਾਂ ਬਾਰੇ ਅਣਸੁਖਾਵੀਂਆਂ ਟਿੱਪਣੀਆਂ ਕੀਤੀਆਂ ਸਨ, ਜਿਨ੍ਹਾਂ ਤੋਂ ਕਾਂਗਰਸ ਕੌੜ ਮਨਾਉਂਦੀ ਸੀ। ਇਹ ਮਾਮਲੇ ਛੱਡ ਵੀ ਦਿੱਤੇ ਜਾਣ ਤਾਂ ਇਸ ਗੱਠਜੋੜ ਦੀ ਚੋਣ ਰਣਨੀਤੀ ਸਪੱਸ਼ਟ ਹੋਣ ਵਿੱਚ ਹਾਲੇ ਕੁਝ ਸਮਾਂ ਲੱਗੇਗਾ।

ਦੂਸਰੇ ਪਾਸੇ ਭਾਜਪਾ ਲੀਡਰਸ਼ਿਪ ਅਤੇ ਖਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟੀਮ ਇਸ ਦੇਸ਼ ਦੇ ਲਈ 'ਇੱਕ ਦੇਸ਼, ਇੱਕ ਚੋਣ' ਦਾ ਫਾਰਮੂਲਾ ਚੁੱਕ ਤੁਰੀ ਹੈ, ਜਿਸ ਦਾ ਕਾਰਨ ਬਾਕੀ ਸਾਰੇ ਲੀਡਰਾਂ ਤੋਂ ਇਕੱਲੇ ਨਰਿੰਦਰ ਮੋਦੀ ਦੇ ਵਡੇਰੇ ਅਕਸ ਦਾ ਲਾਭ ਲੈਣ ਦੀ ਖਾਸ ਰਣਨੀਤੀ ਹੈ। ਕਿਸੇ ਵਕਤ ਇੰਦਰਾ ਗਾਂਧੀ ਤੇ ਉਸ ਨਾਲ ਜੁੜੇ ਆਗੂਆਂ ਦੇ ਮਨ ਵਿੱਚ ਹੁੰਦਾ ਸੀ ਕਿ ਇੰਦਰਾ ਗਾਂਧੀ ਜਿੱਡੇ ਸਿਆਸੀ ਕੱਦ ਵਾਲਾ ਕੋਈ ਹੋਰ ਆਗੂ ਨਹੀਂ ਅਤੇ ਜੇ ਲੋਕਾਂ ਤੋਂ ਉਮੀਦਵਾਰ ਦੇ ਨਾਂਅ ਉੱਤੇ ਸਿੱਧੀਆਂ ਵੋਟਾਂ ਮੰਗਣੀਆਂ ਹੋਣ ਤਾਂ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਇਸ ਸੋਚ ਹੇਠ ਕਾਂਗਰਸੀ ਆਗੂਆਂ ਨੇ ਦੋ ਵਾਰੀ ਇਹ ਗੱਲ ਵੀ ਚਲਾਈ ਕਿ ਭਾਰਤ ਵਿੱਚ ਅਮਰੀਕਾ ਵਾਂਗ ਰਾਸ਼ਟਰਪਤੀ ਦੇ ਹੱਥ ਸਾਰੇ ਕੰਟਰੋਲ ਦੀ ਕਿਸਮ ਦਾ ਰਾਜ ਚਾਹੀਦਾ ਹੈ, ਪ੍ਰਧਾਨ ਮੰਤਰੀ ਨਹੀਂ ਹੋਣਾ ਚਾਹੀਦਾ ਅਤੇ ਰਾਸ਼ਟਰਪਤੀ ਅਹੁਦੇ ਲਈ ਲੋਕਾਂ ਨੂੰ ਸਿੱਧੀ ਵੋਟ ਪਾਉਣ ਦਾ ਮੌਕਾ ਦੇਣਾ ਚਾਹੀਦਾ ਹੈ। ਓਦੋਂ ਉਹ ਸੋਚ ਸਿਰੇ ਨਹੀਂ ਸੀ ਚੜ੍ਹੀ। ਅੱਜਕੱਲ੍ਹ ਇਹੋ ਸੋਚ ਭਾਜਪਾ ਹਾਈ ਕਮਾਨ ਦੇ ਮਨਾਂ ਵਿੱਚ ਹੈ ਕਿ ਸਾਰੇ ਦੇਸ਼ ਦੇ ਲੋਕਾਂ ਤੋਂ ਇੱਕ-ਇੱਕ ਸੀਟ ਜਾਂ ਦੇਸ਼ ਦੀ ਪਾਰਲੀਮੈਂਟ ਦੇ ਬਜਾਏ ਸਿਰਫ ਇੱਕ ਆਗੂ ਦੀ ਕਮਾਨ ਦੇ ਨਾਹਰੇ ਹੇਠ ਵੋਟਾਂ ਪਈਆਂ ਤਾਂ ਨਰਿੰਦਰ ਮੋਦੀ ਦੇ ਮੁਕਾਬਲੇ ਹੋਰ ਕੋਈ ਟਿਕਣ ਵਾਲਾ ਨਹੀਂ ਤੇ ਇਸ ਤਰ੍ਹਾਂ ਭਾਜਪਾ ਨੂੰ ਲੋਕ ਸਭਾ ਨਾਲ ਰਾਜਾਂ ਵਿੱਚ ਵੀ ਜਿੱਤਣ ਦਾ ਮੌਕਾ ਮਿਲ ਜਾਵੇਗਾ। ਇਕੱਠੀ ਵੋਟ ਪਾਉਂਦੇ ਵਕਤ ਜਦੋਂ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਇਹ ਸੋਚਣਗੇ ਕਿ ਹੇਠਾਂ ਜੋ ਵੀ ਹੁੰਦਾ ਰਹੇ, ਦੇਸ਼ ਦੀ ਵਾਗ ਨਰਿੰਦਰ ਮੋਦੀ ਵਰਗੇ ਆਗੂ ਦੇ ਹੱਥ ਹੀ ਦੇਣੀ ਹੈ ਤਾਂ ਦੂਸਰਾ ਬਟਨ ਵੀ ਓਸੇ ਦੀ ਪਾਰਟੀ ਵਾਲਾ ਦਬਾਈ ਜਾਣਗੇ। ਮੱਧ ਪ੍ਰਦੇਸ਼, ਹਰਿਆਣਾ ਤੇ ਉੱਤਰ ਪ੍ਰਦੇਸ਼ ਜਾਂ ਆਸਾਮ ਅਤੇ ਉੱਤਰਾਖੰਡ ਹੀ ਨਹੀਂ, ਕਈ ਹੋਰ ਰਾਜਾਂ ਵਿੱਚ ਵੀ ਭਾਜਪਾ ਦੇ ਮੁੱਖ ਮੰਤਰੀਆਂ ਨੂੰ ਲੋਕਾਂ ਵਿੱਚ ਵਿਗੜੇ ਹੋਏ ਅਕਸ ਨੇ ਚਿੰਤਾ ਲਾਈ ਪਈ ਹੈ ਤੇ ਉਹ ਅਗੇਤੀਆਂ ਚੋਣਾਂ ਕਰਵਾ ਕੇ ਦੇਸ਼ ਦੀ ਚੋਣ ਦੇ ਨਾਲ ਆਪਣੀ ਬੇੜੀ ਸਿਰੇ ਲੱਗਦੀ ਵੇਖਣ ਦੇ ਸੁਫਨੇ ਲੈਣ ਲੱਗ ਪਏ ਹਨ। ਸਿੱਟਾ ਇਸ ਦਾ ਕੀ ਨਿਕਲੇਗਾ, ਪਤਾ ਨਹੀਂ।

ਤੀਸਰਾ ਪੱਖ ਇਸ ਦੇਸ਼ ਦੇ ਹਾਲਾਤ ਅਤੇ ਉਨ੍ਹਾਂ ਹਾਲਾਤ ਦੇ ਕਾਰਨ 'ਇੱਕ ਦੇਸ਼, ਇੱਕ ਚੋਣ' ਵਾਲੇ ਕਦਮ ਪੁੱਟਣ ਨਾਲ ਪੈ ਸਕਦੇ ਪ੍ਰਭਾਵਾਂ ਦਾ ਹੈ। ਭਾਜਪਾ ਆਗੂ ਉਨ੍ਹਾਂ ਦੇਸ਼ਾਂ ਦੀਆਂ ਮਿਸਾਲਾਂ ਦੇਂਦੇ ਹਨ, ਜਿਨ੍ਹਾਂ ਵਿੱਚ ਪਾਰਲੀਮੈਂਟ ਦੀ ਚੋਣ ਦੇ ਨਾਲ ਰਾਜਾਂ ਦੀਆਂ ਚੋਣਾਂ ਵੀ ਕਰਵਾਈਆਂ ਜਾਂਦੀਆਂ ਹਨ ਅਤੇ ਸਭ ਕੁਝ ਠੀਕ-ਠਾਕ ਹੋ ਸਕਦਾ ਹੈ। ਇਸਰਾਈਲ ਸਾਡੇ ਦੇਸ਼ ਦੇ ਲੋਕਾਂ ਲਈ ਅੱਜਕੱਲ੍ਹ ਅਣਜਾਣਿਆ ਦੇਸ਼ ਨਹੀਂ ਰਿਹਾ ਤੇ ਉਸ ਦੇ ਮੁਖੀ ਆਗੂਆਂ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨਜ਼ਦੀਕੀਆਂ ਵੀ ਕਿਸੇ ਤੋਂ ਗੁੱਝੀਆਂ ਹੋਈਆਂ ਨਹੀਂ ਹਨ। ਉਸ ਦੇਸ਼ ਵਿੱਚ ਪਾਰਲੀਮੈਂਟ ਚੋਣ ਲਈ ਅਪਰੈਲ 2019 ਵਿੱਚ ਵੋਟਾਂ ਪਈਆਂ ਸਨ ਤਾਂ ਇੱਕ ਸੌ ਵੀਹ ਮੈਂਬਰੀ ਹਾਊਸ ਵਿੱਚ ਦੋਵਾਂ ਵੱਡੀਆਂ ਧਿਰਾਂ ਨੂੰ ਪੈਂਤੀ-ਪੈਂਤੀ ਸੀਟਾਂ ਮਿਲੀਆਂ ਸਨ। ਛੋਟੀਆਂ ਪਾਰਟੀਆਂ ਦਾ ਤਰਲਾ ਮਾਰ ਕੇ ਸਰਕਾਰ ਬਣਾਈ ਗਈ ਸੀ, ਪਰ ਚਲਾਉਣ ਵਿੱਚ ਆਈਆਂ ਮੁਸ਼ਕਲਾਂ ਕਾਰਨ ਮਸਾਂ ਪੰਜ ਮਹੀਨਿਆਂ ਬਾਅਦ ਸਤੰਬਰ ਵਿੱਚ ਫੇਰ ਚੋਣਾਂ ਕਰਾਉਣੀਆਂ ਪੈ ਗਈਆਂ ਸਨ। ਅਗਲੀ ਵਾਰੀ ਇਨ੍ਹਾਂ ਦੋਵਾਂ ਵੱਡੀਆਂ ਪਾਰਟੀਆਂ ਵਿੱਚੋਂ ਇੱਕ ਦੀਆਂ ਦੋ ਸੀਟਾਂ ਘਟ ਕੇ ਤੇਤੀ ਰਹਿ ਗਈਆਂ ਅਤੇ ਦੂਸਰੀ ਦੀਆਂ ਤਿੰਨ ਘਟ ਕੇ ਬੱਤੀ ਰਹਿ ਜਾਣ ਨਾਲ ਮਾਹੌਲ ਪਹਿਲਾਂ ਤੋਂ ਵੱਧ ਕਸੂਤਾ ਬਣ ਗਿਆ। ਛੋਟੀਆਂ ਪਾਰਟੀਆਂ ਨੂੰ ਜੋੜ ਕੇ ਬਹੁਤ ਮੁਸ਼ਕਲ ਨਾਲ ਫਿਰ ਸਰਕਾਰ ਬਣਾਈ ਸੀ, ਪਰ ਛੇ ਮਹੀਨੇ ਪਿੱਛੋਂ ਮਾਰਚ 2020 ਵਿੱਚ ਚੋਣਾਂ ਕਰਨਾਉਣੀਆਂ ਪੈ ਗਈਆਂ ਸਨ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਨੇਤਾਨਯਾਹੂ ਦੀ ਪਾਰਟੀ ਦੀਆਂ ਤਿੰਨ ਸੀਟਾਂ ਵਧ ਕੇ ਛੱਤੀ ਹੋ ਗਈਆਂ ਅਤੇ ਮੁੱਖ ਵਿਰੋਧੀ ਧਿਰ ਫਿਰ ਤੇਤੀ ਸੀਟਾਂ ਉੱਤੇ ਰਹਿ ਗਈ ਸੀ ਤੇ ਸਰਕਾਰ ਇਹ ਵੀ ਖਾਸ ਚਿਰ ਨਹੀਂ ਸੀ ਚੱਲ ਸਕੀ। ਸਿਰਫ ਇੱਕ ਸਾਲ ਪਿੱਛੋਂ ਫਿਰ ਮਾਰਚ 2021 ਵਿੱਚ ਪਾਰਲੀਮੈਂਟ ਚੋਣ ਕਰਾਈ ਤਾਂ ਪ੍ਰਧਾਨ ਮੰਤਰੀ ਨੇਤਾਨਯਾਹੂ ਦੀ ਪਾਰਟੀ ਛੇ ਸੀਟਾਂ ਗੁਆ ਕੇ ਤੀਹ ਸੀਟਾਂ ਉੱਤੇ ਆ ਗਈ ਅਤੇ ਮੁੱਖ ਵਿਰੋਧੀ ਧਿਰ ਦੀਆਂ ਸਤਾਰਾਂ ਰਹਿ ਗਈਆਂ ਸਨ। ਛੋਟੀਆਂ ਪਾਰਟੀਆਂ ਨੂੰ ਨਾਲ ਲੈ ਕੇ ਫਿਰ ਸਰਕਾਰ ਬਣਾਈ ਤਾਂ ਉਹ ਵੀ ਚੱਲ ਨਹੀਂ ਸੀ ਸਕੀ ਅਤੇ ਹੋਰ ਡੇਢ ਸਾਲ ਬਾਅਦ ਨਵੰਬਰ 2022 ਵਿੱਚ ਫਿਰ ਪਾਰਲੀਮੈਂਟ ਦੀ ਚੋਣ ਕਰਾਉਣੀ ਪੈ ਗਈ ਸੀ, ਜਿਸ ਵਿੱਚ ਪ੍ਰਧਾਨ ਮੰਤਰੀ ਨੇਤਾਨਯਾਹੂ ਦੀ ਪਾਰਟੀ ਤੀਹਾਂ ਤੋਂ ਦੋ ਵਧਾ ਕੇ ਬੱਤੀ ਤੱਕ ਚਲੀ ਗਈ ਅਤੇ ਵਿਰੋਧੀ ਧਿਰ ਸੱਤ ਸੀਟਾਂ ਵਧਾ ਕੇ ਚੌਵੀ ਸੀਟਾਂ ਤੱਕ ਆ ਗਈ, ਪਰ ਸਥਿਤੀ ਫਿਰ ਹਵਾ ਵਿੱਚ ਲਟਕਣ ਵਰਗੀ ਬਣੀ ਰਹੀ ਸੀ। ਉਹ ਸਰਕਾਰ ਚਲਦੀ ਨੂੰ ਅੱਜਕੱਲ੍ਹ ਦਸ ਮਹੀਨੇ ਹੋ ਗਏ ਹਨ, ਪਰ ਸਾਲ ਪੂਰਾ ਕਰ ਸਕੇਗੀ ਕਿ ਨਹੀਂ ਤੇ ਫਿਰ ਅਗਲੀ ਪਾਰਲੀਮੈਂਟ ਚੋਣ ਕਦੋਂ ਆ ਜਾਵੇਗੀ, ਇਸ ਬਾਰੇ ਕੋਈ ਵੀ ਰਾਜਸੀ ਮਾਹਰ ਕੁਝ ਨਹੀਂ ਦੱਸ ਸਕਦਾ।

ਸਾਡੇ ਭਾਰਤ ਵਿੱਚ ਵੀ ਇਹ ਕੁਝ ਵਾਪਰ ਚੁੱਕਾ ਹੈ। ਨਵੰਬਰ 1989 ਵਿੱਚ ਪਾਰਲੀਮੈਂਟ ਚੋਣ ਹੋਈ, ਰਾਜਾ ਵੀ ਪੀ ਸਿੰਘ ਪ੍ਰਧਾਨ ਮੰਤਰੀ ਬਣਿਆ ਤਾਂ ਦਲ-ਬਦਲੀਆਂ ਨਾਲ ਉਸ ਦੀ ਸਰਕਾਰ ਤੋੜ ਕੇ ਚੰਦਰ ਸ਼ੇਖਰ ਦੀ ਸਰਕਾਰ ਬਣਾਈ ਗਈ, ਪਰ ਉਹ ਵੀ ਚੱਲ ਨਾ ਸਕੀ ਅਤੇ ਡੇਢ ਸਾਲ ਬਾਅਦ ਫਿਰ ਚੋਣਾਂ ਕਰਾਉਣੀਆਂ ਪਈਆਂ ਸਨ। ਫਿਰ 1996 ਵਾਲੀ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਸਭ ਤੋਂ ਵੱਡੀ ਪਾਰਟੀ ਬਣੀ, ਪਰ ਉਸ ਕੋਲੋਂ ਬਹੁ-ਗਿਣਤੀ ਨਹੀਂ ਸੀ ਜੁੜ ਸਕੀ, ਇਸ ਲਈ ਤੇਰਾਂ ਦਿਨਾਂ ਬਾਅਦ ਅਟਲ ਬਿਹਾਰੀ ਵਾਜਪਾਈ ਨੂੰ ਕੁਰਸੀ ਛੱਡਣੀ ਪਈ ਤੇ ਹਰਦਨਹੱਲੀ ਦੇਵੇਗੌੜਾ ਨੂੰ ਬਾਕੀ ਵਿਰੋਧੀ ਪਾਰਟੀਆਂ ਨੇ ਕਾਂਗਰਸ ਦੀ ਮਦਦ ਨਾਲ ਪ੍ਰਧਾਨ ਮੰਤਰੀ ਬਣਾਇਆ ਸੀ। ਜਦੋਂ ਕਾਂਗਰਸ ਨੇ ਫੱਟਾ ਖਿੱਚਿਆ ਤਾਂ ਦੇਵੇਗੌੜਾ ਦੀ ਥਾਂ ਓਸੇ ਗੱਠਜੋੜ ਨੇ ਓਸੇ ਕਾਂਗਰਸ ਦੀ ਮਦਦ ਨਾਲ ਇੰਦਰ ਕੁਮਾਰ ਗੁਜਰਾਲ ਨੂੰ ਪ੍ਰਧਾਨ ਮੰਤਰੀ ਲਈ ਪੇਸ਼ ਕੀਤਾ, ਪਰ ਉਹ ਸਰਕਾਰ ਵੀ ਇੱਕ ਸਾਲ ਬਾਅਦ ਡਿੱਗ ਪਈ ਤੇ ਸਿਰਫ ਦੋ ਸਾਲਾਂ ਪਿੱਛੋਂ ਹੋਈ ਅਗਲੀ ਚੋਣ ਵਿੱਚ ਭਾਜਪਾ ਗੱਠਜੋੜ ਜਿੱਤਣ ਕਰ ਕੇ ਅਟਲ ਬਿਹਾਰੀ ਵਾਜਪਾਈ ਦੂਸਰੀ ਵਾਰ ਪ੍ਰਧਾਨ ਮੰਤਰੀ ਬਣ ਗਏ ਸਨ। ਮੰਨਿਆ ਜਾਂਦਾ ਸੀ ਕਿ ਇਹ ਸਰਕਾਰ ਠੀਕ-ਠਾਕ ਚੱਲੇਗੀ, ਪਰ ਇੱਕ ਦਿਨ ਤਾਮਿਲਨਾਡੂ ਦੀ ਲੀਡਰ ਜੈਲਲਿਤਾ ਕਿਸੇ ਗੱਲੋਂ ਵਾਜਪਾਈ ਦੇ ਨਾਲ ਨਾਰਾਜ਼ ਹੋ ਗਈ ਤਾਂ ਉਸ ਵੱਲੋਂ ਹਮਾਇਤ ਵਾਪਸ ਲੈਣ ਨਾਲ ਸਰਕਾਰ ਟੁੱਟ ਗਈ ਸੀ ਤੇ ਨਤੀਜੇ ਵਜੋਂ ਦੇਸ਼ ਦੇ ਲੋਕਾਂ ਨੂੰ 1996 ਤੋਂ 1999 ਤੱਕ ਦੇ ਤਿੰਨ ਸਾਲਾਂ ਵਿੱਚ ਤੀਸਰੀ ਵਾਰ ਲੋਕ ਸਭਾ ਲਈ ਵੋਟਾਂ ਪਾਉਣੀ ਪਈਆਂ ਸਨ। ਏਦਾਂ ਦੀ ਸਥਿਤੀ ਭਾਰਤ ਅਤੇ ਇਸਰਾਈਲ ਵਾਂਗ ਕਈ ਹੋਰ ਦੇਸ਼ਾਂ ਵਿੱਚ ਵੀ ਬਣਦੀ ਰਹਿੰਦੀ ਹੈ।

ਭਾਰਤ ਦੇ ਰਾਜਸੀ ਚੌਖਟੇ ਵਿੱਚ ਵੇਖੀਏ ਤਾਂ ਕਈ ਸਵਾਲ ਖੜੇ ਉੱਠਦੇ ਹਨ। ਪਹਿਲਾ ਸਵਾਲ ਇਹ ਹੈ ਕਿ ਕੱਲ੍ਹ ਨੂੰ ਵੀ ਪੀ ਸਿੰਘ, ਐੱਚ ਡੀ ਦੇਵੇਗੌੜਾ, ਇੰਦਰ ਕੁਮਾਰ ਗੁਜਰਾਲ ਜਾਂ ਅਟਲ ਬਿਹਾਰੀ ਵਾਜਪਾਈ ਸਰਕਾਰ ਵਾਲੇ ਹਾਲਾਤ ਬਣ ਜਾਣ ਅਤੇ ਕੇਂਦਰ ਦੀ ਸਰਕਾਰ ਨਾ ਚੱਲ ਸਕਣ ਕਾਰਨ ਲੋਕ ਸਭਾ ਚੋਣ ਕਰਾਉਣੀ ਪੈ ਗਈ ਤਾਂ ਉਸ ਵਕਤ ਇਹ ਸੰਕਟ ਕੇਂਦਰ ਦਾ ਹੋਵੇਗਾ, ਰਾਜਾਂ ਦਾ ਨਹੀਂ ਹੋਣਾ, ਫਿਰ ਰਾਜਾਂ ਵਿੱਚ ਚੋਣ ਕਿਉਂ ਕਰਵਾਈ ਜਾਵੇਗੀ? ਜੇ ਓਦੋਂ ਰਾਜਾਂ ਨੂੰ ਛੱਡ ਕੇ ਚੋਣ ਕਰਵਾਈ ਤਾਂ 'ਇੱਕ ਦੇਸ਼, ਇੱਕ ਚੋਣ' ਦਾ ਫਾਰਮੂਲਾ ਫੇਲ੍ਹ ਹੋ ਜਾਵੇਗਾ ਅਤੇ ਜੇ ਰਾਜਾਂ ਵਿੱਚ ਸਭ ਕੁਝ ਠੀਕ-ਠਾਕ ਹੁੰਦਿਆਂ ਤੋਂ ਸਭ ਸਰਕਾਰਾਂ ਤੋੜ ਕੇ ਨਵੀਂਆਂ ਵਿਧਾਨ ਸਭਾਵਾਂ ਚੁਣੀਆਂ ਤਾਂ ਭਾਰਤੀ ਲੋਕਤੰਤਰ ਦਾ ਸਾਰੀ ਦੁਨੀਆ ਮਜ਼ਾਕ ਉਡਾਵੇਗੀ। ਦੂਸਰੇ ਪਾਸੇ ਕਿਸੇ ਰਾਜ ਵਿੱਚ ਵੀ ਹਾਲਾਤ ਅਚਾਨਕ ਖਰਾਬ ਹੋ ਸਕਦੇ ਹਨ। ਪੰਜਾਬ ਤੋਂ ਹਰਿਆਣਾ ਵੱਖ ਹੋਣ ਪਿੱਛੋਂ ਪਹਿਲੀ ਵਿਧਾਨ ਸਭਾ ਚੋਣ ਵਿੱਚ ਗੈਰ-ਕਾਂਗਰਸੀ ਸਰਕਾਰ ਜਸਟਿਸ ਗੁਰਨਾਮ ਸਿੰਘ ਨੂੰ ਅੱਗੇ ਲਾ ਕੇ ਬਣਾਈ ਗਈ ਸੀ, ਪਰ ਉਸ ਦੀ ਆਪਣੀ ਅਕਾਲੀ ਪਾਰਟੀ ਪਾਟਕ ਦਾ ਸ਼ਿਕਾਰ ਹੋ ਗਈ ਤੇ ਕਾਂਗਰਸੀ ਮਦਦ ਨਾਲ ਬਾਗੀ ਅਕਾਲੀ ਆਗੂ ਲਛਮਣ ਸਿੰਘ ਗਿੱਲ ਨੇ ਸਰਕਾਰ ਬਣਾ ਲਈ ਸੀ। ਗਿੱਲ ਫਿਰ ਚੱਲ ਨਹੀਂ ਸੀ ਸਕਿਆ, ਇਸ ਕਾਰਨ 1967, 1969 ਤੇ 1972 ਵਿੱਚ ਅੱਗੜ-ਪਿੱਛੜ ਪੰਜ ਸਾਲਾਂ ਵਿੱਚ ਤਿੰਨ ਵਾਰ ਵਿਧਾਨ ਸਭਾ ਚੋਣ ਕਰਾਉਣੀ ਪਈ ਸੀ। ਭਵਿੱਖ ਵਿੱਚ ਕਿਸੇ ਇੱਕ ਰਾਜ ਵਿੱਚ ਏਦਾਂ ਦੀ ਸਥਿਤੀ ਬਣ ਜਾਵੇ ਤਾਂ ਕੀ ਓਦੋਂ 'ਇੱਕ ਦੇਸ਼, ਇੱਕ ਚੋਣ' ਫਾਰਮੂਲੇ ਮੁਤਾਬਕ ਚੋਣ ਕਰਾਉਣ ਲਈ ਪਾਰਲੀਮੈਂਟ ਤੇ ਸਾਰੇ ਦੇਸ਼ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਕਰਾਈਆਂ ਜਾਣਗੀਆਂ ਜਾਂ ਫਿਰ ਕਿਸੇ ਗਵਰਨਰ ਦੇ ਹੱਥ ਡੋਰ ਫੜਾ ਕੇ ਅਗਲੇ ਪੰਜ ਸਾਲ ਓਥੋਂ ਦੇ ਲੋਕਾਂ ਨੂੰ ਲੋਕਤੰਤਰੀ ਹੱਕ ਤੋਂ ਵਾਂਝੇ ਰਹਿਣਾ ਪਵੇਗਾ? ਜਿਹੜੇ ਲੋਕ ਇਸ ਵਕਤ 'ਇੱਕ ਦੇਸ਼, ਇੱਕ ਚੋਣ' ਦਾ ਝੰਡਾ ਚੁੱਕਣ ਲਈ ਬੜੀ ਕਾਹਲੀ ਨਾਲ ਤਿਆਰ ਹੋਏ ਪਏ ਹਨ ਤੇ ਇਸ ਵਿੱਚੋਂ ਮੁੜ ਕੇ ਕੁਰਸੀਆਂ ਤੱਕ ਪਹੁੰਚਣ ਦੇ ਸੁਫਨੇ ਲੈ ਰਹੇ ਹਨ, ਉਹ ਇਨ੍ਹਾਂ ਗੱਲਾਂ ਬਾਰੇ ਸੋਚਦੇ ਹੀ ਨਹੀਂ ਜਾਪਦੇ।

ਇਸ ਤਰ੍ਹਾਂ ਦੇ ਤਜਰਬੇ ਕਰਨ ਤੋਂ ਪਹਿਲਾਂ ਹੀ ਛੱਤੀ ਕਿਸਮ ਦੀਆਂ ਮੁਸ਼ਕਲਾਂ ਵਿੱਚ ਉਲਝਿਆ ਪਿਆ ਭਾਰਤ ਦੇਸ਼ ਹੋਰ ਦੁਸ਼ਵਾਰੀਆਂ ਵਿੱਚ ਉਲਝ ਸਕਦਾ ਹੈ। ਸੌ ਸੰਕਟਾਂ ਦੇ ਬਾਵਜੂਦ ਇਸ ਦੇਸ਼ ਨੇ ਅੱਜ ਤੱਕ ਆਪਣਾ ਲੋਕਤੰਤਰੀ ਪ੍ਰਬੰਧ ਬਚਾਈ ਰੱਖਿਆ ਹੈ, ਪਰ ਨਵੇਂ ਤਜਰਬੇ ਨਾਲ ਇਹ ਪ੍ਰਬੰਧ ਵੀ ਦਾਗਦਾਰ ਹੋ ਸਕਦਾ ਹੈ। ਭਾਰਤ ਦੇ ਕੁਝ ਰਾਜਾਂ ਤੋਂ ਏਦਾਂ ਦੀਆਂ ਰਿਪੋਰਟਾਂ ਆਉਂਦੀਆਂ ਹਨ ਕਿ ਓਥੋਂ ਦੀ ਵਾਗ ਕਿਸ ਦੇ ਹੱਥ ਸੌਂਪਣੀ ਹੈ, ਇਸ ਦਾ ਫੈਸਲਾ ਉਸ ਰਾਜ ਵਿੱਚ ਵੱਡੀ ਤਾਕਤ ਵਾਲੇ ਬਾਹੂ-ਬਲੀਆਂ ਦੀ ਭੂਮਿਕਾ ਚੋਣਾਂ ਵਿੱਚ ਬੜੀ ਅਹਿਮ ਸਾਬਤ ਹੁੰਦੀ ਹੈ। ਦੇਸ਼ ਦੇ ਪੱਧਰ ਉੱਤੇ ਇਹ ਭੂਮਿਕਾ ਅੱਜਕੱਲ੍ਹ ਕੁਝ ਵੱਡੇ ਅਤੇ ਸ਼ੱਕੀ ਕਾਰੋਬਾਰ ਕਰਦੇ ਮੰਨੇ ਜਾਂਦੇ ਕੁਝ ਖਾਸ ਪੂੰਜੀਪਤੀਆਂ ਦੇ ਹੱਥ ਆਈ ਹੋਣ ਦਾ ਜਿੱਦਾਂ ਦਾ ਪ੍ਰਭਾਵ ਬਣਦਾ ਜਾਂਦਾ ਹੈ, ਉਹ ਮਾੜਾ ਪ੍ਰਭਾਵ ਹੋਰ ਵਧ ਸਕਦਾ ਹੈ। ਚੋਣਾਂ ਲੋਕਤੰਤਰ ਤੇ ਦੇਸ਼ ਦਾ ਅਕਸ ਵਧਾਉਣ ਲਈ ਹੁੰਦੀਆਂ ਹਨ, ਪਰ ਨਵਾਂ ਤਜਰਬਾ ਦੇਸ਼ ਦਾ ਅਕਸ ਵਧਾਉਣ ਦੀ ਥਾਂ ਘਾਟੇਵੰਦਾ ਵੀ ਸਾਬਤ ਹੋ ਸਕਦਾ ਹੈ।

# ਇੱਕੋ, ਇੱਕ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਪੜ੍ਹਨ, ਦੇਖਣ ਅਤੇ ਸੁਣਨ ਨੂੰ ਇਹ ਨਾਹਰਾ ਕਿੰਨਾ ਚੰਗਾ ਅਤੇ ਮਨ ਨੂੰ ਭਾਉਂਦਾ ਹੈ। ਜਿਵੇਂ ਤੁਸੀਂ ਵੱਖ-ਵੱਖ ਸੁੰਦਰ ਮਣਕਿਆਂ ਨੂੰ ਇੱਕ ਧਾਗੇ ਵਿੱਚ ਪਰੋਏ ਹੋਏ ਦੇਖ ਕੇ ਖੁਸ਼ ਹੁੰਦੇ ਹੋ। ਉਂਝ ਤਾਂ ਮਾਨਯੋਗ ਸਾਬਕਾ ਗਵਰਨਰ ਸ੍ਰੀ ਸੱਤਿਆਪਾਲ ਮਲਿਕ ਨੇ ਸਭ ਦੇਸ਼ ਵਾਸੀਆਂ ਨੂੰ ਖ਼ਬਰਦਾਰ ਕਰਦੇ ਹੋਏ ਕਿਹਾ ਸੀ ਕਿ ਸਭ ਨੇ ਆਉਣ ਵਾਲੇ ਸਮੇਂ ਵਿੱਚ ਸਤੱਰਕ ਰਹਿਣਾ ਹੋਵੇਗਾ। ਸਭ ਭਾਜਪਾ ਅਤੇ ਮੋਦੀ ਵਿਰੋਧੀਆਂ ਨੂੰ 2024 ਦੀਆਂ ਚੋਣਾਂ ਮੁੱਕਣ ਤੱਕ ਬੜੀ ਸਾਵਧਾਨੀ ਨਾਲ ਵਿਚਰਨਾ ਹੋਵੇਗਾ। ਮੌਜੂਦਾ ਸਰਕਾਰ ਜਿਹੜੀ ਸੰਵਿਧਾਨ ਅਤੇ ਜਮਹੂਰੀਅਤ ਵਿੱਚ ਘੱਟੋ-ਘੱਟ ਭਰੋਸਾ ਰੱਖਦੀ ਹੈ, ਉਹ 2024 ਤੋਂ ਪਹਿਲਾਂ ਕੋਈ ਵੀ ਕਾਰਾ ਕਰ ਸਕਦੀ ਹੈ। ਕੋਈ ਵੀ ਜੰਗ ਛੇੜ ਸਕਦੀ ਹੈ। ਕੋਈ ਵੀ ਅਫਵਾਹ ਫੈਲਾਅ ਸਕਦੀ ਹੈ। ਉਹ ਜਨਤਾ ਅਤੇ ਸਿਆਸੀ ਪਾਰਟੀਆਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਕੋਈ ਬੇਲੋੜੀ ਅਤੇ ਬੇ-ਵਕਤ ਬਹਿਸ ਛੇੜ ਸਕਦੀ ਹੈ। ਤੁਸੀਂ ਥੋੜ੍ਹਾ ਧਿਆਨ ਦਿਓ, ਧਿਆਨ 'ਤੇ ਤੁਸੀਂ ਜਾਣੋਗੇ ਕਿ ਕਿਵੇਂ ਬੇ-ਵਕਤ "ਇੱਕ ਦੇਸ਼ ਅਤੇ ਇੱਕ ਚੋਣ" ਦੀ ਚਰਚਾ ਛੇੜ ਦਿੱਤੀ ਹੈ। ਜਿਸ ਨੂੰ ਲਾਅ ਕਮਿਸ਼ਨ ਦੀਆਂ ਕਮੇਟੀਆਂ ਤਕਰੀਬਨ ਤਿੰਨੇ ਵਾਰ ਵਿਚਾਰ-ਵਟਾਂਦਰੇ ਤੋਂ ਬਾਅਦ ਰੱਦ ਕਰ ਚੁੱਕੀਆਂ ਹਨ। ਬਿਨਾਂ ਸਰਵ-ਪਾਰਟੀ ਮੀਟਿੰਗ ਬੁਲਾਉਣ ਤੋਂ ਆਪਣੀ ਮਰਜ਼ੀ ਨਾਲ ਸਾਬਕਾ ਭਾਰਤ ਦੇ ਰਾਸ਼ਟਰਪਤੀ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਦਾ ਗਠਨ ਵੀ ਕਰ ਦਿੱਤਾ ਹੈ। ਜਿਸ 'ਤੇ ਅਲੱਗ-ਅਲੱਗ ਪਾਰਟੀਆਂ ਦੇ ਨੇਤਾਵਾਂ ਨੇ ਆਪਣੇ ਅਲੱਗ-ਅਲੱਗ ਬਿਆਨ ਦਾਗਣੇ ਵੀ ਸ਼ੁਰੂ ਕਰ ਦਿੱਤੇ ਹਨ। ਇੱਕ ਅਜਿਹੀ ਬਹਿਸ ਨੂੰ ਬੇਲੋੜਾ ਜਨਮ ਦੇ ਦਿੱਤਾ ਹੈ, ਜੋ ਪ੍ਰੈਕਟੀਕਲ ਤੋਂ ਸੰਭਵ ਨਹੀਂ।

ਉਪਰੋਕਤ ਵਿਸ਼ੇ ਨੂੰ ਸਮਝਣ ਲਈ ਜ਼ਰਾ ਧਿਆਨ ਦੇਣ ਦੀ ਲੋੜ ਹੈ ਕਿ ਇਹ ਉਹ ਮੌਜੂਦਾ ਸਰਕਾਰ ਦੀ ਜਬਲੀ ਹੈ, ਜੋ ਕਿ ਇੱਕ-ਇੱਕ ਸੂਬੇ ਵਿੱਚ ਕਦੀ ਕਰਮਚਾਰੀਆਂ ਦੀ ਘਾਟ ਕਰਕੇ, ਕਦੀ ਸਕਿਊਰਿਟੀ ਦੀ ਘਾਟ ਕਰਕੇ, ਕਦੀ ਮਸ਼ੀਨਾਂ ਦੀ ਘਾਟ ਕਰਕੇ, ਕਦੇ ਕਿਸੇ ਬਹਾਨੇ ਕਰਕੇ ਇੱਕ-ਇੱਕ ਸੂਬੇ ਵਿੱਚ ਚਾਰ-ਚਾਰ, ਦੋ-ਦੋ ਪੜਾਵਾਂ ਵਿੱਚ ਚੋਣ ਕਰਾਉਣ ਲਈ ਮਜਬੂਰ ਹੁੰਦੀ ਹੈ। ਇਸ ਕਰਕੇ ਸਾਰੇ ਭਾਰਤ 'ਚ ਇੱਕ ਦਿਨ ਜਾਂ ਇੱਕ ਵਾਰ ਹੀ ਚੋਣ ਕਰਾਉਣਾ ਅੱਜ ਦੇ ਦਿਨ ਆਮ ਨਾਗਰਿਕ ਸੋਚ ਹੀ ਨਹੀਂ ਸਕਦਾ।

ਅਗਲੀ ਗੱਲ, ਭਾਰਤ ਇੱਕ ਵੱਖ-ਵੱਖ ਸੂਬਿਆਂ ਦਾ ਗੁਲਦਸਤਾ ਹੈ। ਜਿਹਨਾਂ ਦੀਆਂ ਭਾਸ਼ਾਵਾਂ ਅਤੇ ਸਮੱਸਿਆਵਾਂ ਅਲੱਗ-ਅਲੱਗ ਹਨ। ਸਾਰੇ ਸੂਬਿਆਂ ਨੂੰ ਮੁੱਖ ਰੱਖ ਕੇ ਸੰਵਿਧਾਨ ਘਾੜਿਆਂ ਨੇ ਸੈਂਟਰ ਦੀ ਬਜਾਏ ਸੂਬਿਆਂ ਨੂੰ ਵੱਧ ਤੋਂ ਵੱਧ ਅਧਿਕਾਰ ਦਿੱਤੇ। ਇਹ ਇਸ ਕਰਕੇ ਹੋਇਆ ਕਿ ਭਾਰਤ ਦੀ ਸ਼ਕਤੀ ਕੇਂਦਰ 'ਚ ਕੇਂਦਰਿਤ ਹੋ ਕੇ ਜਮਹੂਰੀਅਤ ਨੂੰ ਕੁਚਲ ਨਾ ਸਕੇ।

ਇਹ ਇਸ ਕਰਕੇ ਵੀ ਅਸੰਭਵ ਹੈ, ਕਿਉਂਕਿ ਸਭ ਸੂਬਿਆਂ ਦੀਆਂ ਚੋਣਾਂ ਏਨੀਆਂ ਅੱਗੜ-ਪਿੱਛੜ ਹਨ ਕਿ ਉਹਨਾਂ ਨੂੰ ਇੱਕ ਤਾਰੀਖ ਕਰਾਉਣਾ ਅਤਿ ਕਠਿਨ ਹੈ। ਜਿਹੜੀਆਂ ਸਰਕਾਰਾਂ ਦਾ ਸਮਾਂ ਚਾਰ-ਤਿੰਨ-ਦੋ ਜਾਂ ਇੱਕ ਸਾਲ ਹੋਰ ਰਹਿੰਦਾ ਹੋਵੇਗਾ। ਉਥੇ ਦੀਆਂ ਸਰਕਾਰਾਂ ਅਤੇ ਲੋਕ ਮੌਕੇ ਮੁਤਾਬਕ ਜਾਗ ਉੱਠਣਗੇ। ਇਹ ਜੋ "ਇੱਕ ਦੇਸ਼ ਇੱਕ ਚੋਣ" ਦਾ ਮੁੱਦਾ ਮੌਜੂਦਾ ਸਰਕਾਰ ਨੇ ਛੇੜਿਆ ਹੈ, ਉਸ ਦੀ ਆਗਿਆ ਸਾਡਾ ਅਜੋਕਾ ਸੰਵਿਧਾਨ ਵੀ ਨਹੀਂ ਦਿੰਦਾ।

ਸਰਕਾਰ ਜਿਸ ਦੇ ਰਾਜ ਵਿੱਚ ਮਨੀਪੁਰ 'ਚ ਔਰਤਾਂ ਨੂੰ ਨੰਗਾ ਕਰਕੇ ਘੁਮਾਇਆ ਗਿਆ, ਉਸ ਸੂਬੇ ਵਿੱਚ ਮਨੀਪੁਰ ਦਾ ਹੱਲ ਲੱਭਦੀ-ਲੱਭਦੀ ਸਰਕਾਰ ਆਪ ਨੰਗੀ ਹੋ ਗਈ। ਅਜਿਹੇ ਨਾਜ਼ੁਕ ਮੌਕਿਆਂ 'ਤੇ ਜੋ ਸਰਕਾਰ ਸਮੇਤ ਪ੍ਰਧਾਨ ਮੰਤਰੀ ਗੂੰਗੀ ਹੋ ਗਈ, ਉਸ ਨੇ ਕੁਝ ਦਿਨ ਪਹਿਲਾਂ ਬਗੈਰ ਵਿਰੋਧੀ ਨੇਤਾ ਜਾਂ ਨੇਤਾਵਾਂ ਨਾਲ ਸਲਾਹ ਕੀਤੇ ਵਗੈਰ ਸੰਸਦ ਦਾ ਅਜਲਾਸ ਸੱਦਣ ਦਾ ਫੈਸਲਾ ਕਰ ਲਿਆ ਹੈ। ਜਦ ਸੰਸਦ ਚੱਲ ਰਿਹਾ ਹੁੰਦੀ ਹੈ ਤਾਂ ਕਿਸੇ ਵੀ ਬਿੱਲ-ਕਾਨੂੰਨ 'ਤੇ ਬਹਿਸ ਨਹੀਂ ਹੁੰਦੀ, ਸਗੋਂ ਚੋਰੀ-ਛਿਪੇ ਬਿੱਲ ਧੱਕੇ ਨਾਲ ਪਾਸ ਕਰਾ ਲੈਂਦੇ ਹਨ।

ਦਰਅਸਲ ਅੱਜ-ਕੱਲ੍ਹ ਹੁਕਮਰਾਨ ਪਾਰਟੀ ਸਮੇਤ ਆਪਣੇ ਸਾਥੀਆਂ ਦੇ ਘਬਰਾਈ ਹੋਈ ਹੈ। 28 ਬਨਾਮ 38 'ਚ ਦੀ ਕੁਸ਼ਤੀ ਤਹਿ ਹੋ ਰਹੀ ਹੈ। ਹਮੇਸ਼ਾ ਹੀ ਲੜਾਈ ਜਾਂ ਘੋਲ ਵਿੱਚ ਕਾਬਜ਼ ਧਿਰ ਜਾਂ ਗਰੁੱਪ ਨੂੰ ਕੋਲੋਂ ਕੁਝ ਖੁੱਸਣ ਦਾ ਡਰ ਲੱਗਿਆ ਰਹਿੰਦਾ ਹੈ। ਆਖਰੀ ਖ਼ਬਰਾਂ ਮੁਤਾਬਕ ਮਹਾਰਾਸ਼ਟਰ 'ਚ ਰਾਖਵੇਂਕਰਨ ਦੀ ਪਾਲਸੀ ਵਿੱਚ ਅੱਗ ਨਾਲ ਖੇਡਣਾ ਸ਼ੁਰੂ ਹੋ ਚੁੱਕਾ ਹੈ। ਸਾੜ-ਫੂਕ ਜ਼ੋਰਾਂ 'ਤੇ ਹੈ। ਗੱਡੀਆਂ ਨੂੰ ਖਿਡਾਉਂਣਿਆਂ ਵਾਂਗ ਅੱਗ ਲਾ ਕੇ ਉਡਾਇਆ ਜਾ ਰਿਹਾ ਹੈ।

ਸਰਕਾਰ ਚੰਗੀ ਤਰ੍ਹਾਂ ਜਾਣ ਚੁੱਕੀ ਹੈ ਕਿ ਅਜਿਹੇ ਦਕਿਆਨੂਸੀ ਕਾਰਨਾਮਿਆਂ ਕਰਕੇ ਜਨਤਾ ਅਸਲ ਰੋਟੀ-ਕੱਪੜਾ, ਮਕਾਨ ਵਰਗੇ ਮੁੱਦਿਆਂ ਨੂੰ ਭੁੱਲ ਬੈਠਦੀ ਹੈ। ਹੱਕੀ ਮੰਗਾਂ ਦੀ ਬਜਾਏ ਜਾਤ-ਪਾਤ, ਊਚ-ਨੀਚ, ਹਿੰਦੂ-ਮੁਸਲਮਾਨ, ਅਮੀਰ-ਗਰੀਬ, ਮੰਦਰਾਂ-ਮਸੀਤਾਂ-ਗੁਰਦਵਾਰਿਆਂ ਅਤੇ ਗਿਰਜਾਘਰਾਂ ਵਿੱਚ ਆਪ ਮੁਹਾਰੀ ਵੰਡ ਹੋ ਜਾਂਦੀ ਹੈ। ਸਰਕਾਰ ਸੁਰਖ਼ਰੂ ਹੋ ਜਾਂਦੀ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਅਜਿਹਾ ਨਾ ਹੋਵੇ ਤਾਂ ਸਹੀ ਮੁੱਦੇ ਅਤੇ ਮੰਗਾਂ ਚੁਣੋ। ਮੌਜੂਦਾ ਸਰਕਾਰ, ਸਰਕਾਰਾਂ ਨੂੰ ਸਵਾਲ ਕਰੋ। ਸੱਚ ਜਾਂ ਸੱਚੇ ਇਨਸਾਨ ਦਾ ਸਾਥ ਦਿਓ। ਜੋ ਤੁਸੀਂ ਸਮਝ ਗਏ ਹੋ। ਉਹ ਬਾਕੀ ਸਾਥੀਆਂ ਨੂੰ ਸਮਝਾਓ। ਸਾਨੂੰ ਕੀ? ਦੀ ਨੀਤੀ ਛੱਡ। ਇਕੱਲੇ ਦੀ ਬਜਾਏ, ਬਾਕੀਆਂ ਨਾਲ ਰਲ ਕੇ ਚੱਲੋ। ਨਾਲ ਨਾ ਚੱਲਣ ਵਾਲੇ ਲੋਕ ਅਸਲ 'ਚ ਇਕੱਲੇ ਰਹਿ ਕੇ ਕੁਚਲੇ ਜਾਂਦੇ ਹਨ।

**ਸੰਪਰਕ : 98721-65741**

# ਕਲਮਾਂ ਲੱਭਣ ਗਿਆਂ ਨੂੰ ਉਡੀਕਦੇ ਲੋਕ

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਸਾਡੇ ਸਮਿਆਂ ਦੇ ਵੱਡੇ ਕਵੀ ਸੁਰਜੀਤ ਪਾਤਰ ਦੀ ਇੱਕ ਗਜ਼ਲ ਵਿੱਚ ਇਹ ਸ਼ਿਅਰ ਆਉਂਦਾ ਹੈ :

ਜੇ ਆਈ ਪਤਝੜ ਤਾਂ ਫੇਰ ਕੀ ਏ
ਤੂੰ ਆਉਂਦੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਲਿਆਉਨਾਂ ਕਿੱਧਰੋਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਜ਼ਿੰਦਗੀ ਦੀ ਗੱਡੀ ਇਸ ਆਸ ਨਾਲ ਹੀ ਰਿੜਦੀ ਜਾਂਦੀ ਹੈ ਕਿ ਆਉਣ ਵਾਲੀ ਰੁੱਤ/ਸਮਾਂ ਚੰਗਾ ਜਾਂ ਮਨੁੱਖ ਦੇ ਮੇਚ ਦਾ ਆਵੇਗਾ। ਅਸੀਂ ਅਤੇ ਸਾਡੇ ਪੁਰਖਿਆਂ ਨੇ ਇਸ ਆਸ ਨਾਲ ਹੀ ਜੀਵਨ ਜੀਣ ਦੀ ਜਾਚ ਸਿੱਖੀ ਹੈ। ਇਤਿਹਾਸ ਦੇ ਪੰਨਿਆਂ 'ਤੇ ਝਾਤ ਮਾਰੀਏ, ਜੇ ਬਹੁਤਾ ਪਿੱਛੇ ਨਾ ਵੀ ਜਾਈਏ ਤਾਂ ਜਦੋਂ ਸਾਡਾ ਮੁਲਕ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ ਤਾਂ ਦੇਸ਼ ਦੀ ਆਜ਼ਾਦੀ ਲਈ ਜੂਝਦੇ ਲੋਕਾਂ ਅਤੇ ਉਹਨਾਂ ਦੇ ਨਾਲ-ਨਾਲ ਬਾਕੀ ਲੋਕਾਂ ਨੂੰ ਵੀ ਇਹ ਆਸ ਸੀ ਕਿ ਇਹ ਯੋਧੇ ਕਿੱਧਰੋਂ ਅਜਿਹੀਆਂ ਕਲਮਾਂ ਲੈ ਕੇ ਆਉਣਗੇ, ਜੋ ਸਾਡੀ ਜ਼ਿੰਦਗੀ ਦੀ ਬਗੀਚੀ ਵਿੱਚ ਫੁੱਲਾਂ ਦੀ ਬਹਾਰ ਲੈ ਕੇ ਆਵੇਗੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਸੀ, ਉਨ੍ਹਾ ਸੰਘਰਸ਼ਸ਼ੀਲ ਲੋਕਾਂ ਨੇ ਆਜ਼ਾਦੀ ਪ੍ਰਾਪਤੀ ਉਪਰੰਤ ਜ਼ਿੰਦਗੀ ਰੂਪੀ ਬਗੀਚੀ ਵਿੱਚ ਰੰਗ-ਬਿਰੰਗੇ ਫੁੱਲਾਂ ਦੇ ਖਿੜਨ ਦੀ ਜੋ ਆਸ ਜਗਾਈ ਸੀ, ਉਸ ਨੂੰ ਪੂਰਾ ਕਰਨ ਲਈ ਆਮ ਲੋਕ ਵੀ ਉਹਨਾਂ ਦੇ ਇਸ ਆਜ਼ਾਦੀ ਵਾਲੇ ਸੁਪਨੇ ਨੂੰ ਅਪਣਾਉਂਦੇ ਹੋਏ ਸੰਘਰਸ਼ ਵਿੱਚ ਉਹਨਾਂ ਦੇ ਸਾਥੀ ਬਣਦੇ ਗਏ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਜਦੋਂ ਆਮ ਬੰਦੇ ਨੂੰ ਆਜ਼ਾਦੀ ਦਾ ਜਸ਼ਨ ਮਨਾਉਣ ਤੋਂ ਫੁਰਸਤ ਮਿਲੀ ਤਾਂ ਉਹ ਇਸ ਆਜ਼ਾਦੀ ਨਾਲ ਜੁੜੇ ਉਹਨਾਂ ਸੁਪਨਿਆਂ ਦੀ ਪੂਰਤੀ ਲਈ ਸਮਕਾਲੀ ਸਥਿਤੀਆਂ ਵਿੱਚ ਲੇਖਾ-ਜੋਖਾ ਕਰਨ ਲੱਗਿਆਂ ਤਾਂ ਉਸ ਨੂੰ ਆਪਣੇ ਪੱਲੇ ਨਿਰਾਸ਼ਾ ਪੈਂਦੀ ਦਿਸਣ ਲੱਗੀ। ਇੱਕ ਤਰ੍ਹਾਂ ਨਾਲ ਉਹ ਆਜ਼ਾਦੀ ਵੱਲੋਂ ਠੱਗਿਆ-ਠੱਗਿਆ ਮਹਿਸੂਸ ਕਰਨ ਲੱਗਾ, ਫਿਰ ਵੀ ਆਜ਼ਾਦੀ ਪ੍ਰਾਪਤੀ ਦੇ ਪਹਿਲੇ ਕੁਝ ਸਾਲਾਂ ਵਿੱਚ ਉਸ ਨੂੰ ਇਹ ਆਸ ਸੀ ਕਿ ਹੌਲੀ-ਹੌਲੀ 'ਸਭ ਅੱਛਾ' ਹੋ ਜਾਵੇਗਾ ਅਤੇ ਆਜ਼ਾਦੀ ਵਿੱਚੋਂ ਉਸ ਨੂੰ ਵੀ ਆਪਣੇ ਹਿੱਸੇ ਆਉਂਦਾ ਕੁਝ ਕੁ ਤਾਂ ਮਿਲ ਹੀ ਜਾਵੇਗਾ, ਪਰ ਹੌਲੀ-ਹੌਲੀ ਉਸ ਨੂੰ ਲੱਗਣ ਲੱਗ ਪਿਆ ਕਿ ਮੇਰੇ ਹਿੱਸੇ ਦੀ ਆਜ਼ਾਦੀ ਤਾਂ ਇੱਕ ਵਰਗ ਹੀ ਉਧਾਲ ਕੇ ਲੈ ਜਾ ਰਿਹਾ ਹੈ ਅਤੇ ਹੌਲੀ-ਹੌਲੀ ਉਸ ਦਾ ਪ੍ਰਾਪਤ ਆਜ਼ਾਦੀ ਵੱਲੋਂ ਮੋਹ-ਭੰਗ ਹੋਣਾ ਸ਼ੁਰੂ ਹੋ ਗਿਆ। ਹੌਲੀ-ਹੌਲੀ ਰਾਜ ਵੱਲੋਂ ਜੀਵਨ ਜੀਣ ਦੀਆਂ ਸ਼ਰਤਾਂ ਅਜਿਹੀਆਂ ਕਰੜੀਆਂ ਕਰ ਦਿੱਤੀਆਂ ਜਾਂਦੀਆਂ ਰਹੀਆਂ ਕਿ ਆਮ ਬੰਦਾ ਉਸ ਪੀੜਾ ਨਾਲ ਗਲ-ਗਲ ਤੱਕ ਭਰ ਗਿਆ ਤੇ ਜਦੋਂ ਸਾਹ ਨਾ ਆਵੇ ਤਾਂ ਉਸ ਕੋਲ ਇੱਕ ਹੋਰ ਆਜ਼ਾਦੀ ਲਈ ਸੰਘਰਸ਼ ਦਾ ਰਾਹ ਖੁੱਲ੍ਹਦਾ ਹੈ।

ਸੱਤਾ ਨਾਲ ਜੁੜੇ ਵਪਾਰੀ ਆਪਣਾ ਰੰਗ-ਰੂਪ ਬਦਲ ਕੇ ਨਵੇਂ ਮਖੌਟੇ ਪਾ ਕੇ ਪੀੜਾ ਨਾਲ ਪਰੁੰਨੇ ਉਸ ਆਮ ਬੰਦੇ ਅੱਗੇ ਆ ਕੇ ਆਪਣੀ ਨਵੀਂ ਹੱਟੀ ਸਜਾਉਂਦੇ ਹਨ। ਨਵੇਂ ਰੰਗ-ਰੂਪ ਵਾਲੇ ਹਾਕਮ ਆਪਣੇ ਪਹਿਲੇ ਸਾਥੀਆਂ ਤੋਂ ਬਗਾਵਤ ਕਰਕੇ ਆਮ ਬੰਦੇ ਨੂੰ ਠੱਗਣ ਲਈ ਨਵੇਂ-ਨਵੇਂ ਨਾਅਰੇ ਅਤੇ ਲਾਰਿਆਂ ਨਾਲ ਭਰਮਾ ਲੈਂਦੇ ਹਨ। ਵਾਅਦਾ ਫਿਰ ਉਹੀ ਸੀ ਕਿ ਤੁਸੀਂ ਸਾਡਾ ਸਾਥ ਦਿਓ ਤੁਹਾਡੀ ਜ਼ਿੰਦਗੀ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਭਰ ਦਿਆਂਗੇ। ਆਮ ਲੋਕਾਂ ਨੇ ਨਾ ਪਹਿਲੇ ਹਾਕਮਾਂ ਦੇ ਲਾਰਿਆਂ ਨੂੰ ਕਦੀ ਦਿਮਾਗ ਨਾਲ ਸੋਚ-ਵਿਚਾਰ ਕੇ ਨਿਰਣਾ ਕੀਤਾ ਸੀ ਤੇ ਨਾ ਹੀ ਹੁਣ ਦੇ ਨਵੇਂ ਰੰਗ 'ਚ ਰੰਗੇ ਪੁਰਾਣੇ ਹਾਕਮਾਂ ਦੇ ਲਾਰਿਆਂ ਬਾਰੇ ਬਹੁਤੀ ਗੰਭੀਰਤਾ ਨਾਲ ਸੋਚਣ ਦੀ ਜ਼ਹਿਮਤ ਕੀਤੀ, ਪਰ ਇਹਨਾਂ ਨਵਿਆਂ ਦਾ ਮੁਲੰਮਾ ਤਾਂ ਬਹੁਤ ਜਲਦੀ ਹੀ ਉੱਤਰ ਗਿਆ ਬਿਲਕੁੱਲ ਉਸੇ ਤਰ੍ਹਾਂ ਜਿਵੇਂ ਜੰਗਲ ਵਿੱਚ ਗਿੱਦੜ ਦਾ ਸ਼ੇਰ ਵਾਲਾ ਰੰਗ ਉੱਤਰ ਗਿਆ ਸੀ, ਲੋਕ ਇੱਕ ਵਾਰ ਫਿਰ ਠੱਗੇ-ਠੱਗੇ ਮਹਿਸੂਸ ਕਰਨ ਲੱਗੇ। ਉਸ ਤੋਂ ਬਾਅਦ ਅਜਿਹਾ ਦੌਰ ਸ਼ੁਰੂ ਹੁੰਦਾ ਹੈ ਕਿ ਇਹਨਾਂ ਨਾਅਰਿਆਂ-ਲਾਰਿਆਂ ਦੀ ਰੁੱਤ ਪੰਜ ਸਾਲ ਲੰਮੀ ਹੁੰਦੀ ਗਈ। ਪੰਜੀਂ ਸਾਲੀਂ ਰੁੱਤ ਦੀ ਤਬਦੀਲੀ ਦੀ ਆਸ ਲੈ ਕੇ ਲੋਕ ਇਹਨਾਂ ਦੇ ਨਾਅਰਿਆਂ-ਲਾਰਿਆਂ ਵਿੱਚ ਰੁੜ੍ਹਦੇ ਆ ਰਹੇ ਹਨ, ਪਰ ਉਹਨਾਂ ਦੀ ਜ਼ਿੰਦਗੀ ਦੀ ਬਗੀਚੀ ਵਿੱਚ ਨਾ ਤਾਂ ਰੰਗ-ਬਿਰੰਗੇ ਫੁੱਲ ਖਿੜਦੇ ਹਨ ਅਤੇ ਨਾ ਹੀ ਫੁੱਲਾਂ ਦੀ ਮਹਿਕ ਗੇੜਾ ਮਾਰਦੀ ਹੈ। ਰੰਗ ਅਤੇ ਮਹਿਕ ਸਾਡੇ ਮਹਾਨ ਦੇਸ਼ ਦਾ ਇੱਕ ਖਾਸ ਤਬਕਾ ਆਪਣੇ ਕਬਜ਼ੇ ਵਿੱਚ ਕਰੀ ਬੈਠਾ ਹੈ। ਜਿਵੇਂ ਸਾਡੀਆਂ ਬਾਤਾਂ ਵਾਲਾ ਦੈਂਤ ਆਪਣੇ ਵੱਡੇ-ਵੱਡੇ ਜਬਾੜ੍ਹਿਆਂ ਵਿੱਚ ਲੋਕਾਂ ਦੇ ਸੁੱਖ ਨੂੰ ਕੈਦ ਕਰੀ ਬੈਠਾ ਹੁੰਦਾ ਸੀ। ਲੋਕ ਹਰ ਵਾਰ ਕਿਸੇ ਨਵੇਂ 'ਰਾਜ ਕੁਮਾਰ' ਦੀ ਉਡੀਕ ਕਰਦੇ ਰਹਿੰਦੇ ਹਨ ਕਿ ਕਦੋਂ ਕੋਈ ਰਾਜ ਕੁਮਾਰ ਆਵੇਗਾ ਤੇ ਉਹਨਾ ਦੀ ਜ਼ਿੰਦਗੀ ਦੀ ਬਗੀਚੀ ਦੇ ਰੰਗ ਅਤੇ ਮਹਿਕ ਉਸ ਦੈਂਤ ਦੇ ਜਬਾੜ੍ਹਿਆਂ ਵਿੱਚੋਂ ਆਜ਼ਾਦ ਕਰਾ ਕੇ ਲੋਕਾਂ ਵਿੱਚ ਵੰਡੇਗਾ।

ਲੋਕਾਂ ਦੀ ਇਸ ਰੀਝ ਦੇ ਲੁਟੇਰੇ ਹਰ ਵਾਰ ਨਵੇਂ ਰੰਗ-ਰੂਪ ਨਵੇਂ ਲਾਰਿਆਂ ਅਤੇ ਨਾਅਰਿਆਂ ਨਾਲ ਆ ਹਾਜ਼ਰ ਹੁੰਦੇ ਹਨ। ਇਹਨਾਂ ਨਵੇਂ ਲੁਟੇਰਿਆਂ ਕੋਲ ਕਦੀ ਸਾਡੀ ਪੂਰੀ ਭੁੱਖ ਲਈ ਚੱਪਾ ਕੁ ਰੋਟੀ ਹੁੰਦੀ ਹੈ, ਕਦੀ ਅਲਫ ਨਗਨ ਲੋਕਾਂ ਲਈ ਧੋਤੀ ਹੁੰਦੀ ਹੈ ਜਾਂ ਕਦੀ ਅਜਿਹਾ ਕੁਝ ਹੋਰ। ਅਸਲ ਵਿੱਚ ਇਹ ਸਾਡੀਆਂ ਪੂਰੀਆਂ-ਪੂਰੀਆਂ ਰੀਝਾਂ ਨੂੰ ਚੱਪਾ ਕੁ ਤੋਂ ਅੱਗੇ ਵਧਣ ਨਹੀਂ ਦੇਣਾ ਚਾਹੁੰਦੇ। ਉਹ ਬੜੇ ਸ਼ਾਤਰ ਹਨ। ਉਹ ਜਾਣਦੇ ਹਨ ਕਿ ਜੇ ਸਾਡੀਆਂ ਰੀਝਾਂ ਚੱਪਾ ਕੁ ਤੋਂ ਅੱਗੇ ਪੂਰਤੀ ਵੱਲ ਵਧੀਆਂ ਤਾਂ ਅਸੀਂ ਉਹਨਾਂ ਦੀਆਂ ਲੂੰਬੜ ਅਤੇ ਸ਼ਾਤਰ ਚਾਲਾਂ ਨੂੰ ਭਲੀ-ਭਾਂਤ ਪਛਾਣ ਸਕਣ ਦੇ ਯੋਗ ਹੋ ਜਾਵਾਂਗੇ। ਉਹ ਆਉਣਗੇ, ਕਦੀ ਸਾਡੀਆਂ ਮੰਗਾਂ ਦੀ ਪੂਰਤੀ ਦੀ ਗਲ ਕਰਨਗੇ, ਕਦੇ ਲਾਰੇ ਲਾਉਣਗੇ, ਕਦੇ ਕੁਝ ਨੁਕਾਤੀ ਪ੍ਰੋਗਰਾਮ ਲੈ ਕੇ ਆਉਣਗੇ, ਕਦੇ ਗਰੰਟੀਆਂ ਦੇਣਗੇ, ਪਰ ਇਹ ਸਾਰਾ ਕੁਝ ਵੋਟ-ਰੁੱਤ ਬਦਲਦਿਆਂ ਹੀ ਕਿੱਧਰੇ ਉਡ-ਪੁਡ ਜਾਵੇਗਾ ਤੇ ਅਸੀਂ ਅਗਲੀ ਵੋਟ ਰੁੱਤ ਤੱਕ ਇਸ ਬਾਰੇ ਚਰਚਾ ਕਰਦੇ ਰਹਾਂਗੇ। ਪਾਤਰ ਦੇ ਸ਼ਿਅਰ ਵਾਂਗ ਅਸੀਂ ਉਸ ਨਾਇਕ ਦੀ ਉਡੀਕ ਹੀ ਕਰਦੇ ਆ ਰਹੇ ਹਾਂ, ਜੋ ਕਿੱਧਰੋਂ ਕਲਮਾਂ ਲੱਭ ਕੇ ਲਿਆਵੇ ਤੇ ਸਾਡੀ ਜ਼ਰਖੇਜ਼ ਜ਼ਮੀਨ ਵਿੱਚ ਲਾ ਕੇ ਸਾਡੀ ਜ਼ਿੰਦਗੀ ਵਿੱਚ ਰੰਗ ਅਤੇ ਮਹਿਕ ਭਰੇ। ਜ਼ਰਾ ਇਸ ਗੱਲ 'ਤੇ ਵੀ ਗੌਰ ਕਰਿਉ ਕਿ ਇਹ ਕਲਮਾਂ ਲੱਭਣ ਦਾ ਕੰਮ ਅਸੀਂ ਕਿਉਂ ਨਹੀਂ ਕਰ ਰਹੇ? ਜਦੋਂ ਤੁਸੀਂ ਕਲਮਾਂ ਲੱਭਣ ਦਾ ਹੌਸਲਾ ਕਰ ਲਿਆ, ਉਸੇ ਪਲ ਤੋਂ ਹੀ ਤੁਹਾਡੀ ਜ਼ਿੰਦਗੀ ਵਿੱਚ ਰੰਗ ਅਤੇ ਮਹਿਕ ਭਰ ਜਾਵੇਗੀ।

**ਸੰਪਰਕ : 98721-73475**

# ਜੰਗਲ ਸੋਧ ਕਾਨੂੰਨ ਵਾਤਾਵਰਣ ਦਾ ਘਾਣ

**ਪੌਣ-ਪਾਣੀ ਧਰਤ**

**ਵਿਜੈ ਬੰਬੇਲੀ**

ਸਾਡੇ ਮੁਲਕ ਭਾਰਤ ਉੱਤੇ ਕੁਦਰਤ ਬੜੀ ਦਿਆਲ ਸੀ। ਅਸੀਂ ਕੁਦਰਤੀ ਸੋਮਿਆਂ ਵੱਲੋਂ ਹੀ ਨਹੀਂ, ਵੰਨ-ਸੁਵੰਨੀਆਂ ਰੁੱਤਾਂ ਵਜੋਂ ਵੀ ਬੜੇ ਸਰਸ਼ਾਰ ਸਾਂ। ਹੁਣ ਅਜਿਹਾ ਨਹੀਂ ਹੈ, ਕਾਰਨ; ਸਾਡੀ ਲਾਲਸਾ। ਅਸੀਂ ਕੁਦਰਤ ਦੀ ਕਦਰ ਅਤੇ ਮੁੜ-ਭਰਪਾਈ ਨਹੀਂ ਕੀਤੀ। ਸਿੱਟੇ ਵਜੋਂ ਸਾਨੂੰ ਭੈੜੇ ਨਤੀਜੇ ਭੁਗਤਣੇ ਪੈ ਰਹੇ ਹਨ।

ਪ੍ਰਮੁੱਖ ਕੁਦਰਤ ਸੋਮਿਆਂ ਵਿੱਚ ਜੰਗਲ ਦਾ ਉੱਤਮ ਸਥਾਨ ਹੈ। ਸਾਡੇ ਪੁਰਖੇ ਤਾਂ ਮੁੱਢ-ਕਦੀਮ ਤੋਂ ਹੀ ਕੁਦਰਤ ਦੀ ਜੈ-ਜੈ-ਕਾਰ ਕਰਦੇ ਆ ਰਹੇ ਸਨ, ਸਬੂਤ ਵਜੋਂ ਭਾਰਤ ਦੀ ਪਹਿਲੜੀ ਮਹਾਂ-ਲਿਖਤ ਰਿਗ ਵੇਦਿਆ ਫਰੋਲੀ ਜਾ ਸਕਦੀ ਹੈ। ਅਸੀਂ ਬਾਬਾ ਨਾਨਕ ਦੀ ਉਸ ਸੁਣਾਉਣੀ ਨੂੰ ਵੀ ਭੁੱਲ ਗਏ, ਜਿਸ ਵਿੱਚ ਪਾਣੀ ਨੂੰ ਪਿਤਾ ਅਤੇ ਧਰਤ (ਮਿੱਟੀ) ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ।

ਪਹਿਲ-ਪਲੱਕੜੇ ਪੁਰਖਿਆਂ ਤੋਂ ਬਾਅਦ ਅੰਗਰੇਜ਼ਾਂ ਨੇ ਜੰਗਲਾਂ ਦੀ ਗਹਿਰ-ਗੰਭੀਰ ਮਹੱਤਤਾ ਬੁੱਝਣ ਉਪਰੰਤ ਜੰਗਲ ਕਾਨੂੰਨ 1878 ਲਿਆਂਦਾ। ਇਸ ਤੋਂ ਪਹਿਲਾਂ ਭਾਵੇਂ ਬਹੁਤਾ ਆਪਣੇ ਮੁਫਾਦਾਂ ਹਿੱਤ ਹੀ ਸਹੀ, ਉਹਨੀਂ ਜੰਗਲ ਕਾਨੂੰਨ 1865 ਵੀ ਲਿਆਂਦਾ ਸੀ। ਸੰਨ '27 ਵਿੱਚ ਉਹ ਜੰਗਲ-ਵੰਨਗੀਆਂ ਨੂੰ ਪ੍ਰਭਾਸ਼ਿਤ ਕਰਨ ਅਤੇ ਉਹਨਾਂ ਤਹਿਤ ਜੰਗਲਾਂ ਨੂੰ ਨੋਟੀਫਾਈ ਕਰਨ ਵੱਲ ਵਧੇ, ਜਿਸ ਨਾਲ ਜੰਗਲ ਰੱਖਿਆ ਨੂੰ ਸਿਫ਼ਤੀ ਹੁਲਾਰਾ ਮਿਲਿਆ।

ਪਰ ਕਈ ਕਾਰਨਾਂ ਕਰਕੇ ਗੋਰੇ ਵੀ ਸਾਰੇ ਜੰਗਲਾਂ ਦਾ ਵਰਗੀਕਰਨ ਅਤੇ ਰਾਖਵਾਂਕਰਨ ਨਹੀਂ ਸੀ ਕਰ ਸਕੇ, ਜਿਹੜਾ ਆਜ਼ਾਦੀ ਉਪਰੰਤ ਮੁਕੰਮਲ ਕਰਨਾ ਚਾਹੀਦਾ ਸੀ ਪ੍ਰੰਤੂ ਨਹੀਂ ਕੀਤਾ ਗਿਆ, ਜਿਸ ਕਾਰਨ ਕੁਦਰਤੀ ਸਾਵੇਂਪਨ ਅਤੇ ਕੁਦਰਤੀ ਧਰੋਹਰਣਾਂ, ਜਿਹਨਾਂ ਉੱਤੇ ਹਾਕਮ-ਜਮਾਤਾਂ ਦੇ ਨੇੜੂ ਧੰਨ-ਕੁਬੇਰਾਂ ਦੀ ਬਾਜ਼ ਅੱਖ ਟਿਕੀ ਹੋਈ ਹੈ, ਦਾ ਨੁਕਸਾਨ-ਦਰ-ਨੁਕਸਾਨ ਹੁੰਦਾ ਰਿਹਾ।

ਆਜ਼ਾਦੀ ਉਪਰੰਤ ਵਣ ਰੱਖਿਆ ਕਾਨੂੰਨ-1980 ਆਇਆ, ਜਿਸ ਸਦਕਾ ਜੰਗਲ ਕਟਾਈ ਜੋ ਸਾਲਾਨਾ 1.5 ਲੱਖ ਹੈਕਟੇਅਰ ਸੀ, ਘਟ ਕੇ 38 ਹਜ਼ਾਰ ਹੈਕ. ਰਹਿ ਗਈ। ਦਸੰਬਰ 96 ਵਿੱਚ ਸੁਪਰੀਮ ਕੋਰਟ ਨੇ ਜੰਗਲ ਪ੍ਰੇਮੀ ਟੀ ਐਨ ਗੋਦਾਵਰਮਨ ਦੀ ਅਰਜ਼ੋਈ 'ਤੇ ਇਸ ਕਾਨੂੰਨ ਦਾ ਦਾਇਰਾ ਤਾ-ਕਿਸਮ ਦੇ ਜੰਗਲਾਂ (ਵਣ ਕੈਟਾਗਰੀਜ਼) ਤੱਕ ਵਧਾ ਦਿੱਤਾ, ਤਾਂ ਜੋ ਜੰਗਲ ਸਥਿਰ ਰਹਿ ਸਕਣ।

ਪ੍ਰੰਤੂ ਜੰਗਲਾਂ ਦੀ ਸਥਿਤੀ ਬਾਰੇ ਰਿਪੋਰਟ-2021 ਅਨੁਸਾਰ ਦੇਸ਼ ਦੇ ਜੰਗਲਾਂ ਦਾ ਕਰੀਬ 15% ਖੇਤਰ ਹਾਲੇ ਤੀਕ ਵੀ ਰਾਖਵੇਂ ਜੰਗਲ ਵਜੋਂ ਵਰਗੀਕਰਨ ਨ੍ਹੀਂ ਕੀਤਾ ਗਿਆ। ਵਣ ਸੋਧ ਬਿੱਲ-2023 'ਤੇ ਸਾਂਝੀ ਸੰਸਦੀ ਕਮੇਟੀ ਨੇ ਉਂਗਲ ਰੱਖੀ ਸੀ ਕਿ ਇਸ ਨਾਲ ਵਣ ਰੱਖਿਆ ਕਾਨੂੰਨ ਦੀਆਂ ਕੁੱਝ ਮੱਦਾਂ ਨੂੰ ਬੇਹੱਦ ਪੇਤਲਾ ਕੀਤਾ ਗਿਆ ਹੈ, ਜਿਸ ਨਾਲ ਗੈਰ-ਨੋਟੀਫਾਈ ਜੰਗਲ ਤਾਂ ਕੀ, ਰਾਖਵੇਂ ਜੰਗਲ ਤੱਕ ਤਿੱਖੇ ਵਢਾਂਗੇ ਹੇਠ ਆ ਜਾਣਗੇ।

ਅਫਸੋਸ! ਧੰਨ-ਕੁਬੇਰਾਂ ਦੀਆਂ ਪ੍ਰਿਤਪਾਲਕ ਅਤੇ ਅਖੌਤੀ ਵਿਕਾਸ ਦੀਆਂ ਚੁੰਧਿਆਈਆਂ ਹਾਕਮ-ਜਮਾਤਾਂ ਜੰਗਲਾਂ ਦੇ ਜੜ੍ਹੀਂ ਅੱਕ ਦੇਣ ਵੱਲ ਤੁਰੀਆਂ ਹੋਈਆਂ ਹਨ। ਹੁਣ ਵਾਲੀ ਕੇਂਦਰੀ ਸਰਕਾਰ ਧੰਨ ਕੁਬੇਰਾਂ ਦੇ ਕੁਦਰਤੀ ਸੋਮਿਆਂ ਅਤੇ ਜੰਗਲਾਂ ਤੇ ਕਬਾਲੀਜ਼ ਭੌਇੰ ਉੱਤੇ ਕਬਜ਼ਿਆਂ ਦਾ ਰਾਹ ਪੱਧਰਾ ਕਰਨ ਲਈ ਸਿੱਧੇ-ਅਸਿੱਧੇ ਲਗਾਤਾਰ ਕੁ-ਕਰਮ ਕਰ ਰਹੀ ਹੈ, ਪਰ ਬਰੀ ਪਹਿਲਿਆਂ ਨੂੰ ਵੀ ਨਹੀਂ ਕੀਤਾ ਜਾ ਸਕਦਾ। ਆਦਿ-ਵਾਸੀਆਂ ਦੇ ਵਿਦਰੋਹਾਂ ਨੂੰ ਇਸ ਸੰਦਰਭ ਵਿੱਚ ਵੀ ਬੁੱਝਿਆ ਜਾ ਸਕਦਾ ਹੈ।

ਸੋਧ ਬਿੱਲ-2023 ਬੇਹੱਦ-ਗੈਰਜ਼ਿੰਮੇਵਾਰੀ ਨਾਲ ਕਿਸੇ ਵੀ ਜੰਗਲੀ ਖਿੱਤੇ ਨੂੰ ਹੋਰ ਕਾਰਜਾਂ ਹਿੱਤ ਵਰਤਣ ਦੀ ਬੇ-ਕਿਰਕ ਆਗਿਆ ਦਿੰਦਾ ਹੈ। ਕਾਹਲੀ ਵੇਖੋ, 1996 ਤੱਕ ਦੇ ਪ੍ਰਵਾਨਗੀ ਲਈ ਪੈਂਡਿਗ ਕੇਸਾਂ ਵਿੱਚ ਤਾ-ਜੰਗਲੀ ਖਿੱਤੇ ਨੂੰ ਗੈਰ-ਜੰਗਲੀ ਖਿੱਤੇ ਵਜੋਂ ਆਗਿਆ ਦੇਣ ਸਮੇਂ ਮੁੜ ਦਰਖਾਸਤਾਂ ਮੰਗਣ ਜਾਂ ਘੋਖਣ ਦੀ ਲੋੜ ਹੀ ਨਹੀਂ ਸਮਝੀ ਗਈ ਕਿ ਇੰਜ ਕਰਨ ਨਾਲ ਕੁਦਰਤੀ ਅਤੇ ਸਮਾਜਿਕ ਸਮਤੋਲ ਨਾਲ ਵੱਡੀ ਬੇਇਨਸਾਫੀ ਹੋਵੇਗੀ।

ਜੰਗਲ ਲਬਰੇਜ਼ ਕੁੱਝ ਸੂਬਿਆਂ, ਅਰਾਵਲੀ ਘਾਟ ਅਤੇ ਵਿਸ਼ੇਸ਼ ਕਰਕੇ ਪੱਛਮੀ ਅਤੇ ਪੂਰਬੀ ਘਾਟਾਂ ਦੇ ਕੁਦਰਤੀ ਜੰਗਲਾਂ ਅਤੇ ਉਹਨਾਂ ਪਹਾੜਾਂ ਜਿਹੜੇ ਸਰਸਬਜ਼ ਰਕਬੇ ਤੇ ਖਣਿਜਾਂ ਵਜੋਂ ਬੇਹੱਦ ਮਾਲਾ-ਮਾਲ ਹਨ, ਪ੍ਰਤੀ ਅਤੇ ਉਹਨਾਂ ਦੇ ਮੂਲ ਜਾਂ ਕੁਦਰਤੀ ਮਾਲਕਾਂ ਨਾਲ ਤਾਂ ਬੇਹੱਦ ਧ੍ਰੋਹ ਕਮਾਇਆ ਜਾ ਰਿਹਾ ਹੈ। ਮਨੀਪੁਰ ਆਦਿ ਦੁਖਾਂਤ, ਕੁੱਝ ਹੋਰ ਕਾਰਨਾਂ ਤੋਂ ਬਿਨਾਂ ਅਜਿਹੀਆਂ ਹਰਕਤਾਂ ਦਾ ਵੀ ਸਿੱਟਾ ਹਨ।

ਅਜਿਹਾ ਕਿਉਂ? ਕਿਉਂਕਿ ਹਾਕਮ-ਜਮਾਤਾਂ ਸੱਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲ-ਅੰਦਾਜ਼ੀ ਕਰ ਰਹੀਆਂ ਹਨ। ਜਿਸ ਦਾ ਕੁਢਰ ਰੂਪ ਹੁਣ ਦੇ ਹਾਕਮਾਂ ਵੱਲੋਂ ਪਾਸ ਕੀਤੇ ਵਣ ਰੱਖਿਆ ਸੋਧ ਬਿੱਲ-2023 'ਚ ਸਾਹਮਣੇ ਆਇਆ ਹੈ। ਅਸੀਂ ਬੋਲਦੇ ਹੀ ਨਹੀਂ, ਕਿਉਂਕਿ ਸਾਨੂੰ ਜੰਗਲਾਂ ਦੇ ਅਸਿੱਧੇ, ਪਰ ਨਿਹਾਇਤ ਜ਼ਰੂਰੀ ਲਾਭਾਂ ਦਾ ਨਹੀਂ ਪਤਾ।

ਅਸੀਂ ਭਾਰਤੀ ਲੋਕ, ਖਾਸ ਕਰਕੇ ਹਾਕਮ ਇਤਿਹਾਸ ਤੋਂ ਵੀ ਸਬਕ ਨਹੀਂ ਸਿੱਖਦੇ। ਦਰ-ਹਕੀਕਤ ਅਸੀਂ ਇਤਿਹਾਸ ਨੂੰ ਗੂੜ੍ਹਦੇ ਨਹੀਂ, "ਡੰਡੋਤ-ਬੰਦਨਾ" ਕਰਦੇ ਹਾਂ। ਲੱਗਦਾ ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਵਿੱਚ ਬਦਲ ਗਿਆ, ਜਦ ਜੰਗਲ ਰੁੱਸ ਗਏ।

ਤਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ।

ਮੈਸੋਪਟਾਮੀਆ, ਫ਼ਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ : ਉਰ, ਸੁਮੇਰੀਆਂ, ਬੈਬੋਲੀਨ ਅਤੇ ਅਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਜੰਗਲਾਂ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹਿੰਜੋਦੜੋ ਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦਾ ਕੀ ਬਣਿਆ? ਜੰਗਲ; ਜ਼ਰਖੇਜ਼ਤਾ, ਨਮੀ ਅਤੇ ਸਾਂਵੀਂ ਵਰਖਾ ਦੇ ਬਹੁਤ ਵੱਡੇ ਵਾਹਕ ਹਨ।

"ਸ਼ਾਇਦ" ਸਾਨੂੰ ਨਹੀਂ ਪਤਾ; ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ, ਜਿਹੜੀ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਇਕ ਵਰਗ ਕਿਲੋਮੀਟਰ ਘਣਾ ਜੰਗਲ ਸਾਲਾਨਾ ਪੰਜਾਹ ਹਜ਼ਾਰ ਘਣਮੀਟਰ ਪਾਣੀ ਧਰਤੀ 'ਚ ਭੇਜਦਾ ਹੈ। ਪ੍ਰਿਥਵੀ ਉਤਲੇ ਸਾਰੇ ਪੌਦੇ, ਭਾਵੇਂ ਉਹ ਕਿਤੇ ਵੀ ਹੋਣ, ਹਰ ਵਰ੍ਹੇ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮਲੜ੍ਹ (ਪੱਤਖਾਦ) ਬਖਸ਼ ਕੇ ਧਰਤੀ ਨੂੰ ਠੰਢਾ-ਪੋਲਾ-ਨਮ ਅਤੇ ਹੜ੍ਹ-ਰੁੜ੍ਹ ਕੇ ਦੁਰੇਡੀਆਂ ਮਿੱਟੀਆਂ ਨੂੰ ਵੀ ਜ਼ਰਖੇਜ਼ ਬਣਾਉਂਦੇ ਹਨ। ਤਾ-ਧਰਾਤਲ ਅਤੇ ਖਲਾਅ ਨੂੰ ਨਮ-ਠੰਢਕ ਬਖਸ਼ਦੇ ਹਨ, ਜ਼ਹਿਰਾਂ ਚੂਸਦੇ ਤੇ ਆਕਸੀਜਨ ਛੱਡਦੇ ਹਨ।

ਇਕ ਵਰਗ ਕਿਲੋਮੀਟਰ ਭਰਪੂਰ ਜੰਗਲ ਹਰ ਰੋਜ਼ 3.7 ਮੀਟਰਿਕ ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ। ਇਕ ਮਨੁੱਖ ਨੂੰ ਤਾ-ਉਮਰ 16 ਭਰਪੂਰ ਰੁੱਖਾਂ ਵੱਲੋਂ ਕੁੱਲ ਪੈਦਾ ਕੀਤੀ ਆਕਸੀਜਨ ਲੋੜੀਂਦੀ ਹੈ। ਇੱਕ ਭਰਪੂਰ ਦਰੱਖਤ ਸਾਲਾਨਾ 20 ਕਿਲੋ ਜ਼ਹਿਰੀਲੀ ਧੂੜ ਤੇ 80 ਕਿਲੋ ਪਾਰਾ-ਸਿੱਕਾ-ਲੀਥੀਅਮ ਨੂੰ ਹਜ਼ਮ ਕਰ ਸਕਦਾ ਹੈ ਅਤੇ ਮੋੜਵੇਂ ਰੂਪ ਵਿੱਚ 700 ਕਿਲੋ ਆਕਸੀਜਨ ਦਿੰਦਾ ਹੈ। ਕੋਰੋਨਾ-ਕਾਲ ਨੇ ਬੜੀਆਂ ਦੁਸ਼ਵਾਰੀਆਂ ਦਿੱਤੀਆਂ, ਪਰ ਆਕਸੀਜਨ ਦੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬੂਹੇ ਆਈ ਜੰਞ, ਵਿੰਨ੍ਹੋ ਕੁੜੀ ਦੇ ਕੰਨ

ਜਿਸ ਦਿਨ ਤੜਕਸਾਰ ਜੰਗਲਾਤ-ਵਾਤਾਵਰਣ ਅਤੇ ਜਲਵਾਯੂ ਤਬਦੀਲੀ ਬਾਰੇ ਪਾਰਲੀਮਾਨੀ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ, ਐਨ ਉਸੇ ਦਿਨ ਮੋਦੀ ਸਰਕਾਰ ਨੇ ਜੈਵ-ਵਿਭਿੰਨਤਾ ਅਤੇ ਜੰਗਲਾਤ ਸੰਭਾਲ ਸੋਧ ਬਿੱਲ-2023 ਨੂੰ ਮਨਜ਼ੂਰ ਕਰਨ ਦਾ ਆਪਣਾ ਹੱਠ ਪੂਰਾ ਕਰ ਲਿਆ। ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਸਵੇਰੇ-ਸਵੇਰੇ ਸੰਬੰਧਤ ਮੰਤਰੀ ਵਾਤਾਵਰਣ ਅਤੇ ਮੌਸਮੀ ਤਬਦੀਲੀ ਦੇ ਸੰਦਰਭ 'ਚ ਜੰਗਲ ਮਹੱਤਤਾ ਦਾ ਵਿਸਥਾਰਤ ਵਰਨਣ ਕਰਦੇ ਹੋਏ ਬੜੀ 'ਫ਼ਿਕਰਮੰਦੀ' ਜ਼ਾਹਰ ਕਰ ਰਹੇ ਸਨ, ਪਰ; ਅਫਸੋਸ! ਉਸੇ ਦਿਨ ਲੌਢੇ ਵੇਲੇ ਉਹੀ ਮੰਤਰੀ ਦੇਸ਼ ਦੇ ਜੰਗਲਾਂ ਬਾਰੇ ਅਜਿਹਾ ਬਿੱਲ ਪੇਸ਼ ਕਰਦਾ ਹੈ, ਜਿਸ ਦੇ ਸਿੱਟੇ ਜੰਗਲਾਂ, ਵਾਤਾਵਰਣ ਅਤੇ ਜੰਗਲ ਨਿਰਭਰ ਤੇ ਜੰਗਲਾਂ ਦੇ ਕੁਦਰਤੀ ਮਾਲਕਾਂ ਅਤੇ ਮੋੜਵੇਂ ਰੂਪ ਵਿੱਚ ਮੁਲਕ ਲਈ ਬਹੁਤ ਮਾਰੂ ਨਿਕਲਣੇ ਹਨ। ਸਰਕਾਰ, ਜਿਹੜੀ ਜੀ-20 ਦਾ ਢੰਡੋਰਾ ਪਿੱਟਣੋਂ ਨਹੀਂ ਹਟਦੀ, ਨੇ ਉਸ ਜੀ-20 ਸਿਖਰ ਸੰਮੇਲਨ, ਜਿਸ ਦੇ ਏਜੰਡੇ ਵਿੱਚ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਨੂੰ ਉਚਿਤ ਮਹੱਤਤਾ ਦਿੱਤੀ ਗਈ ਹੈ, ਦੀ ਪੂਰਵ ਸੰਧਿਆ 'ਤੇ ਹੀ ਕੁਦਰਤ ਵਿਰੋਧੀ ਬਿੱਲ ਪਾਸ ਕਰ ਦਿੱਤਾ, ਜਦਕਿ 1971 ਦੀ ਰਾਮਸਰ (ਇਰਾਕ) ਕਨਵੈਨਸ਼ਨ ਅਤੇ ਵਾਤਾਵਰਣ, ਜੰਗਲ ਅਤੇ ਜੈਵ-ਵਿਭਿੰਨਤਾ ਦੀ ਸੁਰੱਖਿਆ ਲਈ ਪੈਰਿਸ ਸਮਝੌਤੇ ਪ੍ਰਤੀ ਭਾਰਤ ਵੀ ਪੂਰੀ ਤਰਾਂ ਵਚਨਬੱਧ ਹੈ, ਪਰ ਮੌਜੂਦਾ ਸਰਕਾਰ, ਜਿਹੜੀ ਆਪਣੇ ਲੋਕਾਂ ਪ੍ਰਤੀ ਹੀ ਵਚਨਬੱਧ ਨਹੀਂ, ਉਹ ਬੇਗਾਨਿਆਂ ਪ੍ਰਤੀ ਕਿੰਨਾ ਕੁ ਵਚਨਬੱਧ ਹੋਵੇਗੀ।

ਇਹ ਬਿੱਲ ਉਸ ਜੰਗਲਾਤ ਅਧਿਕਾਰ ਕਾਨੂੰਨ-2006 ਨੂੰ ਵੀ ਮਲੀਆਮੇਟ ਕਰਦਾ ਹੈ, ਜਿਹੜਾ ਆਦਿਵਾਸੀਆਂ ਅਤੇ ਹੋਰ ਰਿਵਾਇਤੀ ਜੰਗਲ ਨਿਵਾਸੀਆਂ ਦੇ ਕੁਦਰਤੀ ਅਧਿਕਾਰਾਂ ਦੀ ਸੁਰੱਖਿਆ ਦੀ ਮੁਕੰਮਲ ਗਰੰਟੀ ਦਿੰਦਾ ਹੈ। ਸਰਕਾਰ ਅਤੇ ਉਸ ਦੇ ਧੁਤੂ, ਜੋ ਮਰਜ਼ੀ ਕੂੜ-ਪ੍ਰਚਾਰ ਕਰਨ ਇਹ ਦੋਵੇਂ ਸੋਧ ਕਾਨੂੰਨ ਕੁਦਰਤੀ ਸਮਤੋਲ ਖਾਸ ਕਰਕੇ ਜੰਗਲਾਂ ਅਤੇ ਜੈਵ-ਵਿਭਿੰਨਤਾ ਲਈ ਮੌਤ ਦੀ ਘੰਟੀ ਹਨ।

ਦਰ-ਹਕੀਕਤ; 'ਬਿਜ਼ਨੈੱਸ' ਦੀਆਂ 'ਗਿਣਤੀਆਂ-ਮਿਣਤੀਆਂ' ਹੀ ਇਸ ਸਰਕਾਰ ਦੀ ਅਗਵਾਨੀ ਕਰ ਰਹੀਆ ਹਨ। ਜਿਹੜੀ ਗੱਲ, ਸਰਕਾਰ ਦੇ ਖਾਨੇ ਵਿੱਚ ਨਹੀਂ ਪੈਂਦੀ, ਉਹ ਇਹ ਹੈ ਕਿ ਵੱਡੇ ਧਨ-ਕੁਬੇਰਾਂ ਦੀ ਲਾਲਸਾ ਅਤੇ ਵਾਤਾਵਰਣ ਸਮਤੋਲ ਦਾ ਕੁਦਰਤੀ ਨਿਆਂ 'ਕੱਠੇ ਨਹੀਂ ਤੋਰੇ ਜਾ ਸਕਦੇ, ਕਿਉਂਕਿ ਕਾਰਪੋਰੇਟ ਯੁੱਗ ਵਿੱਚ 'ਵਪਾਰ' ਦਾ ਇੱਕੋ-ਇਕ ਨਿਸ਼ਾਨਾ ਲਾਭ ਅਤੇ ਸੱਤਾ ਹੈ, ਜਦੋਂ ਕਿ ਕੁਦਰਤੀ ਸਮਤੋਲ ਲਈ ਕੁਦਰਤ ਅਤੇ ਆਮ ਲੋਕਾਂ ਦੇ ਫਿਕਰਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ।

ਮੁੱਕਦੀ ਗੱਲ; ਸਰਕਾਰ 1980 ਦੇ ਜੰਗਲ ਸੰਭਾਲ ਕਾਨੂੰਨ, ਜਿਹੜਾ ਜੰਗਲ-ਸਹਿਹੋਂਦ ਨੂੰ ਯਕੀਨੀ ਬਣਾਉਂਦਾ ਹੈ, ਨੂੰ ਪੁੱਠਾ ਗੇੜਾ ਦੇਣ 'ਤੇ ਤੁਲੀ ਹੋਈ ਹੈ। ਹਾਕਮ ਜਮਾਤਾਂ ਕੁਦਰਤੀ ਸੋਮਿਆਂ ਅਤੇ ਵਾਅਦਿਆਂ-ਗਰੰਟੀਆਂ ਦਾ ਹੇਜ ਨਹੀਂ ਕਰਦੀਆਂ ਹੁੰਦੀਆਂ, ਖਾਸ ਕਰਕੇ ਉਹ ਜਿਹੜੀਆਂ ਧਨ-ਕੁਬੇਰਾਂ ਦੀਆਂ ਗੋਲੀਆਂ ਹੋਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਵਰਤਾਰਿਆਂ ਵਿਚਲੇ ਸੱਚ ਨੂੰ ਸਮਝਣ ਦੀ ਤਾਂਘ

ਕਿਤਾਬ ਦੀ **ਪਰਖ ਪੜਚੋਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

## ਮੱਧਮ-ਮੱਧਮ

(ਕਵਿਤਾ)
**ਜਸਲੀਨ ਕੌਰ**
**ਪੰਨੇ : 124, ਮੁੱਲ : 295 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**






ਜਸਲੀਨ ਪਿਛਲੇ ਲੱਗਭੱਗ ਡੇਢ ਦਹਾਕੇ ਤੋਂ ਕਾਵਿ-ਸਿਰਜਣਾ ਨਾਲ ਜੁੜੀ ਹੋਈ ਹੈ। ਉਸ ਦੀ ਪਹਿਲੀ ਕਿਤਾਬ 'ਮੰਥਨ' ਨੇ ਹੀ ਉਸ ਦੀ ਹਾਜ਼ਰੀ ਪੰਜਾਬੀ ਕਾਵਿ ਖੇਤਰ ਵਿੱਚ ਭਰਵੇਂ ਰੂਪ ਵਿੱਚ ਲੁਆ ਦਿੱਤੀ ਸੀ। 'ਮੰਥਨ' ਅਤੇ 'ਮਨ ਦੀ ਓਜ਼ੋਨ' ਤੋਂ ਇਹ ਕਵਿਤਾ ਭਿੰਨ ਵੀ ਹੈ ਅਤੇ ਪ੍ਰੌਢ ਵੀ ਹੈ। ਮੰਥਨ ਅਤੇ ਮਨ ਦੀ ਓਜ਼ੋਨ ਵਿੱਚ ਉਹ ਬਾਹਰੀ ਪ੍ਰਭਾਵਾਂ ਨੂੰ ਅਚੇਤ ਰੂਪ ਵਿੱਚ ਕਬੂਲਦੀ ਅਤੇ ਕਵਿਤਾ ਵਿੱਚ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਜਿਸ ਨਾਲ ਸ਼ਾਇਰਾ ਦਾ ਆਪਣਾ ਨਿੱਜ ਗੈਰ-ਹਾਜ਼ਰ ਹੋਣ ਲੱਗਦਾ ਹੈ, ਪਰ 'ਮੱਧਮ-ਮੱਧਮ' ਨਾਲ ਜਸਲੀਨ ਦੀ ਆਪਣੀ ਵਿਲੱਖਣ ਪਛਾਣ ਦਾ ਰੰਗ ਗੂੜ੍ਹਾ ਵੀ ਹੋਇਆ ਹੈ ਅਤੇ ਟਿਕਾਊ ਵੀ । ਜਿਸ ਦੀ ਮਿਸਾਲ ਵਜੋਂ ਇਸ ਕਿਤਾਬ ਵਿੱਚ ਬੇਸ਼ੁਮਾਰ ਕਵਿਤਾਵਾਂ ਹਾਜ਼ਰ ਹੁੰਦੀਆਂ ਹਨ।

ਕਵਿਤਾ ਵਾਰਤਕ ਦੇ ਮੁਕਾਬਲੇ ਭਾਵਾਂ/ਭਾਵਨਾਵਾਂ ਦੀ ਗੱਲ ਵਧੇਰੇ ਸਹਿਜ ਤੇ ਤੀਖਣ ਰੂਪ ਵਿੱਚ ਕਰਨ ਦੇ ਸਮਰੱਥ ਹੁੰਦੀ ਹੈ, ਪਰ ਨਾਲ ਹੀ ਇਸ ਵਿੱਚ ਤਰਕ ਦਾ ਦਖਲ ਘਟਣ ਕਰਕੇ ਕਈ ਵਾਰ ਕਵਿਤਾ ਹਸਾਸ ਪਾਠਕ ਨੂੰ ਓਪਰੀ-ਓਪਰੀ ਨਜ਼ਰ ਆਉਣ ਲੱਗਦੀ ਹੈ, ਪਰ ਜੇ ਕਵਿਤਾਵਾਂ ਵਿੱਚ ਤਰਕ ਦਾ ਹਲਕਾ ਜਿਹਾ ਦਖਲ ਹੋਵੇ ਤਾਂ ਕਵਿਤਾ ਜਾਨਦਾਰ ਵੀ ਬਣ ਜਾਂਦੀ ਅਤੇ ਉਸ ਦੀ ਪ੍ਰਸੰਗਕਤਾ ਸਦੀਵੀ ਹੋਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਸ ਦੀਆਂ ਉਦਾਹਰਣਾਂ ਸਾਡੇ ਮੱਧਕਾਲੀ ਕਾਵਿ ਅਤੇ ਆਧੁਨਿਕ ਕਾਵਿ ਵਿੱਚ ਪਈਆਂ ਮਿਲ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਅਸੀਂ ਅੱਜ ਇੱਕੀਵੀਂ ਸਦੀ ਵਿਚਲੇ ਵਰਤਾਰਿਆਂ ਨੂੰ ਸਹੀ ਪਰਿਪੇਖ ਵਿੱਚ ਸਮਝਣ ਲਈ ਉਹਨਾਂ ਕਾਵਿ ਸਿਰਜਣਾ ਦਾ ਸਹਾਰਾ ਲੈਂਦੇ ਹਾਂ, ਜੋ ਅੱਜ ਤੋਂ ਤਿੰਨ ਸਦੀਆਂ ਪਹਿਲਾਂ ਲਿਖੀਆਂ ਜਾ ਚੁੱਕੀਆਂ ਹੁੰਦੀਆਂ ਹਨ। ਇਹੀ ਕਾਵਿ ਦੀ ਸਦੀਵਤਾ ਹੁੰਦੀ ਹੈ, ਜੋ ਸਮਿਆਂ ਦੀ ਧੂੜ ਵਿੱਚ ਗੁੰਮ ਨਹੀਂ ਹੁੰਦੀ, ਅਸਲ ਵਿੱਚ ਕਵਿਤਾ ਦਾ ਇਹੀ ਧਰਮ ਹੁੰਦਾ ਹੈ ਅਤੇ ਇਹ ਪ੍ਰਯੋਜਨ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਅਨੁਭਵ ਵਿਚਲੇ ਸੱਚ ਨੂੰ ਸਦੀਵੀ ਸੱਚ ਬਣਾਉਣ ਦੀ ਸਮਰੱਥਾ ਰੱਖਦਾ ਹੋਵੇ। ਨਾਰੀ ਸੰਵੇਦਨਾ ਬਾਰੇ ਬਹੁਤ ਵੱਡੀ ਮਾਤਰਾ ਵਿੱਚ ਲਿਖਿਆ ਮਿਲਦਾ ਹੈ, ਪਰ ਉਸ ਵਿੱਚੋਂ ਬਹੁਤ ਸਾਰਾ ਸਮਿਆਂ ਦੀ ਧੂੜ ਵਿੱਚ ਬਹੁਤ ਹੀ ਜਲਦੀ ਰੁਲ ਕੇ ਰਹਿ ਜਾਂਦਾ ਹੈ, ਪਰ ਜਿਸ ਸਿਰਜਣਾ ਵਿੱਚ ਅਹਿਸਾਸਾਂ ਦੀ ਪੇਸ਼ਕਾਰੀ ਇਸ ਢੰਗ ਨਾਲ ਹੋਣੀ ਹੁੰਦੀ ਹੈ ਕਿ ਯੁੱਗ-ਵਰਤਾਰਿਆਂ ਦੇ ਸਥਾਈ ਅਤੇ ਮੁੱਢਲੇ ਮਾਨਵੀ ਗੁਣਾਂ ਨਾਲ ਸਿੰਜੋਏ ਹੋਏ ਹੁੰਦੇ ਹਨ, ਉਹ ਕਾਵਿ ਹਮੇਸ਼ਾ ਹੀ ਪ੍ਰਸੰਗਕ ਰਹਿੰਦਾ ਹੈ। ਇਸ ਪੜਾਅ ਤੱਕ ਪਹੁੰਚਣ ਲਈ ਸ਼ਾਇਰ ਦੀ ਪ੍ਰਤਿਭਾ ਪੜਾਅ ਦਰ ਪੜਾਅ ਵਿਕਾਸ ਕਰਦੀ ਰਹਿੰਦੀ ਹੈ। ਸਾਡਾ ਇਹ ਮੰਨਣਾ ਹੈ ਕਿ ਜਸਲੀਨ ਦੀ ਇਹ ਕਵਿਤਾ ਅੰਸ਼ਿਕ ਰੂਪ ਵਿੱਚ ਹੀ ਸਹੀ, ਪਰ ਇਸ ਦਿਸ਼ਾ ਵੱਲ ਪੈਰ ਪੁੱਟਦੀ ਨਜ਼ਰ ਆਉਂਦੀ ਹੈ।

ਜਸਲੀਨ ਇਸ ਕਿਤਾਬ ਦੀ ਪਹਿਲੀ ਕਵਿਤਾ ਤੋਂ ਹੀ ਔਰਤ ਦੀ ਸਥਿਤੀ ਬਾਰੇ ਗੱਲ ਛੋਂਹਦੀ ਹੈ। ਪੰਜਾਬੀ ਕਾਵਿ ਖੇਤਰ ਵਿੱਚ ਕਾਰਜਸ਼ੀਲ ਔਰਤਾਂ ਨੂੰ ਆਮ ਕਰਕੇ ਇਸ ਤਰ੍ਹਾਂ ਲਿਆ ਜਾਂਦਾ ਹੈ ਕਿ ਇਹ ਕਾਵਿ ਔਰਤਾਂ ਦੀ ਰੋਣ-ਧੋਣ ਦੀ ਸਥਿਤੀ ਦਾ ਬਿਰਤਾਂਤ ਬਣਨ ਤੱਕ ਹੀ ਸੀਮਤ ਹੈ। ਭਾਵੇਂ ਹਰ ਸਮੇਂ ਸਾਡੀਆਂ ਸ਼ਾਇਰਾਵਾਂ ਨੇ ਉਹਨਾਂ ਦਾ ਇਹ ਭਰਮ ਤੋੜਿਆ ਵੀ ਹੈ, ਪਰ ਫਿਰ ਵੀ ਇਹੀ ਸੋਚ ਭਾਰੂ ਰਹੀ ਹੈ ਕਿ ਔਰਤ ਜੇ ਕਵਿਤਾ ਲਿਖਦੀ ਵੀ ਹੈ ਤਾਂ ਉਹ ਕੇਵਲ ਔਰਤਾਂ ਦੀਆਂ ਸਾਧਾਰਨ ਕਿਸਮ ਦੀਆਂ ਮੁੱਢਲੀਆਂ ਸਮੱਸਿਆਵਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀਆਂ ਹਨ, ਪਰ ਅਜਿਹਾ ਨਹੀਂ ਹੁੰਦਾ ਅਤੇ ਜਸਲੀਨ ਦੀ ਇਹ ਕਵਿਤਾ ਵੀ ਇਸ ਭਰਮ ਨੂੰ ਉਲੰਘਦੀ ਹੈ। ਮੀਰਾ ਨੂੰ ਵਿਵਸਥਾ ਨੇ ਅਹੱਲਿਆ ਬਣਾ ਦਿੱਤਾ। ਇਸੇ ਹੀ ਨਿਜ਼ਾਮ ਵਿੱਚ ਔਰਤ ਕੁੱਝ ਖਾਸ ਦਿਨਾਂ ਵਿੱਚ ਅਪਵਿੱਤਰ ਹੋਣ ਦਾ ਸਮਾਜਿਕ ਮਿਹਣਿਆਂ ਦਾ ਸੰਤਾਪ ਹੰਢਾਉਂਦੀ ਹੈ, ਪਰ ਸਾਡੀ ਸ਼ਾਇਰਾ ਵਿਵਸਥਾ ਦੇ ਸਾਹਮਣੇ ਇਹ ਇੱਕ ਅਹਿਮ ਅਤੇ ਮਹੱਤਵਪੂਰਨ ਸੁਆਲ ਖੜ੍ਹਾ ਕਰਦੀ ਹੈ ਕਿ ਇਹਨਾਂ ਦਿਨਾਂ ਦੀ ਪ੍ਰਕਿਰਿਆ ਵਿੱਚੀਂ ਲੰਘਦੀ ਹੋਈ ਹੀ ਔਰਤ ਸਿਰਜਣਾ ਦਾ ਆਧਾਰ ਤਿਆਰ ਕਰ ਰਹੀ ਹੁੰਦੀ ਹੈ। ਕੰਜਕਾਂ ਦੀ ਇਸ ਮਾਸੂਮੀਅਤ ਨੂੰ ਮਟਕੀ ਭੰਨ/ਮੱਖਣ ਚੋਰ ਤੱਕ ਜਦੋਂ ਕੋਈ ਵਰਤਾਰਾ 'ਰੀਜ਼ਰਵ' ਕਰ ਦੇਵੇ ਤਾਂ ਉਸ ਵਰਤਾਰੇ ਨੂੰ ਜਸਲੀਨ ਦੇ ਤਿੱਖੇ ਸੁਆਲ ਕਰਨੇ ਬਣਦੇ ਹਨ ਅਤੇ ਉਹ ਕਰਦੀ ਹੈ। ਇਹਨਾਂ ਵਰਤਾਰਿਆਂ ਵਿੱਚ ਹੀ ਉਹ ਮਾਂ-ਪਤਨੀ-ਧੀ-ਭੈਣ ਹੋਣ ਦੇ ਫਰਜ਼ ਅਦਾ ਕਰਦੀ ਆਪਣੀ ਹੋਂਦ ਨੂੰ ਇਸ ਹੱਦ ਤੱਕ ਮਨਫੀ ਕਰ ਲੈਂਦੀ ਹੈ ਕਿ ਉਹ ਇਹਨਾਂ ਸ਼ੇਰ-ਬਘਿਆੜ-ਹਾਥੀਆਂ ਦੇ ਜੰਗਲ ਵਿੱਚ ਰਹਿੰਦਿਆਂ ਵੀ ਆਪਣੀ ਹੋਂਦ ਬਚਾਉਣ ਲਈ ਇੱਕ ਅਜਿਹਾ ਓਹਲਾ ਲੱਭਦੀ ਹੈ, ਜਿਸ ਨਾਲ ਉਸ ਨੂੰ ਆਪਣੇ ਜੀਊਂਦੇ ਹੋਣ ਦਾ ਅਹਿਸਾਸ ਹੋ ਸਕੇ। ਉਸ ਦੀ ਕਵਿਤਾ 'ਗੂੜ੍ਹੀ ਲਿਪਸਟਿਕ 'ਚ ਛੁਪਾ' ਔਰਤ ਦੇ ਅਜਿਹੇ ਅਹਿਸਾਸ ਦੀ ਸਸ਼ਕਤ ਉਦਾਹਰਣ ਬਣਦੀ ਹੈ। ਜਸਲੀਨ ਜ਼ਿੰਦਗੀ ਵਿਚਲੇ ਵੱਖੋ-ਵੱਖਰੇ ਰੰਗਾਂ ਨੂੰ ਹੰਢਾਉਂਦੀ, ਉਹਨਾਂ ਵਿੱਚੋਂ ਲੰਘਦੀ ਕਈ ਵਾਰ ਆਪਣੇ-ਆਪ ਨੂੰ ਸੁਆਲ ਕਰਦੀ ਹੈ ਕਿ ਇਹਨਾਂ ਰੰਗਾਂ ਦਾ ਤਨ ਅਤੇ ਅੱਖਾਂ ਨਾਲ ਕੀ ਰਿਸ਼ਤਾ ਹੈ। ਇਸ ਕਵਿਤਾ ਦੇ ਪਿਛੋਕੜ ਵਿੱਚ ਵਿਵਸਥਾ ਵੱਲੋਂ ਇੱਕ ਵਿਧਵਾ ਲਈ ਨਿਸ਼ਚਿਤ ਕੀਤੀ ਸਮਾਜਿਕ ਵਲਗਣ ਵਿੱਚ ਫਿੱਕੇ ਰੰਗਾਂ ਦੀ ਕੈਦ ਦਾ ਜ਼ਿਕਰ ਹੈ, ਜਿਸ ਨਾਲ ਉਹ ਸਮਾਜ ਵਿੱਚ ਰਹਿੰਦਿਆਂ ਆਪਣਾ ਰੰਡੇਪਾ ਕੱਟਦਿਆਂ ਕਿਸੇ ਮਰਦ ਨੂੰ ਆਪਣੇ ਵੱਲ ਖਿੱਚ ਨਾ ਸਕੇ, ਪਰ ਇਸ ਸਥਿਤੀ ਦੇ ਦੂਜੇ ਪਾਸੇ ਨੂੰ ਅਣਦੇਖਿਆ ਕਰ ਦਿੱਤਾ ਜਾਂਦਾ ਹੈ ਕਿ ਸੱਭਿਆ ਸਮਾਜ ਕਹਾਉਂਦੇ ਵਰਤਾਰਿਆਂ ਵਿੱਚ ਸੱਭਿਆ ਮਨੁੱਖ ਨੂੰ ਅਵਾਰਾ ਹੀ ਤੁਰਨ-ਫਿਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ, ਜੋ ਜਿੱਧਰ ਮਰਜ਼ੀ ਦੇਖਦਾ ਫਿਰੇ। ਜਸਲੀਨ ਇਸ ਮਸਲੇ ਨੂੰ ਮਾਂ-ਧੀ ਦੇ ਪ੍ਰਸੰਗ 'ਚ ਰੱਖ ਕੇ ਸਮਝਣ ਦਾ ਯਤਨ ਕਰਦੀ ਹੈ :

ਮਾਂ ਕਦੇ ਉਦਾਸ ਨਹੀਂ ਹੋਈ
ਪਰ ਉਸ ਨੇ ਸਾਰੀ ਉਮਰ ਸ਼ੋਖ ਰੰਗ ਨਹੀਂ ਪਾਏ
ਅਤੇ
ਮੇਰੀ ਅਲਮਾਰੀ 'ਚ ਹਨ
ਸ਼ੋਖ ਰੰਗ
ਨੀਲਾ ਪੀਲਾ ਗੁਲਾਬੀ
ਪਰ ਮੈਂ ਤਾਂ ਬਹੁਤ ਉਦਾਸ

ਜਸਲੀਨ ਇੱਥੇ ਰੰਗਾਂ ਦੇ ਮਨੋ-ਵਿਗਿਆਨ ਵਿਚਲੇ ਭਰਮ ਨੂੰ ਤੋੜਦੀ ਹੈ। ਉਹ ਚਾਹੁੰਦੀ ਹੈ ਵਿਧਵਾ ਨੂੰ ਜੀਊਣ ਦਾ ਹੱਕ ਦਿਓ। ਜਦੋਂ ਉਹ ਵਿਧਵਾ ਦੀਆਂ ਅੱਖਾਂ ਵਿੱਚ ਸ਼ੋਖ ਰੰਗ ਦੇਖਦੀ ਹੈ ਤਾਂ ਇਹ ਰੰਗ ਹੀ ਅਸਲ ਵਿੱਚ ਉਸ ਦੀ ਭਰਪੂਰ ਜ਼ਿੰਦਗੀ ਜੀਊਣ ਦੀ ਤਾਂਘ ਹੈ, ਜੋ ਸ਼ਾਇਰਾ ਨੂੰ ਇਹ ਸਾਰਾ ਕੁਝ ਲਿਖਣ ਲਈ ਕੁਰੇਦਦੀ ਹੈ।

ਸਮਾਜਿਕ ਵਿਵਸਥਾ ਵਿਚਲੀ ਹਰ ਪੱਧਰ ਦੀ ਨਾ-ਬਰਾਬਰੀ ਦਾ ਅਹਿਸਾਸ ਹਰ ਹਸਾਸ ਮਨੁੱਖ ਨੂੰ ਹੁੰਦਾ ਹੈ, ਪਰ ਉਸ ਨੂੰ ਸ਼ਾਇਰ ਜਦੋਂ ਸ਼ਬਦੀ ਰੂਪ ਦਿੰਦਾ ਹੈ ਤਾਂ ਕਈ ਵਾਰੀ ਉਹ ਯਾਦਗਾਰੀ ਬਣਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਯਤਨ ਜਸਲੀਨ ਆਪਣੀਆਂ ਕੁਝ ਕਵਿਤਾਵਾਂ ਵਿੱਚ ਕਰਨ ਦਾ ਯਤਨ ਕਰਦੀ ਹੈ। ਖਿਡੌਣਿਆਂ ਦੀ ਦੁਕਾਨ 'ਤੇ ਖੜ੍ਹਾ ਬਾਲ ਅਤੇ ਉਸ ਦੀਆਂ ਅੱਖਾਂ ਵਿੱਚ ਖਿਡੌਣਾ ਲੈਣ ਦੀ ਲਲਕ ਨੂੰ ਪਿਓ ਦੀ ਗਰੀਬੀ ਦੀ ਵਿਡੰਬਨਾ ਵਾਲੀ ਸਥਿਤੀ ਦਾ ਚਿਤਰਨ ਕਰਦੀ ਸ਼ਾਇਰਾ ਸੰਕੇਤਕ ਰੂਪ ਵਿੱਚ ਵਿਵਸਥਾ ਨੂੰ ਸੁਆਲ ਕਰਦੀ ਨਜ਼ਰ ਆਉਂਦੀ ਹੈ। ਪਰਵਾਰਾਂ ਵਿਚਲੇ ਰਿਸ਼ਤਿਆਂ ਦੀ ਉਲਝਣ ਦਾ ਅਧਰੰਗ ਹੌਲੀ-ਹੌਲੀ ਕਵਿਤਾ ਵਿੱਚ ਵੀ ਪ੍ਰਗਟ ਹੋਣ ਲੱਗਦਾ ਹੈ। ਰਿਸ਼ਤਿਆਂ ਵਿੱਚ ਮੋਹ ਗਾਇਬ ਹੋ ਜਾਣਾ ਅਤੇ ਰਿਸ਼ਤਿਆਂ ਦਾ ਮਕਾਨਕੀ ਬਣਨਾ ਇੱਕ ਵੱਖਰੇ ਸਮਾਜਿਕ ਸੰਕਟ ਨੂੰ ਪੈਦਾ ਕਰਦਾ ਜਾ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਜਸਲੀਨ ਨੂੰ ਲੱਗਦਾ ਹੈ ਕਿ ਲੋਕ ਚੇਤਨਾ ਜਗਾਉਣ ਦੇ ਵੱਖੋ-ਵੱਖ ਮਾਡਲ ਸਮੇਂ-ਸਮੇਂ 'ਤੇ ਲਾਗੂ ਕਰਕੇ ਦੇਖਦੇ ਆ ਰਹੇ ਹਾਂ, ਹੌਲੀ-ਹੌਲੀ ਉਹ ਸਾਰੇ ਮਾਡਲ ਹੀ ਫੇਲ੍ਹ ਹੁੰਦੇ ਨਜ਼ਰ ਆਉਂਦੇ ਹਨ, ਹੁਣ ਕੋਈ ਨਵਾਂ ਮਾਡਲ ਅਪਨਾ ਕੇ ਲੋਕਾਂ ਨੂੰ ਹੱਕਾਂ ਪ੍ਰਤੀ ਚੇਤਨ ਕਰਨ ਦੀ ਲੋੜ ਹੈ, ਜਿਸ ਨਾਲ ਅਸੀਂ ਆਪਣੀ ਵਿਵਸਥਾ ਵਿੱਚ ਬੈਠੇ ਫੁੱਟਪਾਥ ਵਾਸੀਆਂ ਨੂੰ ਘਰਾਂ ਵਿੱਚ ਲਿਆ ਸਕਣ ਦੇ ਸਮਰੱਥ ਹੋ ਸਕੀਏ। ਉਸ ਦਾ ਵਿਵਸਥਾ ਨੂੰ ਕੀਤਾ ਸੁਆਲ ਅਸਲ ਵਿੱਚ ਸਿਧਾਂਤਕ ਗੱਲਾਂ ਅਤੇ ਗਰੀਬੀ ਦੀ ਜ਼ਮੀਨੀ ਹਕੀਕਤ ਵਿਚਲੇ ਅਸਾਵੇਂਪਣ ਨੂੰ ਸਮਝਣਾ/ਸਮਝਾਉਣਾ ਹੈ। 'ਫੁੱਟਪਾਥ 'ਤੇ ਜ਼ਿੰਦਗੀ' ਨਾਮੀ ਕਵਿਤਾ ਵਿੱਚ ਉਹ ਅਜਿਹੇ ਤਿੱਖੇ ਸੁਆਲ ਖੜ੍ਹੇ ਕਰਦੀ ਹੈ। ਇਸੇ ਹੀ ਤਰ੍ਹਾਂ ਉਹ ਸਮਕਾਲੀ ਵਰਤਾਰਿਆਂ ਵਿੱਚ ਪ੍ਰਚੱਲਤ ਮਾਰੂ ਉਭਾਰਾਂ ਬਾਰੇ ਵੀ ਚਿੰਤਤ ਨਜ਼ਰ ਆਉਂਦੀ ਹੈ :

'ਮੇਰੇ ਵਜੂਦ 'ਚ ਸੁਪਨਾ ਹੈ ਕਲਮ ਦਾ
ਕਲਮਕਾਰ ਨਾਤੇ ਚਾਹਿਆ ਤਾਂ ਸੀ
ਕਿ ਬਿਹਾਰ ਦੇ ਹੱਡਾਂ ਨੂੰ ਤੰਬਾਕੂ ਨਾ ਖਾਵੇ
ਚਿੱਟੇ ਦੇ ਹੜ੍ਹਾ 'ਚ ਪੰਜਾਬ ਨਾ ਰੁੜ੍ਹ ਜਾਵੇ'

ਕੋਰੋਨਾ ਕਾਲ ਕਿਸਾਨੀ ਮੋਰਚਾ ਬਾਰੇ ਉਸ ਦੀ ਸੰਕੇਤਕ ਹਾਜ਼ਰੀ ਹੈ। ਕਿਸਾਨੀ ਅੰਦੋਲਨ ਉਸ ਨੂੰ ਪੂੰਜੀਵਾਦੀ ਤਾਕਤਾਂ ਦਾ ਡਟਵਾਂ ਅਤੇ ਯੋਗ ਮੁਕਾਬਲਾ ਕਰਦਾ ਨਜ਼ਰ ਆਉਂਦਾ ਹੈ। ਕੋਰੋਨਾ ਕਾਲ ਵਿੱਚ ਲਾਸ਼ਾਂ ਦੇ ਉਸਰਦੇ ਢੇਰਾਂ 'ਤੇ ਕੀਤੀ ਜਾ ਰਹੀ ਸਿਆਸਤ ਅਤੇ ਕੋਰੋਨਾ ਕਾਲ ਦੌਰਾਨ ਆਈ ਰਿਸ਼ਤਿਆਂ ਵਿਚਲੀ ਉਲਝਣ ਪ੍ਰਤੀ ਉਸ ਦੀ ਚਿੰਤਾ ਕਾਵਿਕਾਰੀ ਦਾ ਹਿੱਸਾ ਬਣਦੀ ਹੈ। ਪਾਸ਼ ਨੂੰ ਯਾਦ ਕਰਦਿਆਂ ਉਹ ਉਸ ਵਾਲਾ ਭਾਸ਼ਾਈ ਮੁਹਾਬਰਾ ਵੀ ਅਪਨਾਉਂਦੀ ਨਜ਼ਰ ਆਉਂਦੀ ਹੈ :

'ਅਹਿਸਾਸ ਕਰਾਓ ਆਪਣੀ ਹੋਂਦ ਦਾ
ਦੱਸੋ ਕਿ ਤਾਕਤਾਂ ਦੇ ਸਾਨ੍ਹ 'ਤੇ ਬਹਿ ਕੇ ਵੀ
ਕਲਮ ਦੀ ਆਵਾਜ਼ ਨੂੰ ਨਹੀਂ ਕੁਚਲ ਸਕਣਗੇ'

ਪੰਜਾਬੀ ਕਵਿਤਾ ਵਿੱਚ ਪਾਸ਼ ਦਾ ਇੱਕ ਉੱਚਾ ਮੁਕਾਮ ਹੈ, ਜਿਸ ਨੂੰ ਕੋਈ ਝੁਠਲਾ ਨਹੀਂ ਸਕਦਾ। ਅਸਲ ਵਿੱਚ ਪਾਸ਼ ਆਪਣੀ ਕਵਿਤਾ ਨੂੰ ਵਿਅਕਤੀ ਦੇ ਜੀਊਂਦੇ ਹੋਣ ਦੇ ਅਹਿਸਾਸ ਦੀ ਹੋਂਦ ਇਸ ਹੱਦ ਤੱਕ ਲੈ ਜਾਂਦਾ ਹੈ ਕਿ ਉਸ ਨਾਲ ਉਹ ਕਾਵਿ ਸਦੀਵੀ ਬਣਨ ਦੀ ਸੰਭਾਵਨਾ ਤੱਕ ਪਹੁੰਚ ਜਾਂਦਾ ਹੈ ਅਤੇ ਇਹ ਹੋਇਆ ਵੀ। ਅਸੀਮ ਤਾਕਤਾਂ ਦੇ ਸਾਨ੍ਹ ਨੂੰ ਵੀ ਰੋਕਿਆ ਜਾ ਸਕਦਾ ਹੈ। ਇਹ ਸਾਨੂੰ ਪਾਸ਼ ਦੀ ਕਵਿਤਾ ਪੜ੍ਹਦਿਆਂ ਪਲ-ਪਲ ਅਹਿਸਾਸ ਵੀ ਹੁੰਦਾ ਰਹਿੰਦਾ ਹੈ ਅਤੇ ਉਹ ਅਹਿਸਾਸ ਸਾਡਾ ਪ੍ਰੇਰਕ ਵੀ ਬਣਦਾ ਹੈ। ਪਾਸ਼ ਦੀ ਕਵਿਤਾ ਵਿਚਲਾ ਇਹ ਅਹਿਸਾਸ ਹੀ ਜਸਲੀਨ ਨੂੰ ਇਹ ਕਵਿਤਾ ਪਾਸ਼ ਨੂੰ ਸਮਰਪਿਤ ਕਰਨ ਲਈ ਪ੍ਰੇਰਦਾ ਹੈ। ਜਸਲੀਨ ਨੇ ਆਪਣੀ ਇਹ ਕਿਤਾਬ ਹੀ 'ਮਾਂ ਦੇ ਨਾਂਅ...' ਕੀਤੀ ਹੈ ਅਤੇ ਕਿਤਾਬ ਦੇ ਅੰਤ 'ਤੇ ਜਾ ਕੇ ਕੁਝ ਕਵਿਤਾਵਾਂ ਨੂੰ ਇਹ ਸਾਂਝਾ ਸਿਰਲੇਖ ਵੀ 'ਮਾਂ ਕਵਿਤਾਵਾਂ' ਦਾ ਦਿੱਤਾ ਹੈ, ਇਹ ਕਵਿਤਾਵਾਂ ਇਸ ਕਿਤਾਬ ਦੀਆਂ ਹਾਸਲ ਕਹੀਆਂ ਜਾ ਸਕਦੀਆਂ ਹਨ। ਇਹਨਾਂ ਦੀ ਪੇਸ਼ਕਾਰੀ ਏਡੀ ਜਾਨਦਾਰ ਹੈ ਕਿ ਭਾਵੇਂ ਸ਼ਾਇਰਾ ਗੱਲ ਆਪਣੀ ਮਾਂ ਦੀ ਹੀ ਕਰ ਰਹੀ ਹੈ, ਪਰ ਹਰ ਪਾਠਕ ਇਸ ਕਾਵਿ ਨੂੰ ਪੜ੍ਹਦਿਆਂ ਆਪਣੀ ਮਾਂ ਨਾਲ ਗੱਲਾਂ ਕਰ ਰਿਹਾ ਮਹਿਸੂਸ ਕਰਦਾ ਹੈ, ਕਿਉਂ ਜੋ ਮਾਂ ਕੇਵਲ ਇੱਕ ਨਾਂਅ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਇੱਕ ਅਹਿਸਾਸ ਹੋਣ ਦਾ ਮਹੱਤਵ ਰੱਖਦੀ ਹੈ। ਜਸਲੀਨ ਦੀ ਇੱਥੇ ਖੂਬਸੂਰਤੀ ਹੀ ਇਹ ਹੈ ਕਿ ਉਹ ਹਰ ਪੜ੍ਹਨ ਵਾਲੇ ਨੂੰ ਉਸ ਦੀ ਮਾਂ ਦੀ ਯਾਦ ਦਾ ਅਹਿਸਾਸ ਕਰਾਉਣ ਵਿੱਚ ਸਫਲ ਹੁੰਦੀ ਹੈ। ਬੱਚੇ ਨੂੰ ਘੁੱਟ ਕੇ ਜੱਫੀ ਪਾਉਣ ਨਾਲ ਹੀ ਕਾਵਿ ਨਾਇਕਾ ਦਾ ਡਰ ਤਾਂ ਦੂਰ ਹੁੰਦਾ ਹੀ ਹੈ, ਉਸ ਵਿੱਚੋਂ ਹੀ ਉਸ ਨੂੰ ਆਪਣੀ ਜ਼ਿੰਦਗੀ ਦਾ ਵਡਮੁੱਲਾ ਸਰਮਾਇਆ ਲੁਕਿਆ ਪਿਆ ਵੀ ਦਿਸਦਾ ਹੈ। ਮਾਂ ਦੀ ਗੈਰ-ਹਾਜ਼ਰੀ ਵਿੱਚ ਭਾਵੇਂ ਧੀ ਜ਼ਿੰਦਗੀ ਦੇ ਹਰ ਫਰਜ਼ ਨੂੰ ਮਕਾਨਕੀ ਢੰਗ ਨਾਲ ਬਾਖੂਬੀ ਨਿਭਾਈ ਜਾ ਰਹੀ ਹੈ, ਪਰ ਅੰਦਰ ਪੈਦਾ ਹੋ ਰਹੇ ਖਲਾਅ ਨੂੰ ਭਰਨ ਦਾ ਕੋਈ ਵਸੀਲਾ ਨਹੀਂ ਬਣਦਾ :

'...ਤੇਰੀਆਂ ਗੱਲਾਂ ਕਰਦੀ ਥੱਕਦੀ ਨਹੀਂ
ਪਰ ਖਲਾਅ ਨਹੀਂ ਮੁੱਕਦਾ
ਇੰਜ ਲੱਗਦੈ ਮੇਰੇ ਅੰਦਰ ਦਾ ਕੋਈ
ਹਿੱਸਾ ਟੁੱਟ ਕੇ ਲਹਿ ਗਿਆ ਹੋਵੇ।'

ਇਸ ਤਰ੍ਹਾਂ ਦੀ ਹੁੰਦੀ ਹੈ ਮਾਂ ਦੀ ਹੋਂਦ ਅਤੇ ਉਸ ਦਾ ਅਹਿਸਾਸ। ਮਾਂ ਦੀ ਮਮਤਾ ਦਾ ਆਬਸ਼ਾਰ, ਗਰਜ਼ਾਂ ਵਾਲੇ ਪਿਆਰ ਵਿੱਚ ਬਹੁਤ ਰੁਲਾਉਂਦਾ ਹੈ ਮਾਂ ਦੀ ਮਮਤਾ ਅਤੇ ਸਕੂਲ ਉਸ ਦੇ ਜਾਣ ਨਾਲ ਹੀ ਮੁੱਕ ਗਿਆ। ਮਾਂ ਹਰ ਪਲ ਹੈ, ਮਹਿਬੂਬ ਕੁਝ ਪਲ :

ਮਹਿਬੂਬ ਸੁਣਦੈ ਦੁੱਖ
ਪਲ ਲਈ
ਤੇ ਮਾਂ ਪਲ-ਪਲ

ਜਸਲੀਨ ਦੀ ਇਹ ਕਾਵਿ ਕਿਤਾਬ ਕਈ ਕੁਝ ਨਵੇਂ ਅਹਿਸਾਸ ਜਗਾਉਂਦੀ ਹੈ ਅਤੇ ਉਸ ਦੀ ਕਾਵਿ ਸਿਰਜਣਾ ਨੂੰ ਅੱਗੇ ਵੱਲ ਤੋਰਦੀ ਨਜ਼ਰ ਆਉਂਦੀ ਹੈ। ਉਸ ਤੋਂ ਭਵਿੱਖ ਵਿੱਚ ਚੰਗੇ ਦੀ ਆਸ ਬਝਦੀ ਹੈ।

**ਸੰਪਰਕ : 98721-73475**

# ਔਰਤ ਸ਼ਕਤੀ ਅਤੇ ਨਾਬਰੀ ਦਾ ਪ੍ਰਤੀਕ

**ਅਮੋਲਕ**

## ਸ਼ਾਹੀਨ ਬਾਗ : ਲੋਕਤੰਤਰ ਦੀ ਨਵੀਂ ਕਰਵਟ

**ਭਾਸ਼ਾ ਸਿੰਘ**
**ਸਫੇ : 231, ਮੁੱਲ : 250 ਰੁਪਏ**
**ਸਾਰਥਕ ਰਾਜ ਕਮਲ ਪ੍ਰਕਾਸ਼ਨ**

ਕੌਮੀ ਰੁਤਬਾ ਰੱਖਦੇ ਕਿੰਨੇ ਹੀ ਪੁਰਸਕਾਰਾਂ ਨਾਲ ਸਨਮਾਨਿਤ ਖੋਜੀ ਲੇਖਕ, ਮੰਨੀ-ਪ੍ਰਮੰਨੀ ਪੱਤਰਕਾਰ ਅਤੇ ਫਿਲਮਸਾਜ਼, ਭਾਸ਼ਾ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸ਼ਾਹੀਨ ਬਾਗ : ਲੋਕਤੰਤਰ ਦੀ ਨਵੀਂ ਕਰਵਟ' ਨੇ ਸਾਹਿਤ ਦੇ ਖੋਜ ਖੇਤਰ 'ਚ ਹਲਚਲ ਛੇੜ ਰੱਖੀ ਹੈ।

ਰਾਜਧਾਨੀ ਦਿੱਲੀ ਅੰਦਰ ਜਮਨਾ ਅਤੇ ਗੰਦੇ ਨਾਲਿਆਂ ਦੇ ਵਿੱਚ ਵਸਿਆ 15 ਦਸੰਬਰ 2019 ਤੱਕ ਗੁੰਮਨਾਮ ਮੁਹੱਲਾ ਸ਼ਾਹੀਨ ਬਾਗ ਰਾਤੋ-ਰਾਤ ਦੁਨੀਆ ਭਰ ਦੇ ਮੀਡੀਆ ਦੀ ਪ੍ਰਮੁੱਖ ਖਬਰ ਬਣ ਗਿਆ। ਕੋਈ 100 ਦਿਨਾਂ ਦੇ ਅੰਦਰ ਹੀ 20 ਸੂਬਿਆਂ ਦੇ 80 ਕੇਂਦਰਾਂ 'ਤੇ ਸ਼ਾਹੀਨ ਬਾਗ ਉੱਗ ਪਏ। ਅਮਨ ਦਾ ਰਾਗ ਛੇੜਦਾ ਇਹ ਬਾਗ ਦੇਖਦੇ ਹੀ ਦੇਖਦੇ 'ਹਮ ਕਾਗਜ ਨਹੀਂ ਦਿਖਾਏਂਗੇ', 'ਅਸੀਂ ਲੜਾਂਗੇ ਸਾਥੀ' ਦੀਆਂ ਨਾਬਰੀ ਭਰੀਆਂ ਸੁਰਾਂ 'ਚ ਤਬਦੀਲ ਹੋ ਗਿਆ। ਪਿਤਰੀ ਸੱਤਾ 'ਚ ਜਕੜੇ ਨਿਜ਼ਾਮ ਦੀਆਂ ਕੰਧਾਂ ਨੂੰ ਕਾਂਬਾ ਛਿੜ ਗਿਆ। ਉਪਰੋਂ ਜੋਰਾਵਰ ਹੋਣ ਦੀਆਂ ਬੜ੍ਹਕਾਂ ਮਾਰਦੀ ਸੱਤਾ ਨੂੰ ਸਹੇ ਦਾ ਨਹੀਂ ਪਹੇ ਦਾ ਝੋਰਾ ਵੱਢ-ਵੱਢ ਖਾਣ ਲੱਗਾ।

ਦਿੱਲੀ ਦੇ ਸ਼ਾਹੀਨ ਬਾਗ ਹੀ ਨਹੀਂ, ਸਗੋਂ ਮੁਲਕ ਭਰ ਵਿੱਚ ਲੱਗੇ ਸ਼ਾਹੀਨ ਬਾਗ ਮੋਰਚਿਆਂ ਵਿੱਚ ਜਾ ਕੇ ਭਾਸ਼ਾ ਸਿੰਘ ਨੇ ਬਹੁਤ ਹੀ ਗਹਿਰੀ ਖੋਜ-ਪੜਤਾਲ ਕੀਤੀ। ਘਰੇਲੂ ਅਤੇ ਸਮੁੱਚੇ ਜੀਵਨ ਵਿੱਚ ਆਏ ਸਿਫਤੀ ਬਦਲਾਅ ਦੇਖਣ ਨੂੰ ਮਿਲੇ।

ਘਰੇਲੂ ਜੀਵਨ ਵਿਚ ਮਰਦਾਂ ਨੇ ਬੱਚੇ ਸੰਭਾਲਣ, ਰਸੋਈ ਅਤੇ ਪਰਵਾਰਕ ਜ਼ਿੰਮੇਵਾਰੀਆਂ ਓਟਣ ਦਾ ਮੋਰਚਾ ਅਤੇ ਪਤਨੀਆਂ ਨੇ ਸ਼ਾਹੀਨ ਬਾਗ ਮੋਰਚਾ ਸੰਭਾਲਿਆ। ਆਪਣੀ ਜੀਵਨ ਸਾਥਣ, ਧੀਆਂ ਅਤੇ ਭੈਣਾਂ, ਗੱਲ ਕੀ ਔਰਤਾਂ ਪ੍ਰਤੀ ਨਜ਼ਰੀਆ ਹੀ ਬਦਲ ਦਿੱਤਾ ਸ਼ਾਹੀਨ ਬਾਗ ਵਿੱਚੋਂ ਆਈਆਂ ਖੁਸ਼ਬੋਈਆਂ ਲੱਦੀਆਂ ਪੌਣਾਂ ਨੇ।

ਲੋਕਾਂ ਲਈ ਸ਼ਾਹੀਨ ਬਾਗ ਆਪਣਾ ਘਰ ਅਤੇ ਆਪਣੇ ਘਰ ਪਰਵਾਰ, ਸ਼ਾਹੀਨ ਬਾਗ ਮਹਿਸੂਸ ਹੋਣ ਲੱਗੇ।




ਭਾਸ਼ਾ ਦੀ ਕਿਤਾਬ ਉਸ ਨਵੇਂ ਦਿਨਾਂ ਦੀ ਗਵਾਹ ਬਣਦੀ ਹੈ ਕਿ ਜਿਹੜੇ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ ਦਿਨ ਵੇਲੇ ਵੀ ਘਰੋਂ ਬਾਹਰ ਪੈਰ ਨਹੀਂ ਸੀ ਪਾਉਂਦੀਆਂ, ਉਹ ਰਾਤਾਂ ਨੂੰ ਇਕੱਲਿਆਂ ਵੀ ਸ਼ਾਹੀਨ ਬਾਗ ਮੋਰਚੇ 'ਤੇ ਨਿਰਭੈ ਹੋ ਕੇ ਸ਼ਾਮਲ ਹੋਣ ਲੱਗੀਆਂ। ਉਹ ਘਰਾਂ ਅਤੇ ਬੁਰਕੇ ਦੇ ਬੰਧਨ ਤੋਂ ਆਜ਼ਾਦ ਹੋ ਕੇ ਬਾਹਰ ਆਈਆਂ।

ਭਾਸ਼ਾ ਦੀ ਖੋਜ ਪੁਸਤਕ ਦਰਸਾਉਂਦੀ ਹੈ ਕਿ ਸ਼ੁਰੂ ਵਿੱਚ ਚਾਰ-ਪੰਜ ਔਰਤਾਂ ਹੀ ਬਾਗ ਅੰਦਰ ਖਿੜੇ ਫੁੱਲਾਂ ਦਾ ਨਵਾਂ ਰੂਪ ਬਣ ਕੇ ਸਾਹਮਣੇ ਆਈਆਂ। ਦੇਖਦੇ ਹੀ ਦੇਖਦੇ ਬਾਗ ਵਿੱਚ ਬਹਾਰ ਆ ਗਈ। ਸਕੂਲਾਂ ਤੋਂ ਛੁੱਟੀ ਹੋਣ 'ਤੇ ਵਿਦਿਆਰਥੀ ਸਿੱਧੇ ਮੋਰਚੇ 'ਤੇ ਆਉਣ ਲੱਗੇ। ਰਾਤਾਂ ਨੂੰ ਮੋਰਚੇ ਅੰਦਰ ਹੀ ਗੀਤ-ਸੰਗੀਤ, ਨਾਟਕ, ਚਿੱਤਰਕਲਾ, ਵਿਚਾਰਾਂ ਅਤੇ ਤਕਰੀਰਾਂ ਸਿੱਖਣ ਨਾਲ ਜੁੜਨ ਲੱਗੇ। ਮੋਰਚੇ ਦੀਆਂ ਦਾਦੀਆਂ-ਨਾਨੀਆਂ ਦੀਆਂ ਬੁੱਕਲਾਂ ਦਾ ਨਿੱਘ ਮਾਨਣ ਲੱਗੇ।

ਮੋਰਚੇ ਬਾਰੇ ਚੱਲਦਾ ਕੂੜ-ਪ੍ਰਚਾਰ ਬਰਿਆਨੀ ਅਤੇ ਪੈਸੇ ਲੈ ਕੇ ਮੋਰਚੇ ਵਿਚ ਦਿਹਾੜੀ 'ਤੇ ਆਉਣ ਕਾਰਨ ਜੁੜਦੀਆਂ ਭੀੜਾਂ ਦਾ ਝੂਠਾ ਬਿੰਬ ਸਿਰਜਣ ਦਾ ਯਤਨ ਖੰਭ ਲਗਾ ਕੇ ਉੱਡ ਗਿਆ। ਗੋਦੀ ਮੀਡੀਆ ਨੂੰ ਲੋਕਾਂ ਦੇ ਸੁਆਲਾਂ ਅੱਗੇ ਲਾਜਵਾਬ ਹੋਣਾ ਪਿਆ। ਲੋਕ ਰੋਹ ਤੋਂ ਤ੍ਰਬਕੇ ਗੋਦੀ ਮੀਡੀਆ ਨੂੰ ਤਿੱਤਰ ਹੋਣ ਸਮੇਂ ਮੀਡੀਆ 'ਤੇ ਹਮਲਾ ਬਣਾ ਕੇ ਪੇਸ਼ ਕਰਨ ਦੀ ਨਵੀਂ ਸਾਜ਼ਿਸ਼ ਘੜਨ ਦੇ ਹੋਛੇ ਹੱਥਕੰਡੇ ਸੁਰੱਖਿਆ ਕੜੀ ਬਣਾ ਕੇ ਉਹਨਾਂ ਨੂੰ ਬਾਹਰ ਕੱਢਣ ਨਾਲ ਨਾਕਾਮ ਕੀਤੇ।

ਮੋਰਚੇ ਦੀ ਸੁਰੱਖਿਆ, ਲਾਈਟ ਸਾਊਂਡ ਤਕਰੀਰਾਂ ਆਦਿ ਤੇ ਸੰਜਮ ਜ਼ਾਬਤੇ ਨੇ ਮੋਰਚੇ ਨਾਲ ਲੋਕਾਂ ਦੀ ਹਮਦਰਦੀ ਜੋੜੀ। ਹਰ ਪਲ ਦੁਸ਼ਵਾਰੀਆਂ ਨਾਲ ਦੋ-ਚਾਰ ਹੁੰਦਿਆਂ ਲੋਕਾਂ ਦੀ ਜ਼ਿੰਦਗੀ ਦੀ ਡਾਇਰੀ ਤੇ ਅਜਿਹੀਆਂ ਸਤਰਾਂ ਉੱਕਰੀਆਂ ਜਾਣ ਲੱਗੀਆਂ :

"ਯੇ ਨਾ ਸਮਝੋ, ਐਸਾ ਵੈਸਾ ਵਾਸਤਾ ਸੂਰਜ ਸੇ ਹੈ
ਯੇਹ ਸਫਰ ਐਸਾ ਹੈ ਅਪਨਾ ਸਾਮ੍ਹਨਾ ਸੂਰਜ ਸੇ ਹੈ"

ਪੁਸਤਕ ਵਿਚ ਦੇਸ਼ ਭਰ ਅੰਦਰ ਲੱਗੇ ਮੋਰਚਿਆਂ 'ਤੇ ਜਾ ਕੇ ਕੀਤੀਆਂ ਢੇਰਾਂ ਮੁਲਾਕਾਤਾਂ ਦਰਸਾਉਂਦੀਆਂ ਹਨ ਕਿ ਇਹ ਨਵੀਂ ਸਮਾਜਿਕ ਕ੍ਰਾਂਤੀ ਦੇ ਲਿਖੇ ਜਾ ਰਹੇ ਨਵੇਂ ਸਫਿਆਂ ਦੇ ਰਚਨਹਾਰੇ ਲੋਕ ਵਿਸ਼ੇਸ਼ ਕਰਕੇ ਔਰਤਾਂ ਹਨ। ਇਸ ਲੋਕਾਈ ਅੰਦਰ ਛਿੜੀ ਚੇਤਨਾ ਦੀ ਤਰੰਗ ਜ਼ਿੰਦਗੀ ਦੇ ਹਰ ਕੋਨੇ ਨੂੰ ਰੌਸ਼ਨ ਕਰਦੀ ਹੈ। ਕਿਤਾਬ ਵਿਚ ਸੌ ਤੋਂ ਇੱਕ ਸੌ ਪੰਜ ਸਾਲ ਦੀਆਂ ਦਾਦੀਆਂ-ਨਾਨੀਆਂ ਤੋਂ ਲੈ ਕੇ ਪ੍ਰੋਫੈਸਰ ਔਰਤਾਂ, ਜੁਆਨੀ ਅਤੇ ਮੁਹੱਲਿਆਂ ਦੇ ਵਾਸੀਆਂ ਦੇ ਬਿਆਨ ਕਲਮਬੰਦ ਕੀਤੇ ਗਏ ਹਨ। 105 ਸਾਲਾ ਹਮੀਦੁਲ ਨਿਸਾ ਲਖਨਊ (ਉੱਤਰ ਪ੍ਰਦੇਸ਼) ਦਾ ਕਹਿਣਾ ਹੈ ਕਿ ਉਮਰ ਭਾਵੇਂ ਬਹੁਤ ਹੋ ਗਈ, ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਮੇਰੇ ਵਰਗੀਆਂ ਨੂੰ ਜ਼ਿੰਦਗੀ ਨਾਲ ਮੁਹੱਬਤ ਹੀ ਭੁੱਲ ਗਈ। ਅਸੀਂ ਜਿਸ ਮਿੱਟੀ ਵਿੱਚ ਜਨਮ ਲਿਆ ਹੈ, ਉਸ ਵਿੱਚ ਹੀ ਖਾਕ ਹੋਵਾਂਗੇ। ਇਸ ਵਤਨ ਦੀ ਮਿੱਟੀ ਹੀ ਸਾਡੀ ਨਾਗਰਿਕਤਾ ਦਾ ਪਹਿਚਾਣ-ਪੱਤਰ ਹੈ। ਜਿਹੜੇ ਵਤਨ ਦੇ ਝੂਠੇ ਦਾਅਵੇਦਾਰ ਨੇ, ਉਹਨਾਂ ਦੇ ਮਨਸ਼ਿਆਂ ਨੂੰ ਨਾਕਾਮ ਕਰਨ ਲਈ ਸੂਝ-ਬੂਝ ਭਰਿਆ ਸੰਘਰਸ਼ ਹੀ ਸਾਡੀ ਜ਼ਿੰਦਗੀ ਦਾ ਭਵਿੱਖ ਹੈ। ਸ਼ਾਹੀਨ ਬਾਗ ਵਿਚ ਗੀਤ, ਕਵਿਤਾ, ਤਕਰੀਰਾਂ ਅਤੇ ਚਿੱਤਰਕਲਾ ਦਾ ਹੜ੍ਹ ਆ ਗਿਆ। ਮੁਲਕ ਦੇ ਅੰਬਰ 'ਤੇ ਸ਼ਾਹੀਨ ਬਾਗ ਦਾ ਸੁਨੇਹਾ ਛਾ ਗਿਆ। ਔਰਤਾਂ ਦੇ ਅਜਿਹੇ ਗੀਤਾਂ ਨੇ ਲੋਕਾਂ ਦੇ ਮਨ ਜਿੱਤ ਲਏ।

● **ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

# ਸੱਜਰਾ ਸਾਹਿਤ

## ਭਾਰਤੀ ਸੱਭਿਅਤਾ ਅਤੇ ਇਸ ਦੀਆਂ ਧਾਰਮਿਕ ਪ੍ਰੰਪਰਾਵਾਂ

(ਉੱਤਰ ਬਸਤੀਵਾਦੀ ਪਰਿਪੇਖ)
**ਪ੍ਰੋ. ਜਗਬੀਰ ਸਿੰਘ**
**ਪੰਨੇ : 152, ਮੁੱਲ : 295 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਹਥਲੀ ਪੁਸਤਕ ਭਾਰਤੀ ਸੱਭਿਅਤਾ ਦੇ ਵਿਲੱਖਣ ਸਰੂਪ ਤੇ ਸੁਭਾ ਦੀ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਇਸ ਦੀਆਂ ਪ੍ਰਮੁੱਖ ਧਰਮ-ਪ੍ਰੰਪਰਾਵਾਂ ਦੇ ਅਧਿਐਨ ਨਾਲ ਸੰਬੰਧ ਰੱਖਦੀ ਹੈ। ਇਸ ਮੰਤਵ ਲਈ ਇਸ ਚਿੰਤਨ ਅਤੇ ਚੇਤਨਾ ਦੇ ਅਜੋਕੇ ਉੱਤਰ-ਬਸਤੀਵਾਦੀ ਪਰਿਪੇਖ ਨੂੰ ਧਿਆਨ ਦੇ ਕੇਂਦਰ ਵਿੱਚ ਰੱਖਣਾ ਉਚਿਤ ਸਮਝਿਆ ਹੈ। ਜਿਹਾ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ, ਭਾਰਤ ਲੰਮੇ ਸਮੇਂ ਤੱਕ ਸੱਭਿਆਚਾਰਕ ਦਮਨ ਤੇ ਸਾਮਰਾਜੀ ਗੁਲਾਮੀ ਦਾ ਸ਼ਿਕਾਰ ਰਿਹਾ ਹੈ।

**-ਭੂਮਿਕਾ 'ਚੋਂ**

## ਮਨ ਦਾ ਵਿਚਾਰ

**ਬਾਲਾ ਮੰਗੂਵਾਲੀਆ**
**ਪੰਨੇ : 108, ਮੁੱਲ : 200 ਰੁਪਏ**
**ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ**




ਬਾਲਾ ਮੰਗੂਵਾਲੀਆ ਜੀ ਦੀਆਂ ਲਿਖੀਆਂ ਰਚਨਾਵਾਂ ਨੂੰ ਮੈਂ ਕਾਫੀ ਸਮੇਂ ਤੋਂ ਪੜ੍ਹ ਰਿਹਾ ਹਾਂ। ਬਾਲਾ ਮੰਗੂਵਾਲੀਆ ਜੀ ਹਰ ਤਰ੍ਹਾਂ ਦੀ ਰਚਨਾ ਨੂੰ ਜਨਮ ਦੇ ਚੁੱਕੇ ਨੇ, ਜਿਨ੍ਹਾਂ ਵਿੱਚ ਗੀਤ, ਗਜ਼ਲਾਂ, ਕਵਿਤਾਵਾਂ, ਕੱਵਾਲੀਆਂ, ਕਾਫੀਆਂ, ਰੁਬਾਈਆਂ, ਦੋਹੇ ਆਦਿ ਸ਼ਾਮਲ ਹੁੰਦੇ ਨੇ ਤੇ ਹਰ ਵਿਸ਼ੇ 'ਤੇ ਲਿਖਦੇ ਨੇ। ਜ਼ਿਆਦਾਤਰ ਜੋ ਲਿਖਦੇ ਨੇ, ਉਹ ਤਨ 'ਤੇ ਹੰਢਾਇਆ ਹੋਇਆ ਦਿਲ ਦਾ ਦਰਦ ਆਪਣਿਆਂ ਵੱਲੋਂ ਮਿਲੀ ਪੀੜਾ ਵੀ ਬਿਆਨ ਕਰਕੇ ਲਿਖ ਜਾਂਦੇ ਨੇ, ਜਿੱਥੇ ਬਾਲਾ ਜੀ ਇੱਕ ਹੰਢੇ ਹੋਏ ਲੇਖਕ ਨੇ, ਉਸ ਤੋਂ ਵੀ ਵਧੀਆ ਇਨਸਾਨ ਵੀ ਨੇ, ਜੋ ਕਿ ਜਾਤ ਪਾਤ ਤੋਂ ਉੱਪਰ ਉੱਠ ਕੇ ਸਮਾਜ ਸੇਵਕ ਵੀ ਨੇ, ਜੋ ਆਪਣਾ ਦਸਵੰਦ ਲੋੜਵੰਦ ਲੋਕਾਂ ਦੀ ਸੇਵਾ ਵਿੱਚ ਵੀ ਲਾਉਂਦੇ ਨੇ।

**-ਮੁੱਖ ਬੰਦ 'ਚੋਂ**

## ਸ਼ਹੀਦਾਨਿ ਵਫਾ ਅਤੇ ਗੰਜਿ ਸ਼ਹੀਦਾਂ

**ਜੋਗੀ ਅੱਲ੍ਹਾ ਯਾਰ ਖਾਂ**
**ਅਨੁਵਾਦਕ : ਕਿਰਪਾਲ ਸਿੰਘ ਦਰਦੀ**
**ਪੰਨੇ : 192, ਮੁੱਲ : 300 ਰੁਪਏ**
**ਸੁੰਦਰ ਬੁੱਕ ਡਿਪੂ, ਜਲੰਧਰ**

ਅੱਲ੍ਹਾ ਯਾਰ ਖਾਂ ਜੋਗੀ 'ਗੰਜਿ ਸ਼ਹੀਦਾਂ' (33) ਵਿੱਚ ਲਿਖਦੇ ਹਨ 'ਬਰਕਤ ਨੇ ਮਿਰੀ ਫਤਹ ਥਾ ਆਸਾਮ ਕਰਾਯਾ'। ਉਸ ਦੇ ਇਸ ਇਸ਼ਾਰੇ ਬਾਰੇ ਵੀ ਲਿਖਿਆ ਗਿਆ ਹੈ ਕਿ ਕਿਵੇਂ ਗੁਰੂ ਤੇਗ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਅੰਬੇਰ (ਜੈਪੁਰ) ਜਿਹੜਾ ਔਰੰਗਜ਼ੇਬ ਵੱਲੋਂ ਥਾਪਿਆ ਆਸਾਮ ਦਾ ਗਵਰਨਰ ਸੀ, ਦੀ ਆਸਾਮ ਫਤਿਹ ਕਰਨ ਵਿੱਚ ਸਹਾਇਤਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਹਿੰਦੂ ਰਾਜਪੂਤ ਰਾਜਿਆਂ ਨੂੰ ਜੋ ਆਪਸ ਵਿੱਚ ਲੜਦੇ-ਭਿੜਦੇ ਰਹਿੰਦੇ ਸਨ, ਸੁਲਾਹ ਵੀ ਕਰਵਾਉਣੀ ਚਾਹੀ ਅਤੇ ਰਿਵਾਲਵਰ (ਹਿਮਾਚਲ) ਵਿੱਚ ਇੱਕ ਸੰਮੇਲਨ ਬੁਲਾ ਕੇ ਇਹਨਾਂ ਵਿੱਚ ਕੌਮੀਵਾਦ (Nationalism) ਦੀ ਸਪਿਰਟ ਭਰਨ ਲਈ ਇੱਕ ਸੰਮੇਲਨ ਵੀ ਆਯੋਜਤ ਕੀਤਾ, ਇਸ ਬਾਰੇ ਵੀ ਥੋੜ੍ਹਾ-ਬਹੁਤ ਲਿਖਿਆ ਗਿਆ ਹੈ।




**-ਆਦਿਕਾ 'ਚੋਂ**

# ਪੁਸਤਕ ਰੀਵਿਊ

## ਗੁਲਕੰਦ

(ਮਿੰਨੀ ਕਹਾਣੀ-ਸੰਗ੍ਰਹਿ)
**ਕਰਮਵੀਰ ਸਿੰਘ ਸੂਰੀ**
**ਪੰਨੇ-95, ਮੁੱਲ-200 ਰੁਪਏ**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**
**ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ**

ਕਰਮਵੀਰ ਸਿੰਘ ਸੂਰੀ ਕਹਾਣੀ ਖੇਤਰ ਵਿੱਚ ਇਕ ਨਾਮਵਰ ਸਾਹਿਤਕਾਰ ਹੈ। ਤਿੰਨ ਕਹਾਣੀ-ਸੰਗ੍ਰਹਿ ਤੇ ਇਕ ਨਾਵਲ ਤੋਂ ਇਲਾਵਾ ਉਸ ਦੀਆਂ ਸੰਪਾਦਿਤ ਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਵੀ ਇਕ ਦਰਜਨ ਤੋਂ ਉਪਰ ਹੈ। 73 ਮਿੰਨੀ ਕਹਾਣੀਆਂ 'ਤੇ ਆਧਾਰਿਤ ਪੁਸਤਕ 'ਗੁਲਕੰਦ' ਕਹਾਣੀਕਾਰ ਕਰਮਵੀਰ ਸਿੰਘ ਸੂਰੀ ਦਾ ਚੌਥਾ ਮਿੰਨੀ ਕਹਾਣੀ-ਸੰਗ੍ਰਹਿ ਹੈ ਅਤੇ ਮਿੰਨੀ ਕਹਾਣੀ ਦੇ ਖੇਤਰ ਵਿੱਚ ਉਸ ਦੀਆਂ ਦੋ ਆਲੋਚਨਾ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਹੱਥਲੇ ਕਹਾਣੀ-ਸੰਗ੍ਰਹਿ 'ਗੁਲਕੰਦ' ਲਈ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਤਿੰਨ ਕਹਾਣੀ-ਸੰਗ੍ਰਹਿ ਦੀਆਂ ਚੋਣਵੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਹਾਣੀਆਂ ਕਈ ਅਖ਼ਬਾਰਾਂ, ਰਸਾਲਿਆਂ ਅਤੇ ਪਰਚਿਆਂ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਮਿੰਨੀ ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਨੇ ਆਪਣੇ ਜੀਵਨ ਦੇ ਅਨੁਭਵ ਸ਼ਾਨਦਾਰ ਢੰਗ ਨਾਲ਼ ਕਹਾਣੀ ਰੂਪ ਵਿੱਚ ਪਰੋਏ ਹਨ। ਆਪਣੇ ਆਲੇ-ਦੁਆਲੇ ਹੋਣ ਵਾਲੀਆਂ ਘਟਨਾਵਾਂ ਵਿੱਚੋਂ ਆਪਣੇ ਪਸੰਦ ਦੇ ਵਿਸ਼ੇ ਚੁਣ ਕੇ ਉਹਨਾਂ ਨੂੰ ਮਿੰਨੀ ਕਹਾਣੀ ਰੂਪ ਦੇ ਕੇ ਅਸਲ ਵਿੱਚ ਕਹਾਣੀਕਾਰ ਨੇ ਪਾਠਕਾਂ ਨੂੰ ਆਪਣੀ ਸ਼ਖ਼ਸੀਅਤ ਦੇ ਦਰਸ਼ਨ ਹੀ ਕਰਵਾਏ ਹਨ। ਉਸ ਨੇ ਇਹਨਾਂ ਕਹਾਣੀਆਂ ਵਿੱਚ ਪਿੰਡਾਂ ਦੇ ਲੋਕਾਂ ਦੇ ਦਿਲ ਵਿਚਲੀ ਭਾਈਚਾਰਕ ਸਾਂਝ ਨੂੰ ਚਿਤਰਤ ਕੀਤਾ ਹੈ ਅਤੇ ਲੜਾਈ, ਦੁਸ਼ਮਣੀ ਅਤੇ ਈਰਖਾ ਖ਼ਤਮ ਕਰਨ ਦਾ ਯਤਨ ਕੀਤਾ ਹੈ। ਕਹਾਣੀ-ਸੰਗ੍ਰਹਿ ਦੇ ਮੁੱਖ ਬੰਦ ਵਿੱਚ ਕਹਾਣੀਕਾਰ ਵੱਲੋਂ ਆਪਣੇ ਸਿਰਜਣਾ ਢੰਗ ਬਾਰੇ ਦੱਸਦਾ ਹੈ ਕਿ ਕਿਵੇਂ ਪਹਿਲੇ ਕਹਾਣੀ-ਸੰਗ੍ਰਹਿ ਤੋਂ ਤੀਜੇ ਕਹਾਣੀ-ਸੰਗ੍ਰਹਿ ਤੱਕ ਉਸ ਦੀ ਮਿੰਨੀ ਕਹਾਣੀ ਲੇਖਣ ਕਲਾ ਨਿੱਖਰੀ ਅਤੇ ਕਿਵੇਂ ਉਸ ਦੀ ਕਹਾਣੀ ਵਿੱਚ ਵੀ ਸੁਧਾਰ ਆਇਆ। ਕਹਾਣੀਕਾਰ ਦਾ ਇਹ ਦਾਅਵਾ ਪਾਠਕ ਦੇ ਜ਼ਿਹਨ ਵਿੱਚ ਇਸ ਕਹਾਣੀ-ਸੰਗ੍ਰਹਿ ਦੀ ਪੜ੍ਹਤ ਸਮੇਂ ਸਾਕਾਰ ਹੁੰਦਾ ਹੈ ਅਤੇ ਇਸ ਪੜ੍ਹਤ ਨਾਲ਼ ਹੀ ਵਿਸ਼ਾ, ਸ਼ੈਲੀ ਅਤੇ ਭਾਸ਼ਾ ਦੀ ਪਰਿਪੱਕਤਾ ਵੀ ਪਾਠਕ ਦੇ ਸਾਹਮਣੇ ਆਉਂਦੀ ਹੈ। ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਸੋਚ, ਦੁਰਲੱਭ, ਮੈਂ ਇਹਨੂੰ ਜਾਣਦਾ, ਪੇਟੀ, ਇਕੋ ਕਿਸ਼ਤੀ ਦੇ ਸਵਾਰ, ਮੈਂ ਹੀ-ਤੂੰ ਹੀ, ਨਿੱਘ ਅਤੇ ਲੋੜ ਆਦਿ ਭਾਵੇਂ ਵਿਸ਼ੇ ਪੱਖੋਂ ਸਰਲ ਅਤੇ ਆਮ ਹਨ, ਪਰ ਸਿੱਧੀ ਬਿਆਨੀਆ ਸ਼ੈਲੀ ਹੋਣ ਕਾਰਨ ਪਾਠਕ ਦੇ ਮਨ ਵਿੱਚ ਆਸਾਨੀ ਨਾਲ਼ ਉਤਰ ਜਾਂਦੀਆਂ ਹਨ। ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਮਰਦ, ਗੱਡੀ ਨਹੀਂ ਤੁਰੀ, ਵਰਦਾਨ, ਚਪੇੜ, ਕੁੱਤਾ ਰਿਸ਼ਤਾ, ਅੰਨ ਦਾਤਾ, ਸੰਤਰੇ, ਦੋ ਦੋ ਕਲਮਾਂ, ਲੱਤਾਂ, ਹੀਰੋ, ਇਕ ਖ਼ਬਰ, ਬੇਸਬਰੀ, ਮੁਕਤੀ, ਡਰ ਆਪੋ-ਆਪਣਾ ਸੰਖੇਪ ਸ਼ਬਦਾਂ ਵਿੱਚ ਲਿਖੀਆਂ ਗਈਆਂ ਹਨ। ਚਾਰ-ਪੰਜ ਸਤਰਾਂ ਵਿੱਚ ਪੂਰੀ ਕਹਾਣੀ ਸਮੇਟ ਕੇ ਕਹਾਣੀਕਾਰ ਨੇ ਉੱਤਮ ਕਹਾਣੀ ਕਲਾ ਦਾ ਸਬੂਤ ਦਿੱਤਾ ਹੈ। ਪਾਠਕ ਅਛੋਪਲੇ ਹੀ ਕੁਝ ਮਿੰਟਾਂ-ਸਕਿੰਟਾਂ ਵਿੱਚ ਪੂਰੀ ਕਹਾਣੀ ਤਾਂ ਪੜ੍ਹ ਲੈਂਦਾ ਹੈ। ਕਹਾਣੀ ਦੀ ਪੜ੍ਹਤ ਦੀ ਕ੍ਰਿਆ ਤਾਂ ਕੁਝ ਸਮੇਂ ਵਿੱਚ ਪੂਰੀ ਹੋ ਜਾਂਦੀ ਹੈ ਪਰੰਤੂ ਪਾਠਕ ਦੀਆਂ ਸੋਚਾਂ ਵਿੱਚ ਉਸ ਕਹਾਣੀ ਦੇ ਪਾਤਰ ਤੇ ਘਟਨਾਵਾਂ ਦੇਰ ਤੱਕ ਉਥਲ-ਪੁਥਲ ਮਚਾਈ ਰੱਖਦੇ ਹਨ। ਇਸ ਢੰਗ ਨਾਲ਼ ਕੁਝ ਸਤਰਾਂ ਦੀ ਇਹ ਕ੍ਰਿਤ ਪਾਠਕ ਦੇ ਦਿਮਾਗ਼ ਨੂੰ ਕਈ ਘੰਟੇ ਸੋਚਾਂ ਵਿੱਚ ਜਕੜੀ ਰੱਖਦੀ ਹੈ। ਪਾਠਕ ਦੇ ਜ਼ਿਹਨ ਵਿੱਚ ਮਚੀ ਇਹ ਉੱਥਲ-ਪੁਥਲ ਅਤੇ ਸੋਚਾਂ ਦੀ ਲੜੀ ਹੀ ਕਹਾਣੀਕਾਰ ਦੀ ਪ੍ਰਾਪਤੀ ਹੈ। ਇਸੇ ਤਰ੍ਹਾਂ ਕੁਝ ਕਹਾਣੀਆਂ ਵਿੱਚ ਲੋੜ ਅਨੁਸਾਰ ਵਿਸਥਾਰ ਵੀ ਦਿੱਤਾ ਗਿਆ, ਵਧੀਆ ਬਿਰਤਾਂਤ ਸਿਰਜਿਆ ਗਿਆ ਹੈ, ਯਥਾਰਥ ਪਾਤਰ ਘੜੇ ਗਏ ਹਨ ਤੇ ਕਈ ਕਹਾਣੀਆਂ ਵਾਰਤਾਲਾਪ ਦੇ ਸਹਾਰੇ ਵੀ ਉਸਾਰੀਆਂ ਗਈਆਂ ਹਨ। ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਲਈ ਵਾਜਬ ਸਿਰਲੇਖ ਵੀ ਚੁਣੇ ਹਨ, ਜੋ ਪਾਠਕ ਦੀ ਕਹਾਣੀ ਪੜ੍ਹਨ ਦੀ ਉਤਸੁਕਤਾ ਨੂੰ ਹੋਰ ਵਧਾਉਂਦੇ ਹਨ। ਇਸ ਢੰਗ ਨਾਲ਼ ਹੱਥਲੇ ਮਿੰਨੀ ਕਹਾਣੀ-ਸੰਗ੍ਰਹਿ ਰਾਹੀਂ ਕਹਾਣੀਕਾਰ ਨੇ ਮਿੰਨੀ ਕਹਾਣੀ ਸਾਹਿਤ ਖੇਤਰ ਵਿੱਚ ਆਪਣਾ ਸਥਾਨ ਹੋਰ ਪੁਖ਼ਤਾ ਕੀਤਾ ਹੈ।

**—ਡਾ. ਸੰਦੀਪ ਰਾਣਾ**

## ਮਨ ਦੇ ਵਲਵਲੇ

**ਹਰਪ੍ਰੀਤ ਬਰਾੜ ਸਿੱਧੂ**
**ਪੰਨੇ-104, ਮੁੱਲ-200 ਰੁਪਏ**
**ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ**

'ਮਨ ਦੇ ਵਲਵਲੇ' ਪਰਵਾਸੀ ਲੇਖਕਾ ਹਰਪ੍ਰੀਤ ਬਰਾੜ ਸਿੱਧੂ ਵੱਲੋਂ ਲਿਖਿਆ ਨਿੱਕ-ਅਕਾਰੀ ਰਚਨਾਵਾਂ ਦਾ ਅਜਿਹਾ ਸੰਗ੍ਰਹਿ ਹੈ, ਜਿਸ ਨੂੰ ਅਸੀਂ ਇੱਕੋ ਸਮੇਂ ਨਿੱਕੀ ਕਹਾਣੀ, ਮਿੰਨੀ ਕਹਾਣੀ ਤੇ ਕਥਾਯੁਕਤ ਨਿਬੰਧ ਦਾ ਨਾਂਅ ਦੇ ਸਕਦੇ ਹਾਂ। ਭਾਵੇਂ ਇਸ ਦੇ ਪਿਛਲੇ ਪੰਨੇ 'ਤੇ ਸੁਰਜੀਤ ਸਿੰਘ ਵਿਰਕ ਵੱਲੋਂ ਲਿਖੀ ਟਿੱਪਣੀ ਵਿਚ ਇਨ੍ਹਾਂ ਰਚਨਾਵਾਂ ਨੂੰ ਕਹਾਣੀਆਂ ਕਿਹਾ ਗਿਆ ਹੈ, ਪਰ ਆਪਣੀ ਸੰਜਮ ਬਿਆਨੀ ਤੇ ਸ਼ਿਲਪੀ ਬੁਣਤ ਕਾਰਨ ਇਹ ਨਿੱਕੀ ਕਹਾਣੀ ਨਾਲੋਂ ਮਿੰਨੀ ਕਹਾਣੀ ਦੇ ਵਧੇਰੇ ਨੇੜੇ ਹਨ। ਕਈ ਰਚਨਾਵਾਂ ਲੇਖਕਾ ਦੇ ਆਪਣੇ ਮਨਪਸੰਦ ਦੀ ਕਿਸੇ ਸ਼ਖ਼ਸੀਅਤ ਦਾ ਸ਼ਬਦ ਚਿੱਤਰ ਹੋਣ ਦਾ ਪ੍ਰਭਾਵ ਵੀ ਦਿੰਦੀਆਂ ਹਨ। ਇਹਨਾਂ ਰਚਨਾਵਾਂ ਰਾਹੀਂ ਲੇਖਕਾ ਨੇ ਆਪਣੇ ਮਨ ਦੇ ਵਲਵਲਿਆਂ ਤੇ ਜੀਵਨ ਅਨੁਭਵਾਂ ਨੂੰ ਉਹਨਾਂ ਦੀ ਸ਼ੁੱਧਤਾ ਤੇ ਸੁੱਚਤਾ ਸਮੇਤ ਆਪਣੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ। ਉਸ ਦੇ ਮਨ ਦੇ ਵਲਵਲੇ ਅਜਿਹੀ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਵਿਵਸਥਾ ਦਾ ਨਿਰਮਾਣ ਹੋਇਆ ਵੇਖਣਾ ਚਾਹੁੰਦੇ ਹਨ, ਜਿਸ ਵਿੱਚ ਮਨੁੱਖ ਮਨੁੱਖਤਾ ਤੇ ਮਨੁੱਖੀ ਕਦਰਾਂ-ਕੀਮਤਾਂ ਦੇ ਵਿਗਸਣ ਲਈ ਮਿਲਣ ਵਾਲੇ ਮੌਕਿਆਂ ਦੀ ਬਹੁਤਾਤ ਹੋਵੇ। ਉਸ ਦੇ ਮਨ ਵਿਚ ਮਨੁੱਖੀ ਸਮਾਜ ਦਾ ਇੱਕ ਆਦਰਸ਼ਕ ਖਾਕਾ ਮੌਜੂਦ ਹੈ ਤੇ ਉਸ ਦੇ ਆਪਣੇ ਮਨ ਦੇ ਵਲਵਲੇ ਉਸ ਦੇ ਇਸ ਆਦਰਸ਼ ਨੂੰ ਯਥਾਰਥ ਵਿਚ ਬਦਲਣਾ ਚਾਹੁੰਦੇ ਹਨ।

ਲੇਖਕਾ ਆਪਣੇ ਮਨ ਇੱਛਤ ਸਮਾਜ ਦੀ ਸਿਰਜਣਾ ਲਈ ਅਜਿਹੇ ਮਨ ਇੱਛਤ ਪਾਤਰਾਂ ਦੀ ਤਲਾਸ਼ ਵੀ ਕਰਦੀ ਹੈ, ਜਿਹੜੇ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉੱਠ ਕੇ ਸਮਾਜ ਤੇ ਮਾਨਵਤਾ ਲਈ ਕੁਝ ਕਰ ਗੁਜ਼ਰਨ ਲਈ ਦ੍ਰਿੜ੍ਹ ਸੰਕਲਪੀ ਸੋਚ ਰੱਖਦੇ ਹੋਣ। ਸੰਗ੍ਰਹਿ ਵਿਚ ਸ਼ਾਮਲ ਕਹਾਣੀ 'ਘਰ' ਵਿਚਲੀ 'ਮੈਂ' ਪਾਤਰ ਆਪਣੇ ਪਿਤਰੀ ਘਰ ਨਾਲ ਭਾਵੁਕ ਲਗਾਓ ਰੱਖਦੀ ਹੈ, ਪਰ ਜਦੋਂ ਉਹ ਘਰ ਵਿਚ ਨਵਾਂ ਵਸੇਬਾ ਕਰਨ ਵਾਲੇ ਕਿਸੇ ਹੋਰ ਪਰਵਾਰ ਦੇ ਬੱਚਿਆਂ ਦਾ ਇਸ ਘਰ ਪ੍ਰਤੀ ਆਪਣੇ ਜਿਹਾ ਮੋਹ ਮਹਿਸੂਸ ਕਰਦੀ ਹੈ ਤਾਂ ਉਹ ਉਹਨਾਂ ਦੀ ਖ਼ੁਸ਼ੀ ਖਾਤਰ ਪਿਤਰੀ ਘਰ 'ਤੇ ਆਪਣਾ ਦਾਅਵਾ ਛੱਡ ਦਿੰਦੀ ਹੈ। ਕਹਾਣੀ 'ਪਿਆਰ ਕੀ ਹੁੰਦਾ ਹੈ' ਵਿਚਲਾ ਖਰ੍ਹਵੇ ਸੁਭਾਅ ਵਾਲਾ ਤਾਇਆ ਰੁਲਦੂ ਤਾਈ ਬਿਸ਼ਨੀ ਦੇ ਬਿਮਾਰ ਪੈਣ 'ਤੇ ਦਿਨ-ਰਾਤ ਉਸ ਦੀ ਏਨੀ ਸੇਵਾ ਕਰਦਾ ਹੈ ਤਾਂ ਪਾਠਕ ਆਪਣੇ-ਆਪ ਹੀ ਪਿਆਰ ਦੀ ਪਰਿਭਾਸ਼ਾ ਤੋਂ ਜਾਣੂ ਹੋ ਜਾਂਦੇ ਹਨ। ਕਹਾਣੀ 'ਤਾਇਆ ਜਗਤਾ' ਜੱਟ ਕਿਸਾਨ ਤੇ ਖੇਤ ਮਜ਼ਦੂਰ ਦੇ ਸੰਬੰਧਾਂ ਨੂੰ ਆਦਰਸ਼ਕ ਰੰਗਤ ਦਿੰਦੀ ਹੈ ਤਾਂ ਕਹਾਣੀ 'ਸਿਲਵਟਾਂ' ਪਰਿਵਾਰਕ ਰਿਸ਼ਤਿਆਂ ਵਿਚ ਪੈਣ ਵਾਲੀਆਂ ਸਿਲਵਟਾਂ ਨੂੰ ਮਿਠਤ ਨਾਲ ਦੂਰ ਕਰਨ ਦੀ ਪ੍ਰੇਰਨਾ ਦਿੰਦੀ ਹੈ। ਕਹਾਣੀ ਵੱਡੀ ਭੂਆ, ਗੁੜ ਦੀ ਚੂਰੀ, ਮੇਲਾ, ਤਸਵੀਰਾਂ ਬੋਲਦੀਆਂ, ਗਿੱਠਾਂ ਤੇ ਮੁੱਠੀਆਂ, ਰੱਜੀ, ਮਨ ਦੇ ਵਲਵਲੇ, ਸਾਕ, ਤੇਰੀ ਮੇਰੀ ਕਹਾਣੀ, ਦੋ ਭਾਂਡੇ, ਕੰਡੇ, ਚਾਦਰ, ਆਧੂਰੀ ਜਿਹੀ, ਡਰ, ਦਿਲ ਵਾਲੀ ਗੱਲ, ਉਹ ਬਦਲ ਗਿਆ ਤੇ ਨਿਮਰਤ ਆਦਿ ਦੇ ਪਾਤਰਾਂ ਵੀ ਆਦਰਸ਼ਕ ਕੁਰਬਾਨੀਆਂ ਕਰਕੇ ਸਮਾਜਿਕ ਤੇ ਪਰਵਾਰਕ ਰਿਸ਼ਤਿਆਂ ਨੂੰ ਨਿੱਘੇ ਤੇ ਹੰਢਣਸਾਰ ਬਣਾਉਣ ਵਿੱਚ ਆਪਣੇ ਆਪਣੇ ਹਿੱਸੇ ਦਾ ਯੋਗਦਾਨ ਪਾਉਂਦੇ ਹਨ।

ਅਜੋਕੇ ਆਪੋ-ਧਾਪੀ ਦੇ ਯੁੱਗ ਵਿਚ ਭਾਵੇਂ ਅਜਿਹੇ ਸਾਹਿਤ ਦੇ ਸਿਰਜਣ ਦੀ ਵੀ ਬਹੁਤ ਲੋੜ ਹੈ, ਜਿਹੜਾ ਆਪਣੇ ਮਨੁੱਖੀ ਖਾਸੇ ਤੋਂ ਦੂਰ ਹੁੰਦੇ ਜਾ ਰਹੇ ਮਨੁੱਖ ਨੂੰ ਫਿਰ ਤੋਂ ਉਸ ਦੇ ਮਨੁੱਖੀ ਫਰਜ਼ਾਂ ਦਾ ਅਹਿਸਾਸ ਕਰਵਾ ਸਕੇ। ਬੇਸ਼ੱਕ ਇਸ ਸੰਗ੍ਰਹਿ ਦੀਆਂ ਕਹਾਣੀਆਂ ਨੇ ਆਪਣੇ ਹਿੱਸੇ ਦੀ ਇਹ ਜ਼ਿੰਮੇਵਾਰੀ ਸੁਚੇਤ ਪੱਧਰ 'ਤੇ ਨਿਭਾਈ ਹੈ, ਪਰ ਕਹਾਣੀਆਂ ਵਿਚ ਕੁਰਬਾਨੀਆਂ ਕਰਨ ਵਾਲੇ ਪਾਤਰਾਂ ਦੀ ਬਹੁਤਾਤ ਹੋਣ ਕਾਰਨ ਇਹ ਕਹਾਣੀਆਂ ਅਜੋਕੇ ਸਮਾਜਿਕ ਯਥਾਰਥ ਦੀ ਪ੍ਰਤੀਨਿਧਤਾ ਕਰਨ ਵਿੱਚ ਵਧੇਰੇ ਸਮਰੱਥ ਨਹੀਂ ਵਿਖਾਈ ਦਿੰਦੀਆਂ। ਪੁਸਤਕ ਪਾਠ ਦੌਰਾਨ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਕਿ ਅਸੀਂ 21ਵੀਂ ਸਦੀ ਦੇ ਤੀਜੇ ਦਹਾਕੇ ਦੀ ਬਜਾਏ ਨਾਨਕ ਸਿੰਘ ਦੇ ਦੌਰ ਦਾ ਕੋਈ ਕਹਾਣੀ ਸੰਗ੍ਰਹਿ ਪੜ੍ਹ ਰਹੇ ਹੋਈਏ। ਕਹਾਣੀਆਂ ਵਿਚਲਾ ਕਥਾਰਸ ਇਹਨਾਂ ਦੀ ਪੜ੍ਹਣ ਯੋਗਤਾ ਨੂੰ ਵਧਾਉਣ ਵਾਲਾ ਹੈ। ਕਹਾਣੀਕਾਰਾ ਤੋਂ ਭਵਿੱਖ ਵਿਚ ਹੋਰ ਚੰਗੀਆਂ ਕਹਾਣੀਆਂ ਲਿਖੇ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ।

**—ਨਿਰੰਜਣ ਬੋਹਾ**

## ਰੁੱਖ ਸਮਾਧੀ

(ਕਵਿਤਾਵਾਂ)
**ਸ਼ਿਵਨਾਥ**
**ਮੁੱਲ : 150 ਰੁਪਏ, ਪੰਨੇ : ਪੇਪਰ ਬੈਕ : 96**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਵਰਤਮਾਨ ਕਾਲ ਦਾ ਪੰਜਾਬੀ ਕਾਵਿ ਦਾ ਚਰਚਿਤ ਕਵੀ ਸ਼ਿਵਨਾਥ ਆਪਣੇ ਨਵੇਂ ਕਾਵਿ 'ਰੁੱਖ ਸਮਾਧੀ' ਨਾਲ ਆਪਣੇ ਪਾਠਕਾਂ ਦੇ ਸਨਮੁੱਖ ਹਾਜ਼ਰ ਹੈ। ਇਸ ਤੋਂ ਪਹਿਲਾਂ ਉਸ ਦੇ 10 ਕਾਵਿ ਸੰਗ੍ਰਹਿ, ਦੋ ਕਹਾਣੀ ਸੰਗ੍ਰਹਿ, ਦੋ ਜੀਵਨੀ ਸਾਹਿਤ, ਯਾਦਾਂ : ਸੁਜਾਨ ਸਿੰਘ ਨਾਲ ਦਸ ਵਰ੍ਹੇ ਅਤੇ ਦੋ-ਭਾਗਾਂ ਵਿੱਚ ਸਵੈ ਜੀਵਨੀ, ਚਾਰ ਪੁਸਤਕਾਂ ਬੱਚਿਆਂ ਲਈ ਵੀ ਲਿਖ ਚੁੱਕਾ ਹੈ।

ਕਾਵਿ ਪੁਸਤਕ : ਰੁੱਖ ਸਮਾਧੀ, ਉਸ ਦਾ ਨਵਾਂ ਸੰਗ੍ਰਹਿ ਉਸ ਦਾ ਹੁਣੇ ਪ੍ਰਕਾਸ਼ਤ ਹੋਇਆ ਹੈ। ਜਿਸ ਵਿੱਚ ਉਸ ਦੀਆਂ ਸਾਢੇ ਛੇ ਦਰਜਨ ਦੇ ਲੱਗਭੱਗ ਕਵਿਤਾਵਾਂ ਹਨ। ਜਿਨ੍ਹਾਂ ਦੇ ਵਿਸ਼ੇ ਨਿੱਜ ਤੋਂ ਪਾਰ ਵੱਲ, ਦੇਸ਼-ਪਰਦੇਸ਼ ਅਤੇ ਆਮ ਲੋਕ ਸਮੱਸਿਆ ਨਾਲ ਸੰਬੰਧਤ ਹਨ। ਸ਼ਿਵ ਨਾਥ ਦੀ ਕਾਵਿ ਸ਼ੈਲੀ ਨਿਰੋਲ ਕਾਵਿਕ ਹੈ, ਉਸ ਨੇ ਹਮੇਸ਼ਾ ਕਵਿਤਾ ਲਿਖੀ ਹੈ, ਅਕਵਿਤਾ ਨਹੀਂ। ਕਵਿਤਾ ਪੜ੍ਹਦਿਆਂ ਉਹ ਹਮੇਸ਼ਾ ਕਵੀ ਨਜ਼ਰ ਆਉਂਦਾ ਹੈ, ਅਕਵੀ ਨਹੀਂ। ਉਸ ਦੀ ਕਾਵਿ ਸ਼ੈਲੀ ਆਪਣੀ ਹੈ, ਕਾਵਿਕ ਲਹਿਜ਼ਾ ਆਪਣਾ ਹੈ। ਸਹਿਜੇ ਹੀ ਅਸੀਂ ਉਸ ਦੇ ਕਾਵਿ ਵਿੱਚ ਨਵਾਂ-ਪੁਰਾਣਾ ਦ੍ਰਿਸ਼ਟੀਕੋਣ ਦਾ ਸੰਚਾਰਨ ਵੇਖਦੇ ਹਾਂ।

ਮੈਂ ਮਾਵਾਂ ਤੇ ਹਰ ਬੱਚੇ ਦੇ ਸਿਰ ਦੀ ਖੈਰ ਮਨਾਵਾਂ
ਹਰ ਇੱਕ ਪਾਸਿਉਂ ਆਉਣ ਉਹਨਾਂ ਨੂੰ ਨਿੱਘੀਆਂ-ਨਿੱਘੀਆਂ ਛਾਵਾਂ।
(ਪੰਨਾ : 19) ਕਵਿਤਾ ਦ੍ਰਿਸ਼ਟੀਕੋਣ

ਇਸ ਦੁਨੀਆ ਤੋਂ ਹੋਰ ਕਿਤੇ ਵੀ ਸੋਹਣੀ ਦੁਨੀਆ ਹੋ ਨਹੀਂ ਸਕਣੀ
ਨਾ ਹੋਣੇ ਨੇ ਕਿਤੇ ਨਜ਼ਾਰੇ।
(ਪੰਨਾ : 12) ਕਵਿਤਾ ਦੁਨੀਆ

ਭਾਵੇਂ ਸਾਨੂੰ ਇੰਜ ਲੱਗਦੇ ਨੇ, ਇਹਨਾਂ ਪਾਏ ਬੜੇ ਖਿਲਾਰ
ਪਰ ਇਹ ਰੁੱਖ ਸਮਾਧੀ ਲਾਈ, ਬਹਿਣ ਚੌਕੜੀ ਮਾਰ।
(ਪੰਨਾ : 31) ਕਵਿਤਾ : ਰੁੱਖ ਸਮਾਧੀ।

ਪਰ ਕੁਦਰਤ ਨੇ ਮਰਨ ਨਹੀਂ ਦੇਣਾ, ਹੈ ਉਸ ਦਾ ਅਧਿਕਾਰ
ਪਏ ਰਹਿਣਗੇ, ਧਰਤੀ ਅੰਦਰ, ਸਿੱਲ੍ਹ ਦੇ ਅੱਧ ਵਿਚਕਾਰ
ਸਿੱਲ੍ਹ 'ਚ ਰਹਿੰਦਾ ਹੈ ਉਹ ਪਾਣੀ
ਜੋ ਜੀਵਨ ਦਾ ਸਾਥ ਨਾ ਛੱਡੇ।
(ਪੰਨਾ : 38) ਕਵਿਤਾ ਸਿੱਲ੍ਹ

ਸ਼ਿਵ ਨਾਥ ਦੇ ਕਾਵਿ ਦਾ ਦ੍ਰਿਸ਼ਟੀਕੋਣ : ਰਹੱਸ ਆਤਮ ਸ਼ਕਤੀਆਂ ਵੱਲ ਝਾਤ ਪਾਉਂਦਾ ਹੈ, ਜਿੱਥੇ ਪੰਜਾਬੀ ਕਾਵਿ ਦੇ ਬਹੁਤ ਘੱਟ ਨਜ਼ਰ ਕਰਦੇ ਹਨ ਸ਼ਿਵ ਨਾਥ ਜਿੱਥੇ ਲੋਕਵਾਦੀ ਕਵੀ ਹੈ, ਉੱਥੇ ਪ੍ਰਾਕਿਰਤੀ ਦੀਆਂ ਉਹਨਾਂ ਸ਼ਕਤੀਆਂ ਵੱਲ ਆਪਣਾ ਸਿਰ ਝੁਕਾਉਂਦਾ ਹੈ, ਜਿਨ੍ਹਾਂ ਕਾਰਨ ਇਹ ਸੰਸਾਰ ਚੱਲਦਾ ਨਜ਼ਰ ਆਉਂਦਾ।

ਸ਼ਿਵ ਨਾਥ ਦੀ ਕਾਵਿ ਦ੍ਰਿਸ਼ਟੀ, ਅਨੇਕਾਂ ਇਤਿਹਾਸਕ ਪ੍ਰਸੰਗਾਂ ਦੇ ਹਵਾਲੇ ਦੇ ਕੇ ਪਾਠਕਾਂ ਦੇ ਗਿਆਨ ਚਕਸ਼ੂਆਂ ਅੰਦਰ ਰਹੱਸਾਤਮਕ ਗਿਆਨ ਸੰਚਾਰਦੀ ਹੈ। ਕਦੇ ਕਿਸਾਨ ਦੇ ਨਾਂਅ, ਕਵਿਤਾ ਵਿੱਚ, ਕਿਸਾਨ ਦੀ ਉਸ ਸ਼ਕਤੀ ਸਮਰੱਥਾ ਦੀ ਬਾਤ ਪਾਉਂਦਾ ਹੈ ਕਿ ਹੁਕਮਰਾਨ ਅਜੇ ਤੱਕ ਪਹਿਚਾਣ ਨਹੀਂ ਕਰ ਸਕੇ, ਕਿਸਾਨ ਕੀ ਹੈ? ਕਵੀ ਇਸ ਨੂੰ ਆਪਣੇ ਕਾਵਿ ਰਾਹੀਂ ਪਰਿਭਾਸ਼ਤ ਕਰਦਾ ਹੈ :

ਕਿਸਾਨੀ, ਦੇਸ਼ ਮੇਰੇ ਦੀ ਹੈ ਪੁਖਤਾ
ਰੀੜ੍ਹ ਦੀ ਹੱਡੀ
ਜਦ ਤੱਕ ਇਹ ਨਹੀਂ ਹਿਲਦਾ
ਨਹੀਂ ਜਾਂਦਾ ਕਿਤੇ ਜੁੱਸਾ।
ਕਵਿਤਾ : ਕਿਸਾਨ ਦੇ ਨਾਂਅ, ਪੰਨਾ : 41

ਅਨੇਕਾਂ ਕਵਿਤਾਵਾਂ ਤਨਜ਼ੀਆ ਲਹਿਜੇ ਵਿੱਚ ਹਨ। ਕਵੀ ਦੀ ਦ੍ਰਿਸ਼ਟੀ ਆਪਣੇ ਉਸਾਰੂ ਦ੍ਰਿਸ਼ਟੀਕੋਣ ਰਾਹੀਂ ਆਪਣੇ ਪਾਠਕਾਂ ਨੂੰ ਇਸ਼ਾਰੇ ਮਾਤਰ ਸਮਝਾਉਂਦਾ ਹੀ ਨਹੀਂ, ਬਲਕਿ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਦੀ ਗ੍ਰਹਿਣਸ਼ੀਲਤਾ ਦੀਆਂ ਵੀ ਬਾਤਾਂ ਪਾਉਂਦਾ ਹੈ। ਉਸ ਦੀਆਂ ਸਹਿਜ ਬੋਧ ਲਿਖੀਆਂ ਕਵਿਤਾਵਾਂ ਲੋਕ ਹੇਤੂ ਹਨ, ਰਚਨਾਤਮਿਕ ਹਨ। ਅਨੁਭਵ ਜਗਾਉਂਦੀਆਂ ਹਨ। ਲੋਕਾਂ ਵਿਰੁੱਧ, ਲੋਕ ਦੁਸ਼ਮਣ ਸ਼ਕਤੀਆਂ ਵਿਰੁੱਧ, ਮਿਲ ਕੇ ਲੜਨ ਦੀ ਸ਼ਕਤੀ ਸੰਚਾਰਦੀਆਂ ਹਨ।

ਇਸ ਪੁਸਤਕ ਦੀ ਹਰ ਕਵਿਤਾ ਦਾ ਤਰਜਿ ਫਿਕਰ ਲੋਕ ਹੇਤੂ ਹੈ ਤੇ ਸੁਚੇਤ ਕਰਦਾ ਹੈ ਕਿ ਇੱਕ ਪ੍ਰਸ਼ਨ ਸਾਡੇ ਸਾਹਮਣੇ ਹੈ।

ਜੇ ਸੋਚ ਕੇ ਤੁਰੀਏ
ਤੇ ਝੁਰੀਏ, ਉਸ ਬਾਪੂ 'ਤੇ
ਜੋ ਸਿੱਧਾ ਹੀ ਨਹੀਂ ਤੁਰਦਾ

ਅਜਿਹੇ ਕਾਵਿ ਬੰਦ ਲਿਖਣ ਵਾਲੇ ਕਵੀ ਨੂੰ ਸਲਾਮ! ਜੋ ਆਪਣੇ ਬਾਪ ਨੂੰ ਸਿੱਧਾ ਨਾ ਤੁਰਨ 'ਤੇ ਝੁਰਦਾ ਹੈ।

**- ਡਾ. ਅਮਰ ਕੋਮਲ**

# ਸੋਗ 'ਚ ਡੁੱਬੇ ਲੇਖਕਾਂ ਵੱਲੋਂ ਮੀਟਿੰਗ ਦੌਰਾਨ ਰਚਨਾ ਪਾਠ ਮੁਲਤਵੀ



**ਬਠਿੰਡਾ**-ਇੱਥੋਂ ਦੇ ਸਾਹਿਤ ਸਿਰਜਣਾ ਮੰਚ (ਰਜਿ.) ਦੀ ਮੀਟਿੰਗ ਮੰਚ ਦੇ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ ਦੀ ਪ੍ਰਧਾਨਗੀ ਤਹਿਤ ਟੀਚਰਜ਼ ਹੋਮ ਵਿਖੇ ਹੋਈ। ਮੀਟਿੰਗ ਦੇ ਆਰੰਭ ਵਿਚ ਮੰਚ ਦੇ ਪ੍ਰਧਾਨ ਨੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਕਹਿੰਦਿਆਂ ਸੁਝਾਅ ਦਿੱਤਾ ਕਿ ਅੱਜ ਦੀ ਮੀਟਿੰਗ ਵਿੱਚ ਸਦੀਵੀ ਵਿਛੋੜਾ ਦੇ ਗਏ ਲੇਖਕਾਂ ਦੇ ਸੋਗ ਵਿੱਚ ਰਚਨਾ ਪਾਠ ਨਾ ਕੀਤਾ ਜਾਵੇ। ਉਹਨਾਂ ਦੇ ਸੁਝਾਅ ਨੂੰ ਸਵੀਕਾਰ ਕਰਦਿਆਂ ਕਿਸੇ ਵੀ ਲੇਖਕ ਨੇ ਮੀਟਿੰਗ ਦੌਰਾਨ ਕੋਈ ਰਚਨਾ ਨਹੀਂ ਪੜ੍ਹੀ ਅਤੇ ਸੋਗ ਵਿੱਚ ਡੁੱਬੇ ਰਹੇ। ਹਾਜ਼ਰ ਲੇਖਕਾਂ ਵੱਲੋਂ ਤਿਲੰਗਾਨਾ ਦੇ ਲੋਕ ਕਵੀ ਤੇ ਗਾਇਕ ਗੁੰਮਡੀ ਵਿਟਲ ਰਾਓ ਗਦਰ, ਪਲਸ ਮੰਚ ਦੇ ਸਾਬਕਾ ਜਨਰਲ ਸਕੱਤਰ ਅਤੇ ਉੱਘੇ ਨਾਟ-ਨਿਰਦੇਸ਼ਕ ਮਾਸਟਰ ਤਰਲੋਚਨ ਸਿੰਘ ਸਮਰਾਲਾ, ਸ਼੍ਰੋਮਣੀ ਕਵੀ ਸ਼ਿਵਨਾਥ, ਪੰਜਾਬੀ ਸ਼ਾਇਰ ਜਗਸੀਰ ਵਿਯੋਗੀ, ਸੁਬੇਗ ਸੱਧਰ, ਨਾਵਲਕਾਰ ਬਾਰੂ ਸਤਵਰਗ, ਦੇਸ ਰਾਜ ਕਾਲੀ, ਦੇਵ ਕੋਹਲੀ ਅਤੇ ਰਜਿੰਦਰ ਜੱਸਲ ਦੇ ਸਪੁੱਤਰ ਕਰਨਵੀਰ ਸਿੰਘ ਸਮੇਤ ਸਦੀਵੀ ਵਿਛੋੜਾ ਦੇ ਗਏ ਇਨ੍ਹਾਂ ਲੇਖਕਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਅਰਪਿਤ ਕਰਨ ਉਪਰੰਤ ਇਹਨਾਂ ਲੇਖਕਾਂ ਦੇ ਸਾਹਿਤਕ ਯੋਗਦਾਨ ਦੀ ਵੀ ਚਰਚਾ ਕੀਤੀ ਗਈ। ਇਸੇ ਦੌਰਾਨ ਮੰਚ ਦੀ ਮੀਤ ਪ੍ਰਧਾਨ ਰਾਜਦੇਵ ਕੌਰ ਸਿੱਧੂ ਨੂੰ ਪੋਤਰੇ ਅਤੇ ਦੋਹਤੇ ਦੇ ਜਨਮ ਦੀ ਦੂਹਰੀ ਖੁਸ਼ੀ ਲਈ ਮੁਬਾਰਕਬਾਦ ਵੀ ਦਿੱਤੀ ਗਈ। ਇਸ ਮੌਕੇ ਜਿੱਥੇ ਮੰਚ ਦੇ ਪ੍ਰਬੰਧਕੀ ਕੰਮਾਂ ਲਈ ਕੁਝ ਮਤੇ ਪਾਸ ਕੀਤੇ ਗਏ, ਓਥੇ ਨੇੜਲੇ ਭਵਿੱਖ ਵਿੱਚ ਮੰਚ ਵੱਲੋਂ ਡਾ. ਜਸਪਾਲਜੀਤ ਦੇ ਕਾਵਿ ਸੰਗ੍ਰਹਿ 'ਸੂਰਜ ਦੇ ਸਾਰਥੀ' ਅਤੇ ਦਵੀ ਸਿੱਧੂ ਦੇ ਕਾਵਿ ਸੰਗ੍ਰਹਿ 'ਮਾਂ ਕਹਿੰਦੀ' ਉੱਪਰ ਇੱਕ ਗੋਸ਼ਟੀ ਸਮਾਗਮ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਇੱਕ ਮਤੇ ਰਾਹੀਂ ਹਾਜ਼ਰ ਲੇਖਕਾਂ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ 17 ਸਤੰਬਰ ਨੂੰ ਹੋਣ ਜਾ ਰਹੀ ਚੋਣ ਵਿਚ ਦੋਹਾਂ ਧਿਰਾਂ ਨੂੰ ਸਰਬ-ਸੰਮਤੀ ਕਰਨ ਦੀ ਅਪੀਲ ਕੀਤੀ ਗਈ ਤਾਂ ਕਿ ਬੇਲੋੜੇ ਖਰਚੇ ਅਤੇ ਮਾਨਵੀ ਊਰਜਾ ਦੀ ਬੱਚਤ ਹੋ ਸਕੇ।

**—ਜਗਨ ਨਾਥ**

# 'ਸਮਾਂਤਰ ਨਜ਼ਰੀਆ' ਦਾ ਸੱਜਰਾ ਅੰਕ ਜੱਬਲਪੁਰ ਵਿਖੇ ਰਿਲੀਜ਼



**ਲੁਧਿਆਣਾ**-ਤ੍ਰੈਮਾਸਕ ਪੰਜਾਬੀ ਸਾਹਿਤਕ ਪਰਚਾ 'ਸਮਾਂਤਰ ਨਜ਼ਰੀਆ' ਦੇ ਮੁੱਖ ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਪਰਚੇ ਦਾ ਜੁਲਾਈ ਤੋਂ ਸਤੰਬਰ ਅੰਕ ਜੋ ਇਸ ਵਾਰ ਹਿੰਦੋਸਤਾਨ ਦੇ ਪ੍ਰਸਿੱਧ ਵਿਅੰਗ ਚਿੰਤਕ ਹਰੀ ਸ਼ੰਕਰ ਪਰਸਾਈ ਨੂੰ ਸਮਰਪਤ ਕੀਤਾ ਗਿਆ ਹੈ, ਉਹਨਾ ਦੇ ਆਪਣੇ ਸ਼ਹਿਰ ਜੱਬਲਪੁਰ (ਮੱਧ ਪ੍ਰਦੇਸ਼) ਵਿਖੇ ਸਰਵ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਕੌਮੀ ਕਾਨਫਰੰਸ ਜੋ ਪਰਸਾਈ ਜੀ ਦੀ ਜਨਮ ਸ਼ਤਾਬਦੀ 'ਤੇ ਕੀਤੀ ਗਈ, ਵਿਖੇ ਹਰੀ ਸ਼ੰਕਰ ਪਰਸਾਈ ਹਾਲ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਅੰਕ ਦੀ ਤਿਆਰੀ ਵਿੱਚ ਉੱਘੇ ਲੇਖਕ ਭੋਲਾ ਸਿੰਘ ਸੰਘੇੜਾ, ਡਾ. ਹਰਭਗਵਾਨ ਅਤੇ ਤਰਸੇਮ ਮੀਤੂ ਸਮੇਤ ਡਾ. ਸੁਖਦੇਵ ਸਿਰਸਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਅੰਕ ਵਿੱਚ ਨਵੀਆਂ ਪੰਜਾਬੀ ਕਹਾਣੀਆਂ ਅਤੇ ਕਵਿਤਾਵਾਂ ਸਮੇਤ ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਭੋਲਾ ਸਿੰਘ ਸੰਘੇੜਾ ਵਲੋਂ ਕੀਤੀ ਲੰਮੀ ਇੰਟਰਵਿਊ ਵੀ ਸ਼ਾਮਲ ਹੈ।

ਮੈਗਜ਼ੀਨ ਕਾਨਫਰੰਸ ਦੇ ਲੋਕਤੰਤਰ ਅਤੇ ਸੰਵਿਧਾਨ ਦੇ ਖਤਰਿਆਂ ਬਾਰੇ ਚਰਚਾ ਦੇ ਸੈਸ਼ਨ ਵਿੱਚ ਲੋਕ ਅਰਪਣ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪੀ. ਲਕਸ਼ਮੀ ਨਰਾਇਣ ਆਂਧਰਾ ਪ੍ਰਦੇਸ਼, ਸ. ਸਵਰਨ ਸਿੰਘ ਵਿਰਕ ਹਰਿਆਣਾ, ਅਰਵਿੰਦ ਸ੍ਰੀਵਾਸਤਵ ਮੱਧ ਪ੍ਰਦੇਸ਼, ਰਕੇਸ਼ ਯੂ.ਪੀ., ਸ੍ਰੀ ਨੱਥਮਲ ਸ਼ਰਮਾ ਛੱਤੀਸ਼ਗੜ੍ਹ, ਡਾ. ਸ਼ਾਂਤੀ ਤਾਮਿਲਨਾਡੂ, ਡਾ. ਨਵਸ਼ਰਨ ਕੌਰ ਪੰਜਾਬ, ਸੁਭਾਸ਼ ਮਾਨਸਾ ਹਰਿਆਣਾ ਆਦਿ ਕਰ ਰਹੇ ਸਨ। ਲੋਕ ਅਰਪਣ ਸਮੇਂ ਸਿਰਸਾ ਤੋਂ ਸੁਵਰਨ ਸਿੰਘ ਵਿਰਕ, ਲੁਧਿਆਣਾ ਤੋਂ ਡਾ. ਗੁਲਜ਼ਾਰ ਸਿੰਘ ਪੰਧੇਰ, ਜਸਵੀਰ ਝੱਜ, ਬਰਨਾਲਾ ਤੋਂ ਭੋਲਾ ਸਿੰਘ ਸੰਘੇੜਾ, ਡਾ. ਹਰਭਗਵਾਨ ਅਤੇ ਤਰਸੇਮ ਮੀਤੂ ਸਮੇਤ ਸੁਰਜੀਤ ਜੱਜ, ਡਾ. ਕੁਲਦੀਪ ਸਿੰਘ ਦੀਪ (ਪ੍ਰਧਾਨ ਤੇ ਜਨਰਲ ਸਕੱਤਰ ਪੰਜਾਬ ਪ੍ਰਲੇਸ), ਰਮੇਸ਼ ਯਾਦਵ, ਤਰਲੋਚਨ ਤਰਨ ਤਾਰਨ, ਬਲਵਿੰਦਰ ਭੱਟੀ, ਸੁਰਿੰਦਰ ਕੈਲੇ, ਜਨਮੇਜਾ ਜੌਹਲ ਅਤੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿਰਸਾ ਹਾਜ਼ਰ ਸਨ।

**—ਡਾ. ਗੁਲਜ਼ਾਰ ਸਿੰਘ ਪੰਧੇਰ**

# ਸਮਕਾਲ

## ਚਰਚਾ ਕੌਮਾਂਤਰੀ : ਅਗਸਤ-ਅਕਤੂਬਰ 2023

ਚਰਚਾ ਦਾ ਇਹ ਅੰਕ ਮੁੱਖ ਪੰਨੇ 'ਤੇ ਉਹਨਾਂ ਚੋਣਵੇਂ ਪੰਜਾਬੀ ਕਹਾਣੀਕਾਰਾਂ ਦੇ ਚਿਹਰੇ ਹੱਥਾਂ ਦੀ ਇੱਕਜੁਟਤਾ ਵਾਲੀ ਤਸਵੀਰ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ, ਜਿਨ੍ਹਾਂ ਦੀਆਂ ਕਹਾਣੀਆਂ ਇਸ ਅੰਕ ਦੀਆਂ ਪੌਣਾ ਸੈਂਕੜਾ ਪੰਜਾਬੀ ਕਹਾਣੀਆਂ ਵਿੱਚ ਸ਼ਾਮਲ ਹਨ। ਇਸੇ ਸਾਲ ਹੀ 'ਕਹਾਣੀ ਪੰਜਾਬ' ਦਾ ਸਾਲਾਨਾ ਅੰਕ ਵੀ ਕਾਫੀ ਵੱਡੀ ਮਾਤਰਾ ਵਿੱਚ ਪੰਜਾਬੀ ਕਹਾਣੀਆਂ ਪਾਠਕਾਂ ਦੀ ਨਜ਼ਰ ਕਰਦਾ ਹੈ। ਅੰਦਰ-ਵਾਰ ਤਿੰਨ ਪੰਨਿਆਂ 'ਤੇ ਭਾਰਤੀ ਪੰਜਾਬ ਦੇ ਕਹਾਣੀਕਾਰਾਂ ਦੇ ਚਿਹਰੇ ਹਨ। ਇੱਕ ਪੰਨਾ ਬਰਤਾਨਵੀ ਪੰਜਾਬੀ ਕਹਾਣੀਕਾਰਾਂ ਦੇ ਚਿਹਰਿਆਂ ਲਈ ਰਾਖਵਾਂ ਹੈ, ਜਿਸ ਵਿੱਚ ਸੰਪਾਦਕ ਦੀ ਕਹਾਣੀ ਆਖਰੀ ਹੈ। ਸੰਪਾਦਕੀ ਵਿੱਚ ਇਸ ਅੰਕ ਦੀ ਲੋੜ ਚੋਣ ਆਦਿ ਬਾਰੇ ਵੀ ਵਿਸਥਾਰ ਹੈ। ਜਦੋਂ ਏਡੀ ਵੱਡੀ ਮਾਤਰਾ ਵਿੱਚ ਕਹਾਣੀਕਾਰਾਂ ਦੀਆਂ ਕਹਾਣੀਆਂ (ਨਵੀਆਂ-ਪੁਰਾਣੀਆਂ) ਪੇਸ਼ ਹੋ ਰਹੀਆਂ ਹੋਣ ਤਾਂ ਉਸ ਸਮੇਂ ਕੁਝ ਸਥਾਪਤ ਕਹਾਣੀਕਾਰ ਹੋਣਗੇ, ਕੁਝ ਅਸਲੋਂ ਨਵੇਂ ਜਿਨ੍ਹਾਂ ਵਿੱਚੋਂ ਪਾਠਕਾਂ ਨੂੰ ਪਹਿਲੀ ਵਾਰ ਪਤਾ ਲੱਗੇਗਾ ਕਿ ਇਹ ਵੀ ਕਹਾਣੀ ਲਿਖਦੇ ਹਨ। ਇਸ ਤਰ੍ਹਾਂ ਹੀ ਬਰਤਾਨੀਆ ਦੇ ਕਹਾਣੀਕਾਰਾਂ ਨੂੰ ਪਾਠਕ ਮਹਿਸੂਸ ਕਰੇਗਾ। ਪ੍ਰਮੁੱਖ ਕਹਾਣੀਕਾਰਾਂ ਵਿੱਚ ਅਜਮੇਰ ਸਿੱਧੂ, ਅਨੇਮਨ, ਗੁਰਮੀਤ ਕੜਿਆਲਵੀ, ਆਗਾਜ਼ਬੀਰ, ਸਰਘੀ, ਕੁਲਬੀਰ ਬਡੇਸਰੋਂ, ਸਿਮਰਜੀਤ ਸਿੰਮੀ, ਗੁਰਦਿਆਲ ਦਲਾਲ, ਜਸਪਾਲ ਮਾਨਖੇੜਾ, ਕਰਮਜੀਤ ਨਡਾਲਾ, ਹਰਜਿੰਦਰ ਸੂਰੇਵਾਲੀਆ, ਬਲਵੀਰ ਕੌਰ ਰੀਹਲ, ਮੁਖਤਿਆਰ ਸਿੰਘ, ਬਲਦੇਵ ਧਾਲੀਵਾਲ, ਬੂਟਾ ਸਿੰਘ ਚੌਹਾਨ, ਹਰਜੀਤ ਅਟਵਾਲ, ਸੰਤੋਖ ਸਿੰਘ ਧਾਲੀਵਾਲ, ਦਰਸ਼ਨ ਬੁਲੰਦਵੀ, ਕੇ ਸੀ ਮੋਹਨ, ਗੁਰਚਰਨ ਸੱਗੂ ਆਦਿ ਸ਼ਾਮਲ ਹੋਏ ਹਨ। ਪਾਠਕਾਂ ਨੂੰ ਇੱਕ ਕਿਤਾਬ ਵਿੱਚੋਂ ਹੀ ਪੰਜਾਬੀ ਕਹਾਣੀ ਦਾ ਮੁਹਾਂਦਰਾ ਪਛਾਨਣ ਵਿੱਚ ਸੌਖ ਰਹੇਗੀ। ਸੰਪਾਦਕ ਦਾ ਇਹ ਕਦਮ ਕਾਫੀ ਸਾਹਸੀ ਹੈ।




ਪੰਨੇ : 306, ਮੁੱਲ : 250 ਰੁਪਏ (10 ਪਾਊਂਡ), ਸੰਪਾਦਕ : ਦਰਸ਼ਨ ਢਿੱਲੋਂ ਮੁਰਾਦਵਾਲਾ, ਸੰਪਰਕ : ਮੁਰਾਦਵਾਲਾ ਦਲ ਸਿੰਘ, ਗਿੱਦੜਵਾਹਾ (ਮੋ:) 07696885570

## ਸ਼ਬਦ : ਸਪਲੀਮੈਂਟ (ਆਲੋਚਨਾ ਵਿਸ਼ੇਸ਼ ਅੰਕ)

'ਸ਼ਬਦ' ਵਾਲੇ ਪਿਛਲੇ ਕੁਝ ਸਮੇਂ ਤੋਂ ਵਿਸ਼ੇਸ਼ ਅੰਕਾਂ ਦੇ ਸਪਲੀਮੈਂਟ ਪ੍ਰਕਾਸ਼ਤ ਕਰ ਰਹੇ ਹਨ। ਉਹਨਾਂ ਦਾ ਇਹ ਯਤਨ ਇਸ ਪ੍ਰਸੰਗ ਵਿੱਚ ਚੰਗਾ ਲੱਗਦਾ ਹੈ ਕਿ ਇਸ ਸਮੇਂ ਆਰਥਿਕ ਮੰਦੀ ਦੀ ਮਾਰ ਝੱਲ ਰਹੇ ਸੰਪਾਦਕ ਆਪਣੇ ਪਰਚਿਆਂ ਦੇ ਅੰਕ ਜਾਂ ਤਾਂ ਪੱਛੜ ਕੇ ਕੱਢ ਰਹੇ ਹਨ ਜਾਂ ਬੰਦ ਕਰ ਰਹੇ ਹਨ। ਇਸ ਪਰਚੇ ਦੀ ਸੰਪਾਦਕੀ ਟੀਮ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ। ਇਸ ਅੰਕ ਦੇ ਚੌਦਾਂ ਲੇਖਾਂ ਵਿੱਚ ਇੱਕ ਕਿਤਾਬ ਬਾਰੇ ਵਿਚਾਰ-ਚਰਚਾ ਵੀ ਹੋਈ ਹੈ ਅਤੇ ਕਿਸੇ ਇੱਕ ਵਿਧਾ ਬਾਰੇ ਜਾਂ ਵਿਧਾ ਦੀ ਸਿਧਾਂਤਕ ਸਮਝ ਬਾਰੇ ਪੜਚੋਲਵੇਂ ਲੇਖ ਹਨ। ਪੜਚੋਲਕਾਂ ਵਿੱਚ ਜਾਣੇ-ਪਛਾਣੇ ਆਲੋਚਕਾਂ ਦੇ ਨਾਂਅ ਵੀ ਹਨ। ਕੁਝ ਨਵੇਂ ਚਿਹਰੇ ਖੋਜਾਰਥੀ ਜਾਂ ਕਾਲਜਾਂ ਦੇ ਸਹਾਇਕ ਪ੍ਰੋਫੈਸਰ ਵੀ ਹਨ, ਜਿਨ੍ਹਾਂ ਦੀਆਂ ਅਕਾਦਮਿਕ ਲੋੜਾਂ ਉਹਨਾਂ ਨੂੰ ਅਜਿਹੇ ਕਾਰਜ ਕਰਨ ਵੱਲ ਤੋਰਦੀਆਂ ਹਨ। ਡਾ. ਅਕਾਲ ਅੰਮ੍ਰਿਤ ਕੌਰ, ਡਾ. ਹਰਜਿੰਦਰ ਸਿੰਘ, ਡਾ. ਗੁਰਪ੍ਰੀਤ ਕੌਰ, ਡਾ. ਪਰਮਿੰਦਰ ਸਿੰਘ, ਡਾ. ਕਮਲਜੀਤ ਸਿੰਘ, ਡਾ. ਕੁਲਦੀਪ ਸਿੰਘ ਆਦਿ ਨਾਂਅ ਆਲੋਚਕਾਂ ਵਿੱਚ ਸ਼ਾਮਲ ਹਨ।



ਪੰਨੇ : 114, ਮੁੱਲ : 50 ਰੁਪਏ, ਸੰਪਾਦਕ : ਜਿੰਦਰ, ਸੰਪਰਕ : 984 ਰਾਜਪੂਤ ਨਗਰ, ਮਾਡਲ ਹਾਊਸ, ਜਲੰਧਰ-144003 (ਮੋ:) 98148-03254

## ਮਿੰਨੀ : ਜੁਲਾਈ-ਸਤੰਬਰ 2023

ਮਿੰਨੀ ਕਹਾਣੀਆਂ ਨੂੰ ਸਮਰਪਿਤ ਇਹ ਪਰਚਾ ਆਪਣੇ ਪੈਂਤੀਵੇਂ ਸਾਲ ਵਿੱਚ ਪ੍ਰਵੇਸ਼ ਕਰ ਗਿਆ ਹੈ। ਸੰਪਾਦਕੀ ਵਿੱਚ ਵਿਚਾਰਾਂ ਦੀ ਪਕਿਆਈ ਦੇ ਮਹੱਤਵ 'ਤੇ ਜ਼ੋਰ ਦਿੱਤਾ ਗਿਆ ਹੈ। ਵਿਚਾਰਾਂ ਦੀ ਪਕਿਆਈ ਉਪਰੰਤ ਕੀਤੀ ਰਚਨਾ ਹੀ ਲੰਮਾ ਸਮਾਂ ਟਿਕ ਸਕਦੀ ਹੈ। ਕਾਫਕਾ, ਨਜ਼ਬ ਮਹਿਫੂਜ਼, ਵਰਜਿਓ ਪਿਨੋਰਾ ਦੀਆਂ ਵਿਦੇਸ਼ੀ ਮਿੰਨੀ ਕਹਾਣੀਆਂ ਹਨ। ਰਮੇਸ਼ ਬੱਤਰਾ ਮਹਿਮਾਨ ਰਚਨਾਕਾਰ ਹੈ। ਮਹਿਮਾਨ ਮਿੰਨੀ ਕਹਾਣੀਆਂ, ਸਿਲਸਿਲਾ, ਪ੍ਰਯੋਗਵਾਦੀ ਮਿੰਨੀ ਕਹਾਣੀਆਂ, ਨਵੀਆਂ ਕਲਮਾਂ, ਮੇਰੀ ਰਚਨਾ ਪ੍ਰਕਿਰਿਆ, ਆਲੋਚਨਾ, ਪੁਸਤਕ ਜਾਣ-ਪਛਾਣ ਅਤੇ ਖਬਰ ਹੈ ਕਿ ਵੱਖ-ਵੱਖ ਕਾਲਮ ਪੇਸ਼ ਹਨ।




ਪੰਨੇ : 74, ਮੁੱਲ : 40 ਰੁਪਏ, ਸੰਪਾਦਕ : ਜਗਦੀਸ਼ ਰਾਏ ਕੁਲਰੀਆਂ-ਕੁਲਵਿੰਦਰ ਕੌਸ਼ਲ, ਸੰਪਰਕ : 4381-ਏ, ਰਣਜੀਤਪੁਰਾ, ਪੁਤਲੀ ਘਰ, ਅੰਮ੍ਰਿਤਸਰ-143002 (ਮੋ:) 95018-77033

## ਪਰਵਾਸ : ਜੁਲਾਈ ਸਤੰਬਰ 2023

'ਪਰਵਾਸ' ਅਜਿਹਾ ਪਰਚਾ ਹੈ, ਜਿਸ ਨੇ ਨਿੱਠ ਕੇ ਪਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ ਕੀਤਾ ਅਤੇ ਕਰਾਇਆ। ਡਾ. ਐੱਸ ਪੀ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਹੁਣ ਇਹ ਪਰਚਾ ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵੱਲੋਂ ਲਗਾਤਾਰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਹ ਅੰਕ ਕੈਨੇਡਾ-2 ਵਿੱਚ ਉੱਥੋਂ ਦੇ ਸੂਬੇ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਸਸਕੈਚਵੇਨ ਅਤੇ ਮੈਨੀਟੋਬਾ ਦੇ ਉਹ ਪੰਜਾਬੀ ਲੇਖਕ ਅਤੇ ਉਹਨਾਂ ਦਾ ਸੰਖੇਪ ਵੇਰਵਾ ਪੇਸ਼ ਹੈ, ਜੋ ਪੰਜਾਬੀ ਵਿੱਚ ਕੁਝ ਨਾ ਕੁਝ ਲਿਖਦੇ ਰਹਿੰਦੇ ਹਨ। ਡਾ. ਅਕਾਲ ਅੰਮ੍ਰਿਤ ਕੌਰ ਦਾ ਲੇਖ ਕੈਨੇਡੀਅਨ ਪੰਜਾਬੀ ਨਾਵਲ ਦਾ ਸੱਠ ਸਾਲਾਂ ਦਾ ਇਤਿਹਾਸ ਵੀ ਇਸ ਅੰਕ ਦਾ ਹਿੱਸਾ ਹੈ। ਹੋਰ ਜਾਣਕਾਰੀਆਂ ਦਿੰਦੀਆਂ ਖਬਰਾਂ ਵੀ ਹਨ।




ਪੰਨੇ : 170, ਸੰਪਾਦਕ : ਡਾ. ਤੇਜਿੰਦਰ ਕੌਰ-ਪ੍ਰੋ. ਸ਼ਰਨਜੀਤ ਕੌਰ, ਸੰਪਰਕ : ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ, ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ (ਮੋ:) 94656-42568

*- ਹਰਜਿੰਦਰ ਅਟਵਾਲ (ਡਾ.)*

# ਹਰਦੀਪ ਸਿੰਘ ਪਾਹੜਾ ਦੀ ਯਾਦ 'ਚ ਨਾਟਕ 'ਗਿੱਲੀ ਮਿੱਟੀ' ਦਾ ਮੰਚਨ ਤੇ ਕਵੀ ਦਰਬਾਰ ਕਰਵਾਇਆ

**ਗੁਰਦਾਸਪੁਰ**-ਸਾਹਿਤ ਸਭਾ ਗੁਰਦਾਸਪੁਰ (ਰਜਿ:) ਤੇ ਇਪਟਾ (ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ) ਗੁਰਦਾਸਪੁਰ ਵੱਲੋਂ ਭਾਸ਼ਾ ਵਿਭਾਗ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸਰਕਾਰੀ ਕਾਲਜ ਗੁਰਦਾਸਪੁਰ ਦੇ ਸਹਿਯੋਗ ਨਾਲ ਮਰਹੂਮ ਰੰਗਕਰਮੀ ਇੰਜੀਨੀਅਰ ਹਰਦੀਪ ਸਿੰਘ ਪਾਹੜਾ ਦੇ 39ਵੇਂ ਜਨਮ ਦਿਹਾੜੇ 'ਤੇ ਲੋਕ ਕਲਾ ਮੰਚ ਮਜੀਠਾ ਦੇ ਕਲਾਕਾਰਾਂ ਵੱਲੋਂ ਲੇਖਕ ਤੇ ਨਿਰਦੇਸ਼ਕ ਗੁਰਮੇਲ ਸ਼ਾਮ ਨਗਰ ਦੀ ਨਿਰਦੇਸ਼ਨਾ ਹੇਠ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੀਆਂ ਸਮੱਸਿਆਵਾਂ ਨੂੰ ਬਿਆਨ ਕਰਦਾ ਤੇ ਉਨ੍ਹਾਂ ਦਾ ਹੱਲ ਕੱਢਣ ਦਾ ਯਤਨ ਕਰਦਾ ਨਾਟਕ 'ਗਿੱਲੀ ਮਿੱਟੀ" ਦਾ ਸਫਲ ਮੰਚਨ ਕੀਤਾ ਗਿਆ।



ਪ੍ਰਿੰਸੀਪਲ ਪ੍ਰੀਤ ਦਵਿੰਦਰ ਕੌਰ ਨੇ ਕਿਹਾ ਕਿ ਨਾਟਕ ਵਿੱਚ ਸਾਰੇ ਪਾਤਰਾਂ ਨੇ ਆਪਣੇ-ਆਪਣੇ ਕਿਰਦਾਰ ਨੂੰ ਖੂਬ ਨਿਭਾਇਆ ਹੈ। ਇਹ ਨਾਟਕ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਦਿਖਾਉਣ ਦੀ ਸਖਤ ਲੋੜ ਹੈ। ਗੁਰਮੀਤ ਸਿੰਘ ਪਾਹੜਾ ਨੇ ਰੰਗਕਰਮੀ ਹਰਦੀਪ ਸਿੰਘ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਮਾਪਿਆਂ ਤੇ ਅਧਿਆਪਕਾਂ ਦੇ ਆਗਿਆਕਾਰ ਹੋ ਕੇ ਉਨ੍ਹਾਂ ਦੇ ਗਿਆਨ ਤੇ ਜ਼ਿੰਦਗੀ ਦੇ ਤਜਰਬਿਆਂ ਨੂੰ ਲਾਗੂ ਕਰਕੇ ਜ਼ਿੰਦਗੀ ਵਿਚ ਕਾਮਯਾਬ ਹੋਣ, ਸਿਲੇਬਸ ਤੋਂ ਬਾਹਰ ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ, ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ ਤੇ ਨਸ਼ਾ ਮੁਕਤ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ।

ਭਾਸ਼ਾ ਵਿਭਾਗ ਵੱਲੋਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਾਹਿਤ ਸਭਾ ਤੇ ਇਪਟਾ ਗੁਰਦਾਸਪੁਰ ਵੱਲੋਂ ਪ੍ਰਿੰਸੀਪਲ ਮੈਡਮ ਤੇ ਨਾਟਕ ਟੀਮ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਦੂਜੇ ਭਾਗ ਵਿਚ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਸ਼ਾਇਰਾਂ ਨੇ ਭਾਗ ਲਿਆ।

# 'ਚੁੱਪ ਦਾ ਮਰਮ ਪਛਾਣੀਏ' 'ਤੇ ਵਿਚਾਰ-ਚਰਚਾ

**ਅੰਮ੍ਰਿਤਸਰ**-ਪੰਜਾਬੀ ਲੇਖਕਾਂ ਦੀ ਜਥੇਬੰਦੀ ਰਾਬਤਾ ਮੁਕਾਲਮਾਂ ਕਾਵਿ ਮੰਚ ਵੱਲੋਂ ਅਰੰਭੀ "ਪੁਸਤਕ ਪਾਠਕਾਂ ਦੀ ਨਜ਼ਰ" ਵਿਸ਼ੇ ਤਹਿਤ ਨਾਮਵਰ ਪੰਜਾਬੀ ਸ਼ਾਇਰ ਮਲਵਿੰਦਰ ਦੀ ਪਲੇਠੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ "ਚੁੱਪ ਦਾ ਮਰਮ ਪਛਾਣੀਏ" ਉਪਰ ਭਰਵੀਂ ਵਿਚਾਰ ਚਰਚਾ ਕੀਤੀ ਗਈ। ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਸ਼ਾਇਰ ਦੇਵ ਦਰਦ ਨੂੰ ਯਾਦ ਕਰਕੇ ਕੀਤਾ ਗਿਆ। ਸਮਾਗਮ ਨੂੰ ਤਰਤੀਬ ਦੇਂਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਪੁਸਤਕ ਬਾਰੇ ਜਾਣ-ਪਛਾਣ ਕਰਵਾਈ। ਡਾ. ਮੋਹਨ ਬੇਗੋਵਾਲ ਨੇ ਚਰਚਾ ਅਰੰਭ ਕਰਦਿਆਂ ਕਿਹਾ ਕਿ ਚਰਚਾ ਅਧੀਨ ਪੁਸਤਕ ਗਲਪ ਅਤੇ ਵਾਰਤਕ ਦਾ ਸੁਮੇਲ ਹੈ, ਜਿਸ ਵਿੱਚੋਂ ਜ਼ਿੰਦਗੀ ਦੀ ਸੂਖ਼ਮਤਾ, ਸੰਵੇਦਨਾ ਅਤੇ ਭਾਵੁਕਤਾ ਮਹਿਸੂਸ ਹੁੰਦੀ ਹੈ। ਚਿੰਤਕ ਦਿਲਜੀਤ ਸਿੰਘ ਬੇਦੀ ਅਤੇ ਸਰਬਜੀਤ ਸਿੰਘ ਸੰਧੂ ਨੇ ਕਿਹਾ ਕਿ ਪੁਸਤਕ ਵਿਚਲੀਆਂ ਰਚਨਾਵਾਂ ਦੀਆਂ ਘਟਨਾਵਾਂ ਕਲਪਿਤ ਨਹੀਂ ਸਗੋਂ ਮਾਨਵੀ ਅਨੁਭਵ ਦੀ ਨਿਸ਼ਾਨਦੇਹੀ ਕਰਦੀਆਂ ਹਨ। ਡਾ. ਭੁਪਿੰਦਰ ਸਿੰਘ ਫੇਰੂਮਾਨ ਅਤੇ ਅਰਤਿੰਦਰ ਸੰਧੂ ਨੇ ਕਿਹਾ ਕਿ ਸਮੁੱਚੀ ਪੁਸਤਕ ਵਿੱਚੋਂ ਲੇਖਕ ਦਾ ਤਰਕਵਾਦੀ ਨਜ਼ਰੀਆ ਉਸ ਦੀ ਪ੍ਰਤੀਬੱਧਤਾ ਅਤੇ ਜ਼ਿੰਦਗੀ ਦਾ ਸੰਘਰਸ਼ ਵਿਖਾਈ ਦਿੰਦੇ ਹਨ। ਸੁਮੀਤ ਸਿੰਘ, ਮਨਮੋਹਨ ਬਾਸਰਕੇ ਅਤੇ ਜਸਬੀਰ ਝਬਾਲ ਨੇ ਵਧਾਈ ਦੇਂਦਿਆਂ ਕਿਹਾ ਕਿ ਮਲਵਿੰਦਰ ਕੋਲ ਸ਼ਬਦਾਵਲੀ ਬੜੀ ਸਰਲ, ਸਪੱਸ਼ਟ ਅਤੇ ਨਿਧੜਕ ਹੈ। ਵਨੀਤਾ ਭਾਰਦਵਾਜ, ਬਲਜਿੰਦਰ ਮਾਂਗਟ, ਜਗਤਾਰ ਗਿੱਲ, ਸਤਿੰਦਰ ਓਠੀ ਅਤੇ ਜਸਵੰਤ ਧਾਪ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਮੁੱਲਵਾਨ ਟਿੱਪਣੀਆਂ ਕੀਤੀਆਂ। ਸ਼ਾਇਰ ਮਲਵਿੰਦਰ ਨੇ ਆਏ ਅਦੀਬਾਂ ਦਾ ਧੰਨਵਾਦ ਕੀਤਾ।



ਇਸ ਮੌਕੇ ਮੋਹਿਤ ਸਹਿਦੇਵ, ਅੰਕਿਤਾ ਸਹਿਦੇਵ, ਲਾਲ ਬਾਵਾ, ਡਾ. ਭਾਰਦਵਾਜ, ਪਰਮਜੀਤ ਕੌਰ, ਤ੍ਰਿਪਤਾ, ਸ਼ਮੀ ਮਹਾਜਨ, ਮੀਨਾਕਸ਼ੀ ਮਿਸ਼ਰਾ, ਕੋਮਲ ਸਹਿਦੇਵ ਅਤੇ ਗੀਤਾ ਭਗਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਹਿਤਕਾਰ ਅਤੇ ਅਧਿਆਪਕ ਹਾਜ਼ਰ ਸਨ।

# '22ਵੀਂ ਸਦੀ' ਬ੍ਰਿਸਬੇਨ 'ਚ ਲੋਕ ਅਰਪਣ



**ਬ੍ਰਿਸਬੇਨ**-ਪੰਜਾਬੀ ਸਾਹਿਤਕ ਖੇਤਰ ਵਿੱਚ ਉੱਦਮਸ਼ੀਲਤਾ ਦੀ ਪ੍ਰਤੀਕ ਤੇ ਨਿਰੋਲ ਸ਼ਰਤਾਂ ਤਹਿਤ ਲੋਕਤੰਤਰ ਢੰਗ ਨਾਲ ਚੱਲਣ ਵਾਲੀ ਸੰਸਥਾ "ਆਸਟ੍ਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ" ਵੱਲੋਂ ਡਾ. ਸੁਮੀਤ ਸ਼ੰਮੀ ਦੁਆਰਾ ਅਨੁਵਾਦ ਕੀਤੀ ਰਾਹੁਲ ਸੰਕਰਾਤਿਆਇਨ ਦੀ ਪੁਸਤਕ "22ਵੀਂ ਸਦੀ" ਲੋਕ ਅਰਪਣ ਕੀਤੀ ਗਈ। ਇਹ ਸਮਾਗਮ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ 'ਗਲੋਬਲ ਇੰਸਟੀਚਿਊਟ ਆਫ ਇਜੂਕੇਸ਼ਨ' ਵਿੱਚ ਕੀਤਾ ਗਿਆ ਸੀ। ਸਮਾਗਮ ਦੀ ਸ਼ੁਰੂਆਤ ਰਿਤੂ ਅਹੀਰ ਹੁਰਾਂ ਕੀਤਾ। ਉਹਨਾਂ ਅੰਮ੍ਰਿਤਾ ਪ੍ਰੀਤਮ ਦੀ ਮਸ਼ਹੂਰ ਕਵਿਤਾ "ਅੱਜ ਆਖਾਂ ਵਾਰਿਸ ਸ਼ਾਹ ਨੂੰ" ਪੇਸ਼ ਕੀਤੀ ਗਈ। ਵਰਿੰਦਰ ਅਲੀਸ਼ੇਰ ਨੇ ਭਾਰਤੀ ਖਿਡਾਰੀਆਂ ਬਾਰੇ ਭਾਵੁਕ ਕਰ ਦੇਣ ਵਾਲੀ ਵਾਰਤਾਲਾਪ ਸੁਣਾਈ, ਜਿਸ ਦੌਰਾਨ ਉਹਨਾਂ ਪੰਜਾਬੀ ਭਾਈਚਾਰੇ ਵੱਲੋਂ ਕੀਤੀ ਪਹਿਲ-ਕਦਮੀ ਦੀ ਸ਼ਲਾਘਾ ਕੀਤੀ। ਉਹਨਾਂ ਵੱਲੋਂ ਕਵਿਤਾ ਵੀ ਪੇਸ਼ ਕੀਤੀ ਗਈ। ਮਸ਼ਹੂਰ ਗਜ਼ਲਗੋ ਜਸਵੰਤ ਵਾਲਗਾ ਵੱਲੋਂ ਗਜ਼ਲਾਂ ਦਾ ਆਗਾਜ਼ ਕੀਤਾ ਗਿਆ। ਪਰਮਿੰਦਰ ਸਿੰਘ ਵੱਲੋਂ ਆਪਣੀ ਮਧੁਰ ਵਿੱਚ ਆਵਾਜ਼ ਵਿੱਚ ਦੋ ਗੀਤ ਗਾਏ ਗਏ ਤੇ ਇਸੇ ਦੌਰਾਨ ਉਹਨਾਂ ਵੱਲੋਂ ਇਸ ਵਰ੍ਹੇ ਦੀ ਕਾਰਜਕਾਰਨੀ ਟੀਮ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ ਗਿਆ। ਗੁਰਜਿੰਦਰ ਸੰਧੂ ਵੱਲੋਂ ਗਜ਼ਲ ਕਹੀ ਗਈ। ਉਹਨਾ ਬਹੁਤ ਹੀ ਅਰਥ ਭਰਪੂਰ ਕਵਿਤਾ ਮਨੀਪੁਰ ਹਾਦਸੇ ਬਾਰੇ ਪੇਸ਼ ਕੀਤੀ। ਇਕਬਾਲ ਧਾਮੀ ਜੀ ਵੱਲੋਂ 'ਮੇਰੀ ਮੌਤ 'ਤੇ ਨਾ ਰੋਇਓ" ਨਜ਼ਮ ਨੂੰ ਗਾ ਕੇ ਆਪਣੇ ਸੋਹਣੇ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਹਰਮਨਦੀਪ ਗਿੱਲ ਵੱਲੋਂ ਦੇਸ ਰਾਜ ਕਾਲੀ ਦੇ ਅਚਾਨਕ ਤੁਰ ਜਾਣ ਉਤੇ ਦੁੱਖ ਪ੍ਰਗਟ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਬਲਵਿੰਦਰ ਮੋਰੋਂ ਨੇ ਅਜਿਹੀਆਂ ਸਾਹਿਤਕ ਗਤੀਵਿਧੀਆਂ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਅਜਿਹੀਆਂ ਸਰਗਰਮੀਆਂ ਨਿਰਾਸ਼ ਹੋਏ ਲੋਕਾਂ ਲਈ ਵਰਦਾਨ ਬਣਦੀਆਂ ਹਨ।

# ਬਾਵਾ ਬਲਵੰਤ ਦੀ ਯਾਦ 'ਚ ਸਾਹਿਤਕ ਸਮਾਗਮ



**ਚੋਗਾਵਾਂ**-ਅਟਾਰੀ ਨੇੜੇ ਸਰਹੱਦੀ ਪਿੰਡ ਨੇਸ਼ਟਾ ਦੇ ਜੰਮਪਲ ਨਾਮਵਰ ਪੰਜਾਬੀ ਸ਼ਾਇਰ ਬਾਵਾ ਬਲਵੰਤ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਪੰਜਾਬੀ ਸਾਹਿਤ ਸਭਾ ਚੋਗਾਵਾਂ (ਰਜਿ.) ਵੱਲੋਂ ਫਤਹਿ ਸਿੰਘ ਔਲਖ ਲਾਇਬਰੇਰੀ ਚੋਗਾਵਾਂ ਵਿਖੇ ਸਾਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਮੁੱਖ ਪੰਜਾਬੀ ਸ਼ਾਇਰ ਨਿਰਮਲ ਅਰਪਣ, ਡਾ. ਹੀਰਾ ਸਿੰਘ, ਪ੍ਰਿੰ. ਬਲਵਿੰਦਰ ਸਿੰਘ ਫਤਹਿਪੁਰੀ, ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਢਾਡੀ ਗੁਲਜ਼ਾਰ ਸਿੰਘ ਖੇੜਾ, ਸੀਨੀਅਰ ਪੱਤਰਕਾਰ ਐੱਸ. ਪ੍ਰਸ਼ੋਤਮ ਤੇ ਇਕਵਾਕ ਸਿੰਘ ਪੱਟੀ ਨੇ ਸਾਂਝੇ ਰੂਪ ਵਿੱਚ ਕੀਤੀ। ਸਭਾ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਨੇ ਮੰਚ ਸੰਚਾਲਨ ਕਰਦਿਆਂ ਆਏ ਹੋਏ ਲੇਖਕਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਸੰਖੇਪ ਰੂਪ ਵਿੱਚ ਸਭਾ ਦੀਆਂ ਸਰਗਰਮੀਆਂ ਸੰਬੰਧੀ ਜਾਣਕਾਰੀ ਦਿੱਤੀ। ਇਸ ਵਾਰ ਦਾ 'ਬਾਵਾ ਬਲਵੰਤ ਯਾਦਗਾਰੀ ਪੁਰਸਕਾਰ' ਗਜ਼ਲਗੋ ਕਲਿਆਣ ਅੰਮ੍ਰਿਤਸਰੀ ਨੂੰ ਪ੍ਰਦਾਨ ਕੀਤਾ ਗਿਆ। ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਤਨਾਮ ਔਲਖ, ਡਾ. ਹੀਰਾ ਸਿੰਘ ਤੇ ਐੱਸ. ਪ੍ਰਸ਼ੋਤਮ ਨੇ ਬਾਵਾ ਬਲਵੰਤ ਦੀ ਜ਼ਿੰਦਗੀ ਅਤੇ ਸਾਹਿਤਕ ਸਫਰ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਉੱਚ ਪਾਏ ਦਾ ਸਾਹਿਤ ਰਚਿਆ ਹੈ, ਪਰ ਇਸ ਦੇ ਬਾਵਜੂਦ ਉਹ ਸਦਾ ਅਣਗੌਲੇ ਰਹੇ ਤੇ ਉਹ ਗੁਰਬਤ ਭਰੀ ਜ਼ਿੰਦਗੀ ਬਤੀਤ ਕਰਦੇ ਹੋਏ ਦਿੱਲੀ ਦੀ ਇੱਕ ਸੜਕ 'ਤੇ ਪੈਦਲ ਚੱਲਦੇ ਹੋਏ ਡਿੱਗ ਪਏ ਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਮੌਕੇ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਜਨਰਲ ਸਕੱਤਰ ਅਵਤਾਰ ਸਿੰਘ ਗੋਇੰਦਵਾਲੀਆ, ਲਖਵਿੰਦਰ ਸਿੰਘ ਚੰਦਨ, ਗੁਰਮੀਤ ਸਿੰਘ ਜੰਡਿਆਲਾ, ਲਾਡੀ ਹੁੰਦਲ, ਰਾਜ ਚੋਗਾਵਾਂ, ਭਗਤ ਨਰਾਇਣ, ਕੁਲਵਿੰਦਰ ਸਿੰਘ ਆਨੰਦ, ਕੁਲਵੰਤ ਸਿੰਘ ਕੰਤ, ਅਰਜਨ ਗੁਪਤਾ ਆਰਜੂ, ਸਤਨਾਮ ਸਿੰਘ ਜੱਸੜ ਆਦਿ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸਭਾ ਦੇ ਮੀਤ ਪ੍ਰਧਾਨ ਯੁਧਬੀਰ ਸਿੰਘ ਔਲਖ ਨੇ ਆਈਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

**—ਧਰਵਿੰਦਰ ਸਿੰਘ ਔਲਖ**

# ਜਗਤਾਰ ਦੀਆਂ ਸੰਪਾਦਤ ਰਚਨਾਵਾਂ ਰਿਲੀਜ਼

ਬਰਨਾਲਾ-ਡਾ. ਬਲਦੇਵ ਸਿੰਘ ਬੱਦਨ ਅਤੇ ਡਾ. ਰੀਨਾ ਕੁਮਾਰੀ ਦੁਆਰਾ ਸੰਪਾਦਿਤ ਕੀਤੀ ਪੁਸਤਕ 'ਜਗੀਰ ਸਿੰਘ ਜਗਤਾਰ ਦੀਆਂ ਸੰਪਾਦਕੀ ਰਚਨਾਵਾਂ' ਜਗੀਰ ਸਿੰਘ ਜਗਤਾਰ ਦੇ ਗ੍ਰਹਿ ਵਿਖੇ ਪੁਸਤਕ ਦੇ ਸੰਪਾਦਕ ਡਾ. ਬਲਦੇਵ ਸਿੰਘ ਬੱਦਨ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ, ਸਕੱਤਰ ਜਗਦੀਸ਼ ਰਾਣਾ ਤੇ ਸਹਾਇਕ ਸਕੱਤਰ ਨੱਕਾਸ ਚਿੱਤੇਵਾਣੀ ਅਤੇ ਜਗੀਰ ਸਿੰਘ ਜਗਤਾਰ ਦੁਆਰਾ ਲੋਕ ਅਰਪਣ ਕੀਤੀ ਗਈ। ਪੁਸਤਕ ਦੇ ਸੰਪਾਦਕ ਡਾ. ਬਲਦੇਵ ਸਿੰਘ ਬੱਦਨ ਨੇ ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜਗੀਰ ਸਿੰਘ ਜਗਤਾਰ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦਾ ਵੱਡਾ ਨਾਂਅ ਹੋਣ ਦੇ ਨਾਲ-ਨਾਲ ਬਰਨਾਲਾ ਦੀ ਪੰਜਾਬੀ ਸਾਹਿਤ ਸਭਾ ਦਾ ਥੰਮ੍ਹ ਰਹੇ ਹਨ ਅਤੇ ਅੱਜ 91 ਸਾਲ ਦੀ ਉਮਰ ਹੋਣ ਦੇ ਬਾਵਜੂਦ ਸਾਹਿਤਕ ਖੇਤਰ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ। ਉਨ੍ਹਾਂ ਪੁਸਤਕ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਪੁਸਤਕ ਵਿਚ 37 ਆਰਟੀਕਲ ਸ਼ਾਮਲ ਹਨ, ਜਿਹੜੇ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਹੋਰ ਸਮਕਾਲੀ ਸਮੱਸਿਆਵਾਂ ਨਾਲ ਸੰਬੰਧਤ ਹਨ। ਪ੍ਰੋ. ਸੰਧੂ ਵਰਿਆਣਵੀ ਤੇ ਜਗਦੀਸ਼ ਰਾਣਾ ਨੇ ਕਿਹਾ ਕਿ ਜੀਵਨ ਦੇ ਨੌਂ ਦਹਾਕੇ ਪਾਰ ਕਰਕੇ ਵੀ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਆਪਣਾ ਬਣਦਾ ਯੋਗਦਾਨ ਪਾਈ ਜਾਣਾ ਵੱਡੀ ਗੱਲ ਹੈ ਤੇ ਆਪਣੇ ਆਪ 'ਚ ਇਕ ਮਿਸਾਲ ਹੈ ਤੇ ਇਹ ਪੁਸਤਕ ਹਰ ਕਿਸੇ ਨੂੰ ਪੜ੍ਹਨੀ ਚਾਹੀਦੀ ਹੈ।

# '1947' 'ਤੇ ਵਿਚਾਰ-ਚਰਚਾ

**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪਰਗਟ ਸਿੰਘ ਸਤੌਜ ਦੇ ਨਾਵਲ '1947' ਉੱਪਰ ਗੋਸ਼ਟੀ ਕਰਵਾਈ ਗਈ। ਪਰਚਾ ਪੜ੍ਹਦਿਆਂ ਡਾ. ਰਾਮਪਾਲ ਸਿੰਘ ਨੇ ਕਿਹਾ ਕਿ ਇਹ ਨਾਵਲ ਧਰਮਾਂ, ਜਾਤਾਂ ਤੋਂ ਉੱਪਰ ਉੱਠ ਕੇ ਮਨੁੱਖ ਨੂੰ ਮਨੁੱਖ ਨਾਲ ਮੋਹ ਕਰਨਾ ਸਿਖਾਉਂਦਾ ਹੈ ਤੇ ਦੱਸਦਾ ਹੈ ਕਿ ਗੁੰਡਾਗਰਦੀ ਦਾ ਕੋਈ ਧਰਮ ਨਹੀਂ ਹੁੰਦਾ। ਜਦ ਕਦੇ ਵੀ ਭਵਿੱਖ ਵਿੱਚ ਫਿਰਕਾਪ੍ਰਸਤੀ ਦਾ ਦੈਂਤ ਜਾਗੇਗਾ, ਅਜਿਹੀਆਂ ਕਿਰਤਾਂ ਦੀ ਲੋੜ ਪੈਂਦੀ ਰਹੇਗੀ। ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਨਾਵਲ ਉਨ੍ਹਾਂ ਲੋਕਾਂ ਦੀ ਕਹਾਣੀ ਹੈ, ਜਿਨ੍ਹਾਂ ਦੇ ਜਿਸਮਾਂ ਉੱਪਰ ਵੰਡ ਦੇ ਇਤਿਹਾਸ ਨੂੰ ਤਲਵਾਰਾਂ ਅਤੇ ਬਲਾਤਕਾਰਾਂ ਨਾਲ ਲਿਖਿਆ ਗਿਆ ਸੀ। ਇਸ ਮੌਕੇ ਕੌਰ ਬਿੰਦ ਦੀ ਬੋਲੀਆਂ ਦੀ ਪੁਸਤਕ 'ਬੋਲੀ ਮੈਂ ਪਾਵਾਂ' ਦਾ ਲੋਕ ਅਰਪਣ ਵੀ ਕੀਤਾ ਗਿਆ, ਜਿਸ ਬਾਰੇ ਬੋਲਦਿਆਂ ਜੁਗਰਾਜ ਧੌਲਾ ਨੇ ਕਿਹਾ ਕਿ ਕੌਰ ਬਿੰਦ ਨੇ ਇਸ ਪੁਸਤਕ ਵਿੱਚ ਬੋਲੀਆਂ ਅਤੇ ਟੱਪਿਆਂ ਨੂੰ ਸ਼ਾਮਲ ਕੀਤਾ ਹੈ। ਇਹਨਾਂ ਬੋਲੀਆਂ ਅਤੇ ਟੱਪਿਆਂ ਦਾ ਮੁਹਾਵਰਾ ਤੇ ਮੁਹਾਂਦਰਾ ਲੋਕ ਗੀਤਾਂ ਨਾਲ ਮੇਲ ਖਾਂਦਾ ਹੈ। ਇਹਨਾਂ ਬੋਲੀਆਂ ਵਿੱਚ ਵਿਅੰਗ ਵੀ ਹੈ ਤੇ ਰਸ ਵੀ ਹੈ। ਇਹਨਾਂ ਤੋਂ ਇਲਾਵਾ ਕਹਾਣੀਕਾਰ ਪਰਮਜੀਤ ਮਾਨ, ਤੇਜਾ ਸਿੰਘ ਤਿਲਕ, ਡਾ. ਭੁਪਿੰਦਰ ਸਿੰਘ ਬੇਦੀ, ਦਰਸ਼ਨ ਸਿੰਘ ਗੁਰੂ, ਮਨਜੀਤ ਸਿੰਘ ਸਾਗਰ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਪ੍ਰੇਮਜੀਤ ਸਿੰਘ ਧਨੌਲਾ, ਸਰੂਪ ਚੰਦ ਹਰੀਗੜ੍ਹ, ਸਾਗਰ ਸਿੰਘ ਸਾਗਰ, ਜਗਤਾਰ ਬੈਂਸ, ਡਾ. ਸੁਰਿੰਦਰ ਭੱਠਲ, ਗੁਰਜੰਟ ਸਿੰਘ ਸੋਹਲ, ਰਘਬੀਰ ਸਿੰਘ ਗਿੱਲ ਕੱਟੂ, ਡਾ. ਉਜਾਗਰ ਸਿੰਘ ਮਾਨ, ਰਜਨੀਸ਼ ਕੌਰ ਬਬਲੀ, ਡਾ. ਹਰਪ੍ਰੀਤ ਕੌਰ ਰੂਬੀ, ਜਸਪ੍ਰੀਤ ਕੌਰ ਬੱਬੂ, ਅੰਜਨਾ ਮੈਨਨ, ਗੁਰਤੇਜ ਸਿੰਘ, ਮੱਖਣ ਪਾਲ ਸਿੰਘ ਲਹਿਰੀ, ਬਿੰਦਰ ਸਿੰਘ ਖੁੱਡੀ ਕਲਾਂ, ਪ੍ਰਗਟ ਸਿੰਘ ਕਾਲੇਕੇ, ਹਾਕਮ ਸਿੰਘ ਰੂੜੇਕੇ, ਰੂਪ ਸਿੰਘ ਧੌਲਾ ਅਤੇ ਰਜਿੰਦਰ ਸ਼ੌਂਕੀ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਵੱਲੋਂ ਨਾਵਲਕਾਰ ਪਰਗਟ ਸਿੰਘ ਸਤੌਜ ਦਾ ਸਨਮਾਨ ਵੀ ਕੀਤਾ ਗਿਆ। ਸਭਾ ਵੱਲੋਂ ਜਿੱਥੇ ਵਿੱਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਦਿੱਤੀ ਗਈ, ਉਥੇ ਮਨੀਪੁਰ ਵਿੱਚ ਵਾਪਰੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਹੋਰ ਸਾਹਿਤਕਾਰਾਂ ਤੋਂ ਇਲਾਵਾ ਕੈਪਟਨ ਦਰਬਾਰਾ ਸਿੰਘ ਪੱਖੋਕੇ, ਗੁਰਦੀਪ ਸਿੰਘ ਮੰਡਾਹਰ ਗੋਸਲ ਪ੍ਰਕਾਸ਼ਨ, ਨਾਟਕਕਾਰ ਸੁਰਜੀਤ ਸਿੰਘ ਸੰਧੂ, ਅਸ਼ੋਕ ਭਾਰਤੀ ਪੱਤਰਕਾਰ ਰੋਜ਼ਾਨਾ ਅਜੀਤ, ਹਰਪਾਲ ਸਿੰਘ ਮਹਿਤਾ, ਅੰਮ੍ਰਿਤਪਾਲ ਕੌਰ ਸਤੌਜ, ਬੀਰਪਾਲ ਕੌਰ ਹੰਡਿਆਇਆ, ਗੁਰਸੇਵਕ ਗੁਰੀ, ਜੋਗਾ, ਸੰਦੀਪ ਸਿੰਘ ਧੌਲਾ, ਚਰਨ ਸਿੰਘ ਭੋਲਾ ਜਾਗਲ ਅਤੇ ਜੁਗਰਾਜ ਚੰਦ ਰਾਏਸਰ ਹਾਜ਼ਰ ਸਨ।

# ਜੰਮੂ-ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੀ ਬੈਠਕ

**ਸ੍ਰੀਨਗਰ**: ਸਭਾ ਦੀ ਮਾਸਕ ਇਕੱਤਰਤਾ ਸਭਾ ਦੇ ਸੀਨੀਅਰ ਮੈਂਬਰ ਸ. ਮੰਗਤ ਸਿੰਘ ਜੁਗਨੂੰ ਦੇ ਗ੍ਰਹਿ ਛਾਨਪੁਰਾ ਵਿਖੇ ਅਯੋਜਿਤ ਕੀਤੀ ਗਈ। ਇਸ ਬੈਠਕ ਵਿਚ ਹੇਠ ਦਿੱਤੇ ਲੇਖਕਾਂ ਨੇ ਹਿੱਸਾ ਲਿਆ। ਅਜੀਤ ਸਿੰਘ ਮਸਤਾਨਾ ਜੀ ਰਤਨ ਸਿੰਘ ਕੰਵਲ ਚਰਨਜੀਤ ਸਿੰਘ ਚੰਨੀ, ਹਰਭਜਨ ਸਿੰਘ ਉਪਾਸਕ, ਮੰਗਤ ਸਿੰਘ ਜੁਗਨੂੰ, ਇਛਪਾਲ ਸਿੰਘ, ਕੇਵਲਪਾਲ ਸਿੰਘ, ਪਰਮਜੀਤ ਸਿੰਘ ਪ੍ਰੇਮੀ, ਕਿਰਨਪਾਲ ਕੌਰ ਅਤੇ ਆਰ.ਐੱਸ. ਰਾਜਨ। ਇਸ ਬੈਠਕ ਵਿਚ ਤਿੰਨ ਕਹਾਣੀਆਂ ਤੇ ਕਵਿਤਾਵਾਂ, ਗਜ਼ਲਾਂ ਤੇ ਗੀਤ ਪੜ੍ਹੇ ਗਏ। ਅੰਤ ਵਿਚ ਸਭਾ ਦੇ ਪ੍ਰਧਾਨ ਅਜੀਤ ਸਿੰਘ ਮਸਤਾਨਾ ਨੇ ਪਰਵਾਰ ਦਾ ਧੰਨਵਾਦ ਵੀ ਕੀਤਾ ਅਤੇ ਰਚਨਾਵਾਂ 'ਤੇ ਚਰਚਾ ਵੀ ਕੀਤੀ।

**—ਆਰ.ਐੱਸ. ਰਾਜਨ**

# ਪਾਠਕਾਂ ਦੇ ਝਰੋਖੇ 'ਚੋਂ

## ਪਰਖ ਪੜਚੋਲ

27 ਅਗਸਤ ਦੇ ਐਤਵਾਰਤਾ ਵਿਚ ਪ੍ਰਸਿੱਧ ਪੰਜਾਬੀ ਚਿੰਤਕ ਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੇ ਅਮਰੀਕੀ ਪੰਜਾਬੀ ਕਹਾਣੀ ਕਿਤਾਬ 'ਨਿਗਰ ਖੰਭਾਂ ਦੀ ਉਡਾਣ' ਦੀ ਪਰਖ-ਪੜਚੋਲ ਬਹੁਤ ਭਾਵਪੂਰਤ ਸ਼ਬਦਾਂ ਵਿਚ ਕੀਤੀ ਹੈ। ਵਿਦਵਾਨ ਲੇਖਕ ਨੇ ਕਿਤਾਬ ਦੀਆਂ ਸਾਰੀਆਂ ਕਹਾਣੀਆ ਦਾ ਵਿਸਥਾਰ ਦੇ ਕੇ ਕਹਾਣੀਆਂ ਦੀ ਪਰਖ ਕੀਤੀ ਹੈ। ਮਨੁੱਖ ਕਿਸੇ ਵੀ ਦੇਸ਼ ਵਿਚ ਹੋਵੇ, ਉਸ ਦਾ ਜ਼ਿੰਦਗੀ ਦਾ ਵਿਹਾਰ ਉਸ ਮੁਲਕ ਦੇ ਸੱਭਿਆਚਾਰ ਤੇ ਰਹੁ-ਰੀਤਾਂ ਅਨੁਸਾਰ ਹੁੰਦਾ ਹੈ। ਮੁਢਲੇ ਸਮੇਂ ਵਿਚ ਮਨੁੱਖ ਦੀਆਂ ਆਦਤਾਂ ਵਿਚ ਖੂਨੀ ਸੁਭਾਅ, ਔਰਤ-ਮਰਦ ਰਿਸ਼ਤੇ, ਸ਼ਿਕਾਰ ਕਰਨ ਦੀ ਪ੍ਰਵਿਰਤੀ ਤੇ ਹੋਰ ਕਈ ਗੱਲਾਂ ਸਾਂਝੀਆਂ ਸਨ। ਦੂਸਰਾ ਮਨੁੱਖ ਪਰਵਾਸ ਵੀ ਆਰੰਭ ਤੋਂ ਕਰਦਾ ਆ ਰਿਹਾ ਹੈ। ਕਿਤਾਬ ਦੇ ਕਹਾਣੀਕਾਰਾਂ ਨੇ ਪੰਜਾਬ ਤੋਂ ਪਰਵਾਸ ਕਰ ਗਏ ਪੰਜਾਬੀਆਂ ਦਾ ਸਲੀਕਾ ਤੇ ਵਰਤ-ਵਿਹਾਰ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਕਹਾਣੀਆਂ ਦੀ ਇਹ ਕਿਤਾਬ ਪੰਜਾਬੀ ਕਹਾਣੀ ਦਾ ਦਾਇਰਾ ਹੋਰ ਵੀ ਵਸੀਹ ਕਰਦੀ ਹੈ।

ਇਸ ਪੰਨੇ 'ਤੇ ਕਿਤਾਬਾਂ ਬਾਰੇ ਡਾਕਟਰ ਅਟਵਾਲ ਨੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਖਾਸ ਕਰਕੇ ਅਜਮੇਰ ਸਿੱਧੂ ਦਾ ਕਹਾਣੀ ਜਗਤ ਤੇ ਮਹਿੰਦਰ ਸਾਥੀ ਦੀ ਕਾਵਿ ਸੰਵੇਦਨਾ। ਜਤਿੰਦਰ ਪਨੂੰ ਨੇ ਪੰਜਾਬ ਸਰਕਾਰ ਤੇ ਪੰਜਾਬ ਦੇ ਰਾਜਪਾਲ ਵਿਚਕਾਰ ਚੱਲ ਰਹੇ ਤਕਰਾਰ ਦਾ ਜ਼ਿਕਰ ਕੀਤਾ ਹੈ। 'ਲੋਕਾਂ ਦੀ ਗੱਲ' ਕਾਲਮ ਵਿਚ ਅਟਵਾਲ ਨੇ ਆਜ਼ਾਦੀ ਦੇ ਸੰਤਾਪ ਦੀ ਦਾਸਤਾਨ ਲੋਕਾਂ ਦੇ ਉਜਾੜੇ ਨਾਲ ਜੋੜ ਕੇ ਇਸ ਪ੍ਰਸੰਗ ਨੂੰ ਹੋਰ ਅੱਗੇ ਤੋਰਿਆ ਹੈ। ਇਹ ਸੰਤਾਪ ਸਦੀਆਂ ਦਾ ਹੈ, ਪੰਜਾਬ ਇਸ ਨੂੰ ਕਦੇ ਵੀ ਨਹੀਂ ਭੁਲਾ ਸਕਦਾ, ਨਾ ਹੀ '84 ਵਾਲਾ ਸੰਤਾਪ ਪੰਜਾਬੀ ਕਦੇ ਭੁੱਲ ਸਕਦੇ ਹਨ। ਡਾ. ਦੀਪਤੀ ਨੇ ਬੱਚਿਆਂ ਦੀ ਪਰਵਰਿਸ਼ ਵਿਚ ਆਜ਼ਾਦੀ ਦੀ ਗੱਲ ਕੀਤੀ ਹੈ। ਅਸਲ ਵਿਚ ਬੱਚੇ ਦਾ ਭਵਿੱਖ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਬੱਚਿਆਂ ਦੀ ਸਿਖਿਆ ਦਾ ਮਾਧਿਅਮ, ਸਿੱਖਿਆ ਅਦਾਰੇ ਦਾ ਰਿਕਾਰਡ, ਅਧਿਆਪਕਾਂ ਦਾ ਯੋਗਦਾਨ, ਮਾਪਿਆਂ ਦਾ ਰੋਲ, ਬੱਚਿਆਂ ਦੀ ਇਕ-ਇਕ ਆਦਤ 'ਤੇ ਨਜ਼ਰ, ਬੱਚਿਆਂ ਦਾ ਦਾਇਰਾ ਤੇ ਸਭ ਤੋਂ ਵੱਧ ਬੱਚਿਆਂ ਦੀ ਨਿੱਜੀ ਜ਼ਿੰਮੇਵਾਰੀ, ਬੱਚੇ ਦੀ ਸਮਝ ਦਾ ਪੱਧਰ, ਪਰ ਹੁਣ ਇਹ ਸਭ ਕੁਝ ਕਿਸੇ ਅਰਥ ਨਹੀਂ ਰਿਹਾ, ਕਿਉਂਕਿ ਵੇਖਿਆ ਗਿਆ ਹੈ ਕਿ ਵੱਡੀ ਯੋਗਤਾ ਪ੍ਰਾਪਤ ਬੱਚੇ ਵੀ ਨਿੱਜੀ ਯਤਨਾਂ ਨਾਲ ਭਾਵੇਂ ਰੋਟੀ ਕਮਾਉਣ ਜੋਗੇ ਹੋ ਜਾਣ, ਪਰ ਸਰਕਾਰਾਂ ਨੇ ਨੌਕਰੀ ਟੈਸਟਾਂ ਵਾਲਾ ਜਾਲ ਇਸ ਕਦਰ ਪਾਇਆ ਹੈ ਕਿ ਵੱਡੇ -ਵੱਡੇ ਵੀ ਚਿਤ ਹੋ ਰਹੇ ਹਨ। ਲੱਖਾਂ ਵਿਚ ਬੱਚੇ ਪੜ੍ਹ-ਲਿਖੇ ਬੇਰੁਜ਼ਗਾਰ ਫਿਰ ਰਹੇ ਹਨ। ਸੜਕਾਂ 'ਤੇ ਡਾਂਗਾਂ ਖਾ ਰਹੇ ਹਨ। ਕੀ ਕਸੂਰ ਹੈ ਮਾਪਿਆਂ ਦਾ ਤੇ ਬੱਚਿਆਂ ਦਾ। ਕੀ ਇਹੀ ਕਸੂਰ ਹੈ ਕਿ ਉਹ ਪੰਜਾਬ ਵਿਚ ਰਹਿਣ ਲਈ ਮਜਬੂਰ ਹਨ। ਪੰਜਾਬ ਦੇ ਨਿੱਜੀ ਅਦਾਰੇ ਸ਼ੋਸ਼ਣ ਕਰ ਰਹੇ ਹਨ। ਬਹੁਤ ਘੱਟ ਤਨਖਾਹਾਂ ਦੇ ਰਹੇ ਹਨ। ਕੀ ਇਹ ਸਭ ਕੁਝ ਬਾਰੇ ਪੰਜਾਬ ਸਰਕਾਰ ਜਾਣਦੀ ਨਹੀਂ? ਕੀ ਨਿੱਜੀ ਅਦਾਰਿਆਂ ਦੇ ਕਾਮਿਆਂ ਦੀ ਉਜਰਤ ਸਰਕਾਰ ਵੱਲੋਂ ਨਿਸਚਿਤ ਨਹੀਂ ਕੀਤੀ ਜਾ ਸਕਦੀ? ਜੇਕਰ ਸਰਕਾਰੀ ਨੌਕਰੀਆਂ ਸਾਰਿਆਂ ਲਈ ਨਹੀਂ ਹਨ ਤਾਂ ਨਿੱਜੀ ਅਦਾਰਿਆਂ ਦਾ ਉਜਰਤ ਪੱਧਰ ਸੁਧਾਰ ਕੇ ਸਰਕਾਰੀ ਨੌਕਰੀਆਂ ਦੀ ਖਿੱਚ ਘੱਟ ਨਹੀਂ ਕੀਤੀ ਜਾ ਸਕਦੀ। ਆਖਰ ਪੰਜਾਬ ਵਿਚ ਰਹਿ ਕੇ ਰੋਟੀ ਤਾਂ ਹਰੇਕ ਨੇ ਖਾਣੀ ਹੀ ਹੈ। ਮੁਫਤ ਕਲਚਰ ਬੰਦ ਕਰਕੇ ਬੇਰੁਜ਼ਗਾਰੀ ਭੱਤਾ ਦਿੱਤਾ ਜਾ ਸਕਦਾ ਹੈ, ਪਰ ਕੌਣ ਦੇਵੇਗਾ? ਇਹੋ ਜਿਹਾ ਰੰਗਲਾ ਪੰਜਾਬ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਬੇਰੁਜ਼ਗਾਰ ਨੂੰ ਸੰਤੁਸ਼ਟੀ ਤੇ ਰੋਟੀ ਮਿਲੇ, ਨਹੀਂ ਤਾਂ ਗੱਲਾਂ ਨਾਲ ਢਿੱਡ ਨਹੀਂ ਭਰਿਆ ਕਰਦੇ।

ਮਿੰਨੀ ਕਹਾਣੀਆਂ ਦੇ ਚੰਗਾ ਰੰਗ ਲਾ ਦਿੱਤਾ, ਖਾਸਕਰ ਮਨਪ੍ਰੀਤ ਕੌਰ ਭਾਟੀਆ, ਮਨਜੀਤ ਕੌਰ ਅੰਬਾਲਵੀ, ਬੋਹੜ ਸਿੰਘ ਮਲ੍ਹਣ ਤੇ ਸੁਖਚਰਨ ਸਿੱਧੂ ਨੇ। ਮਿੰਨੀ ਕਹਾਣੀਆਂ ਵਿਚ ਇਕ ਮਾਨਵੀ ਸੁਨੇਹਾ ਹੈ।

**— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਮਾਰਕਸਵਾਦ ਸਦਾ ਰਾਹ-ਦਸੇਰਾ -4 : ਜਗਰੂਪ**

**ਗੀਤ ਦਾ ਦੂਜਾ ਨਾਂਅ ਹੈ ਗ਼ਦਰ : ਬੂਟਾ ਸਿੰਘ ਮਹਿਮੂਦਪੁਰ**

**'ਬੇਅਦਬੀ' ਦੀ ਪਰਖ ਪੜਚੋਲ : ਡਾ. ਸੁਰਜੀਤ ਸਿੰਘ ਬਰਾੜ**

**ਅਵਤਾਰਜੀਤ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਪ੍ਰਤੀਨਿਧ ਪੰਜਾਬੀ ਕਵਿਤਾਵਾਂ

## ਮਾਂ ਦੀ ਨਸੀਹਤ

ਮਾਂ ਨੇ ਕਿਹਾ ਸੀ
ਕੁੜੀਆਂ ਜ਼ਿੱਦ ਨ੍ਹੀਂ ਕਰਿਆ ਕਰਦੀਆਂ
ਦੁੱਧ ਮੂੰਹੀਂ ਜਦ ਭੁੱਖ ਲੱਗਣ 'ਤੇ
ਬੁਸਬੁਸਾਈ ਸੀ ਮੈਂ
ਬਾਪ ਦੀ ਨੀਂਦ 'ਚ ਖਲਲ ਦੇ
ਗੁੱਸੇ ਵਿੱਚ ਭੁਇੰ 'ਤੇ ਪਟਕਾਰੀ ਗਈ
ਉਦੋਂ ਮੈਂ ਚੀਖਣ ਦੀ ਜ਼ਿੱਦ
ਛੱਡ ਸਹਿਮ ਕੇ ਚੁੱਪ ਧਾਰੀ।
ਬਚਪਨ ਦੇ ਖੇਡ ਖਿਡੌਣਿਆਂ 'ਚ
ਗੁੱਡੀ, ਗੁੱਡਿਆਂ ਵਿੱਚ
ਭੇਦਭਾਵ ਨੂੰ ਵੇਂਹਦੀ, ਸਹਿੰਦੀ
ਛੱਡ ਬਹਿੰਦੀ
ਆਪਣੇ ਬੋਲਾਂ ਨੂੰ
ਉੱਚਿਆਂ ਕਰਨ ਦੀ ਜ਼ਿੱਦ।
ਗਲੀ ਵਿੱਚ ਹਮ ਉਮਰਾਂ ਨਾਲ
ਖੇਡਦਿਆਂ, ਮੇਲਦਿਆਂ
ਜਬਰੀ ਛੱਡਦੀ
ਜਿੱਤਣ ਦੀ ਜਿੱਤ।
ਕਿਤਾਬਾਂ ਨਾਲ ਯਾਰੀ
ਪਾਉਂਦਿਆਂ, ਅੱਖਰਾਂ ਨੂੰ ਪਰਨਾਉਂਦਿਆਂ
ਕਿੱਸੇ, ਰਸਾਲਿਆਂ ਨੂੰ ਛੁਪਾਉਂਦਿਆਂ
ਅਕਸਰ ਤਿਆਗ ਦਿੰਦੀ
ਚਾਨਣ ਵਰਨ ਦੀ ਜ਼ਿੱਦ।
ਇਕੱਲ ਦੇ ਹਨੇਰੇ 'ਚ
ਲੋਕਾਂ ਦੀਆਂ ਉਂਗਲਾਂ ਤੋਂ ਜਦ ਤ੍ਰਹਿੰਦੀ
'ਸਿਆਣੀ ਬਣ, ਕੀ ਕਮਲ ਘੋਟਦੀ'
ਮਾਂ ਦੀ ਸਮਝਾਇਸ਼ ਸਿਰ 'ਤੇ ਆ ਬਹਿੰਦੀ
ਤਾਂ ਛੱਡਣੀ ਹੀ ਪੈਂਦੀ
ਅੰਮਾਂ ਦੀ ਬੁੱਕਲ 'ਚ
ਵੜ ਬਹਿਣ ਦੀ ਜ਼ਿੱਦ।
ਮੈਨੂੰ ਕਦ ਹਾਸਲ,
ਮਨ ਚਾਹਿਆ ਕੁਝ
ਚੱਲ ਇਹ ਵੀ ਜ਼ਿੱਦ ਛੱਡੀ
ਮਾਪਿਆਂ ਦੀ ਪੁੱਗੀ।
ਹਰੇਕ ਮੋੜ 'ਤੇ ਹੁਣ ਵੀ
ਜ਼ਿੰਦਗੀ ਨੇ ਹੀ ਪੁਗਾਈ
ਆਪੋ ਆਪਣੀ ਜ਼ਿੱਦ।
ਹੁਣ ਮੈਂ ਜੀਉਣੇ ਦੀ ਵੀ
ਜ਼ਿੱਦ ਛੱਡੀ।
ਕਿਉਂਕਿ ਮਾਂ ਆਖਿਆ ਕਰਦੀ ਸੀ,
'ਕੁੜੀਆਂ ਜ਼ਿੱਦ ਨ੍ਹੀਂ ਕਰਿਆ ਕਰਦੀਆਂ'

— ਸਰਿਤਾ ਤੇਜੀ

## ਗ਼ਜ਼ਲ

ਹਰ ਕਦਮ 'ਤੇ ਹਾਦਸੇ ਮੇਰੇ ਤੋਂ ਹਾਰੇ ਦੇਖ ਲੈ।
ਮੈਂ ਸਦਾ ਚੜ੍ਹਦੀ ਕਲਾ ਵਿੱਚ ਦਿਨ ਗੁਜ਼ਾਰੇ ਦੇਖ ਲੈ।

ਧੁੱਪ ਤੋਂ ਡਰਦੇ ਜੋ ਛਤਰੀ ਤਾਣ ਕੇ ਸੀ ਰੱਖਦੇ,
ਮੰਜ਼ਲਾਂ ਵੱਲ ਤੁਰ ਪਏ ਉਹ ਲੋਕ ਸਾਰੇ ਦੇਖ ਲੈ।

ਨ੍ਹੇਰ ਉੱਤੇ ਮਾਣ ਕਰਦੀ ਸੀ ਬੜਾ ਹੀ ਮੱਸਿਆ,
ਜੁਗਨੂੰਆਂ ਨੇ ਪਰ ਦਿਖਾ ਦਿੱਤੇ ਨੇ ਤਾਰੇ ਦੇਖ ਲੈ।

ਰੁੱਤ ਆਈ ਹੈ ਸਲੀਬਾਂ ਦੀ ਦੁਬਾਰਾ ਸ਼ਹਿਰ ਵਿੱਚ,
ਨਾਬਰਾਂ ਦੇ ਕਤਲਗਾਹਾਂ ਵਿੱਚ ਉਤਾਰੇ ਦੇਖ ਲੈ।

ਸ਼ਿਕਰਿਆਂ ਦਾ ਖੌਫ ਦਿਲ 'ਚੋਂ ਕੱਢ ਦਿੱਤਾ ਪੰਛੀਆਂ,
ਉੱਡ ਰਹੇ ਬੇਖੌਫ ਕਿੱਦਾਂ ਬੋਟ ਸਾਰੇ ਦੇਖ ਲੈ।

ਸੋਚ ਤੇਰੀ ਬਸਤੀਆਂ ਵਿੱਚ ਰੌਸ਼ਨੀ ਬਣ ਕੇ ਫਿਰੇ,
ਤਾਰਿਆਂ ਨੂੰ ਪੈ ਗਏ ਭਰਨੇ ਹੁੰਗਾਰੇ ਦੇਖ ਲੈ।

ਸ਼ਹਿਰ ਸਾਰਾ ਘੇਰ ਕੇ ਉਹ ਗੱਲ ਕਰਦੇ ਅਮਨ ਦੀ,
ਹਰ ਜਗ੍ਹਾ ਹੀ ਫੌਜ ਨੇ ਬੰਕਰ ਉਸਾਰੇ ਦੇਖ ਲੈ।

ਵੱਖ ਹੋ ਕੇ ਵੱਖ ਨਾ ਹੋਇਆ ਅਜੇ ਤੈਥੋਂ ਅਜੈ,
ਉਸ ਦਿਆਂ ਸ਼ਿਅਰਾਂ 'ਚ ਹੁੰਦੇ ਜੋ ਇਸ਼ਾਰੇ ਦੇਖ ਲੈ।

- ਅਜੈ ਤਨਵੀਰ

## ਮੈਨੂੰ ਡਰਨਾ ਚਾਹੀਦੈ

ਮੇਰੀਆਂ ਕਵਿਤਾਵਾਂ
ਜੋ ਅਕਸਰ ਹੀ
ਹੁੰਦੀਆਂ ਨੇ
ਸੱਤਾ-ਵਿਰੋਧੀ

ਨਾ ਬਣਾ ਦਿੱਤੀਆਂ ਜਾਣ
ਕਿਤੇ
ਮੁਲਕ-ਵਿਰੋਧੀ

ਇਸ ਲਈ
ਮੈਨੂੰ ਡਰਨਾ ਚਾਹੀਦੈ
*ਕਵਿਤਾ ਲਿਖਣ ਲੱਗੇ

ਜੇ
ਗ਼ਲਤ ਲੱਗ ਰਿਹਾ ਹੋਵੇ
ਕੋਈ ਤਾਕਤਵਰ ਬੰਦਾ
ਤਾਂ ਮੈਨੂੰ
ਨਹੀਂ ਬੋਲਣਾ ਚਾਹੀਦਾ
ਉਸ ਦੇ ਖ਼ਿਲਾਫ਼

ਕਿਉਂਕਿ
ਜੇ
ਤਾਕਤਵਰ ਦਾ ਅਰਥ
ਸੱਤਾਧਾਰੀ ਹੋ ਜਾਵੇ
ਬੰਦੇ ਦਾ ਅਰਥ
ਸਰਕਾਰ
ਤੇ ਸਰਕਾਰ ਦਾ ਅਰਥ
ਰਾਸ਼ਟਰ ਬਣਾ ਦਿੱਤਾ ਜਾਵੇ

ਤਾਂ
ਮੇਰਾ ਵਿਰੋਧ
ਦੇਸ਼ਧ੍ਰੋਹ ਬਣ ਜਾਵੇਗਾ

ਇਸ ਲਈ
ਮੈਨੂੰ ਡਰਨਾ ਚਾਹੀਦੈ
ਖ਼ਿਲਾਫ਼ ਬੋਲਣ ਤੋਂ
ਕਿਸੇ ਵੀ ਤਾਕਤਵਰ ਦੇ

ਮੇਰੀਆਂ ਆਸਥਾਵਾਂ
ਜੇ
ਅਲੱਗ ਹੋਣ
ਵਿਰੁੱਧ ਹੋਣ
ਸਿੰਘਾਸਨ ਦੀਆਂ
ਆਸਥਾਵਾਂ ਦੇ

ਤਾਂ ਮੈਨੂੰ
ਨਹੀਂ ਕਰਨਾ ਚਾਹੀਦਾ
ਜਨਤਕ ਇਜ਼ਹਾਰ
ਇਨ੍ਹਾਂ ਆਸਥਾਵਾਂ ਦਾ
ਕਿਉਂਕਿ ਇਸ ਨਾਲ
ਦਿਲ ਦੁਖਦਾ ਹੈ
ਸਿੰਘਾਸਣ ਦਾ

ਇਸ ਲਈ
ਮੈਨੂੰ ਡਰਨਾ ਚਾਹੀਦੈ
ਦੁਖਾਉਣ ਤੋਂ ਪਹਿਲਾਂ
ਦਿਲ ਸਿੰਘਾਸਨ ਦਾ

ਲੋਕਤੰਤਰ ਨੂੰ
ਲੋਕਤੰਤਰ ਮੰਨਣ ਤੋਂ
ਪਹਿਲਾਂ
ਇੱਕ ਵਾਰ ਜ਼ਰੂਰ
ਮੈਨੂੰ ਡਰਨਾ ਚਾਹੀਦੈ

ਕਿਉਂਕਿ
ਜੋ ਅਰਥ ਲੋਕਤੰਤਰ ਦਾ
ਮੇਰੇ ਲਈ ਹੈ
ਉਹ ਮਨਜ਼ੂਰ ਹੀ ਨਾ ਹੋਵੇ
ਜੇ ਲੋਕਤੰਤਰ ਨੂੰ ਤਾਂ

ਡਰਨ ਨਾਲ
ਰੁਕ ਜਾਂਦਾ ਹੈ
ਬੰਦੇ ਦਾ ਵਿਕਾਸ
ਪਰ
ਜੇ ਹੋ ਰਿਹਾ ਹੋਵੇ
ਰਾਸ਼ਟਰ ਦਾ ਵਿਕਾਸ
ਤਾਂ ਮੈਨੂੰ
ਜ਼ਰੂਰ ਡਰਨਾ ਚਾਹੀਦੈ
ਰਾਸ਼ਟਰ ਦੇ ਵਿਕਾਸ ਲਈ

ਕਹਿੰਦੀ ਹੈ
ਸਮਝਦਾਰ ਪਤਨੀ
ਨਹੀਂ ਸਹਿ ਸਕੋਗੇ
ਜੇਲ੍ਹ ਦੀਆਂ ਦੁਸ਼ਵਾਰੀਆਂ
ਇਸ ਬੁਢਾਪੇ-ਉਮਰੇ
ਵਕਤ ਖ਼ਰਾਬ ਹੈ
ਐਸਾ-ਵੈਸਾ ਨਾ ਲਿਖੋ
ਕਿ ਜੇਲ੍ਹ ਜਾਣਾ ਪਵੇ

ਪਤਨੀ ਠੀਕ ਕਹਿੰਦੀ ਹੈ
ਮੈਨੂੰ ਡਰਨਾ ਚਾਹੀਦੈ
ਜੇਲ੍ਹ ਜਾਣ ਤੋਂ ਵੀ

- ਹੂਬ ਨਾਥ
ਅਨੁ. ਯਸ਼ ਪਾਲ

## ਜੁਆਬੀ ਖ਼ਤ

ਪੁੱਛਿਆ ਉਸ ਨੇ
ਆਪਣੇ ਖ਼ਤ ਵਿੱਚ
ਕਿ ਕਦ ਮਿਲਾਂਗੇ ਆਪਾਂ ?
ਲਿਖਿਆ ਮੈਂ ਜੁਆਬੀ ਖ਼ਤ !
ਜਦ ਹਰੀਆਂ ਚੂੜੀਆਂ ਦੇਖ
ਇੱਕ ਸਹਿਮੀ ਹੋਈ
ਨਿੱਕੀ ਕਰੂੰਬਲ ਦੀਆਂ
ਅੱਖਾਂ ਵਿੱਚ ਆ ਜਾਵੇਗੀ ਚਮਕ

ਜਦ ਇਕ ਅੱਲ੍ਹੜ ਮੁਟਿਆਰ
ਸ਼ਹਿਰ ਦੀਆਂ ਗਲੀਆਂ ਵਿੱਚ
ਹੱਸੇਗੀ ਬੇਖੌਫ਼ ਤੇ
ਚੁੰਮੇਗੀ ਹਵਾਵਾਂ ਨੂੰ

ਜਦ ਇੱਕ ਕਿਸਾਨ ਲਿਆ ਉਗਾਵੇਗਾ
ਕਰਜ਼ੇ ਦੀ ਥਾਂ
ਆਪਣੀ ਅਰਧਾਂਗਨੀ ਦੇ ਹੱਥਾਂ ਉੱਤੇ
ਖੁਸ਼ੀਆਂ ਤੇ ਹਾਸੇ

ਜਦ ਇੱਕ ਭੱਠੇ ਉੱਤੇ ਕੰਮ ਕਰਦੀ
ਮਜ਼ਦੂਰ ਔਰਤ ਨੂੰ
ਨਹੀਂ ਕੱਜਣਾ ਪਵੇਗਾ
ਉਸ ਲੀਰੋ-ਲੀਰ ਹੋਈ ਚੁੰਨੀ
ਹੇਠ ਆਪਣਾ ਨਗਨ

ਜਦ ਮੈਂ ਹੀਰ ਤੋਂ ਉਧਾਰੇ ਲਏ ਪੈਰਾਂ ਵਿੱਚ
ਪਹਿਲੀ ਵਾਰ ਪਾਵਾਂਗੀ
ਤੇਰੇ ਨਾਮ ਦੀਆਂ ਝਾਂਜਰਾਂ
ਜਿਸ ਦੀ ਛਣਕਾਰ
ਸਿਰਫ਼ ਅਤੇ ਸਿਰਫ਼
ਸੁਣਾਈ ਦੇਵੇਗੀ ਤੈਨੂੰ ਹੀ

ਫਿਰ ਮੈਂ ਲਿਖਾਂਗੀ
ਤੈਨੂੰ ਆਖ਼ਰੀ ਖ਼ਤ
ਜਿਸ ਵਿੱਚ ਮਿਲਣ ਦੀ ਤਾਰੀਖ਼
ਤੇ ਦਿਨ ਹੋਵੇਗਾ ਮੁਕਰਰ।

## ਕੱਚੇ ਅਧਿਆਪਕ

ਕੱਚੇ ਅਧਿਆਪਕ
ਪੱਕੀਆਂ ਨਹੀਂ
ਕੱਚੀਆਂ ਇੱਟਾਂ
ਵਰਗੇ ਹੁੰਦੇ!
ਜੋ ਖੁਰਦੇ ਰਹਿੰਦੇ
ਅਜੀਵਨ!

— ਵਿਰਕ ਪੁਸ਼ਪਿੰਦਰ

## ਇਹ ਕੇਹੀ ਰੁੱਤ ਆਈ

ਇਹ ਕੈਸੀ ਰੁੱਤ ਆਈ,
ਨੀ ਮਾਏ ਮੇਰੀਏ।
ਧੀਆਂ ਭੈਣਾਂ ਨੰਗੀਆਂ ਕਰਕੇ,
ਗੁੰਡੇ ਫਿਰਨ ਭਜਾਈ,
ਨ੍ਹੀ ਮਾਏ ਮੇਰੀਏ।

ਬੇਪੱਤ ਕੀਤੀਆਂ ਧੀਆਂ-ਭੈਣਾਂ,
ਹਰ ਪਾਸੇ ਹੀ ਚਰਚਾ ਹੋਈ।
ਸ਼ਰਮਨਾਕ ਇਸ ਮੰਜ਼ਰ ਦੀ ਤਾਂ,
ਸਭ ਲੋਕਾਂ ਕੀਤੀ ਬਦਖੋਈ।
ਹਾਕਮ ਨੇ ਪਰ ਚੁੱਪ ਧਾਰ ਲਈ,
ਦੁਨੀਆ ਲਾਹਨਤ ਪਾਈ।
ਨ੍ਹੀ ਮਾਏਂ ਮੇਰੀਏ,
ਇਹ ਕੈਸੀ ਰੁੱਤ ਆਈ।

ਰਾਜਿਆਂ ਰਾਜਿਆਂ ਸੂਰਬੀਰਾਂ ਨੇ,
ਜਿਸ ਦੀ ਕੁੱਖੋਂ ਜਨਮ ਧਾਰਿਆ।
ਉਸ ਔਰਤ ਨੂੰ ਦੁਨੀਆ ਵੱਲੋਂ,
ਫਿਰ ਵੀ ਜਾਂਦਾ ਸੀ ਦੁਰਕਾਰਿਆ।
ਬਾਬੇ ਨਾਨਕ ਉਸ ਦੇ ਹੱਕ ਵਿਚ,
ਆਪਣੀ 'ਵਾਜ਼ ਉਠਾਈ।
ਨ੍ਹੀਂ ਮਾਏਂ ਮੇਰੀਏ,
ਇਹ ਕੈਸੀ ਰੁੱਤ ਆਈ।

ਇਹ ਭੀੜਾਂ ਜੋ ਥਾਂ ਥਾਂ ਉੱਤੇ,
ਬਹੁਤ ਹੀ ਮੰਦੇ ਕਰਮ ਕਮਾਵਣ।
ਤਾਜਦਾਰਾਂ ਦੀ ਸ਼ਹਿ ਦੇ ਉੱਤੇ,
ਦੂਜੇ ਧਰਮਾਂ ਤਾਈਂ ਡਰਾਵਨ।
ਤਾਹੀਏ ਹਾਕਮ ਫਿਰਦਾ ਹੈ ਹੁਣ,
ਮੂੰਹ ਨੂੰ ਤਾਲਾ ਲਾਈ।
ਨ੍ਹੀ ਮਾਏਂ ਮੇਰੀਏ,
ਇਹ ਕੈਸੀ ਰੁੱਤ ਆਈ।

ਕੁਰਸੀ ਕਹਿੰਦੀ ਇਸ ਧਰਤੀ 'ਤੇ,
ਇਹ ਗੱਲ ਆਮ ਹੀ ਹੁੰਦੀ ਰਹਿੰਦੀ।
ਕਦੇ ਵੀ ਕਿਤੇ ਵਿਰੋਧ ਨਾ ਹੋਇਆ,
ਦੁਨੀਆ ਵੀ ਨਾ ਮਾੜਾ ਕਹਿੰਦੀ।
ਇਹ ਕਿੱਦਾਂ ਦਾ ਰਾਜ ਹੈ ਜਿੱਥੇ,
ਰਾਜੇ ਬਣੇ ਕਸਾਈ।
ਨ੍ਹੀਂ ਮਾਏਂ ਮੇਰੀਏ,
ਇਹ ਕੈਸੀ ਰੁੱਤ ਆਈ ।

— ਅਮਰਜੀਤ ਸਨ੍ਹੇਰਵੀ

# ਕੈਨੇਡਾ ਗੈਪ (GAP)

## ਕੈਨੇਡਾ ਡਾਇਰੀ-5

### ਭਗਵੰਤ ਰਸੂਲਪੁਰੀ

ਤਾਜ਼ੇ ਫਲ ਤੇ ਸਬਜ਼ੀਆਂ ਦੀ ਸਾਂਭ-ਸੰਭਾਲ ਕਿਵੇਂ ਕਰਨੀ ਏ, ਤਿਆਰ ਫਲ ਤੇ ਸਬਜ਼ੀਆਂ ਨੂੰ ਮੰਡੀ (ਕੈਨਰੀਆਂ + ਸਟੋਰਾਂ) ਤੱਕ ਲਿਜਾਣ ਸਮੇਂ ਕਿਸ ਤਰ੍ਹਾਂ ਦੀਆਂ ਸਾਵਧਾਨੀਆਂ ਵਰਤਣੀਆਂ ਹਨ ਅਤੇ ਕੀਟ-ਨਾਸ਼ਕ ਅਤੇ ਖਾਦਾਂ ਦੀ ਮਾਤਰਾ ਕਿੰਨੀ ਤੇ ਕਿੰਝ ਕਰਨੀ ਹੈ, ਦੀ ਨਿਗਰਾਨੀ ਸਰਕਾਰੀ ਪੱਧਰ 'ਤੇ ਭਾਵੇਂ ਨਹੀਂ ਕੀਤੀ ਜਾਂਦੀ, ਪਰ ਕੈਨੇਡਾ ਸਰਕਾਰ ਤੋਂ ਮਾਨਤਾ ਪ੍ਰਾਪਤ ਕੰਪਨੀ ਕੈਨੇਡਾ ਗੈਪ (Canada GAP/Good Agricultural Practices) ਇਸ ਦੀ ਨਿਗਰਾਨੀ ਕਰਦੀ ਹੈ। ਇਹ ਕੰਪਨੀ ਜਾਂ ਏਜੰਸੀ ਖੇਤੀਬਾੜੀ ਅਤੇ ਐਗਰੋ ਫੂਡ ਕੈਨੇਡਾ (1163) ਦੇ ਫੰਡ ਤੇ ਸਹਾਇਤਾ ਨਾਲ ਚੱਲਦੀ ਏ। ਬਿਨਾਂ ਕਿਸੇ ਤਰ੍ਹਾਂ ਦੇ ਲਾਭ ਵਾਲੀ ਏਜੰਸੀ ਕਿਸਾਨਾਂ ਨੂੰ ਫੂਡ ਸੇਫਟੀ ਨਾਲ ਸੰਬੰਧਤ ਮੈਟਰ ਪ੍ਰਦਾਨ ਕਰਦੀ ਏ। ਬਲਿਊ ਬੇਰੀ ਦੀ ਪੈਕਿੰਗ ਸਟੋਰ ਦੀ ਨਿਗਰਾਨੀ ਵੱਖਰੀ ਕੌਂਮਾ ਕਰਦੀ ਏ, ਜੋ 'ਬੀ ਸੀ ਬਲਿਊ ਬੇਰੀ ਕੌਂਸਲ' ਦੇ ਨਾਂਅ ਨਾਲ ਜਾਣੀ ਜਾਂਦੀ ਏ। 80 ਸਾਲਾਂ ਤੋਂ ਫਰੇਜ਼ ਵੈਲੀ ਦੇ ਕਿਸਾਨ ਪੂਰੇ ਸੰਸਾਰ 'ਚ ਬਲਿਊ ਬੇਰੀ ਦੀ ਸਪਲਾਈ ਕਰਦੇ ਹਨ। 200 ਮਿਲੀਅਨ ਪਾਊਂਡ (8600 ਟਨ) ਬੇਰੀ ਦੀ ਪੈਦਾਵਾਰ ਸਾਲ 2020 ਵਿੱਚ ਹੋਈ, ਅਜਿਹਾ ਕਹਿੰਦੇ ਹਨ। ਇਹਨਾਂ ਕੰਪਨੀਆਂ ਬਾਰੇ ਦੱਸਣ ਦਾ ਮਤਲਬ ਇਹ ਸੀ ਕਿ ਫਲਾਂ/ਸਬਜ਼ੀਆਂ ਲਈ ਬਣਾਏ ਨਿਯਮਾਂ ਅਤੇ ਕਿਸਾਨਾਂ ਵੱਲੋਂ ਅਮਲ 'ਚ ਲਿਆਂਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

ਕੈਨੇਡਾ ਗੈਪ (GAP) ਕਹਿੰਦਾ ਏ ਕਿ ਫਾਰਮ ਬਿਲਕੁੱਲ ਸਾਫ ਰੱਖਿਆ ਜਾਵੇ। ਕੀਟ-ਨਾਸ਼ਕ ਅਤੇ ਫਰਟੀਲੈਂਦਰ ਰੱਖਣ ਲਈ ਵੱਖਰਾ ਕਮਰਾ ਹੋਣਾ ਜ਼ਰੂਰੀ ਹੈ। ਫਲ-ਸਬਜ਼ੀਆਂ ਤੋੜਨ ਵਾਲੇ ਕਾਮਿਆਂ ਲਈ ਬਾਥਰੂਮ ਹੋਣਾ ਜ਼ਰੂਰੀ ਹੈ। ਫਲ ਤੋੜਨ ਵਾਲਾ ਕਾਮਿਆਂ ਲਈ ਕੁਝ ਨਿਯਮ ਵੀ ਬਣਾਏ ਹਨ। ਇਹਨਾਂ ਨਿਯਮਾਂ ਨੂੰ ਫਾਰਮ ਦੀਆਂ ਮੁੱਖ ਥਾਵਾਂ 'ਤੇ ਲਗਾਉਣਾ ਜ਼ਰੂਰੀ ਹੈ। ਜਿਵੇਂ ਹਰ ਕਾਮਾ ਫਲ/ਸਬਜ਼ੀਆਂ ਤੋੜਨ ਤੋਂ ਪਹਿਲਾਂ ਹੱਥ ਪੂੰਝਣ ਵਾਲੇ ਗਿੱਲੇ ਪੇਪਰ ਦੀ ਵਰਤੋਂ ਕਰੇ, ਮਿੱਟੀ, ਬਨਸਪਤੀ, ਪਦਾਰਥ, ਜੂਸ ਆਦਿ ਨੂੰ ਹੱਥ ਪੂੰਝਣ ਵਾਲੇ ਗਿੱਲੇ ਪੇਪਰ ਟਾਵਲ ਦੀ ਵਰਤੋਂ ਕਰੇ, ਹੱਥ ਪੂੰਝਣ ਵਾਲੇ ਪੇਪਰ ਨੂੰ ਗਾਰਬੇਜ਼ ਕੈਨ 'ਚ ਸੁੱਟੇ, ਫਿਰ ਸੈਨੇਟਾਇਜ਼ ਨਾਲ ਹੱਥਾਂ ਨੂੰ ਚੰਗੀ ਤਰ੍ਹਾਂ ਲਗਾਓ, ਫੂਡ ਤੋੜਨ ਲਈ ਫਿਰ ਹੱਥਾਂ ਦੀ ਵਰਤੋਂ ਕਰੋ। ਫਲ ਤੋੜਨ ਲਈ ਗਲੱਬਜ਼ ਪਾਉਣ ਦੀ ਵੀ ਮਨਾਹੀ ਹੈ। ਐਪਲ ਤੋੜਦੇ ਸਮੇਂ ਪੌੜੀ ਨੂੰ ਹੱਥ ਲਾਉਣ ਦੀ ਵੀ ਮਨਾਹੀ ਹੈ। ਅਜਿਹੇ ਸਖਤ ਨਿਯਮ ਕੈਨੇਡਾ ਗੈਪ ਨੇ ਇਸ ਲਈ ਬਣਾਏ ਹਨ ਤਾਂ ਕਿ ਫਲ ਤੇ ਸਬਜ਼ੀਆਂ ਕੀਟਾਣੂ ਰਹਿਤ ਸਟੋਰਾਂ ਤੱਕ ਪਹੁੰਚਣ।

ਕਿਸਾਨ ਇਨ੍ਹਾਂ ਨਿਯਮਾਂ ਦੀ ਵਰਤੋਂ ਕਰਦੇ ਵੀ ਹਨ ਜਾਂ ਨਹੀਂ। ਇਹ ਵੇਖਣ ਲਈ 'ਕੈਨੇਡਾ ਗੈਪ' ਆਪਣਾ ਇੱਕ ਅਧਿਕਾਰੀ ਭੇਜਦੀ ਹੈ। ਗੁਪਤ ਤਰੀਕੇ ਨਾਲ ਉਹ ਅਧਿਕਾਰੀ ਛਾਪਾ ਨਹੀਂ ਮਾਰਦਾ ਬਲਕਿ ਫਾਰਮਰ ਨੂੰ ਇੱਕ ਹਫਤਾ ਪਹਿਲਾਂ ਤਰੀਕ, ਦਿਨ ਅਤੇ ਸਮਾਂ ਦੱਸ ਦਿੱਤਾ ਜਾਂਦਾ ਹੈ। ਆਪਣੇ ਪੰਜਾਬ ਵਾਂਗ ਈ ਡੀ ਵਗੈਰਾ ਦੇ ਛਾਪਿਆਂ ਵਾਂਗ ਛਾਪੇ ਨਹੀਂ ਪੈਂਦੇ, ਤਾਂ ਕਿ ਕਿਸਾਨ ਚੰਗੀ ਤਰ੍ਹਾਂ ਆਪਣਾ ਪ੍ਰਬੰਧ ਕਰ ਸਕੇ। ਉਹ ਅਧਿਕਾਰੀ ਇਹ ਵੀ ਆ ਕੇ ਵੇਖਦਾ ਹੈ ਕਿ ਕਿਸਾਨ ਕਿਹੜੀਆਂ-ਕਿਹੜੀਆਂ ਖਾਦਾਂ ਅਤੇ ਕੀਟ-ਨਾਸ਼ਕ ਦੀ ਵਰਤੋਂ ਕਰਦਾ ਹੈ। ਕਿਹੜੀ-ਕਿਹੜੀ ਖਾਦ-ਕੀਟਨਾਸ਼ਕ ਵਰਤੇ ਜਾਣ, ਇਹ ਵੀ ਦੱਸਿਆ ਜਾਂਦਾ ਹੈ। ਇਸ ਕੰਮ ਨੂੰ ਸਹੀ ਤਰੀਕੇ ਨਾਲ ਅਮਲ 'ਚ ਲਿਆਉਣ ਲਈ ਖਾਦਾਂ-ਸਪਰੇਆਂ ਬਾਰੇ ਬਕਾਇਦਾ ਈ-ਮੇਲ ਕੀਤੀ ਜਾਂਦੀ ਹੈ ਤੇ ਇਹਨਾਂ ਦੀ ਪੜਤਾਲ ਲਈ ਬਿੱਲ ਵੀ ਵੇਖੇ ਜਾਂਦੇ ਹਨ। ਇਸ ਵਾਸਤੇ ਕਿਸਾਨਾਂ ਨੂੰ ਸਾਰਾ ਪੇਪਰ ਵਰਕ ਤਿਆਰ ਕਰਨਾ ਪੈਂਦਾ ਹੈ। ਇਸ ਸਾਰੇ ਕਾਰਜ ਲਈ 'ਕੈਨੇਡਾ ਗੈਪ' ਹਰ ਕਿਸਾਨ ਤੋਂ 1500 ਤੋਂ 1800 ਡਾਲਰ ਤੱਕ ਫੀਸ ਵੀ ਲੈਂਦਾ ਹੈ। 'ਕੈਨੇਡਾ ਗੈਪ' ਬੜੇ ਸਾਫ-ਸੁਥਰੇ ਤਰੀਕੇ ਨਾਲ ਆਪਣਾ ਕਾਰਜ ਕਰਦਾ ਹੈ।

ਨਿਯਮਾਂ ਦੇ ਬਾਵਜੂਦ ਮੈਂ ਕੁਝ ਫਾਰਮਾਂ 'ਚ ਜਾ ਕੇ ਵੇਖਿਆ ਕਿ ਕਿਸਾਨ ਜਾਂ ਫਲ ਤੋੜਨ ਵਾਲਾ ਫਾਰਮਰ ਨਿਯਮਾਂ ਦੀ ਪਾਲਣਾ ਨਹੀਂ ਕਰਦਾ। ਇੱਕ ਫਾਰਮ 'ਚ ਜਾ ਕੇ ਮੈਂ ਵੇਖਿਆ ਕਿ ਉਸ ਦਿਨ ਕੈਨੇਡਾ ਗੈਪ ਦੇ ਅਧਿਕਾਰੀ ਨੇ ਪੜਤਾਲ ਕਰਨ ਆਉਣਾ ਸੀ। ਉਸ ਤੋਂ ਪਹਿਲਾਂ ਫਾਰਮਰ ਨੇ ਸਾਰੇ ਪ੍ਰਬੰਧ ਕਰ ਲਏ। ਮਸ਼ੀਨ ਨਾਲ ਬੇਰੀ ਟੁੱਟ ਰਹੀ ਸੀ। ਫਾਰਮਰ ਨੇ ਮਸ਼ੀਨ 'ਤੇ ਪੇਪਰ ਰੱਖ ਦਿੱਤੇ, ਇੱਕ ਹੱਥ ਸਾਫ ਕਰਕੇ ਸੁੱਟਣ ਵਾਲਾ ਡਸਟਬਿਨ ਰੱਖ ਦਿੱਤਾ। ਸੱਟ ਲੱਗਣ 'ਤੇ ਮੁੱਢਲੀ ਡਾਕਟਰੀ ਸਹਾਇਤਾ ਲਈ ਵਰਤੀਆਂ ਜਾਣ ਵਾਲੀਆਂ ਪੱਟੀਆਂ, ਦਵਾਈਆਂ ਵੀ ਰੱਖ ਦਿੱਤੀਆਂ ਤੇ ਹੱਥਾਂ ਦੇ ਗਲੱਬਜ਼ ਵੀ ਲੁਹਾ ਦਿੱਤੇ। ਇਹ ਵੀ ਸਮਝਾ ਦਿੱਤਾ ਕਿ ਤੁਸੀਂ ਕਿਹੜੇ ਸਵਾਲ ਦਾ ਉੱਤਰ ਕਿਵੇਂ ਦੇਣਾ ਹੈ। ਉਹ ਅਧਿਕਾਰੀ ਇੱਕ ਕਾਮੇ ਨੂੰ ਪੁੱਛਦਾ ਹੈ-'ਤੁਸੀਂ ਵਾਸ਼ਰੂਮ ਕਿੱਥੇ ਜਾਂਦੇ ਹੋ? ਤੁਸੀਂ ਮਸ਼ੀਨ 'ਤੇ ਚੜ੍ਹ ਕੇ ਕੰਮ ਕਰਨ ਤੋਂ ਪਹਿਲਾਂ ਹੱਥਾਂ ਨੂੰ ਸਾਫ ਵੀ ਕਰਦੇ ਹੋ? ਜੇ ਸੱਟ ਜਾਵੇ, ਲਹੂ ਨਿਕਲ ਆਵੇ ਤਾਂ ਕੰਮ ਕਰਦੇ ਰਹਿੰਦੇ ਹੋ?' ਕਾਮੇ ਨੂੰ ਜਿਵੇਂ ਦੱਸਿਆ ਗਿਆ ਸੀ, ਉਹ ਉਸੇ ਤਰ੍ਹਾਂ ਉੱਤਰ ਦਿੰਦਾ ਹੈ। 'ਵਾਸ਼ਰੂਮ ਫਾਰਮ ਤੋਂ ਬਾਹਰ ਜਾਂਦੇ ਹਾਂ। ਮਸ਼ੀਨ 'ਤੇ ਚੜ੍ਹ ਕੇ ਕੰਮ 'ਤੇ ਲੱਗਣ ਤੋਂ ਪਹਿਲਾਂ ਟਾਵਲ ਪੇਪਰ ਨਾਲ ਹੱਥ ਸਾਫ ਕਰੀਦੇ ਹਨ। ਫਿਰ ਸੈਨੇਟਾਈਜ਼ਰ ਨਾਲ ਹੱਥ ਸਾਫ ਕਰੀਦੇ ਹਨ। ਅਸੀਂ ਕੰਮ ਕਰਦਿਆਂ ਗਲੱਬਜ਼ ਨਹੀਂ ਪਾਉਂਦੇ। ਖਾਣਾ ਫਾਰਮ ਤੋਂ ਬਾਹਰ ਬਣੀ ਥਾਂ 'ਚ ਖਾਂਦੇ ਹਾਂ।' ਵਗੈਰਾ-ਵਗੈਰਾ। ਜਦੋਂ ਉਹ ਅਧਿਕਾਰੀ ਚਲੇ ਗਿਆ ਤਾਂ ਸਾਰਾ ਕੁਝ ਚੁੱਕ ਦਿੱਤਾ ਗਿਆ। ਕਈ ਫਾਰਮਾਂ 'ਚ ਕਾਮੇ ਵਾਸ਼ਰੂਮ ਵੀ ਬੇਰੀ ਦੀਆਂ ਰੋਹਾਂ 'ਚ ਕਰ ਲੈਂਦੇ ਹਨ। ਗਲਬਜ਼ ਪਾ ਕੇ ਫਲ ਤੋੜਨੇ ਆਮ ਗੱਲ ਏ। ਇੱਕ ਫਾਰਮਰ ਦਾ ਕਹਿਣਾ ਸੀ, 'ਫੂਡ ਸੇਫਟੀ ਦੇ ਨਿਯਮ ਤੇ ਪੜਤਾਲ ਵੀ ਇੱਕ ਡਰਾਮਾ ਏ। ਇਹ ਮੁਫਤ 'ਚ ਹੀ ਕਿਸਾਨ ਦੀ ਜੇਬ 'ਚੋਂ 15-18 ਸੌ ਡਾਲਰ ਕੱਢ ਕੇ ਲੈ ਜਾਂਦੇ ਨੇ। ਫਿਰ ਦੱਸ ਕੇ ਪੜਤਾਲ ਕਰਨ ਆਉਂਦੇ ਨੇ ਬਈ ਸਾਰਾ ਕੰਮ-ਕਾਰ ਠੀਕ ਕਰ ਲਓ। ਅਸਲ ਗੱਲ ਇਹ ਹੈ ਕਿ ਕਿਸਾਨ ਦੀ ਜੇਬ 'ਚੋਂ ਕਿਸੇ ਨਾ ਕਿਸੇ ਤਰੀਕੇ ਨਾਲ ਡਾਲਰ ਕੱਢ ਲੈਣਾ ਏ।' ਮੈਂ ਇਹ ਵੀ ਸਮਝਿਆ ਹੈ ਕਿ ਖਾਦ-ਕੀਟ-ਨਾਸ਼ਕ ਤਿਆਰ ਕਰਨ ਵਾਲੀਆਂ ਕੰਪਨੀਆਂ ਇਹਨਾਂ ਤੱਕ ਪਹੁੰਚ ਕਰਕੇ ਆਪਣੇ ਪ੍ਰੋਡੈਕਟ ਕਿਸਾਨਾਂ ਨੂੰ ਵਰਤਣ ਦੀ ਸਿਫਾਰਸ਼ ਕਰਦੇ ਹਨ। ਉਹ ਤਾਂ ਹੀ ਬਿੱਲਾਂ ਦੀ ਪੜਤਾਲ ਕਰਦੇ ਹਨ। ਬਹੁਤ ਓਹਲੇ ਹਨ, ਜੋ ਸਿੱਧੜ ਕਿਸਾਨਾਂ ਦੀ ਸਮਝ ਤੋਂ ਪਰ੍ਹੇ ਹਨ।

# ਰੱਖੜੀ

ਰੱਖੜੀ ਦਾ ਪਵਿੱਤਰ ਤਿਉਹਾਰ ਲੰਘ ਕੇ ਗਿਆ ਹੈ। ਇਸ ਦਿਨ ਭੈਣ ਵੱਲੋਂ ਆਪਣੇ ਸੋਹਣੇ ਜਿਹੇ ਵੀਰ ਦੇ ਗੁੱਟ 'ਤੇ ਮੋਹ ਪਿਆਰ ਦੀਆਂ ਤੰਦਾਂ ਦਾ ਪਵਿੱਤਰ ਧਾਗਾ ਬੰਨ੍ਹ ਕੇ ਉਸ ਨੂੰ ਆਪਣਾ ਅਹਿਸਾਸ ਤੇ ਰਾਖੀ ਦੀ ਵਚਨਬੱਧਤਾ ਨੂੰ ਦਰਸਾਉਣਾ ਹੁੰਦਾ ਹੈ।

ਛੋਟੇ ਹੁੰਦੇ ਇਹ ਸਤਰਾਂ ਗੁਨਗੁਣਾਉਂਦੇ ਸਾਂ, ' ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ, ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ। ਇਸ ਵਿੱਚ ਗੁੰਦਿਆਂ ....।' ਉਦੋਂ ਸਿਰਫ ਪਿਆਰਾ ਜਿਹਾ ਗੀਤ ਹੀ ਲੱਗਣਾ।

ਬਚਪਨ ਬੀਤਿਆ, ਜਵਾਨੀ ਮਾਣੀ ਤੇ ਹੁਣ ਬੁਢਾਪਾ ਹੰਢਾਉਣ ਦੀ ਤਿਆਰੀ ਕਰ ਰਿਹਾ ਹਾਂ। ਇਸ ਸਾਰੇ ਦੌਰ ਦੌਰਾਨ ਕਈ ਤਰ੍ਹਾਂ ਦੀਆਂ ਭਿਆਨਕ ਘਟਨਾਵਾਂ ਵਾਪਰੀਆਂ। ਜਦ ਵੀਰ ਆਪਣੇ ਗੁੱਟ 'ਤੇ ਬੰਨ੍ਹੀ ਰੱਖੜੀ ਨੂੰ ਨਿਹਾਰਦਾ, ਆਪਣੀਆਂ ਅੱਖਾਂ ਸਾਹਮਣੇ ਭੈਣ ਦੀ ਇੱਜ਼ਤ ਤਾਰ-ਤਾਰ ਹੁੰਦੀ ਨੂੰ ਦੇਖਣ ਲਈ ਬੇਵੱਸ ਹੋਏ, ਪਰ ਦਰਿੰਦਿਆਂ ਅੱਗੇ ਈਨ ਨ੍ਹੀਂ ਮੰਨੀ ਆਪਣੀ ਜਾਨ ਦੇ ਗਏ, ਜਿਸ ਦਾ ਵਰਤਾਰਾ ਅੱਜ ਵੀ ਜਾਰੀ ਹੈ। ਇਸ ਤਰ੍ਹਾਂ ਦੀਆਂ ਤਾਜ਼ਾ ਖਬਰਾਂ....।

ਰੱਖੜੀ ਵਾਲੇ ਦਿਨ ਇਸ ਪਵਿੱਤਰ ਤਿਉਹਾਰ ਦੇ ਸੋਹਲੇ ਗਾਏ ਜਾਂਦੇ ਹਨ। ਧੀਆਂ-ਭੈਣਾਂ ਦੀ ਇੱਜ਼ਤ ਦੀ ਰਖਵਾਲੀ ਤੇ ਰੋਲਣ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣ ਦਾ ਅਹਿਦ ਲਿਆ ਜਾਵੇਗਾ। ਥੋੜ੍ਹੇ ਸਮੇਂ ਲਈ ਇਹ ਘਿਨਾਉਣੀ ਖੇਡ ਰੋਕ ਦਿੱਤੀ ਜਾਵੇਗੀ। ਸਿਲਸਿਲਾ ਬਰਕਰਾਰ ਚਲਦਾ ਹੀ ਰਹਿੰਦਾ ਹੈ। ਇਹੀ ਤਰਾਸਦੀ ਮੇਰੇ ਦੇਸ਼ ਮਹਾਨ ਦੀ ਹੈ। ਮੈਂ ਇਹ ਵੀ ਨਹੀਂ ਕਹਿੰਦਾ ਕਿ ਸਾਰੇ ਭਾਰਤੀ ਲੋਕ ਇਸ ਤਰ੍ਹਾਂ ਦੇ ਹਨ। ਥੋੜ੍ਹੇ ਬਹੁਤਿਆਂ ਨੂੰ ਛੱਡ ਕੇ ਬਾਕੀ ਇਸ ਪਵਿੱਤਰ ਤਿਉਹਾਰ ਦੀ ਬਹੁਤ ਹੀ ਪੂਜਾ ਕਰਕੇ ਬੜੀ ਸ਼ਰਧਾ ਨਾਲ ਮਨਾਉਂਦੇ ਹਨ।

ਮੈਂ ਇਸ ਲਈ ਵੀ ਬੇਚੈਨ ਹਾਂ ਕਿ ਸਾਡਾ ਇਹ ਪਵਿੱਤਰ ਤਿਉਹਾਰ ਖ਼ੂਨ ਦਾ ਨਾ ਹੋ ਕੇ ਲੋਕਾਚਾਰੀ ਬਣਦਾ ਜਾ ਰਿਹਾ ਹੈ, ਜਿਸ 'ਚ ਔਰਤ ਦਾ ਜ਼ਿਆਦਾ ਹੱਥ ਜਾਪ ਰਿਹਾ ਹੈ।'

ਮੈਂ ਆਪਣੀਆਂ ਸਤਿਕਾਰਯੋਗ ਭੈਣਾਂ, ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ, 'ਮੋਹ ਪਿਆਰ ਦੇ ਰਿਸ਼ਤੇ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਰਹੋ ਤੇ ਤਿੜਕਣ ਤੋਂ ਬਚਾਉਣ ਦਾ ਯਤਨ ਕਰੋ। ਸਾਨੂੰ ਸਾਰਿਆਂ ਨੂੰ ਹੇਠਲੇ ਸ਼ਬਦਾਂ ਤੋਂ ਨਜਾਤ ਮਿਲਣੀ ਚਾਹੀਦੀ ਹੈ।'

ਆਪਣੇ ਵੀਰ ਦੇ ਗੁੱਟ 'ਤੇ ਰੱਖੜੀ ਵਾਲਾ ਧਾਗਾ ਪਵਿੱਤਰ ਤੇ ਪਤੀ ਦੇ ਗੁੱਟ 'ਤੇ ਉਸ ਦੀ ਭੈਣ ਵਾਲਾ ਧਾਗਾ....।

— ਗੁਰਮੀਤ ਸਿੰਘ ਸਿੱਧੂ

## ਸਫ਼ਾ 3 ਦੀ ਬਾਕੀ — ਔਰਤ ਸ਼ਕਤੀ ਅਤੇ ਨਾਬਰੀ ਦਾ ਪ੍ਰਤੀਕ...

ਮੈਂ ਬਾਗੀ ਹੂੰ, ਮੈਂ ਬਾਗੀ ਹੂੰ
ਤੁਮ ਚਾਹੇ ਮੁਝ ਪਰ ਜ਼ੁਲਮ ਕਰੋ
ਮੇਰੇ ਹਾਥੋਂ ਮੇਂ ਹੱਕ ਕਾ ਝੰਡਾ ਹੈ
ਮੇਰੇ ਸਾਮਨੇ ਜ਼ੁਲਮ ਕਾ ਫੰਦਾ ਹੈ
ਮੈਂ ਮਰਨੇ ਸੇ ਕਬ ਡਰਤੀ ਹੂੰ
ਮੈਂ ਬਾਗੀ ਹੂੰ ਮੈਂ ਬਾਗੀ ਹੂੰ

ਹਕੂਮਤੀ ਕੂੜ-ਪ੍ਰਚਾਰ ਦੀ ਗਰਦੋ-ਗੁਬਾਰ ਵਿਚ ਦਿੱਲੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਉੱਠੀਆਂ ਲਹਿਰਾਂ ਨੂੰ ਭਸਮ ਕਰਨ ਦੇ ਇਰਾਦੇ ਸ਼ਾਹੀਨ ਬਾਗ ਵਰਗੀਆਂ ਧਰਤੀ ਦੀਆਂ ਕਰਵਟਾਂ ਨੇ ਧੂੜ ਵਿੱਚ ਮਿਲਾ ਦਿੱਤੇ।

ਤੁਮ ਲਗਾਓ ਹੱਥਕੜੀ
ਤੁਮ ਚਲਾਓ ਲਾਠੀਆਂ
ਅਬ ਮਨਾਓ ਖੈਰ ਤੁਮ
ਨਿਕਲ ਪੜੀ ਹੈਂ ਬੇਟੀਆਂ

ਭਾਸ਼ਾ ਸਿੰਘ ਦੀ ਪੁਸਤਕ, ਖੋਜਕਾਰਾਂ ਲਈ ਨਜ਼ਰਾਨਾ ਅਤੇ ਨਜ਼ਰੀਆ ਹੈ ਕਿਸੇ ਵੀ ਸੰਘਰਸ਼, ਮੋਰਚੇ ਦਾ ਨਿਰੀਖਣ, ਖੋਜ ਕਰਨ ਦਾ।

ਉਸ ਨੇ ਧਰਤੀ ਦੀ ਹਰ ਆਹਟ ਕੰਨ ਲਗਾ ਕੇ ਜਾਨਣ-ਸਮਝਣ ਲਈ ਅਥਾਹ ਮਿਹਨਤ ਕੀਤੀ ਹੈ।

ਨਾਗਰਿਕਤਾ ਦਾ ਪ੍ਰਮਾਣ-ਪੱਤਰ ਮੰਗਦੀ ਸੰਗ-ਸ਼ਰਮ ਉਤਾਰੀ ਫਿਰਦੀ ਸਥਾਪਤੀ ਨੂੰ ਔਰਤਾਂ ਦੀ ਪਹਿਲ-ਕਦਮੀ ਭਰੀ ਸਰਗਰਮੀ ਨੇ ਭੁਚਾਲ ਝਟਕੇ ਦਿੱਤੇ। ਇਸ ਪੁਸਤਕ 'ਤੇ ਪੜਚੋਲਵੀਂ ਨਜ਼ਰ ਮਾਰਦੇ ਹੋਏ ਸ਼ਾਹੀਨ ਬਾਗ ਮੋਰਚੇ ਵਿੱਚੀਂ ਗੁਜ਼ਰਦਿਆਂ ਉਸ ਪਿੱਛੋਂ ਦਿੱਲੀ ਵਿਚ ਯੋਜਨਾਬੱਧ ਢੰਗ ਨਾਲ ਮੁਸਲਮਾਨ ਭਾਈਚਾਰੇ 'ਤੇ ਹੱਲਾ ਬੋਲਣ, ਕੌਮਾਂਤਰੀ ਪੱਧਰ ਦੀਆਂ ਪਹਿਲਵਾਨ ਖਿਡਾਰਨਾਂ ਦੀ ਆਬਰੂ ਨਾਲ ਖਿਲਵਾੜ ਮੌਕੇ ਦੀ ਸਰਗਰਮੀ, ਮਨੀਪੁਰ-ਹਰਿਆਣਾ ਦੀਆਂ ਤਾਜ਼ਾ ਘਟਨਾਵਾਂ ਮੌਕੇ ਸੋਚਣ-ਵਿਚਾਰਨ ਦੀ ਝਾਤ ਪੈਂਦੀ ਹੈ। ਇਸ ਸੰਦਰਭ ਵਿੱਚ ਪੁਸਤਕ ਦੀ ਸਾਰਥਿਕਤਾ ਅਤੇ ਮਹੱਤਤਾ ਹੋਰ ਵੀ ਮੁੱਲਵਾਨ ਹੈ।

"ਹਮ ਕਾਗਜ ਨਹੀਂ ਦਿਖਾਏਂਗੇ" ਦਾ ਨਾਅਰਾ ਜੋ ਲੋਕ ਗੀਤ ਵਰਗਾ ਸਥਾਨ ਹਾਸਲ ਕਰ ਗਿਆ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਕਲਮ, ਕਲਾ, ਲੋਕ-ਸ਼ਕਤੀ ਅਤੇ ਲੋਕ-ਸੰਗਰਾਮ ਦੀ ਗਲਵੱਕੜੀ ਅਮੁੱਲੇ ਨਤੀਜੇ ਸਮਾਜ ਦੀ ਝੋਲੀ ਪਾਉਂਦੀ ਹੈ।

ਲੇਖਕ ਸੰਬੰਧੀ

ਪੁਸਤਕ ਦੀ ਲੇਖਿਕਾ ਭਾਸ਼ਾ ਸਿੰਘ ਮੰਨੀ-ਪ੍ਰਮੰਨੀ ਲੋਕ-ਸਰੋਕਾਰਾਂ ਨੂੰ ਪ੍ਰਨਾਈ ਪੱਤਰਕਾਰ, ਦਸਤਾਵੇਜ਼ੀ ਫਿਲਮਸਾਜ਼ ਅਤੇ ਪ੍ਰਪੱਕ ਸੱਭਿਆਚਾਰਕ ਕਾਮਾ ਹੈ। ਸਿਰਾਂ 'ਤੇ ਮੈਲਾ ਢੋਹਣ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਮੌਲਿਕ ਰਚਨਾ 'ਆਦਰਸ਼ ਭਾਰਤ' ਛਪਣ 'ਤੇ ਉਸ ਨੂੰ ਸਰਵੋਤਮ ਸਨਮਾਨ ਮਿਲੇ। 'ਉੱਤਰੀ ਭਾਰਤ ਵਿੱਚ ਖੇਤੀ ਸੰਕਟ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ' ਸੰਬੰਧੀ ਖੋਜ ਕਾਰਜ ਲਈ ਵੀ ਕੌਮੀ ਸਨਮਾਨ ਉਸ ਦੀ ਝੋਲੀ ਪਏ। ਕੋਰੋਨਾ ਦੀ ਆੜ ਹੇਠ ਲੋਕਾਂ ਦੇ ਸਿਰਾਂ 'ਤੇ ਲੱਦੇ ਚੌਤਰਫੇ ਸੰਕਟਾਂ ਮੌਕੇ, ਦਿੱਲੀ ਕਿਸਾਨ ਮੋਰਚਾ, ਪਹਿਲਵਾਨ ਖਿਡਾਰਨਾਂ, ਮਨੀਪੁਰ ਅਤੇ ਹਰਿਆਣਾ ਦੀਆਂ ਤਾਜ਼ਾ ਘਟਨਾਵਾਂ ਮੌਕੇ ਭਾਸ਼ਾ ਸਿੰਘ ਦੀ ਪੱਤਰਕਾਰਤਾ ਨੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ।

## ਸਫ਼ਾ 1 ਦੀ ਬਾਕੀ — ਜਾਤੀ ਚੇਤਨਾ ਦੁਆਰਾ ਜਾਤ ਨੂੰ ਤੋੜਿਆ...

ਫਿਰ ਇਹ ਦਲਿਤ ਪੈਂਥਰਜ ਦੌਰਾਨ ਮੁੜ ਸੁਰਜੀਤ ਹੋਇਆ, ਜਦੋਂ ਅੰਬੇਡਕਰਵਾਦ ਬੁੱਧ ਧਰਮ ਬਣ ਗਿਆ, ਜਿਸ ਨੇ ਸੰਘਰਸ਼ ਦੇ ਨਾਇਕਾਂ ਨੂੰ ਮਾਰਕਸਵਾਦੀ ਕਹਿ ਕੇ ਨਿੰਦਿਆ। ਇਸ ਨੇ ਦਲਿਤ ਪੈਂਥਰਾਂ ਨੂੰ ਵੰਡ ਦਿੱਤਾ। ਬਹਿਸ ਖ਼ਤਮ ਹੋ ਗਈ, ਪਰ ਮਾਰਕਸਵਾਦ ਕਿਸੇ ਵੀ ਪਾਰਟੀ, ਇੱਥੋਂ ਤੱਕ ਕਿ ਭਾਜਪਾ ਵਿਚ ਵੀ ਮੌਕਾਪ੍ਰਸਤੀ ਨਾਲ ਸ਼ਾਮਲ ਹੋ ਜਾਣ ਦਾ ਡਰਨਾ/ਹਊਆ ਬਣ ਗਿਆ।

**? ਕਮਿਊਨਿਸਟਾਂ ਨੇ ਜਾਤੀ ਦੇ ਮਹੱਤਵ ਨੂੰ ਸਮਝਣ ਵਿਚ ਦੇਰ ਕਰ ਦਿੱਤੀ। ਤੁਸੀਂ ਉਨ੍ਹਾਂ ਨੂੰ ਕਿਸ ਹੱਦ ਤੱਕ ਆਪਣਾ ਰਸਤਾ ਸਹੀ ਕਰਦੇ ਹੋਏ ਦੇਖਦੇ ਹੋ।**

-ਜਾਤੀ ਨੂੰ ਨਜ਼ਰਅੰਦਾਜ਼ ਕਰਨਾ ਕਮਿਊਨਿਸਟਾਂ ਦੀ ਸਭ ਤੋਂ ਵੱਡੀ ਗ਼ਲਤੀ ਰਹੀ ਹੈ, ਜਾਤੀ-ਵਿਰੋਧੀ ਸੰਘਰਸ਼ ਦੇ ਪ੍ਰਸੰਗ 'ਚ ਨਹੀਂ, ਸਗੋਂ ਉਨ੍ਹਾਂ ਦੇ ਆਪਣੇ ਜਮਾਤੀ ਸੰਘਰਸ਼ ਦੇ ਪ੍ਰਸੰਗ 'ਚ। ਜਾਤੀ ਦੀ ਹਕੀਕਤ ਨੂੰ ਛੱਡ ਕੇ ਜਮਾਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਲਈ ਜਮਾਤ ਦੀ ਇਕ ਵਿਆਪਕ ਵਿਆਖਿਆ ਹੋਣੀ ਚਾਹੀਦੀ ਹੈ। ਜਮਾਤੀ ਸੰਘਰਸ਼ ਵਿਚ ਜਾਤ-ਪਾਤ ਦਾ ਜਬਰ-ਜ਼ੁਲਮ ਸ਼ਾਮਲ ਹੈ। ਮੇਰੀ ਇਹ ਚੰਗੀ ਤਰ੍ਹਾਂ ਸੋਚੀ-ਵਿਚਾਰੀ ਰਾਇ ਹੈ ਕਿ ਜੇਕਰ ਉਨ੍ਹਾਂ ਨੇ ਜਾਤੀਆਂ ਨੂੰ ਸ਼ਾਮਲ ਕਰਕੇ ਜਮਾਤਾਂ ਦੀ ਧਾਰਨਾ ਬਣਾਈ ਹੁੰਦੀ ਅਤੇ ਆਪਣੇ ਜਮਾਤੀ ਸੰਘਰਸ਼ ਦੀ ਰਣਨੀਤੀ ਬਣਾਈ ਹੁੰਦੀ ਤਾਂ ਉਹ ਇਸ ਦੁਖਦਾਈ ਹਾਲਤ 'ਚ ਨਾ ਪਹੁੰਚਦੇ।

ਇਸ ਨੂੰ ਅੱਜ ਵੀ ਅਜ਼ਮਾਇਆ ਜਾ ਸਕਦਾ ਹੈ, ਹਾਲਾਂਕਿ ਇਹ ਅੱਜ ਇਕ ਸਦੀ ਪਹਿਲਾਂ ਨਾਲੋਂ ਜਦੋਂ ਦਲਿਤ ਅਤੇ ਕਮਿਊਨਿਸਟ ਦੋਹਾਂ ਲਹਿਰਾਂ ਦਾ ਜਨਮ ਹੋਇਆ ਸੀ-ਇਕ ਲੱਖ ਗੁਣਾ ਜ਼ਿਆਦਾ ਮੁਸ਼ਕਲ ਹੋ ਸਕਦਾ ਹੈ।

**? ਅੰਬੇਡਕਰ ਨੂੰ ਹੜੱਪਣ ਦੀਆਂ ਹਿੰਦੂ ਰਾਸ਼ਟਰਵਾਦੀ ਕੋਸ਼ਿਸ਼ਾਂ ਨੂੰ ਕਿਵੇਂ ਨਾਕਾਮ ਕੀਤਾ ਜਾ ਸਕਦਾ ਹੈ? ਹਿੰਦੂ ਧਰਮ ਬੁੱਧ ਧਰਮ ਨੂੰ ਵੀ ਆਪਣੇ 'ਚ ਜਜ਼ਬ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦਾ ਅੰਬੇਡਕਰਵਾਦੀਆਂ 'ਤੇ ਕੀ ਅਸਰ ਪੈਂਦਾ ਹੈ।**

-ਹਿੰਦੂਤਵ ਦਾ ਅੰਬੇਡਕਰ ਨੂੰ ਅਪਣਾਉਣਾ ਉਨ੍ਹਾਂ ਦੀ ਚੋਣ ਖੇਡ ਲਈ ਇਕ ਰਣਨੀਤਕ ਚਾਲ ਹੈ। ਅੰਬੇਡਕਰ ਅਤੇ ਹਿੰਦੂਤਵ ਇਕ-ਦੂਜੇ ਦੇ ਵਿਰੋਧੀ ਹਨ।

1980 ਦੇ ਦਹਾਕੇ ਦੇ ਮੁੱਢ ਵਿਚ ਦੇਵਰਸ (ਸੰਘ ਦੇ ਪ੍ਰਮੁੱਖ ਆਗੂ) ਵੱਲੋਂ ਆਰ.ਐੱਸ.ਐੱਸ. 'ਚ ਕੀਤੇ ਰਣਨੀਤਕ ਸੁਧਾਰ ਤੱਕ ਹਿੰਦੂਤਵ ਤਾਕਤਾਂ ਅੰਬੇਡਕਰ ਨੂੰ ਨਫ਼ਰਤ ਕਰਦੀਆਂ ਸਨ। ਉਹ ਇਸ ਵਿਚ ਕਦੇ ਵੀ ਕਾਮਯਾਬ ਨਾ ਹੁੰਦੇ ਜੇਕਰ ਅਖੌਤੀ ਅੰਬੇਡਕਰਵਾਦੀਆਂ ਨੇ ਉਸ ਨੂੰ ਇਕ ਬੇਹਰਕਤ ਪ੍ਰਤੀਕ ਵਿਚ ਨਾ ਬਦਲਿਆ ਹੁੰਦਾ।

2024 ਦੀਆਂ ਆਮ ਚੋਣਾਂ ਇਸ ਮੇਲਜੋਲ ਦੇ ਅੰਤ ਦਾ ਪ੍ਰਤੀਕ ਹੋ ਸਕਦੀਆਂ ਹਨ, ਕਿਉਂਕਿ ਉਸ ਤੋਂ ਬਾਇਦ ਹਿੰਦੂਤਵ ਤਾਕਤਾਂ ਨੂੰ ਅੰਬੇਡਕਰ ਨੂੰ ਵਰਤਣ ਦੀ ਕੋਈ ਲੋੜ ਨਹੀਂ ਰਹਿ ਜਾਵੇਗੀ।

? ਪੇਰੀਆਰ ਉੱਪਰ ਕਬਜ਼ਾ ਜਮਾਉਣਾ ਹਿੰਦੂ ਰਾਸ਼ਟਰਵਾਦੀਆਂ ਲਈ ਵਧੇਰੇ ਔਖਾ ਕੰਮ ਹੋ ਸਕਦਾ ਹੈ, ਪਰ ਕੀ ਦਲਿਤ ਰਾਜਨੀਤੀ ਪੇਰੀਆਰ ਦੀ ਵਰਤੋਂ ਤਾਮਿਲਨਾਡੂ ਜਾਂ ਦੱਖਣ ਤੋਂ ਪਾਰ ਕਰ ਸਕਦੀ ਹੈ।

-ਪੇਰੀਆਰ ਏਨਾ ਤਿੱਖਾ ਬ੍ਰਾਹਮਣਵਾਦ ਵਿਰੋਧੀ ਪ੍ਰਤੀਕ ਹੈ ਕਿ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਉਸ ਦੀ ਦੁਰਵਰਤੋਂ ਨਹੀਂ ਕੀਤੀ ਜਾ ਸਕਦੀ। ਪਰ ਜਿੱਥੋਂ ਤੱਕ ਹਿੰਦੂਆਂ, ਹਿੰਦੂਵਾਦ ਅਤੇ ਹਿੰਦੂਤਵ ਬਾਰੇ ਉਨ੍ਹਾਂ ਦੇ ਵਿਚਾਰਾਂ ਦਾ ਸੰਬੰਧ ਹੈ, ਅੰਬੇਡਕਰ ਵੀ ਅਜਿਹੇ ਹੀ ਸਨ।

ਜਿਵੇਂ ਕਿ ਮੈਂ ਕਿਹਾ, ਇਹ ਉਨ੍ਹਾਂ ਦੇ ਆਪੇ ਬਣੇ ਪੈਰੋਕਾਰ ਹਨ, ਜਿਨ੍ਹਾਂ ਨੇ ਧਾਂਦਲੀ ਵਿਚ ਉਨ੍ਹਾਂ (ਸੰਘੀਆਂ) ਦੀ ਮਦਦ ਕੀਤੀ। ਹਾਲਾਂਕਿ ਮੈਨੂੰ ਨਹੀਂ ਲੱਗਦਾ ਕਿ ਇਹ ਨਾਇਕ-ਕੇਂਦਰਿਤ ਨਜ਼ਰੀਆ ਹੁਣ ਵਿਰੋਧ ਲਹਿਰਾਂ ਦੀ ਉਸਾਰੀ ਵਿਚ ਕੰਮ ਆਵੇਗਾ।

ਇਕ ਨਵੀਂ ਆਤਮਸਾਤ ਕੀਤੀ ਜਮਾਤੀ ਰਾਜਨੀਤੀ ਭਵਿੱਖ ਦੀ ਜ਼ਰੂਰਤ ਹੈ।

? ਕੀ ਜਾਤ ਦੀਆਂ ਰੁਕਾਵਟਾਂ ਕਦੇ ਖ਼ਤਮ ਹੋ ਸਕਦੀਆਂ ਹਨ? ਜੇ ਨਹੀਂ, ਤਾਂ ਸਰਕਾਰਾਂ ਅਤੇ ਸਿਵਲ ਸੁਸਾਇਟੀ ਨੂੰ ਉਨ੍ਹਾਂ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ।

-ਇਹ ਸੋਚਣਾ ਸਰਾਸਰ ਮੂਰਖ਼ਤਾ ਹੈ ਕਿ ਜਾਤੀ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਜਾਤ ਵਰਗੀਆਂ ਸੰਸਥਾਵਾਂ ਦੁਨੀਆ ਭਰ ਵਿਚ ਕਈ ਥਾਵਾਂ 'ਤੇ ਮਨੁੱਖੀ ਇਤਿਹਾਸ ਦਾ ਹਿੱਸਾ ਰਹੀਆਂ ਹਨ ਅਤੇ ਉਹ ਅਲੋਪ ਹੋ ਗਈਆਂ ਹਨ।

ਹਾਲਾਂਕਿ ਕਈ ਮਾਇਨਿਆਂ 'ਚ ਭਾਰਤ ਦੀ ਜਾਤੀ ਪ੍ਰਣਾਲੀ ਨੇ ਆਪਣੇ ਇਤਿਹਾਸ ਅਤੇ ਭੂਗੋਲ ਦੇ ਮਾਧਿਅਮ ਜ਼ਰੀਏ ਆਪਣੀ ਵਿਲੱਖਣਤਾ ਹਾਸਲ ਕੀਤੀ ਹੈ ਅਤੇ ਇਹ ਇਕ ਸਵੈ-ਸੰਗਠਿਤ, ਇਕ ਸਵੈ-ਨਿਯਮਬੱਧ ਹੋਣ ਵਾਲੀ ਪ੍ਰਣਾਲੀ ਬਣ ਗਈ ਹੈ, ਪਰ ਇਸ ਨੂੰ ਤੋੜਨਾ ਅਸੰਭਵ ਨਹੀਂ ਹੈ।

ਹਾਲਾਂਕਿ ਇਸ ਦੀ ਵਿਰੋਧੀ ਸ਼ਕਤੀ ਦੀ ਉਸਾਰੀ ਇਸ ਦੇ ਆਪਣੇ ਵਸੀਲਿਆਂ ਯਾਨੀ ਧਰਮ, ਸੱਭਿਆਚਾਰ ਆਦਿ ਦੀ ਵਰਤੋਂ ਕਰਕੇ ਨਹੀਂ ਕੀਤੀ ਜਾ ਸਕਦੀ, ਸਗੋਂ ਆਧੁਨਿਕਤਾ ਦੇ ਵਸੀਲਿਆਂ ਦੀ ਵਰਤੋਂ ਕਰਕੇ ਹੀ ਕੀਤੀ ਜਾ ਸਕਦੀ ਹੈ।

? ਭਵਿੱਖ ਲਈ ਤੁਹਾਡੀ ਉਮੀਦ ਕੀ ਹੈ।

-ਤਰਕਸੰਗਤ ਰੂਪ 'ਚ ਕਹੀਏ ਤਾਂ ਜਿਸ ਤਰ੍ਹਾਂ ਨਾਲ ਚੀਜ਼ਾਂ ਚੱਲ ਰਹੀਆਂ ਹਨ, ਉਸ ਨੂੰ ਦੇਖਦੇ ਹੋਏ ਮੈਨੂੰ ਇਸ ਮੁਲਕ ਦੇ ਲਈ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

ਕਈ ਲੋਕਾਂ ਨੂੰ ਇਸ ਦੀ ਜਾਣਕਾਰੀ ਨਹੀਂ ਹੈ ਕਿ ਫਾਸ਼ੀਵਾਦੀ ਤਰੀਕਿਆਂ ਦੀ ਵਰਤੋਂ ਕਰਕੇ ਭਾਰਤ ਨੂੰ ਪਹਿਲਾਂ ਹੀ ਬ੍ਰਾਹਮਣਵਾਦ ਦੇ ਮੱਧਯੁੱਗ ਤੋਂ ਪਹਿਲੇ ਯੁੱਗ ਦੇ ਹਾਲਾਤ 'ਚ ਧੱਕ ਦਿੱਤਾ ਗਿਆ ਹੈ।

ਇਸ ਤੱਥ ਨੂੰ ਦੇਖਦੇ ਹੋਏ ਕਿ ਫਾਸ਼ੀਵਾਦ ਦੀ ਹਾਰ ਸਿਰਫ਼ ਆਲਮੀ ਯੁੱਧ ਦੇ ਹਾਲਾਤ 'ਚ ਹੋਈ ਸੀ ਅਤੇ ਮੌਜੂਦਾ ਨਵਉਦਾਰਵਾਦੀ ਭੂ-ਰਾਜਨੀਤੀ ਨੂੰ ਦੇਖਦੇ ਹੋਏ, ਭਾਰਤ ਦੇ ਆਪਣੇ ਪ੍ਰਾਚੀਨ ਸਵੈ ਨੂੰ ਮੁੜ ਪ੍ਰਾਪਤ ਕਰਨ ਦਾ ਕੰਮ ਔਖਾ ਜਾਪਦਾ ਹੈ, ਪਰ ਮੇਰਾ ਪੱਕਾ ਵਿਸ਼ਵਾਸ ਹੈ ਕਿ ਹਮੇਸ਼ਾ ਹੀ ਕਿਸੇ ਵੀ ਸਮੱਸਿਆ ਦਾ ਇਕ ਹੱਲ ਹੁੰਦਾ ਹੈ ਤੇ ਜੇਕਰ ਅਸੀਂ ਆਪਣੀ ਰਾਜਨੀਤੀ ਨੂੰ ਲੋਕਾਂ ਦੀ ਮੁਕਤੀ 'ਤੇ ਕੇਂਦਰਿਤ ਕਰਦੇ ਹਾਂ, ਅਤੇ ਹਾਕਮ ਜਮਾਤਾਂ ਦੀਆਂ ਖੇਡਾਂ ਖੇਡਣ ਦੇ ਲਾਲਚ ਤੋਂ ਦੂਰ ਰਹਿੰਦੇ ਹਾਂ ਤਾਂ ਸਿਰਫ਼ ਭਾਰਤ ਹੀ ਨਹੀਂ, ਸਗੋਂ ਪੂਰੀ ਦੁਨੀਆ ਨੂੰ ਮਨੁੱਖਤਾ ਦੇ ਹਿੱਤ 'ਚ ਮੁਕਤੀ ਦਿਵਾਉਣਾ ਸੰਭਵ ਹੈ। ਮੌਜੂਦਾ ਗੰਦਗੀ ਸਾਡੀ ਹੀ ਬਣਾਈ ਹੋਈ ਹੈ ਅਤੇ ਸਾਨੂੰ ਹੀ ਇਸ ਨੂੰ ਸਾਫ ਕਰਨਾ ਪਵੇਗਾ।

(ਆਉਟਲੁੱਕ ਦੇ ਧੰਨਵਾਦ ਸਹਿਤ)

## ਸਫ਼ਾ 1 ਦੀ ਬਾਕੀ — ਮਾਰਕਸਵਾਦ ਸਦਾ ਰਾਹ-ਦਸੇਰਾ...

ਅਤੇ ਬਾਹਰੋਂ ਦਬਾਅ ਪਾ ਕੇ ਉਹਨਾਂ ਨੂੰ ਮਜਬੂਰ ਕਰਦੀ ਹੈ, ਇਕ ਰਾਜਨੀਤਕ ਅੰਦੋਲਨ ਹੈ। ਮਿਸਾਲ ਵਜੋਂ ਕਿਸੇ ਖਾਸ ਫੈਕਟਰੀ ਜਾਂ ਇੱਥੋਂ ਤੱਕ ਕਿ ਕਿਸੇ ਖਾਸ ਕਿੱਤੇ ਵਿੱਚ ਹੜਤਾਲਾਂ ਆਦਿ ਰਾਹੀਂ ਇਕੱਲੇ-ਇਕੱਲੇ ਪੂੰਜੀਪਤੀ ਨੂੰ ਕੰਮ ਦਿਹਾੜੀ ਘੱਟ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਾ ਨਿਰੋਲ ਇਕ ਆਰਥਕ ਅੰਦੋਲਨ ਹੈ। ਦੂਜੇ ਪਾਸੇ, 8 ਘੰਟੇ ਆਦਿ ਦੇ ਇਕ ਕਾਨੂੰਨ ਦੇ ਜ਼ਰੀਏ ਮਜਬੂਰ ਕਰਨ ਲਈ ਅੰਦੋਲਨ ਇਕ ਰਾਜਨੀਤਕ ਅੰਦੋਲਨ ਹੈ। ਅਤੇ ਇਸ ਤਰੀਕੇ ਨਾਲ ਕਿਰਤੀਆਂ ਦੇ ਅਲੱਗ-ਅਲੱਗ ਆਰਥਕ ਅੰਦੋਲਨਾਂ ਵਿੱਚੋਂ ਹਰ ਥਾਂ ਇਕ ਰਾਜਨੀਤਕ ਅੰਦੋਲਨ ਵਿਕਸਦਾ ਹੈ, ਕਹਿਣ ਦਾ ਮਤਲਬ ਹੈ, ਇਕ ਜਮਾਤੀ ਅੰਦੋਲਨ ਜਿਸ ਦਾ ਟੀਚਾ ਆਪਣੇ ਹਿੱਤਾਂ ਨੂੰ, ਇਕ ਆਮ ਰੂਪ ਵਿਚ ਇਕ ਅਜਿਹੇ ਰੂਪ ਵਿਚ ਜਿਸ ਵਿਚ ਆਮ, ਸਮਾਜਕ ਤੌਰ 'ਤੇ ਦਬਾਓ ਸ਼ਕਤੀ ਹੁੰਦੀ ਹੈ, ਅਮਲ ਵਿਚ ਲਿਆਉਣਾ ਹੁੰਦਾ ਹੈ।

ਹਾਲਾਂਕਿ ਇਨ੍ਹਾਂ ਅੰਦੋਲਨਾਂ ਲਈ ਇਕ ਖਾਸ ਦਰਜੇ ਤੱਕ ਪਹਿਲਾਂ ਹੀ ਬਣੀ ਹੋਈ ਜੱਥੇਬੰਦੀ ਮੁੱਢਲੀ ਸ਼ਰਤ ਹੁੰਦੀ ਹੈ, ਮੋੜਵੇਂ ਤੌਰ 'ਤੇ ਉਹ ਇਸ ਜਥੇਬੰਦੀ ਨੂੰ ਵਿਕਸਤ ਕਰਨ ਲਈ ਐਨ ਬਰਾਬਰ ਦਾ ਹੀ ਇਕ ਸਾਧਨ ਹਨ।"

ਜਮਾਤੀ ਘੋਲ ਦੇ ਅਰੰਭ ਲਈ ਆਰਥਕ ਘੋਲਾਂ 'ਚੋਂ ਉਭਰੀ ਮੁੱਢਲੀ ਜਥੇਬੰਦਕ ਹੋਂਦ ਅਤੇ ਮੋੜਵੇਂ ਰੂਪ ਵਿਚ ਜਥੇਬੰਦੀ ਦੇ ਵਿਕਾਸ ਦਾ 'ਐਨ ਬਰਾਬਰ ਦਾ ਇਕ ਸਾਧਨ', ਇਹ ਹੈ ਜਮਾਤੀ-ਘੋਲ ਦਾ 'ਇਨਕਲਾਬੀ-ਵਿਰੋਧਵਿਕਾਸ'।.....

## ਸਫ਼ਾ 2 ਦੀ ਬਾਕੀ — ਜੰਗਲ ਸੋਧ ਕਾਨੂੰਨ ਵਾਤਾਵਰਣ ਦਾ ਘਾਣ...

ਮਹੱਤਤਾ ਦਾ ਸਬਕ ਵੀ ਪੜ੍ਹਾਇਆ। ਲੱਗਦਾ ਨਹੀਂ; ਅਸੀਂ-ਤੁਸੀਂ ਗ੍ਰਹਿਣ ਕੀਤਾ ਹੋਵੇ, ਹਾਕਮਾਂ ਤਾਂ ਬਿਲਕੁਲ ਹੀ ਨਹੀਂ। ਇੱਕ ਸਿਲੰਡਰ ਵਿੱਚ 9 ਕਿਲੋ ਆਕਸੀਜਨ ਹੁੰਦੀ ਹੈ। ਮਨੁੱਖੀ ਸਰੀਰ ਨੂੰ ਰੋਜ਼ਾਨਾ ਤਿੰਨ ਸਿਲੰਡਰਾਂ ਜਿੰਨੀ ਆਕਸੀਜਨ ਦੀ ਲੋੜ ਪੈਂਦੀ ਹੈ। ਪਤਾ; ਇੱਕ ਸਿਲੰਡਰ ਆਕਸੀਜਨ ਦੀ ਕੀਮਤ 700 ਰੁਪਏ ਹੈ, ਜੋੜ ਬਣਿਆ 2100 ਰੁਪਏ ਰੋਜ਼ ਦਾ। ਭਲਾ! 65 ਸਾਲ ਦੀ ਮਨੁੱਖੀ ਔਸਤਨ ਉਮਰ ਤੱਕ ਲੋੜੀਂਦੀ ਆਕਸੀਜਨ ਦਾ ਕਿੰਨਾ ਮੁੱਲ ਬਣਿਆ? ਮੈਂ ਨਹੀਂ, ਗੁਣਾ-ਜੋੜ ਤੁਸੀਂ ਲਾਵੋਂਗੇ। ਕੀ ਰੁੱਖਾਂ ਨੇ ਕਦੇ ਮੰਗੀ ਹੈ ਇਹ ਕੀਮਤ। ਹੋਰ ਦੱਸਾਂ; ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿੱਚ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮਾਨਸੂਨੀ ਹੜ੍ਹਾਂ ਕਾਰਨ ਇਹ ਖੋਰ ਹੋਰ ਵੀ ਵਧ ਜਾਂਦੀ ਹੈ ਅਤੇ ਮਿੱਟੀ ਦੇ ਉਪਜਾਊ ਤੱਤ ਘੁਲ ਕੇ ਰੋੜ੍ਹ ਦਾ ਹਿੱਸਾ ਬਣ ਜਾਂਦੇ ਹਨ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ ਨੂੰ ਖੁਰਨੋਂ ਅਤੇ ਪਹਾੜ ਢਹਿ-ਢੇਰੀ ਹੋਣ ਤੋਂ ਬਚਾਅ ਸਕਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਅਜੋਕੇ ਜਲ-ਸਲਾਬ ਅਤੇ ਪਹਾੜਾਂ ਦਾ ਢਹਿ-ਢੇਰੀ ਹੋਣਾ ਅਸਲ ਵਿਚ ਮਨੁੱਖ ਦੇ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ।

ਦਰੱਖਤਾਂ ਦਾ ਰਕਬਾ ਘਟਣਾ ਵਾਤਾਵਰਣ ਲਈ ਬੜਾ ਘਾਤਕ ਹੈ। ਇਸ ਨਾਲ ਆਲਮੀ ਤਪਸ਼ ਹੋਰ ਵਧੇਗੀ, ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਉਪਰੰਤ ਨਦੀਆਂ ਵਿੱਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿੱਚ ਇਹ ਸੁੱਕਣ ਲੱਗਣਗੀਆਂ। ਜੰਗਲਾਂ ਵਿੱਚੋਂ ਨਿਕਲਦੀਆਂ ਨਦੀਆਂ ਵੀ ਸਦਾ-ਬਹਾਰ ਨਹੀਂ ਰਹਿਣਗੀਆਂ। ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਪ੍ਰਭਾਵਤ ਹੋਵੇਗੀ ਅਤੇ ਮਨੁੱਖ ਦਾ ਸਰੀਰਕ ਆਕਾਰ ਵੀ ਛੋਟਾ ਹੋਣ ਲੱਗੇਗਾ। ਸੁਣੋ! ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵਧ ਜਾਂਦੀ ਹੈ। ਚੈਨ ਅਤੇ ਸੁਹੱਪਣ ਅੱਡ, ਜਿਹੜਾ ਪਹਿਲਾਂ ਵਿਦੇਸ਼ੀਆਂ ਨੇ ਖੋਹਿਆ, ਹੁਣ "ਆਪਣੇ" ਖੋਹ ਰਹੇ ਹਨ।

ਬਰਤਾਨਵੀ, ਫਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿਚ ਤਾਂ ਰੇਗਿਸਤਾਨ ਨਹੀਂ ਸਨ ਬਣਨ ਦਿੱਤੇ, ਪਰ ਇਨ੍ਹਾਂ ਏਸ਼ੀਆ, ਅਫਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਉੱਤਰੀ ਅਮਰੀਕਾ ਦੀਆਂ ਨੌਂ-ਆਬਾਦੀਆਂ ਵਿੱਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਹਿਆ। ਕੀਨੀਆ, ਯੂਗਾਂਡਾ ਅਤੇ ਇਥੋਪੀਆ ਵਿਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖਤਰਾ ਪੈਦਾ ਹੋ ਗਿਆ।

ਕਦੇ ਦਜਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਞੇ ਜਾਣ ਵਾਲੇ ਈਰਾਕ ਅਤੇ ਅਸੀਰੀਆ ਜੋ ਮੈਸੋਪੋਟਾਮੀਆਂ ਦੇ ਨਾਂਅ ਨਾਲ ਸਭ ਤੋਂ ਹਰੇ-ਭਰੇ ਪ੍ਰਦੇਸ ਸਨ, ਜੰਗਲਾਂ ਤੇ ਪਾਣੀ ਦੇ ਉਜਾੜੇ ਕਾਰਨ ਮਾਰੂਥਲ ਬਣੇ ਸਨ। ਇਵੇਂ ਹੀ ਅਯਾਸ਼ ਬੇਸਮਝੀ ਨਾਲ ਸਾਡੀਆਂ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿਚ ਖਤਮ ਹੋ ਗਈਆਂ। ਅੱਜ ਰਾਜਸਥਾਨ ਨੂੰ ਦੁਨੀਆ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਕਈ ਰਾਜਾਂ ਅਤੇ ਕਬਾਇਲੀ ਖਿੱਤਿਆਂ ਸਮੇਤ ਇਹ ਸਥਿਤੀ ਹੁਣ ਜੰਗਲ ਰਾਖਵੇਂ ਖਿੱਤਿਆਂ ਵਿੱਚ ਵੀ ਪੈਦਾ ਕੀਤੀ ਜਾ ਰਹੀ ਹੈ।

"ਸ਼ਹਿਨਸ਼ਾਹੀਆਂ" ਨੇ ਅੱਜ ਕਾਰਪੋਰੇਟਸ (ਦੇਸੀ-ਵਿਦੇਸ਼ੀ ਨਵ-ਸਾਮਰਾਜਵਾਦ) ਦਾ ਰੂਪ ਧਾਰਨ ਕਰ ਲਿਆ ਹੈ। ਜਿਹੜਾ ਹਾਕਮ-ਜਮਾਤਾਂ ਦੇ ਕੰਧਾੜੇ ਚੜ੍ਹ ਸਾਡੇ-ਤੁਹਾਡੇ ਬਰੂਹੀਂ ਆ ਬੈਠਾ ਹੈ, ਜਿਸ ਦਾ ਇੱਕ ਕੁਢਰ ਰੂਪ ਹੁਣ ਦੇ ਹਾਕਮਾਂ ਵੱਲੋਂ ਪਾਸ ਕੀਤੇ ਵਣ ਰੱਖਿਆ ਸੋਧ ਬਿੱਲ-2023 ਦੇ ਰੂਪ 'ਚ ਸਾਹਮਣੇ ਆਇਆ ਹੈ। ਹਾਕਮ-ਜਮਾਤਾਂ ਸੱਤਾ ਦੀ ਹਾਬੜ ਅਤੇ ਅਖੌਤੀ ਭੌਤਿਕ ਸਹੂਲਤਾਂ ਦੇ ਮੱਕੜ-ਜਾਲ ਤਹਿਤ ਸਾਵੇਂ ਕੁਦਰਤੀ ਪ੍ਰਬੰਧ 'ਚ ਲਗਾਤਾਰ ਬੇ-ਕਿਰਕ ਦਖਲ-ਅੰਦਾਜ਼ੀ ਕਰ ਰਹੀਆਂ ਹਨ, ਜਿਸ ਦਾ ਦੂਰ-ਪ੍ਰਭਾਵ ਮੌਸਮੀ ਵਿਗਾੜਾਂ ਅਤੇ ਲੋਕ-ਉਪਰਾਮਤਾ ਵਿੱਚ ਵੇਖਿਆ ਜਾ ਸਕਦਾ ਹੈ।

ਮੋਬਾ. 94634-39075

CMYK

3-Sep-Sunday.qxd 9/2/2023 10:29 PM Page 2



## ਅਣਗੌਲੇ ਨਾਇਕ-4

# ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ

ਡਾ. ਗੁਰਦੇਵ ਸਿੰਘ ਸਿੱਧੂ

**ਪੰਜਾਬ ਵਿਧਾਨ ਸਭਾ 'ਚ ਮੈਂਬਰ ਵਜੋਂ ਕਾਰਗੁਜ਼ਾਰੀ**

1946 ਦੀਆਂ ਚੋਣਾਂ ਵਿਚ ਵੋਟ ਦਾ ਹੱਕ ਕੇਵਲ ਉਹਨਾਂ ਲੋਕਾਂ ਨੂੰ ਪ੍ਰਾਪਤ ਸੀ, ਜਿਹੜੇ ਖਾਸ ਹੱਦ ਤੱਕ ਇਨਕਮ ਟੈਕਸ ਜਾਂ ਜ਼ਮੀਨੀ ਮਾਲੀਆ ਦਿੰਦੇ ਸਨ। ਨਿਧਾਨ ਸਿੰਘ ਨੇ ਇਹ ਚੋਣ ਲੜੀ, ਪਰ ਹਾਰ ਗਿਆ। ਦੇਸ਼ ਨੂੰ ਆਜ਼ਾਦੀ ਮਿਲਣ ਪਿੱਛੋਂ 1952 ਵਿਚ ਪਹਿਲੀ ਵਾਰ ਚੋਣਾਂ ਹੋਈਆਂ ਅਤੇ ਸੰਵਿਧਾਨ ਅਨੁਸਾਰ ਹਰ ਬਾਲਗ ਵੋਟ ਪਾਉਣ ਦਾ ਹੱਕਦਾਰ ਸੀ। ਜਨਤਾ ਜਨਾਰਧਨ ਨੇ ਆਪਣੀ ਸ਼ਕਤੀ ਵਿਖਾਈ ਅਤੇ ਵੱਡੀ ਗਿਣਤੀ ਵਿਚ ਲੋਕ-ਪੱਖੀ ਉਮੀਦਵਾਰਾਂ ਨੂੰ ਜੇਤੂ ਬਣਾਇਆ। ਕਮਿਊਨਿਸਟ ਪਾਰਟੀ ਨੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਮਹਿਣਾ ਹਲਕੇ ਤੋਂ ਨਿਧਾਨ ਸਿੰਘ ਨੂੰ ਉਮੀਦਵਾਰ ਬਣਾਇਆ। ਇਕ ਤਾਂ ਇਸ ਹਲਕੇ ਦੇ ਢੁੱਡੀਕੇ, ਚੂਹੜ ਚੱਕ, ਅਜਿੱਤਵਾਲ ਆਦਿ ਵੱਡੇ ਪਿੰਡਾਂ ਵਿਚ ਗਦਰ ਲਹਿਰ ਦੇ ਸਮੇਂ ਤੋਂ ਅਗਾਂਹਵਧੂ ਸੋਚ ਭਾਰੂ ਸੀ, ਦੂਜੇ ਸਾਲ ਕੁ ਭਰ ਪਹਿਲਾਂ ਪਿੰਡ ਮਾਣੂੰਕੇ ਵਿਚ ਹੋਈ ਵਿਸ਼ਾਲ ਕਿਸਾਨ ਕਾਨਫਰੰਸ ਦਾ ਪ੍ਰਭਾਵ ਅਜੇ ਚੱਲ ਰਿਹਾ ਸੀ, ਇਸ ਲਈ ਕਮਿਊਨਿਸਟ ਵਰਕਰਾਂ ਨੇ ਦਿਲ ਜਾਨ ਲਾ ਕੇ ਚੋਣ ਲੜੀ, ਜਿਸ ਕਾਰਨ ਵਸੀਲੇ ਘੱਟ ਹੋਣ ਦੇ ਬਾਵਜੂਦ ਬਾਬਾ ਨਿਧਾਨ ਸਿੰਘ ਨੇ ਜਿੱਤ ਪ੍ਰਾਪਤ ਕੀਤੀ। ਇਹਨਾਂ ਚੋਣਾਂ ਵਿਚ ਬਾਘਾ ਪੁਰਾਣਾ ਹਲਕੇ ਤੋਂ ਵੀ ਕਮਿਊਨਿਸਟ ਉਮੀਦਵਾਰ ਬਾਬਾ ਬਚਨ ਸਿੰਘ ਘੋਲੀਆ ਐੱਮ ਐੱਲ ਏ ਬਣਿਆ।

ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਬਾਬਾ ਨਿਧਾਨ ਸਿੰਘ ਨੇ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ। ਇਸ ਚੋਣ ਵਿਚ ਕਮਿਊਨਿਸਟ ਪਾਰਟੀ ਵੱਲੋਂ ਖੜ੍ਹੇ ਕੀਤੇ 8 ਉਮੀਦਵਾਰ ਚੋਣਾਂ ਜਿੱਤ ਕੇ ਐੱਮ ਐੱਲ ਏ ਬਣੇ ਸਨ। ਵਿਧਾਨ ਸਭਾ ਵਿਚ ਇਹਨਾਂ ਮੈਂਬਰਾਂ ਦੀ ਭਾਗੀਦਾਰੀ ਨੂੰ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਮਾਸਟਰ ਹਰੀ ਸਿੰਘ ਨੂੰ ਇਹਨਾਂ ਦਾ ਸਕੱਤਰ ਬਣਾਇਆ ਗਿਆ। ਖੋਜੀ ਬਿਰਤੀ ਵਾਲੇ ਮਾਸਟਰ ਹਰੀ ਸਿੰਘ ਕੋਲ ਪੰਜਾਬ ਨਾਲ ਸੰਬੰਧਤ ਮਾਮਲਿਆਂ ਬਾਰੇ ਤੱਥ ਆਧਾਰਤ ਜਾਣਕਾਰੀ ਸੀ। ਇਹ ਨਿਰਣਾ ਹੋ ਜਾਣ ਪਿੱਛੋਂ ਕਿ ਵਿਧਾਨ ਸਭਾ ਵਿਚ ਪੇਸ਼ ਹੋਣ ਵਾਲੇ ਮਾਮਲੇ ਬਾਰੇ ਕਿਸ ਮੈਂਬਰ ਨੇ ਬੋਲਣਾ ਹੈ, ਮਾਸਟਰ ਹਰੀ ਸਿੰਘ ਉਸ ਮੈਂਬਰ ਨੂੰ ਸੰਬੰਧਤ ਵਿਸ਼ੇ ਬਾਰੇ ਲੋੜੀਂਦੇ ਤੱਥ ਅਤੇ ਅੰਕੜੇ ਦੇ ਕੇ ਉਸ ਮੈਂਬਰ ਨੂੰ ਬੋਲਣ ਦਾ ਅਭਿਆਸ ਕਰਵਾਉਂਦਾ। ਵਿਧਾਨ ਸਭਾ ਦਾ ਰਿਕਾਰਡ ਦਰਸਾਉਂਦਾ ਹੈ ਕਿ ਵਿਧਾਨ ਸਭਾ ਦੇ ਮੈਂਬਰ ਵਜੋਂ ਬਾਬਾ ਨਿਧਾਨ ਸਿੰਘ ਨੇ ਜਨਤਾ ਵੱਲੋਂ ਉਹਨਾ ਉੱਪਰ ਪ੍ਰਗਟਾਏ ਭਰੋਸੇ ਨੂੰ ਕਾਇਮ ਰੱਖਣ ਵਾਸਤੇ ਜ਼ੋਰਦਾਰ ਢੰਗ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ।

3 ਮਈ 1952 ਨੂੰ ਸ਼ਿਮਲਾ ਵਿਚ ਸਹੁੰ ਚੁੱਕ ਸਮਾਗਮ ਹੋਣ ਦੇ ਨਾਲ ਬਜਟ ਸੈਸ਼ਨ ਸ਼ੁਰੂ ਹੋਇਆ, ਜੋ 7 ਜੁਲਾਈ 1952 ਤੱਕ ਚੱਲਿਆ। ਪਹਿਲੇ ਸੈਸ਼ਨ ਵਿਚ ਹੀ ਬਾਬਾ ਨਿਧਾਨ ਸਿੰਘ ਨੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਸੇਵਾ-ਮੁਕਤੀ, ਉਹਨਾਂ ਦੇ ਤਨਖਾਹ ਸਕੇਲਾਂ, ਪੈਨਸ਼ਨ ਅਤੇ ਮਹਿੰਗਾਈ ਭੱਤੇ ਬਾਰੇ ਸਰਕਾਰ ਤੋਂ ਪ੍ਰਸ਼ਨ ਪੁੱਛਿਆ। ਬਾਬਾ ਨਿਧਾਨ ਸਿੰਘ ਨੇ ਸਦਨ ਵਿਚ ਆਪਣੇ ਹਲਕੇ ਦੇ ਮਸਲੇ ਤਾਂ ਉਠਾਉਣੇ ਹੀ ਸਨ, ਸੂਬੇ ਵਿਚ ਹੋਰ ਕਿਧਰੇ ਵੀ ਕਿਸੇ ਨਾਲ ਹੋਇਆ ਧੱਕਾ ਉਹਨਾ ਦੇ ਧਿਆਨ ਵਿਚ ਆਇਆ ਤਾਂ ਉਹ ਇਸ ਵਿਰੁੱਧ ਆਵਾਜ਼ ਉਠਾਉਣ ਵਿਚ ਪਿੱਛੇ ਨਹੀਂ ਰਹੇ। ਚਾਹੇ ਲੁਧਿਆਣਾ ਪੁਲਸ ਵੱਲੋਂ ਕਾਮਰੇਡ ਮਿਹਰ ਸਿੰਘ ਚੰਨਣਵਾਲ ਨੂੰ ਗ੍ਰਿਫਤਾਰ ਕਰਨ ਦੀ ਘਟਨਾ ਸੀ ਜਾਂ ਜ਼ਿਲ੍ਹਾ ਜਲੰਧਰ ਵਿਚ ਪੁਲਸ ਵੱਲੋਂ ਰੁੜਕਾ ਕਲਾਂ ਦੇ ਪੰਚਾਇਤ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਮਾਮਲਾ, ਉਹਨਾ ਵਿਧਾਨ ਸਭਾ ਵਿਚ ਇਸ ਬਾਰੇ ਪ੍ਰਸ਼ਨ ਪੁੱਛ ਕੇ ਇਹਨਾਂ ਮਾਮਲਿਆਂ ਪ੍ਰਤੀ ਲੋਕਾਂ ਦੀ ਚਿੰਤਾ ਸਰਕਾਰ ਦੇ ਧਿਆਨ ਵਿਚ ਲਿਆਂਦੀ। ਅਗਲੇ ਸਾਲ ਦੇ ਬਜਟ ਸੈਸ਼ਨ ਵਿਚ ਵੀ ਉਹਨਾ ਅਜਿਹੀ ਸਰਗਰਮੀ ਵਿਖਾਈ। ਬਾਬਾ ਨਿਧਾਨ ਸਿੰਘ ਨੂੰ ਗਦਰੀਆਂ ਅਤੇ ਕਿਰਤੀ ਕਿਸਾਨ ਆਗੂਆਂ, ਜੋ ਹੁਣ ਕਮਿਊਨਿਸਟ ਪਾਰਟੀ ਵਿਚ ਸਰਗਰਮ ਸਨ, ਦੀ ਦੇਸ਼ ਦੀ ਆਜ਼ਾਦੀ ਵਾਸਤੇ ਘਾਲੀਆਂ ਘਾਲਨਾਵਾਂ ਦਾ ਮਾਣ ਸੀ, ਜਿਸ ਕਾਰਨ ਉਹ ਅਸੈਂਬਲੀ ਵਿਚ ਹਰ ਗੱਲ ਧੜੱਲੇ ਨਾਲ ਬੋਲਦੇ ਸਨ। ਇਹ ਬਾਬਾ ਜੀ ਦੀ ਦੂਰ-ਅੰਦੇਸ਼ੀ ਹੀ ਸੀ ਕਿ ਉਹਨਾ ਪੰਜਾਬ ਵਿਧਾਨ ਪਾਲਿਕਾ ਦਾ ਉਪਰਲਾ ਸਦਨ ਯਾਨਿ ਵਿਧਾਨ ਪ੍ਰੀਸ਼ਦ ਭੰਗ ਕਰਨ ਦਾ ਮਤਾ ਰੱਖਿਆ। ਬੇਸ਼ੱਕ ਸਦਨ ਵਿਚ ਕਾਂਗਰਸ ਦੀ ਬਹੁ-ਸੰਮਤੀ ਹੋਣ ਕਾਰਨ ਇਹ ਪਤਾ ਪ੍ਰਵਾਨ ਨਾ ਹੋ ਸਕਿਆ, ਪਰ ਕੁਝ ਸਾਲ ਪਿੱਛੋਂ ਵਿਧਾਨ ਪ੍ਰੀਸ਼ਦ ਖਤਮ ਕਰ ਦਿੱਤੇ ਜਾਣ ਤੋਂ ਪਤਾ ਲੱਗਦਾ ਹੈ ਕਿ ਬਾਬਾ ਜੀ ਕਿੰਨੀ ਦੂਰ ਦੀ ਸੋਚਦੇ ਸਨ।

**ਬਾਬਾ ਨਿਧਾਨ ਸਿੰਘ ਦਾ ਅੰਤਲਾ ਸਮਾਂ**



1953 ਦੇ ਅੰਤ ਵਿਚ ਬਾਬਾ ਜੀ ਨੂੰ ਅਧਰੰਗ ਹੋ ਗਿਆ ਅਤੇ ਉਹ ਚੱਲਣ-ਫਿਰਨ ਤੋਂ ਅਸਮਰੱਥ ਹੋ ਗਏ। ਇਸ ਨਾਲ ਸਰੀਰ ਕਮਜ਼ੋਰ ਹੋਣ ਲੱਗਾ ਤਾਂ ਉਹਨਾ ਨੂੰ ਇਲਾਜ ਵਾਸਤੇ ਅੰਮ੍ਰਿਤਸਰ ਦੇ ਵੀ ਜੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਬਿਮਾਰੀ ਕੁਝ ਕਾਬੂ ਵਿਚ ਆਈ ਤਾਂ ਪਰਵਾਰ ਵਾਲੇ ਉਹਨਾ ਨੂੰ ਵਾਪਸ ਮਾਣੂੰਕੇ ਲੈ ਆਏ। ਮਈ ਦੇ ਮਹੀਨੇ ਜਦ ਬਿਮਾਰੀ ਦੇ ਮੁੜ ਜ਼ੋਰ ਫੜਨ ਕਾਰਨ ਬਾਬਾ ਜੀ ਦੀ ਹਾਲਤ ਬਹੁਤ ਹੀ ਨਾਜ਼ੁਕ ਹੋ ਗਈ ਤਾਂ ਉਹਨਾ ਨੂੰ ਮੋਗਾ ਵਿਚ ਡਾਕਟਰ ਸ਼ਾਮ ਲਾਲ ਥਾਪਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਡਾਕਟਰ ਥਾਪਰ ਕਾਂਗਰਸੀ ਵਿਚਾਰਾਂ ਦਾ ਹੋਣ ਕਾਰਨ ਬਾਬਾ ਜੀ ਦਾ ਸ਼ਰਧਾਲੂ ਸੀ, ਇਸ ਲਈ ਉਸ ਨੇ ਬਾਬਾ ਜੀ ਦੇ ਇਲਾਜ ਵਿਚ ਕੋਈ ਕਸਰ ਬਾਕੀ ਨਾ ਛੱਡੀ, ਪਰ ਬਿਮਾਰੀ ਨੂੰ ਮੋੜਾ ਨਾ ਪਿਆ। ਆਖਰ ਡਾਕਟਰ ਥਾਪਰ ਨੇ ਬਾਬਾ ਜੀ ਦੇ ਜੀਵਨ ਦੀ ਆਸ ਲਾਹ ਦਿੱਤੀ। ਉਸ ਨੇ ਪਰਵਾਰ ਨੂੰ ਸਲਾਹ ਦਿੱਤੀ ਕਿ ਬਾਬਾ ਜੀ ਨੂੰ ਘਰ ਲੈ ਜਾ ਕੇ ਉਹਨਾ ਦੀ ਸੇਵਾ ਕਰਨ। ਬਾਬਾ ਜੀ ਦੇ ਭਤੀਜੇ ਉਹਨਾ ਨੂੰ ਮਹੇਸਰੀ ਲਿਜਾਣਾ ਚਾਹੁੰਦੇ ਸਨ, ਪਰ ਸਹੁਰਾ ਪਰਵਾਰ ਦੀ ਜ਼ਿਦ ਅੱਗੇ ਉਹਨਾਂ ਸਿਰ ਝੁਕਾ ਦਿੱਤਾ। ਮਾਣੂੰਕੇ ਆ ਕੇ ਲਗਭਗ ਇਕ ਮਹੀਨਾ ਜ਼ਿੰਦਗੀ-ਮੌਤ ਦਾ ਘੋਲ ਲੜਨ ਉਪਰੰਤ ਬਾਬਾ ਜੀ 10 ਹਾੜ੍ਹ/ 24 ਜੂਨ 1954 ਨੂੰ ਸੁਰਗਵਾਸ ਹੋ ਗਏ। ਮਹੇਸਰੀ ਤੋਂ ਬਾਬਾ ਜੀ ਦੇ ਭਤੀਜੇ ਉਹਨਾ ਦੀ ਮ੍ਰਿਤਕ ਦੇਹ ਨੂੰ ਆਪਣੇ ਪਿੰਡ ਲਿਆਏ। ਬਾਬਾ ਜੀ ਦੇ ਦੇਹਾਂਤ ਬਾਰੇ ਜਾਣ ਕੇ ਉਹਨਾ ਦੇ ਸਨੇਹੀ ਮਹੇਸਰੀ ਪੁੱਜਣੇ ਸ਼ੁਰੂ ਹੋ ਗਏ ਸਨ, ਇਸ ਲਈ ਕੁਝ ਸਮਾਂ ਉਹਨਾਂ ਦੀ ਦੇਹ ਅੰਤਮ ਦਰਸ਼ਨਾਂ ਲਈ ਰੱਖ ਕੇ ਉਹਨਾ ਦੇ ਨਿਆਈਂ ਵਿਚਲੇ ਖੇਤ ਵਿਚ ਅੰਤਮ ਸੰਸਕਾਰ ਕੀਤਾ ਗਿਆ।

**ਪੰਜਾਬ ਵਿਧਾਨ ਸਭਾ 'ਚ ਸ਼ਰਧਾਂਜਲੀ**

ਬਾਬਾ ਨਿਧਾਨ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਪੰਜਾਬ ਵਿਧਾਨ ਸਭਾ ਦੀ 1 ਨਵੰਬਰ 1954 ਨੂੰ ਹੋਈ ਬੈਠਕ ਵਿਚ ਵਿਛੜੇ ਵਿਧਾਨਕਾਰ ਨੂੰ ਭੀਮ ਸੈਨ ਸੱਚਰ ਮੁੱਖ ਮੰਤਰੀ, ਵਿਰੋਧੀ ਧਿਰ ਦੇ ਆਗੂ ਗੋਪਾਲ ਸਿੰਘ ਖਾਲਸਾ ਅਤੇ ਵਿਧਾਨ ਸਭਾ ਦੇ ਸਪੀਕਰ ਗੁਰਦਿਆਲ ਸਿੰਘ ਵੱਲੋਂ ਹੇਠ ਲਿਖੇ ਅਨੁਸਾਰ ਸ਼ਰਧਾਂਜਲੀ ਦਿੱਤੀ ਗਈ:

ਭੀਮ ਸੈਨ ਸੱਚਰ, ਮੁੱਖ ਮੰਤਰੀ : ਸਪੀਕਰ ਸਹਿਬ ਇੱਥੇ ਕੰਮ ਕਰਨ ਵਾਲੇ ਸਾਡੇ ਸਾਥੀ ਕੁਝ ਸਮਾਂ ਪਹਿਲਾਂ ਸਾਡੇ ਦਰਮਿਆਨ ਸਨ, ਅੱਜ ਉਹ ਸਾਡੇ ਦਰਮਿਆਨ ਨਜ਼ਰ ਨਹੀਂ ਆਉਂਦੇ। ਸਰਦਾਰ ਨਿਧਾਨ ਸਿੰਘ ਜੀ, ਕੁਝ ਸਮਾਂ ਬਿਮਾਰ ਰਹੇ ਅਤੇ ਇਹ ਖਿਆਲ ਨਹੀਂ ਸੀ ਕਿ ਉਹ ਅਚਾਨਕ ਇਸ ਤਰ੍ਹਾਂ ਸਾਡੇ ਨਾਲੋਂ ਵਿਛੜ ਜਾਣਗੇ। ਮੈਂ ਸਮਝਦਾ ਹਾਂ ਕਿ ਉਹਨਾ ਦੀ ਮੌਤ ਆਪੋਜ਼ੀਸ਼ਨ ਨੂੰ ਹਰ ਵਕਤ ਮਹਿਸੂਸ ਹੋਵੇਗੀ, ਕਿਉਂਕਿ ਉਹਨਾ ਨੂੰ ਜੋ ਦੇਸ਼ ਪ੍ਰੇਮ ਸੀ ਅਤੇ ਜੋ ਕੰਮ ਕਰਨ ਦੀ ਲਗਨ ਉਹਨਾ ਵਿਚ ਸੀ, ਉਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਬੇਨਤੀ ਕਰਨੀ ਹੈ ਕਿ ਤੁਸੀਂ ਕਿਰਪਾ ਕਰਕੇ ਸਾਡੇ ਅਫਸੋਸ ਦੇ ਜਜ਼ਬਾਤ ਉਹਨਾਂ ਦੇ ਪਰਵਾਰ ਤੱਕ ਪਹੁੰਚਾਓ ਅਤੇ ਕਹਿਣਾ ਕਿ ਅਸੀਂ ਸਾਰੇ ਉਹਨਾ ਦੇ ਗਮ ਵਿਚ ਸ਼ਰੀਕ ਹਾਂ।

ਗੋਪਾਲ ਸਿੰਘ, ਵਿਰੋਧੀ ਪਾਰਟੀ ਦਾ ਆਗੂ: ਮੁੱਖ ਮੰਤਰੀ ਸਾਹਿਬ ਨੇ ਬਾਬਾ ਨਿਧਾਨ ਸਿੰਘ ਦਾ ਹਵਾਲਾ ਦਿੱਤਾ ਹੈ, ਜਿਹੜੇ ਸਾਥੋਂ ਵਿਛੜ ਗਏ ਹਨ। ਉਨ੍ਹਾ ਗਦਰ ਪਾਰਟੀ ਵਿਚ ਕੰਮ ਕੀਤਾ ਤੇ ਅਮਰੀਕਾ ਵਿਚ ਜਾ ਕੇ ਤਾਲੀਮੀ ਅਦਾਰਿਆਂ ਤੇ ਹੋਰ ਸੰਸਥਾਵਾਂ ਲਈ ਰੁਪਿਆ ਇਕੱਠਾ ਕਰਦੇ ਰਹੇ। ਆਪ ਬਹੁਤ ਬੜੇ ਦੇਸ਼ ਭਗਤ ਸਨ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦੇ ਜਜ਼ਬਾਤ ਨਾਲ ਐਸੋਸੀਏਟ ਹੁੰਦਿਆਂ ਹੋਇਆਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਜਜ਼ਬਾਤਾਂ ਨੂੰ ਬਾਬਾ ਨਿਧਾਨ ਸਿੰਘ ਜੀ ਦੇ ਰਿਸ਼ਤੇਦਾਰਾਂ ਤੱਕ ਪਹੁੰਚਾਇਆ ਜਾਵੇ।




ਗੁਰਦਿਆਲ ਸਿੰਘ ਢਿੱਲੋਂ ਸਪੀਕਰ: ਸਾਡੇ ਸਤਿਕਾਰਯੋਗ ਮੈਂਬਰ ਬਾਬਾ ਨਿਧਾਨ ਸਿੰਘ, ਜੋ ਇਸ ਜਹਾਨ ਤੋਂ ਰੁਖਸਤ ਹੋ ਗਏ ਹਨ, ਉਹਨਾ ਦਾ ਇਸ ਜਗ੍ਹਾ ਮੌਜੂਦ ਹੋਣਾ ਅਤੇ ਇਸ ਸਦਨ ਵਿਚ ਮਸ਼ਵਰੇ ਦੇਣਾ ਕਿਸੇ ਤੋਂ ਭੁੱਲਿਆ ਨਹੀਂ। ਉਹਨਾ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਖਿਦਮਤ ਵਿਚ ਗੁਜ਼ਾਰ ਦਿੱਤੀ। ਉਹਨਾ ਬਾਹਰ ਜਾ ਕੇ ਦੇਸ਼ ਦੀ ਆਜ਼ਾਦੀ ਦਾ ਪ੍ਰਚਾਰ ਕੀਤਾ। ਇਸ ਦੇ ਸਿਲੇ ਵਿਚ ਉਹਨਾਂ ਨੂੰ ਜੇਲ੍ਹ ਵਿਚ ਕੈਦ ਮਿਲੀ। ਮੈਂ ਇੱਥੇ ਵਿਰੋਧੀ ਪਾਰਟੀ ਦੇ ਆਗੂ ਨਾਲ ਮਾਣਯੋਗ ਮੈਂਬਰ ਦੀ ਜੁਦਾਈ ਉੱਤੇ ਅਫਸੋਸ ਕਰਦਾ ਹਾਂ। ਸਦਨ ਦੇ ਆਗੂ ਨੇ ਜੋ ਖਿਆਲਾਤ ਪ੍ਰਗਟ ਕੀਤੇ, ਮੈਂ ਉਹਨਾਂ ਵਿਚ ਵੀ ਸ਼ਾਮਲ ਹੁੰਦਾ ਹਾਂ। ਮੈਂ ਉਮੀਦ ਕਰਦਾ ਹਾਂ ਕਿ ਤਮਾਮ ਮੈਂਬਰਾਨ ਦੀ ਹਮਦਰਦੀ ਉਹਨਾ ਦੇ ਖਾਨਦਾਨ ਨਾਲ ਹੈ। ਹੁਣ ਮੈਂ ਕਹਾਂਗਾ ਕਿ ਦੋ ਮਿੰਟ ਖੜ੍ਹੇ ਹੋ ਕੇ ਅਫਸੋਸ ਦਾ ਇਜ਼ਹਾਰ ਕਰੀਏ।

**ਪਿੰਡ ਪੱਧਰ 'ਤੇ ਯਾਦ ਵਿਚ**

ਬਾਬਾ ਨਿਧਾਨ ਸਿੰਘ ਦੇ ਪਰਵਾਰ ਵਾਲਿਆਂ ਨੇ ਆਪਣੇ ਨਿਆਈਂ ਵਿਚਲੇ ਖੇਤ ਵਿਚੋਂ ਇਕ ਕਨਾਲ ਥਾਂ ਬਾਬਾ ਨਿਧਾਨ ਸਿੰਘ ਦੀ ਮ੍ਰਿਤਕ ਦੇਹ ਦਾ ਸਸਕਾਰ ਕਰਨ ਲਈ ਰਾਖਵੀਂ ਕੀਤੀ ਸੀ। ਹੁਣ ਇਸ ਥਾਂ ਬਾਬਾ ਜੀ ਦੀ ਯਾਦ ਇਕ ਸਮਾਧੀ ਦੇ ਰੂਪ ਵਿਚ ਸੰਭਾਲੀ ਹੋਈ ਹੈ, ਜਿਸ ਦੇ ਉੱਤੇ ਲਹਿਰਾਉਂਦਾ ਦਾਤੀ ਹਥੌੜੇ ਦੇ ਨਿਸ਼ਾਨ ਵਾਲਾ ਲਾਲ ਝੰਡਾ ਬਾਬਾ ਜੀ ਦੀ ਵਿਚਾਰਧਾਰਾ ਦਾ ਪ੍ਰਤੀਕ ਹੈ, ਪਰ ਸਮਾਧ ਵਾਲੇ ਥਾਂ ਤੋਂ ਬਿਨਾਂ ਬਾਕੀ ਜਗ੍ਹਾ ਦੀ ਕੋਈ ਸਾਂਭ-ਸੰਭਾਲ ਨਹੀਂ। ਕਿੰਨਾ ਚੰਗਾ ਹੋਵੇ ਕਿ ਪਰਵਾਰ ਜਾਂ ਕੋਈ ਸੰਸਥਾ ਇਸ ਥਾਂ ਨੂੰ ਵਿਕਸਤ ਕਰਕੇ ਇਸ ਨੂੰ ਇਸ ਦੇਸ਼ ਭਗਤ ਦੀ ਕੁਰਬਾਨੀ ਦੀ ਯਾਦ ਵਿਚ ਛੋਟੀ ਬਗੀਚੀ ਦਾ ਰੂਪ ਦੇ ਦੇਵੇ।

ਪਿੰਡ ਦੀ ਪੰਚਾਇਤ ਦੇ ਯਤਨਾਂ ਨਾਲ ਪਿੰਡ ਨੂੰ ਲੁਧਿਆਣਾ-ਫਿਰੋਜ਼ਪੁਰ ਮੁੱਖ ਮਾਰਗ ਨਾਲ ਜੋੜਦੀ ਸੰਪਰਕ ਸੜਕ ਦਾ ਨਾਂਅ 'ਬਾਬਾ ਨਿਧਾਨ ਸਿੰਘ ਮਾਰਗ' ਰੱਖਿਆ ਗਿਆ, ਜਿਸ ਦਾ ਨੀਂਹ ਪੱਥਰ ਤਤਕਾਲੀਨ ਐੱਮ ਐੱਲ ਏ ਜੁਗਰਾਜ ਸਿੰਘ ਗਿੱਲ ਮੋਗਾ ਨੇ ਬਾਬਾ ਨਿਧਾਨ ਸਿੰਘ ਦੀ ਬਰਸੀ ਦੇ ਦਿਨ 24 ਜੂਨ 1973 ਨੂੰ ਰੱਖਿਆ। ਇਸ ਤੋਂ ਪ੍ਰਭਾਵਤ ਹੋ ਕੇ ਪਿੰਡ ਦੇ ਨੌਜਵਾਨਾਂ ਚਰਨਜੀਤ ਸਿੰਘ, ਗੁਰਦੀਪ ਸਿੰਘ ਆਦਿ ਨੇ ਪਿੰਡ ਵਿਚ ਬਾਬਾ ਨਿਧਾਨ ਸਿੰਘ ਦੇ ਨਾਂਅ ਉੱਤੇ ਲਾਇਬ੍ਰੇਰੀ ਅਤੇ ਖੇਡ ਕਲੱਬ ਬਣਾਈ, ਪਰ ਸਮਾਂ ਪਾ ਕੇ ਮਾਰਗ ਦਾ ਨੀਂਹ-ਪੱਥਰ ਗਾਇਬ ਹੋ ਗਿਆ ਅਤੇ ਇਹਨਾਂ ਦੋਵਾਂ ਸੰਸਥਾਵਾਂ ਦੀ ਗੈਰ-ਸਰਗਰਮੀ ਕਾਰਨ ਇਹਨਾ ਦੀ ਕੇਵਲ ਯਾਦ ਹੀ ਬਾਕੀ ਰਹਿ ਗਈ।

ਪਾਠਕ ਪੜ੍ਹ ਚੁੱਕੇ ਹਨ ਕਿ ਜਦ ਮਾਸਕੋ ਤੋਂ ਆਉਣ ਪਿੱਛੋਂ ਲਾਹੌਰ ਵਿਚ ਪੰਜਾਬ ਪੁਲਸ ਵੱਲੋਂ ਬਾਬਾ ਨਿਧਾਨ ਸਿੰਘ ਦੀ ਪੁੱਛ-ਪੜਤਾਲ ਹੋ ਰਹੀ ਸੀ ਤਾਂ ਸਬੱਬ ਨਾਲ ਉਸ ਉੱਤੇ ਨਿਗਰਾਨੀ ਰੱਖਣ ਵਾਲੀ ਪੁਲਸ ਟੁਕੜੀ ਵਿਚ ਹੌਲਦਾਰ ਬਚਿੱਤਰ ਸਿੰਘ ਉਸ ਦੇ ਪਿੰਡ ਦਾ ਹੀ ਸੀ, ਉਹ ਨਿਧਾਨ ਸਿੰਘ ਦੀ ਕੁਰਬਾਨੀ ਤੋਂ ਪ੍ਰਭਾਵਤ ਹੋ ਕੇ ਉਸ ਦਾ ਸ਼ਰਧਾਲੂ ਬਣ ਗਿਆ। ਸੇਵਾ-ਮੁਕਤੀ ਪਿੱਛੋਂ ਉਹ ਪਿੰਡ ਆਇਆ ਤਾਂ ਉਹ ਕਾਮਰੇਡ ਬਚਿੱਤਰ ਸਿੰਘ ਸੀ। ਬਾਬਾ ਨਿਧਾਨ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਉਹ ਅੱਗੇ ਲੱਗ ਕੇ ਪਿੰਡ ਵਾਸੀਆਂ ਅਤੇ ਪਰਵਾਰ ਦੇ ਸਹਿਯੋਗ ਨਾਲ ਹਰ ਸਾਲ ਉਸ ਦੀ ਯਾਦ ਵਿਚ ਬਰਸੀ ਸਮਾਗਮ ਆਯੋਜਿਤ ਕਰਵਾਉਂਦਾ ਰਿਹਾ। ਦਿਨ ਸਮੇਂ ਕਾਨਫਰੰਸ ਹੁੰਦੀ, ਜਿਸ ਵਿਚ ਕਮਿਊਨਿਸਟ ਆਗੂ ਹਾਜ਼ਰ ਹੋ ਕੇ ਬਾਬਾ ਨਿਧਾਨ ਸਿੰਘ ਨੂੰ ਸ਼ਰਧਾਂਜਲੀ ਦਿੰਦੇ, ਰਾਤ ਸਮੇਂ ਨਾਟਕ ਵਿਖਾਏ ਜਾਂਦੇ। ਕਾਮਰੇਡ ਬਚਿੱਤਰ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਬਰਸੀ ਸਮਾਗਮਾਂ ਵਿਚ ਖੜੋਤ ਆਈ ਤਾਂ ਪਰਵਾਰ ਵੱਲੋਂ ਬਰਸੀ ਮੌਕੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਵਾਇਆ ਜਾਣ ਲੱਗਾ। ਕੋਰੋਨਾ ਮਹਾਂਮਾਰੀ ਕਾਰਨ ਅਖੰਡ ਪਾਠ ਕਰਵਾਉਣ ਦੀ ਰਵਾਇਤ ਵਿਚ ਅਜਿਹਾ ਨਾਗਾ ਪਿਆ, ਜੋ ਅਜੇ ਵੀ ਜਾਰੀ ਹੈ।

**ਬਾਬਾ ਨਿਧਾਨ ਸਿੰਘ ਦੀ ਸ਼ਖਸੀਅਤ**

ਸਰਦੇ-ਪੁੱਜਦੇ ਘਰ ਜਨਮਿਆ ਨਿਧਾਨ ਸਿੰਘ ਬਚਪਨ ਤੋਂ ਹੀ ਤਕੜੇ ਨਰੋਏ ਸਰੀਰ ਦਾ ਮਾਲਕ ਸੀ ਅਤੇ ਸੁਭਾਅ ਦਾ ਅੱਖੜ ਵੀ, ਕਿਸੇ ਦੀ ਟੈਂ ਨਾ ਮੰਨਣ ਵਾਲਾ। ਉਸ ਦੇ ਸੁਭਾਅ ਵਿਚਲਾ ਇਹ ਅੱਖੜਪੁਣਾ ਉਸ ਦੇ ਅੰਤਲੇ ਦਮ ਤੱਕ ਰਿਹਾ। ਚੜ੍ਹਦੀ ਉਮਰ ਵਿਚ ਅਜਿਹੇ ਸੁਭਾਅ ਕਾਰਨ ਹੀ ਉਸ ਦਾ ਹਜ਼ਾਰਾ ਸਿੰਘ ਨਾਲ ਪੰਗਾ ਪਿਆ ਅਤੇ ਅਜਿਹੇ ਸੁਭਾਅ ਕਾਰਨ ਹੀ ਉਹ ਅਮਰੀਕਾ ਪੁੱਜਣ ਸਾਰ ਗਦਰ ਪਾਰਟੀ ਨਾਲ ਜੁੜਿਆ। ਪੰਜਾਬ ਵਿਧਾਨ ਸਭਾ ਦਾ ਮੈਂਬਰ ਬਣਨ ਪਿੱਛੋਂ ਸਦਨ ਵਿਚ ਬਹਿਸ ਦੌਰਾਨ ਵੀ ਸੱਚ ਉੱਤੇ ਅੜਨ ਵਾਲਾ ਉਸ ਦਾ ਇਹ ਸੁਭਾਅ ਦਿਖਾਈ ਦਿੰਦਾ ਹੈ।

ਮਾਸਕੋ ਤੋਂ ਪਰਤਣ ਸਮੇਂ ਵੀ ਉਹ ਸਰੀਰਕ ਪੱਖੋਂ ਰਿਸ਼ਟ-ਪੁਸ਼ਟ ਸੀ। ਜਸਵੰਤ ਸਿੰਘ ਦੇ ਦੱਸਣ ਅਨੁਸਾਰ ਪਿੰਡ ਦੇ ਗੱਭਰੂਆਂ ਨੇ ਕਸਰਤ ਕਰਨ ਵਾਸਤੇ ਇਕ ਮੁਦਗਰ ਰੱਖਿਆ ਹੋਇਆ ਸੀ, ਜਿਸ ਨੂੰ ਨਿਧਾਨ ਸਿੰਘ ਆਸਾਨੀ ਨਾਲ ਹੀ ਚੁੱਕ ਲੈਂਦਾ ਸੀ।

ਗਦਰ ਪਾਰਟੀ ਦੀ ਸਾਂਝੀਵਾਲਤਾ ਵਾਲੀ ਸੋਚ ਬਚਪਨ ਤੋਂ ਉਸ ਦੇ ਸੁਭਾਅ ਦਾ ਹਿੱਸਾ ਸੀ। ਖੇਤ ਵਿਚ ਕਿਸਾਨ ਅਤੇ ਸੀਰੀ ਇਕਸਾਰ ਕੰਮ ਕਰਦੇ ਸਨ, ਪਰ ਅਕਸਰ ਹੀ ਸਵਾਣੀ ਆਪਣੇ ਪਤੀ ਵਾਲੀ ਰੋਟੀ ਸੀਰੀ ਨੂੰ ਦੇਣ ਵਾਲੀਆਂ ਰੋਟੀਆਂ ਨਾਲੋਂ ਵੱਧ ਮੱਖਣ-ਘਿਉ ਲਾ ਕੇ ਬਣਾਉਂਦੀ। ਇਹ ਭੇਤ ਬਣਾਈ ਰੱਖਣ ਵਾਸਤੇ ਰੋਟੀ ਖਾਣ ਸਮੇਂ ਕਿਸਾਨ ਅਤੇ ਸੀਰੀ ਥੋੜ੍ਹੀ ਵਿੱਥ ਨਾਲ ਬੈਠ ਕੇ ਰੋਟੀ ਖਾਂਦੇ। ਨਿਧਾਨ ਸਿੰਘ ਦੀ ਪਤਨੀ ਹਰ ਕੌਰ ਵੀ ਇਸ ਰਵਾਇਤ ਦੀ ਪਾਲਣਾ ਕਰਦੀ, ਪਰ ਆਪਣੇ 'ਵੰਡ ਛਕਣ' ਦੇ ਸੁਭਾਅ ਅਨੁਸਾਰ ਨਿਧਾਨ ਸਿੰਘ ਸਾਰਾ ਭੋਜਨ ਅੱਧੋ-ਅੱਧ ਕਰਕੇ ਖਾਂਦਾ। ਕਮਿਊਨਿਸਟ ਵਿਚਾਰਧਾਰਾ ਨਾਲ ਜੁੜਨ ਪਿੱਛੋਂ ਉਸ ਨੇ ਵਧੇਰੇ ਪਰਪੱਕਤਾ ਨਾਲ ਇਸ ਅਸੂਲ ਦੀ ਪਾਲਣਾ ਕੀਤੀ। ਪਿਛਲੀ ਉਮਰ ਵਿਚ ਜਦ ਉਹ ਆਪਣੇ ਸਹੁਰੇ ਘਰ ਰਹਿ ਕੇ ਸਮਾਜਵਾਦੀ ਪ੍ਰਚਾਰ ਕਰਨ ਵਾਸਤੇ ਪਿੰਡ-ਪਿੰਡ ਜਾਂਦਾ ਸੀ ਤਾਂ ਉਸ ਦੇ ਭਤੀਜਿਆਂ ਨੇ ਸਹੂਲਤ ਵਾਸਤੇ ਉਹਨਾ ਨੂੰ ਘੋੜੀ ਲੈ ਦਿੱਤੀ। ਕੁਝ ਮਹੀਨਿਆਂ ਪਿੱਛੋਂ ਉਹ ਪੈਦਲ ਪਿੰਡ ਆਏ ਤਾਂ ਪਰਵਾਰ ਨੇ ਉਹਨਾ ਨੂੰ ਘੋੜੀ ਉੱਤੇ ਨਾ ਆਉਣ ਦਾ ਕਾਰਨ ਪੁੱਛਿਆ। ਬਾਬਾ ਜੀ ਦਾ ਉੱਤਰ ਸੀ ਕਿ ਉਸ ਨੇ ਘੋੜੀ ਆਪ ਨਾਲੋਂ ਵੱਧ ਸਫਰ ਕਰਨ ਵਾਲੇ ਕਿਸੇ ਹੋਰ ਵਰਕਰ ਨੂੰ ਦੇ ਦਿੱਤੀ ਹੈ।

ਜਸਵੰਤ ਸਿੰਘ ਦੇ ਦੱਸਣ ਅਨੁਸਾਰ ਬਾਬਾ ਨਿਧਾਨ ਸਿੰਘ ਕਿਹਾ ਕਰਦਾ ਸੀ, 'ਜਗੀਰਦਾਰੀ ਖਤਮ ਕਰਨੀ ਹੈ, ਸਰਮਾਏਦਾਰੀ ਖਤਮ ਕਰਨੀ ਹੈ, ਕੋਈ ਝੁੱਗੀ-ਝੌਂਪੜੀ ਨਾ ਰਹੂਗੀ।' ਪਰ ਦੇਸ਼ ਨੂੰ ਜਿਸ ਤਰ੍ਹਾਂ ਦੀ ਆਜ਼ਾਦੀ ਮਿਲੀ, ਬਾਬਾ ਨਿਧਾਨ ਸਿੰਘ ਉਸ ਤੋਂ ਨਿਰਾਸ਼ ਸੀ। ਉਹ ਮੰਨਦਾ ਸੀ ਕਿ ਇਹ ਗਦਰੀਆਂ ਦੇ ਸੁਪਨਿਆਂ ਵਾਲੀ ਆਜ਼ਾਦੀ ਨਹੀਂ ਸੀ।' ਦੇਸ਼ ਦੀ ਰਾਜਨੀਤਕ ਅਤੇ ਆਰਥਕ ਸਥਿਤੀ ਤੋਂ ਨਿਰਾਸ਼ ਹੋਇਆ ਉਹ ਕਈ ਵਾਰ ਕਹਿੰਦਾ ਸੀ, 'ਇਹਨਾਂ ਨਾਲੋਂ ਤਾਂ ਅੰਗਰੇਜ਼ ਹੀ ਚੰਗੇ ਸਨ।' ਆਪਣੀ ਇਸ ਨਿਰਾਸ਼ਾ ਨੂੰ ਉਹਨਾ ਵਿਧਾਨ ਸਭਾ ਵਿਚ ਪ੍ਰਗਟਾਉਣ ਵਿਚ ਵੀ ਸੰਕੋਚ ਨਹੀਂ ਕੀਤਾ।

ਪੰਜਾਬੀ ਚਰਿੱਤਰ ਵਿਚ ਆਈ ਨਾਂਹ-ਪੱਖੀ ਤਬਦੀਲੀ ਉਹਨਾ ਨੂੰ ਬਹੁਤ ਦੁਖਾਵੀਂ ਲੱਗਦੀ। ਜਸਵੰਤ ਸਿੰਘ ਦੇ ਦੱਸਣ ਅਨੁਸਾਰ ਉਹ ਕਹਿਆ ਕਰਦਾ ਸੀ, 'ਜੇ ਬਲਦ ਨੂੰ ਪਿਆਰ ਨਾਲ ਹਾ-ਹਾ ਕਰੀ ਜਾਈਏ ਤਾਂ ਉਹ ਸਿਆੜ ਉੱਤੇ ਨਹੀਂ ਲੱਗਦਾ। ਜਦ ਉਸ ਦੇ ਹੱਡ ਉੱਤੇ ਵਾਰ-ਵਾਰ ਪਰਾਣੀ ਮਾਰਨ ਕਾਰਨ ਹੱਡ ਤਪ ਜਾਂਦਾ ਹੈ ਤਾਂ ਉਹ ਆਪ ਹੀ ਸਿੱਧਾ ਹੋ ਜਾਂਦਾ ਹੈ।' ਕਦੇ ਕਹਿੰਦਾ, 'ਜਿਵੇਂ ਦਾਣਿਆਂ ਦੇ ਬੋਹਲ ਵਿਚੋਂ ਬਚਿਆ ਘੁੰਢੀਵੰਡਾ ਛਿੱਤਰ ਨਾਲ ਕੁੱਟ ਕੇ ਸਾਫ ਕੀਤਾ ਜਾਂਦੈ, ਇਉਂ ਪੰਜਾਬੀਆਂ ਨਾਲ ਹੋਊ। ਇਹਨਾਂ ਨੂੰ ਉਦੋਂ ਮੱਤ ਆਊ, ਜਦ ਸਰਮਾਏਦਾਰੀ ਨੇ ਪੰਜਾਬ ਮੱਲ ਲਿਆ ਅਤੇ ਪੰਜਾਬੀਆਂ ਦੇ ਝੱਗਾ-ਚੁੰਨੀ ਤੱਕ ਲੁਹਾ ਲਏ।' ਬਾਬਾ ਨਿਧਾਨ ਸਿੰਘ ਦੇ ਇਹ ਸ਼ਬਦ ਭਵਿੱਖਬਾਣੀ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ।

ਬਾਬਾ ਨਿਧਾਨ ਸਿੰਘ ਮੰਨਦੇ ਸਨ ਕਿ ਪੰਜਾਬੀ ਸੱਥਾਂ ਵਿਚ ਸੁਣਾਈਆਂ ਜਾਣ ਵਾਲੀਆਂ ਲੋਕ ਕਹਾਣੀਆਂ ਸਿਆਣਪਾਂ ਦੇ ਭੰਡਾਰ ਹਨ, ਜਿਨ੍ਹਾਂ ਤੋਂ ਸਮਾਜ ਦੇ ਚੰਗੇ ਭਵਿੱਖ ਲਈ ਸੇਧ ਲਈ ਜਾ ਸਕਦੀ ਹੈ। ਇਸ ਕਾਰਨ ਉਹ ਪੰਜਾਬ ਵਿਧਾਨ ਸਭਾ ਵਿਚ ਆਪਣੇ ਭਾਸ਼ਣ ਦੀ ਸਪੱਸ਼ਟਤਾ ਵਾਸਤੇ ਅਕਸਰ ਹੀ ਕਿਸੇ ਨਾ ਕਿਸੇ ਲੋਕ ਕਹਾਣੀ ਦਾ ਹਵਾਲਾ ਦਿਆ ਕਰਦੇ ਸਨ।

**ਅਫਸੋਸਨਾਕ ਗੱਲ**

ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਕਰਨ ਵਾਲੇ ਦੇਸ਼ ਭਗਤਾਂ ਨੂੰ 1947 ਤੱਕ ਸਤਿਕਾਰ ਦੀ ਭਾਵਨਾ ਨਾਲ ਦੇਖਿਆ ਜਾਂਦਾ ਰਿਹਾ। ਆਜ਼ਾਦੀ ਮਿਲਣ ਪਿੱਛੋਂ ਜਿਉਂ-ਜਿਉਂ ਵੋਟਾਂ ਪੈਣ ਲੱਗੀਆਂ, ਲੋਕ ਸਿਆਸੀ ਪਾਰਟੀਆਂ ਵਿਚ ਅੱਡੋ-ਅੱਡੀ ਬੱਝਣ ਲੱਗੇ। ਦੁਖਦਾਈ ਸਥਿਤੀ ਇਹ ਹੈ ਕਿ ਇਸ ਵਰਤਾਰੇ ਨੇ ਦੇਸ਼ ਭਗਤਾਂ ਨੂੰ ਕਿਸੇ ਵਿਸ਼ੇਸ਼ ਸਿਆਸੀ ਚੌਖਟੇ ਵਿਚ ਬੰਨ੍ਹ ਕੇ ਵੇਖਣ ਦੀ ਆਦਤ ਪਾ ਦਿੱਤੀ ਹੈ, ਜਿਸ ਨੇ ਇਹਨਾਂ ਕੌਮੀ ਪਰਵਾਨਿਆਂ ਦੀ ਕੁਰਬਾਨੀ ਨੂੰ ਸੀਮਤ ਕਰ ਦਿੱਤਾ ਹੈ। ਹੋਰ ਹਜ਼ਾਰਾਂ ਦੇਸ਼ ਭਗਤਾਂ ਵਾਂਗ ਬਾਬਾ ਨਿਧਾਨ ਸਿੰਘ ਨਾਲ ਵੀ ਇਹੋ ਕੁਝ ਹੋ ਰਿਹਾ ਹੈ।

(**ਸਮਾਪਤ**)

## ਬਾਲ ਕੋਨਾ

# ਬਾਪੂ ਦਾ ਸੁਪਨਾ

ਹਾਲੇ ਰੂਪਾ ਚੌਥੀ ਜਮਾਤ ਵਿੱਚ ਹੀ ਪੜ੍ਹਦੀ ਸੀ ਕਿ ਇੱਕ ਦਿਨ ਖੇਡਦੇ ਹੋਏ ਆਪਣੇ ਮਾਂ-ਬਾਪੂ ਦੇ ਕੋਲ ਪਹੁੰਚ ਗਈ, ਜਿੱਥੇ ਉਸ ਦਾ ਬਾਪੂ ਉਸ ਦੀ ਮਾਂ ਨੂੰ ਕਹਿ ਰਿਹਾ ਸੀ ਕਿ, ਗੁਰਮੀਤ ਕੌਰੇ, ਜਿੱਥੇ ਮੈਂ ਕੰਮ ਕਰਨ ਜਾਂਦਾ ਹਾਂ, ਮੇਰੇ ਮਾਲਕ ਦੀ ਧੀ ਨੇ ਪੀ.ਐੱਚ.ਡੀ ਦੀ ਡਿਗਰੀ ਪ੍ਰਾਪਤ ਕੀਤੀ ਹੈ, ਮਾਂ ਨੇ ਅਗਿਆਨਤਾ ਨਾਲ ਪੁੱਛਿਆ, ਇਹ ਕੀ ਹੁੰਦੀ ਹੈ ਤਾਂ ਬਾਪੂ ਨੇ ਕਿਹਾ, ਇਹ ਪੜ੍ਹਾਈ ਕਰਨ ਨਾਲ ਨਾਂਅ ਅੱਗੇ ਡਾ. ਸ਼ਬਦ ਲੱਗ ਜਾਂਦਾ ਹੈ। ਅੱਜ ਮਾਲਕ ਦੇ ਘਰ ਖੁਸ਼ੀ ਦਾ ਮਾਹੌਲ ਹੈ। ਬਾਪੂ ਨੇ ਲੰਬਾ ਸਾਹ ਭਰਦੇ ਹੋਏ ਕਿਹਾ, ਭਗਵਾਨ ਮੈਨੂੰ ਵੀ ਚਾਅ ਆਉਂਦਾ ਹੈ ਕਿ ਮੇਰਾ ਵੀ ਕੋਈ ਬੱਚਾ ਪੀਐੱਚ.ਡੀ ਕਰੇ, ਉਸ ਦੇ ਨਾਂਅ ਅੱਗੇ ਵੀ ਡਾ. ਸ਼ਬਦ ਲੱਗੇ । ਮੇਰੀ ਬੇਬੇ ਨੇ ਲੰਬਾ ਸਾਹ ਛੱਡਦੇ ਹੋਏ ਕਿਹਾ ਕਿ ਸਾਡੀ ਕਿਸਮਤ ਵਿੱਚ ਇਹ ਦਿਨ ਕਿੱਥੇ ! ਛੋਟੀ ਹੋਣ ਦੇ ਨਾਤੇ ਰੂਪਾ ਨੂੰ ਸਮਝ ਤਾਂ ਨਹੀਂ ਸੀ ਕਿ ਇਹ ਕਿਹੜੀ ਬਲਾ ਹੈ, ਪਰ ਉਸ ਦੇ ਬਾਪੂ ਦੀ ਕਹੀ ਹੋਈ ਗੱਲ ਉਸ ਦੇ ਦਿਲ ਵਿੱਚ ਘਰ ਕਰ ਗਈ। ਉਸ ਨੇ ਸੋਚ ਲਿਆ ਕਿ ਉਹ ਆਪਣੇ ਬਾਪੂ ਦਾ ਸੁਪਨਾ ਜ਼ਰੂਰ ਪੂਰਾ ਕਰੇਗੀ। ਸਮਾਂ ਲੰਘਦਾ ਗਿਆ, ਆਰਥਿਕ ਮੰਦੀ ਅਤੇ ਹੋਰਨਾਂ ਕਾਰਨਾਂ ਕਰਕੇ ਜ਼ਿੰਦਗੀ ਵਿੱਚ ਬੜੀਆਂ ਮੁਸ਼ਕਲਾਂ ਆਈਆਂ, ਪਰ ਰੂਪਾ ਨੇ ਹਾਰ ਨਾ ਮੰਨੀ, ਕਿਉਂਕਿ ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਬਾਪੂ ਦਾ ਚਿਹਰਾ ਸੀ, ਉਸ ਦੇ ਕਹੇ ਸ਼ਬਦ ਉਸ ਦਾ ਸੁਪਨਾ ਸਨ। ਰੂਪਾ ਦਾ ਵਿਆਹ ਹੋ ਗਿਆ, ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਉਸ ਨੇ ਹਿੰਮਤ ਨਾ ਹਾਰੀ। ਆਖਿਰ ਉਹ ਦਿਨ ਵੀ ਆ ਗਿਆ, ਜਿਸ ਦਿਨ ਰੂਪਾ ਨੂੰ ਪੀਐੱਚ.ਡੀ ਦੀ ਡਿਗਰੀ ਪੰਜਾਬ ਦੇ ਗਵਰਨਰ ਕੋਲੋਂ ਮਿਲੀ। ਉਸ ਦੀਆਂ ਅੱਖਾਂ ਵਿੱਚ ਅੱਥਰੂ ਨਹੀਂ ਰੁਕ ਰਹੇ ਸਨ। ਅੱਜ ਉਸ ਨੂੰ ਡਿਗਰੀ ਲੈਂਦੇ ਹੋਏ ਖੁਸ਼ੀ ਸੀ ਕਿ ਉਸ ਨੇ ਆਪਣੇ ਬਾਪੂ ਦਾ ਸੁਪਨਾ ਪੂਰਾ ਕਰ ਦਿੱਤਾ ਹੈ, ਉਸ ਨੂੰ ਮੇਰੇ 'ਤੇ ਮਾਣ ਹੋਵੇਗਾ। ਸਮਾਂ ਲੰਘਦਾ ਗਿਆ, ਸਰਕਾਰਾਂ ਨੇ ਪੜ੍ਹਾਈ ਦਾ ਕੋਈ ਮੁੱਲ ਨਾ ਪਾਇਆ, ਰੂਪਾ ਨੂੰ ਅੰਦਰ ਹੀ ਅੰਦਰ ਝੋਰਾ ਲੱਗਾ ਹੋਇਆ ਸੀ, ਸਿਫਾਰਸ਼ਾਂ ਦਾ ਜ਼ੋਰ ਸੀ। ਨੌਕਰੀ ਮਿਲਣ ਦੀ ਆਸ ਦਿਖਾਈ ਨਹੀਂ ਦੇ ਰਹੀ ਸੀ, ਪਰੰਤੂ ਜਦੋਂ ਆਨਲਾਈਨ ਦਾ ਜ਼ਮਾਨਾ ਆਇਆ ਤਾਂ ਉਸ ਦੀ ਪੜ੍ਹਾਈ ਦਾ ਮੁੱਲ ਪੈ ਗਿਆ। ਉਸ ਨੂੰ ਨੌਕਰੀ ਮਿਲ ਗਈ। ਉਹ ਖੁਸ਼ੀ ਨਾਲ ਝੂਮ ਰਹੀ ਸੀ, ਇਹ ਖੁਸ਼ੀ ਜ਼ਿਆਦਾ ਦਿਨ ਨਾ ਰਹੀ, ਜਦੋਂ ਨੌਕਰੀ ਕਰਦਿਆਂ ਉਸ ਨੇ ਦੇਖਿਆ, ਹਰ ਡਿਗਰੀ ਦਾ ਮੁੱਲ ਪੈ ਰਿਹਾ ਹੈ, ਪਰ ਮੇਰੀ ਉਸ ਡਿਗਰੀ, ਜਿਸ ਦਾ ਮੇਰੇ ਬਾਪੂ ਨੇ ਸੁਪਨਾ ਦੇਖਿਆ ਸੀ, ਜਿਸ ਨੂੰ ਮਿਲਣ 'ਤੇ ਉਸ ਦੇ ਪੈਰ ਜ਼ਮੀਨ 'ਤੇ ਨਹੀਂ ਲੱਗ ਰਹੇ ਸਨ, ਉਸ ਦਾ ਕੀ? ਉਸ ਨੂੰ ਪ੍ਰਾਪਤ ਕਰਨ ਲਈ ਪੰਜ ਸਾਲ ਦਿਨ-ਰਾਤ ਇੱਕ ਕਰਨਾ ਪਿਆ, ਕਈ ਪਾਪੜ ਵੇਲਣੇ ਪਏ, ਕਈ ਪਰਵਾਰਕ ਮੁਸੀਬਤਾਂ ਸਹਿਣੀਆਂ ਪਈਆਂ, ਦਿਮਾਗ ਵਿੱਚ ਰਹਿ-ਰਹਿ ਕੇ ਪ੍ਰਸ਼ਨ ਉੱਠ ਰਹੇ ਸਨ ਕਿ ਉਸ ਦੀ ਕੋਈ ਕਦਰ ਨਹੀਂ ਹੈ, ਕੀ ਉਹ ਟਰੰਕ ਵਿੱਚ ਰੱਖਿਆ ਕਾਗਜ਼ ਦਾ ਟੁਕੜਾ ਹੈ। ਸਮੇਂ ਦੀਆਂ ਸਰਕਾਰਾਂ ਨੇ ਇਸ ਡਿਗਰੀ ਦਾ ਕੋਈ ਮੁੱਲ ਨਾ ਪਾਇਆ, ਕੋਈ ਬਣਦਾ ਸਤਿਕਾਰ ਨਾ ਦਿੱਤਾ। ਡਾ. ਸ਼ਬਦ ਨਾਂਅ ਦੀ ਸਜਾਵਟ ਬਣ ਕੇ ਰਹਿ ਗਿਆ।

ਅੱਜ ਰੂਪਾ ਦੇ ਚਿਹਰੇ 'ਤੇ ਅਲੱਗ ਜਿਹਾ ਨੂਰ ਸੀ ਜਦੋਂ ਸੁਨਣ ਨੂੰ ਮਿਲਿਆ ਕਿ ਆਪਣਾ ਬਣਦਾ ਰੁਤਬਾ ਲੈਣ ਲਈ ਪੀ.ਐੱਚ. ਡੀ ਦੀ ਯੂਨੀਅਨ ਬਣੀ ਹੈ। ਯੂਨੀਅਨ ਦੇ ਸੱਦੇ 'ਤੇ ਰੂਪਾ ਜਦੋਂ ਹਾਲ ਵਿੱਚ ਪਹੁੰਚੀ ਤਾਂ ਦੇਖਿਆ ਕਿ ਅਲੱਗ-ਅਲੱਗ ਖੇਤਰ ਤੋਂ ਆਏ ਸਕਾਲਰ ਬੈਠੇ ਸਾਰਿਆਂ ਨੇ ਆਪਣੇ-ਆਪਣੇ ਤਜਰਬੇ ਬਿਆਨ ਕੀਤੇ। ਸਾਰਿਆਂ ਦੇ ਮਨਾਂ ਵਿੱਚ ਇੱਕ ਨਾਰਾਜ਼ਗੀ ਸੀ ਕਿ ਉਹਨਾਂ ਦੁਆਰਾ ਕੀਤੀ ਮਿਹਨਤ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ। ਮਾਇਕ 'ਤੇ ਬੋਲਦੇ ਹੋਏ ਪ੍ਰਧਾਨ ਦੁਆਰਾ ਇਹ ਕਿਹਾ ਜਾ ਰਿਹਾ ਸੀ ਕਿ ਪਿਛਲੇ ਸਮੇਂ ਤੋਂ ਸਾਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਪਰ ਹੁਣ ਦੀ ਸਰਕਾਰ ਧਿਆਨ ਨਾਲ ਗੱਲ ਸੁਣਦੀ ਹੈ ਤੇ ਸਮਝਦੀ ਵੀ ਹੈ, ਇਸ ਦੁਆਰਾ ਸਾਡਾ ਬਣਦਾ ਰੁਤਬਾ ਜ਼ਰੂਰ ਦਿੱਤਾ ਜਾਵੇਗਾ ਤਾਂ ਰੂਪਾ ਦੇ ਮਨ ਵਿੱਚ ਇੱਕ ਆਸ ਬੱਝ ਗਈ ਕਿ ਸ਼ਾਇਦ ਇਸ ਵਾਰ ਸਰਕਾਰੇ-ਦਰਬਾਰੇ ਪੀ.ਐੱਚ.ਡੀ ਡਿਗਰੀ ਦਾ ਮੁੱਲ ਪੈ ਜਾਵੇ, ਉਸ ਨੂੰ ਉਸ ਦਾ ਬਣਦਾ ਸਤਿਕਾਰ ਮਿਲ ਸਕੇ।

**— ਡਾ. ਸੁਨੀਤਾ ਕੌਸ਼ਲ**



ਰਿਤਿਨ ਬੜਪੱਗਾ, ਚੌਥੀ, ਮਾਊਂਟ ਕਾਰਮਲ ਸਕੂਲ, ਗੜ੍ਹਸ਼ੰਕਰ



ਇਮਾਨ, ਦਸਵੀਂ, ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਹੁਸ਼ਿਆਰਪੁਰ

# ਚੰਦਰਯਾਨ ਸੰਬੰਧੀ ਪ੍ਰਸ਼ਨੋਤਰੀ

ਪਿਆਰੇ ਬੱਚਿਓ, ਭਾਰਤ ਦੀ ਚੰਦ ਤੱਕ ਪਹੁੰਚ ਦੇ ਚੰਦਰਯਾਨ-3 ਮਿਸ਼ਨ ਸੰਬੰਧੀ ਆਓ ਗਿਆਨ ਵਿੱਚ ਵਾਧਾ ਕਰੀਏ

ਭਾਰਤ ਦੇ ਚੰਦਰਮਾ ਮਿਸ਼ਨ ਸਬੰਧੀ ਸਵਾਲ-ਜਵਾਬ

ਸਵਾਲ 1. ਚੰਦਰਯਾਨ-3 ਮਿਸ਼ਨ ਦੀ ਕੀਮਤ ਕਿੰਨੀ ਸੀ?
ਉੱਤਰ 615 ਕਰੋੜ

ਸਵਾਲ 2. ਚੰਦਰਯਾਨ-3 ਮਿਸ਼ਨ ਕਦੋਂ ਸ਼ੁਰੂ ਕੀਤਾ ਗਿਆ ਸੀ?
ਉੱਤਰ 14 ਜੁਲਾਈ 2023

ਸਵਾਲ 3. ਚੰਦਰਯਾਨ-3 ਮਿਸ਼ਨ ਦਾ ਨਿਰਦੇਸ਼ਕ ਕੌਣ ਹੈ?
ਉੱਤਰ ਸੀ ਰਿਤੂ ਕਰਿਧਾਲ

ਸਵਾਲ 4. ਚੰਦਰਯਾਨ-3 ਦਾ ਕੁੱਲ ਵਜ਼ਨ ਕਿੰਨਾ ਹੈ?
ਉੱਤਰ 3,900 ਕਿਲੋਗ੍ਰਾਮ

ਪ੍ਰਸ਼ਨ 5. ਚੰਦਰਯਾਨ-3 ਮਿਸ਼ਨ ਦਾ ਮੁੱਖ ਉਦੇਸ਼ ਹੈ-
ਉੱਤਰ ਚੰਦਰਮਾ 'ਤੇ ਘੁੰਮਣ ਵਾਲੇ ਰੋਵਰ ਦਾ ਪ੍ਰਦਰਸ਼ਨ, ਚੰਦਰਮਾ ਦੀ ਸਤ੍ਹਾ 'ਤੇ ਸੁਰੱਖਿਅਤ ਅਤੇ ਨਰਮ ਲੈਂਡਿੰਗ ਦਾ ਪ੍ਰਦਰਸ਼ਨ ਅਤੇ ਵਿਗਿਆਨਕ ਪ੍ਰਯੋਗ ਨਾਲ ਚੰਨ ਦੀ ਸਤ੍ਹਾ ਅਤੇ ਬਨਾਵਟ ਦਾ ਪਤਾ ਲਗਾਉਣਾ ਆਦਿ।

ਸਵਾਲ 6. ਚੰਦਰਯਾਨ 3 ਮਿਸ਼ਨ ਦੇ ਰੋਵਰ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ ਪ੍ਰਗਿਆਨ

ਸਵਾਲ 7. ਚੰਦਰਮਾ 'ਤੇ ਪੁਲਾੜ ਯਾਨ ਨੂੰ ਸਫਲਤਾਪੂਰਵਕ ਉਤਾਰਨ ਵਾਲਾ ਚੌਥਾ ਦੇਸ਼ ਕਿਹੜਾ ਹੈ?
ਉੱਤਰ ਭਾਰਤ (ਰੂਸ, ਅਮਰੀਕਾ ਅਤੇ ਚੀਨ ਤੋਂ ਬਾਅਦ)

ਸਵਾਲ 9. ਉਹ ਕਿਹੜੀ ਚੀਜ਼ ਹੈ ਜੋ ਚੰਦਰਯਾਨ-3 ਵਿੱਚ ਹੈ ਅਤੇ ਚੰਦਰਯਾਨ-2 ਵਿੱਚ ਨਹੀਂ?
ਉੱਤਰ ਲੇਜ਼ਰ ਡੋਪਲਰ ਵੇਲੋਸੀਮੀਟਰ ()

ਸਵਾਲ 10. ਚੰਦਰਯਾਨ-3 ਵਿੱਚ ਹੇਠ ਲਿਖੇ ਵਿੱਚੋਂ ਕਿਹੜਾ ਗਾਇਬ ਹੈ? (ਆਰਬਿਟਰ, ਰੋਵਰ, ਲੈਂਡਰ)
ਉੱਤਰ ਆਰਬਿਟਰ

ਸਵਾਲ 11. ਲੈਂਡਰ ਅਤੇ ਰੋਵਰ ਦਾ ਮਿਸ਼ਨ ਲਾਈਫ ਕਿੰਨੀ ਹੈ?
ਉੱਤਰ 1 ਲੂਨਰ ਦਿਨ (ਧਰਤੀ ਦੇ ਚੌਦਾਂ ਦਿਨ)

ਸਵਾਲ 12. ਚੰਦਰਯਾਨ-3 ਵਿੱਚ ਲੈਂਡਰ ਅਤੇ ਰੋਵਰ ਕਿਹੜੇ ਵਿਗਿਆਨਕ ਯੰਤਰ ਲੈ ਕੇ ਗਿਆ?
ਉੱਤਰ ਸਤਹ ਵਿਗਿਆਨ ਯੰਤਰ, ਵਾਯੂਮੰਡਲ ਵਿਗਿਆਨ ਯੰਤਰ, ਹਾਈਡ੍ਰੋਲੋਜੀ ਯੰਤਰ

ਸਵਾਲ 13. ਚੰਦਰਯਾਨ-3 ਚੰਦਰਮਾ 'ਤੇ ਕਿੱਥੇ ਉੱਤਰਿਆ ?
ਉੱਤਰ ਦੱਖਣੀ ਧਰੁਵ

ਸਵਾਲ 14. ਪੁਲਾੜ ਮਿਸ਼ਨ 'ਤੇ ਜਾਣ ਵਾਲੇ ਵਾਹਨ ਦੇ ਪਹਿਲੇ ਹਿੱਸੇ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ ਪ੍ਰੋਪਲਸ਼ਨ ਮੋਡੀਊਲ

ਸਵਾਲ 15. ਚੰਦਰਯਾਨ-3 ਮਿਸ਼ਨ ਦੀ ਕੁੱਲ ਲਾਗਤ ਕਿੰਨੀ ਹੈ?
ਜਵਾਬ - 615 ਕਰੋੜ

ਸਵਾਲ 16. ਇਸ ਵਾਰ ਲੈਂਡਰ ਅਤੇ ਰੋਵਰ ਨੂੰ ਕੀ ਨਾਂਅ ਦਿੱਤਾ ਹੈ?
ਉੱਤਰ - ਪ੍ਰਗਿਆਨ

ਸਵਾਲ 17. ਚੰਦਰਯਾਨ 2 ਦੇ ਸਮੇਂ ਇਸਰੋ ਦੇ ਚੇਅਰਮੈਨ ਸਨ?
ਉੱਤਰ ਕੇ ਸੀਵਾਨ

ਸਵਾਲ 18. ਕਿਸ ਕੋਲ ਭਾਰਤ ਸਰਕਾਰ ਦਾ ਪੁਲਾੜ ਮੰਤਰਾਲਾ ਹੈ?
ਜਵਾਬ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ

ਸਵਾਲ 19. ਚੰਦਰਯਾਨ 3 ਚੰਦਰਮਾ 'ਤੇ ਭਾਰਤ ਦਾ ਕਿੰਨਵਾਂ ਮਿਸ਼ਨ ਹੈ?
ਉੱਤਰ - ਤੀਜਾ

ਸਵਾਲ 20. ਚੰਦਰਮਾ ਦੇ ਅਧਿਐਨ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ ਸੇਲੇਨੋਲੋਜੀ

ਸਵਾਲ 21. ਚੰਦਰਯਾਨ 3 ਨੂੰ ਕਿਸ ਰਾਕੇਟ ਨੇ ਲਾਂਚ ਕੀਤਾ?
ਉੱਤਰ- 3 (-3)

ਸਵਾਲ 22. ਪਹਿਲਾ ਚੰਦਰਮਾ ਮਿਸ਼ਨ ਕਦੋਂ ਸੀ?
ਜਵਾਬ - 22 ਅਕਤੂਬਰ 2008

ਸਵਾਲ 23. ਦੂਜਾ ਚੰਦਰਮਾ ਮਿਸ਼ਨ ਕਦੋਂ ਸੀ
ਜਵਾਬ - 22 ਜੁਲਾਈ 2019

ਸਵਾਲ 24. ਚੰਦਰਮਾ ਦੇ ਦੱਖਣੀ ਪਾਸੇ ਤੱਕ ਪਹੁੰਚਣ ਲਈ ਭਾਰਤ ਦੁਨੀਆਂ ਦਾ ਕਿੰਨਵਾਂ ਦੇਸ਼ ਬਣਿਆ?
ਜਵਾਬ - ਪਹਿਲਾ

ਸਵਾਲ 25. ਇਸਰੋ ਦੀ ਸਥਾਪਨਾ ਕਦੋਂ ਹੋਈ ਸੀ
ਉੱਤਰ - 1969

ਸਵਾਲ 26. ਇਸਰੋ ਦੇ ਮੌਜੂਦਾ ਚੇਅਰਮੈਨ ਕੌਣ ਹਨ?
ਉੱਤਰ- ਐਸ ਸੋਮਨਾਥ

ਸਵਾਲ 27. ਇਸਰੋ ਦਾ ਮੁੱਖ ਦਫਤਰ ਕਿੱਥੇ ਸਥਿਤ ਹੈ?
ਉੱਤਰ - ਬੰਗਲੌਰ

ਸਵਾਲ 28. ਭਾਰਤ ਦਾ ਚੰਦਰਮਾ ਮਨੁੱਖ (ਮੂਨ ਮੈਨ ਆਫ ਇੰਡੀਆ) ਕਿਸ ਨੂੰ ਕਿਹਾ ਜਾਂਦਾ ਹੈ?
ਉੱਤਰ- ਕੇ ਸੀਵਾਨ

ਸਵਾਲ 29. ਚੰਦਰਯਾਨ 3 ਨੂੰ ਜਿੱਥੋਂ ਲਾਂਚ ਕੀਤਾ ਗਿਆ ਹੈ
ਉੱਤਰ- ਸਤੀਸ਼ ਧਵਨ ਪੁਲਾੜ ਕੇਂਦਰ ਸ੍ਰੀ ਹਰੀਕੋਟਾ, ਆਂਧਰਾ ਪ੍ਰਦੇਸ਼

ਸਵਾਲ 30. ਚੰਦਰਯਾਨ 3 ਲਈ ਵਰਤਿਆ ਜਾਣ ਵਾਲਾ ਮੁੱਖ ਰਾਕੇਟ ਇੰਜਣ ਕਿਹੜਾ ਹੈ?
ਉੱਤਰ- ਕ੍ਰਾਇਓਜੇਨਿਕ ਇੰਜਣ

ਸਵਾਲ 31. ਚੰਦਰਯਾਨ 3 ਨੂੰ ਚੰਦਰਮਾ 'ਤੇ ਸਹੀ ਜਗ੍ਹਾ 'ਤੇ ਪਹੁੰਚਣ ਲਈ ਕਿੰਨੇ ਦਿਨ ਲੱਗੇ?
ਉੱਤਰ - 41 (14 ਜੁਲਾਈ ਤੋਂ 23 ਅਗਸਤ)

**- ਲਲਿਤ ਗੁਪਤਾ**